**Thinking Real Estate?**



BUYERS we'll find the right home for you.
We have a common goal: Making you a homeowner.
SELLERS we know your local markets

*Pradeep Singh*
847-322-5832
COLDWELL BANKER
Residential Brokerage
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924

Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

**Buying/Selling *in Michigan***



All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
rajsshergill@yahoo.com
Raj Shergill
*Associate Broker*



Twenty-Second Year of Publication
ਮਿਡਵੈਸਟ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 51, December 18, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਦਿੱਲੀ ਫਤਿਹ ਪਿੱਛੋਂ ਵੀ ਜੰਗ ਜਾਰੀ ਰੱਖਣ ਦਾ ਅਹਿਦ

**ਚੰਡੀਗੜ੍ਹ:** ਦਿੱਲੀ ਮੋਰਚਾ ਫਤਿਹ ਕਰਕੇ ਕਿਸਾਨ ਭਾਵੇਂ ਘਰਾਂ ਨੂੰ ਪਰਤ ਆਏ ਹਨ ਪਰ ਸੰਘਰਸ਼ ਨੂੰ ਖਤਮ ਦੀ ਥਾਂ ਮੁਲਤਵੀ ਕਰਨ ਦੇ ਐਲਾਨ ਨੇ ਜਥੇਬੰਦੀਆਂ ਨੇ ਇਰਾਦੇ ਸਾਫ ਕਰ ਦਿੱਤੇ ਹਨ ਕਿ ਜੰਗ ਅਜੇ ਜਾਰੀ ਰਹੇਗੀ।

ਜਥੇਬੰਦੀਆਂ ਨੇ ਸਾਫ ਕਰ ਦਿੱਤਾ ਹੈ ਕਿ ਸਰਕਾਰਾਂ ਦੇ ਜਬਰ ਅਤੇ ਲੋਕ ਵਿਰੋਧੀ ਫੈਸਲਿਆਂ ਖਿਲਾਫ ਲੜਾਈ ਨਹੀਂ ਰੁਕੇਗੀ। ਸੰਯੁਕਤ ਕਿਸਾਨ ਮੋਰਚਾ ਕਾਇਮ ਰਹੇਗਾ ਤੇ ਸਮੇਂ-ਸਮੇਂ ਉਤੇ ਇਸ ਦੀਆਂ ਮੀਟਿੰਗਾਂ ਵਿਚ ਅੱਗੇ ਦੀ ਰਣਨੀਤੀ ਬਣਦੀ ਰਹੇਗੀ। ਜਥੇਬੰਦੀਆਂ ਦਾ ਕਹਿਣਾ ਹੈ ਕਿ ਕਾਰਪੋਰੇਟ ਘਰਾਣਿਆਂ ਤੇ ਪ੍ਰਧਾਨ ਮੰਤਰੀ ਦੀ ਹਠਧਰਮੀ ਵਾਲੇ ਵਤੀਰੇ ਵਿਰੁੱਧ ਜਿੱਤ ਪ੍ਰਾਪਤ ਕਰਨਾ ਲੋਕ ਪੱਖੀ ਸ਼ਕਤੀਆਂ ਦੀ ਜਿੱਤ ਹੈ।

ਯਾਦ ਰਹੇ ਕਿ ਪ੍ਰਧਾਨ ਮੰਤਰੀ ਦੇ ਬਿਆਨ ਤੋਂ ਬਾਅਦ ਘੱਟੋ-ਘੱਟ ਸਮਰਥਨ ਮੁੱਲ 'ਤੇ ਫਸਲਾਂ ਦੀ ਖਰੀਦ ਬਾਰੇ ਕਾਨੂੰਨੀ ਗਾਰੰਟੀ ਸਬੰਧੀ ਕਮੇਟੀ ਦਾ ਗਠਨ, ਅੰਦੋਲਨ ਦੌਰਾਨ ਪਏ ਮੁਕੱਦਮੇ ਵਾਪਸ ਲੈਣ, 700 ਤੋਂ ਵੱਧ ਜਾਨਾਂ ਦੇ ਗਏ ਕਿਸਾਨ ਪਰਿਵਾਰਾਂ ਨੂੰ ਮੁਆਵਜ਼ਾ ਦੇਣ, ਪਰਾਲੀ ਦੇ ਜੁਰਮਾਨੇ ਤੇ ਬਿਜਲੀ ਕਾਨੂੰਨ ਦੇ ਦਾਇਰੇ ਵਿਚੋਂ ਕਿਸਾਨੀ ਨੂੰ ਕੱਢਣ ਸਮੇਤ ਮੰਗਾਂ ਬਾਰੇ ਸਹਿਮਤੀ ਬਣਨ ਪਿੱਛੋਂ ਕਿਸਾਨ ਸੰਘਰਸ਼ ਮੁਲਤਵੀ ਕਰਨ ਲਈ ਤਿਆਰ ਹੋਏ ਹਨ।

ਕਿਸਾਨ ਆਗੂਆਂ ਨੇ ਸਾਫ ਕਰ ਦਿੱਤਾ ਹੈ ਕਿ ਉਹ ਸਮੇਂ-ਸਮੇਂ ਉਤੇ ਮੀਟਿੰਗਾਂ ਕਰਕੇ ਇਸ ਗੱਲ ਦਾ ਜਾਇਜ਼ਾ ਵੀ ਲੈਣਗੇ ਕਿ ਸਰਕਾਰ ਨੇ ਉਨ੍ਹਾਂ ਦੀਆਂ ਮੰਨੀਆਂ ਮੰਗਾਂ ਲਾਗੂ ਕੀਤੀਆਂ ਹਨ ਜਾਂ ਨਹੀਂ। ਜੇ ਸਰਕਾਰ ਨੇ ਕੁਝ ਗੜਬੜ ਕੀਤੀ ਤਾਂ ਉਹ ਮੁੜ ਅੰਦੋਲਨ ਕਰਨਗੇ।

ਸਰਕਾਰ ਨੇ ਕਿਸਾਨਾਂ ਨੂੰ ਇਹ ਵੀ ਭਰੋਸਾ ਦਿੱਤਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਕਮੇਟੀ ਬਣਾਈ ਜਾਵੇਗੀ ਜਿਸ 'ਚ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਵੀ ਸ਼ਾਮਲ ਹੋਣਗੇ। ਸਰਕਾਰ ਨੇ ਯੂ.ਪੀ., ਉਤਰਾਖੰਡ, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਤੇ ਹਰਿਆਣਾ 'ਚ


***(ਬਾਕੀ ਸਫਾ 6 'ਤੇ)***




## ਸਿਆਸਤ 'ਚ ਆਉਣ ਬਾਰੇ ਇਕਮਤ ਨਹੀਂ ਜਥੇਬੰਦੀਆਂ

**ਚੰਡੀਗੜ੍ਹ:** ਖੇਤੀ ਕਾਨੂੰਨ ਰੱਦ ਕਰਵਾਉਣ ਲਈ ਕਿਸਾਨ ਜਥੇਬੰਦੀਆਂ ਨੇ ਇਕਮਤ ਹੋ ਕੇ ਸੰਘਰਸ਼ ਕੀਤਾ ਪਰ ਪੰਜਾਬ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਸਿਆਸੀ ਦ੍ਰਿਸ਼ਟੀਕੋਣ ਪੱਖੋਂ ਕਿਸਾਨ ਜਥੇਬੰਦੀਆਂ ਇਕਮਤ ਨਹੀਂ ਹਨ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ 'ਚੋਂ ਕੁਝ ਦਾ ਕਹਿਣਾ ਹੈ ਕਿ ਸੱਤਾ ਵਿਚ ਆ ਕੇ ਹੀ ਕਿਸਾਨੀ ਮਸਲੇ ਹੱਲ ਕੀਤੇ ਜਾ ਸਕਦੇ ਹਨ ਜਦਕਿ ਦੂਜੀਆਂ ਧਿਰਾਂ ਸਿਆਸੀ ਅਖਾੜੇ ਵਿਚ ਨਿੱਤਰਨ ਨਾਲ ਸਹਿਮਤ ਨਹੀਂ ਹਨ। ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਇਸ ਹੱਕ ਵਿਚ ਹਨ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਸਿਆਸਤ ਵਿਚ ਆਉਣ ਦੇ ਮਤ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਕੋਈ ਵੱਖਰੀ ਸਿਆਸੀ ਪਾਰਟੀ ਬਣਾਉਣ ਦੀ ਲੋੜ ਨਹੀਂ ਹੈ ਅਤੇ ਨਾ ਹੀ ਇਸ ਸਬੰਧੀ ਕੋਈ ਫੈਸਲਾ ਹੋਇਆ ਹੈ।

# ਵਿਧਾਨ ਸਭਾ ਚੋਣਾਂ ਲਈ ਪਿੜ ਬੱਝਣ ਲੱਗਾ

**ਨਵੀਂ ਦਿੱਲੀ:** ਕਿਸਾਨ ਜਥੇਬੰਦੀਆਂ ਵੱਲੋਂ ਅੰਦੋਲਨ ਮੁਲਤਵੀ ਕਰਨ ਦੇ ਐਲਾਨ ਪਿੱਛੋਂ ਜਿਥੇ ਚੋਣਾਂ ਵਾਲੇ 5 ਸੂਬਿਆਂ ਵਿਚ ਸਿਆਸੀ ਧਿਰਾਂ ਨੇ ਸਰਗਰਮੀ ਫੜ ਲਈ ਹੈ, ਉਥੇ ਭਾਰਤ ਦੇ ਚੋਣਾਂ ਕਮਿਸ਼ਨ ਨੇ ਵੀ ਅਗਲਾ ਵਰ੍ਹਾ ਚੜ੍ਹਦੇ ਹੀ ਚੋਣਾਂ ਬਾਰੇ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ ਹੈ।

ਸਾਲ 2022 ਦੇ ਸ਼ੁਰੂ ਵਿਚ ਹੋਣ ਵਾਲੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦਾ ਐਲਾਨ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਚੋਣ ਕਮਿਸ਼ਨ ਨੇ ਇਸ ਸਬੰਧੀ ਸੰਕੇਤ ਦਿੱਤੇ ਹਨ। ਉਤਰ ਪ੍ਰਦੇਸ, ਉਤਰਾਖੰਡ, ਗੋਆ, ਪੰਜਾਬ ਅਤੇ ਮਨੀਪੁਰ ਵਿਧਾਨ ਸਭਾ ਚੋਣਾਂ ਅਗਲੇ ਸਾਲ ਫਰਵਰੀ-ਮਾਰਚ ਵਿਚ ਹੋਣਗੀਆਂ। ਇਸ ਲਈ ਚੋਣ ਕਮਿਸ਼ਨ ਚੋਣ ਵੱਲੋਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪੰਜਾਬ ਸਣੇ ਹੋਰ ਸੂਬਿਆਂ ਵਿਚ ਆਪਣਾ ਰਵਾਇਤੀ ਦੌਰਾ ਸ਼ੁਰੂ ਕਰ ਦਿੱਤਾ ਹੈ। ਚੋਣ ਤਰੀਕਾਂ ਤੈਅ ਕਰਨ ਤੋਂ ਪਹਿਲਾਂ ਕਮਿਸ਼ਨ ਇਸ ਮਾਮਲੇ 'ਤੇ ਸਾਰੀਆਂ ਸਬੰਧਤ ਧਿਰਾਂ ਨਾਲ ਗੱਲਬਾਤ ਕਰਨਾ ਚਾਹੁੰਦਾ ਹੈ। ਚਰਚਾ ਹੈ ਕਿ ਫਰਵਰੀ ਵਿਚ ਵੋਟਿੰਗ ਸ਼ੁਰੂ ਹੋਵੇਗੀ ਅਤੇ ਉੱਤਰ ਪ੍ਰਦੇਸ ਵਰਗੇ ਰਾਜ ਵਿਚ 6 ਤੋਂ 8 ਪੜਾਵਾਂ ਵਿਚ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ।

ਉਧਰ, ਸਿਆਸੀ ਧਿਰਾਂ ਵੀ ਚੋਣ ਮੈਦਾਨ ਵਿਚ ਨਿੱਤਰ ਆਈਆਂ ਹਨ। ਅਕਾਲੀ ਦਲ ਬਾਦਲ ਅਤੇ ਭਾਈਵਾਲ ਬਸਪਾ ਨੇ ਉਮੀਦਵਾਰ ਐਲਾਨਣ ਦਾ ਕੰਮ ਤਕਰੀਬਨ ਨੇਪਰੇ ਚਾੜ੍ਹ ਲਿਆ ਹੈ। ਆਮ ਆਦਮੀ ਪਾਰਟੀ ਵੀ ਉਮੀਦਵਾਰਾਂ ਦੀ ਦੂਜੀ ਲਿਸਟ ਜਾਰੀ ਕਰ ਚੁੱਕੀ ਹੈ। ਕਿਸਾਨੀ ਸੰਘਰਸ਼ ਖਤਮ ਹੋਣ ਪਿੱਛੋਂ ਭਾਜਪਾ ਆਗੂ ਵੀ ਘਰਾਂ ਵਿਚੋਂ ਬਾਹਰ ਨਿਕਲ ਆਏ ਹਨ। ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਸਿਆਸੀ ਪਾਰਟੀ ਵੀ ਤਿਆਰੀਆਂ ਵਿਚ ਜੁਟ ਗਈ ਹੈ। ਭਾਜਪਾ ਨੇ ਸੁਖਦੇਵ ਸਿੰਘ ਢੀਂਡਸਾ ਦੇ



ਅਕਾਲੀ ਦਲ ਸੰਯੁਕਤ, ਕੈਪਟਨ ਦੀ ਲੋਕ ਕਾਂਗਰਸ ਪਾਰਟੀ ਸਣੇ ਹੋਰ ਛੋਟੀਆਂ-ਮੋਟੀਆਂ ਸਿਆਸੀ ਧਿਰਾਂ ਨਾਲ ਸਾਂਝ ਪਾਉਣ ਲਈ ਸਰਗਰਮੀਆਂ ਵਿੱਢੀਆਂ ਹੋਈਆਂ ਹਨ। ਇਧਰ, ਕਾਂਗਰਸ ਵੀ ਆਪਸੀ ਕਲੇਸ਼ ਵਿਚੋਂ ਉਭਰਨ ਲਈ ਟਿੱਲ ਲਾ ਰਹੀ ਹੈ। ਚੋਣਾਂ ਕਮਿਸ਼ਨ ਨੇ ਆਪਣਾ ਦੌਰਾ ਪੰਜਾਬ ਤੋਂ ਸ਼ੁਰੂ ਕੀਤਾ ਹੈ। ਇਸ ਤੋਂ ਬਾਅਦ ਹੋਰ ਚੋਣਾਂ ਵਾਲੇ 4 ਸੂਬਿਆਂ ਵਿਚ ਪਹੁੰਚ ਕਰਕੇ ਸਥਿਤੀ ਦਾ ਜਾਇਜ਼ਾ ਲੈਣਗੇ। ਉਮੀਦ ਕੀਤੀ ਜਾ ਰਹੀ ਹੈ ਕਿ ਜਨਵਰੀ ਵਿਚ ਚੋਣਾਂ ਦਾ ਐਲਾਨ ਹੋ ਸਕਦਾ ਹੈ। ਇਸ ਲਈ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਹਾਕਮ ਸਿਆਸੀ ਧਿਰਾਂ ਵੱਲੋਂ ਲੋਕਾਂ ਦੇ ਸਾਰੇ ਉਲਾਂਭੇ ਲਾਹੁਣ ਲਈ ਟਿੱਲ ਲਾਇਆ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਸਾਰੀ ਸੀਨੀਅਰ ਭਾਜਪਾ ਲੀਡਰਸ਼ਿਪ ਵੱਲੋਂ ਉਤਰ ਪ੍ਰਦੇਸ਼ ਵਿਚ ਡੇਰੇ ਲਾਏ ਹੋਏ ਹਨ। ਪੰਜਾਬ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਰਕਾਰ ਵੱਲੋਂ ਪਿਛਲੇ ਮੈਨੀਫੈਸਟੋ ਵਿਚ ਕੀਤੇ ਵਾਅਦਿਆਂ ਤੋਂ ਖਹਿੜਾ ਛੁਡਾਉਣ ਲਈ ਵਿਉਂਤਾਂ ਘੜੀਆਂ ਜਾ ਰਹੀਆਂ ਹਨ। ਮੌਜੂਦਾ ਮਾਹੌਲ ਇਹ ਹੈ ਕਿ ਕੋਈ ਵੀ ਧਿਰ ਪੰਜਾਬ ਦੇ ਅਸਲ ਮਸਲਿਆਂ ਦੀ ਗੱਲ ਕਰਨ ਲਈ ਤਿਆਰ ਨਹੀਂ ਤੇ ਸਿਆਸੀ ਮੇਲਾ ਮੁਫਤਖੋਰੀ ਦੇ ਐਲਾਨਾਂ ਆਸਰੇ ਲੁੱਟਣ ਦੀ ਰਣਨੀਤੀ ਬਣਾਈ ਜਾ ਰਹੀ ਹੈ।


**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People

**Amber Indian Restaurant**
*Restaurant-Fine Indian Cuisine*



12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com



**Best Buy Motors**
1805 Elmwood, Lafayette, IN 47904
Ph: 765-449-0490
Www.bestbuymotorsin.com

**University Motors**
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
*ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:*
Jaspal S. Ghotra: 765-337-5151

**BIG BAZAAR**
Grocery, Sweets & Catering
5425 E. Thompson Rd.
Buffet



Mon to Sat. 11am to 3pm
*Fresh Vegetables Every Thursday
*Book your catering now.
Ask for, Baljinder S. Ben
Like our Facebook page:



# ਗੁਰਬਚਨ ਸਿੰਘ ਸੰਧੂ ਨੂੰ ਸਦਮਾ, ਮਾਤਾ ਸਵਰਗਵਾਸ

**ਸ਼ਿਕਾਗੋ:** ਇਥੋਂ ਦੇ ਸਬਰਬ ਪੈਲਾਟਾਈਨ ਦੇ ਵਸਨੀਕ ਗੁਰਬਚਨ ਸਿੰਘ ਸੰਧੂ ਦੇ ਮਾਤਾ ਹਰਦੇਵ ਕੌਰ ਸੰਧੂ ਲੰਘੇ ਸ਼ਨਿਚਰਵਾਰ 11 ਦਸੰਬਰ ਨੂੰ ਪਿੰਡ ਚਕਰ ਜ਼ਿਲ੍ਹਾ ਲੁਧਿਆਣਾ ਸਥਿਤ ਆਪਣੇ ਘਰ ਵਿਚ ਸਦੀਵੀ ਵਿਛੋੜਾ ਦੇ ਗਏ। ਉਹ 95 ਸਾਲ ਦੇ ਸਨ। ਉਹ ਆਪਣੇ ਪਿੱਛੇ ਚਾਰ ਪੁੱਤਰ ਗੁਰਬਚਨ ਸਿੰਘ ਸੰਧੂ, ਜਗਜੀਤ ਸਿੰਘ ਸੰਧੂ, ਪੂਰਨ ਸਿੰਘ ਸੰਧੂ, ਜਗਰੂਪ ਸਿੰਘ ਸੰਧੂ ਤੇ ਇਕ ਧੀ ਸੁਰਿੰਦਰ ਕੌਰ (ਕੈਨੇਡਾ ਨਿਵਾਸੀ) ਤੋਂ ਇਲਾਵਾ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੇ ਪਤੀ ਸੁਕਰ ਸਿੰਘ ਸੰਧੂ 1994 ਵਿਚ ਅਕਾਲ ਚਲਾਣਾ ਕਰ ਗਏ ਸਨ।




ਵਰਣਨਯੋਗ ਹੈ ਕਿ ਬੀਬੀ ਹਰਦੇਵ ਕੌਰ ਦੇ ਪਿਤਾ ਸ. ਜੈਮਲ ਸਿੰਘ 1916 ਵਿਚ ਕੈਲੀਫੋਰਨੀਆ (ਅਮਰੀਕਾ) ਆਏ ਸਨ। ਉਹ ਇੱਥੇ ਆ ਕੇ ਵਸਣ ਵਾਲੇ ਪਹਿਲੇ ਸਿੱਖਾਂ ਵਿਚੋਂ ਇਕ ਸਨ ਪਰ ਬੀਬੀ ਹਰਦੇਵ ਕੌਰ ਨੇ ਜ਼ਿਆਦਾ ਸਮਾਂ ਆਪਣੇ ਪਿੰਡ ਚਕਰ ਵਿਚ ਹੀ ਬਤੀਤ ਕੀਤਾ।

ਬੀਬੀ ਹਰਦੇਵ ਕੌਰ ਦਾ ਸਸਕਾਰ ਮੰਗਲਵਾਰ 21 ਦਸੰਬਰ ਨੂੰ ਪਿੰਡ ਚਕਰ ਦੇ ਸ਼ਮਸ਼ਾਨਘਾਟ 'ਚ ਅਤੇ ਅੰਤਿਮ ਅਰਦਾਸ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

ਗੁਰਬਚਨ ਸਿੰਘ ਸੰਧੂ ਦੇ ਰਿਸ਼ਤੇਦਾਰਾਂ, ਦੋਸਤਾਂ ਤੇ ਸਨੇਹੀਆਂ ਨੇ ਉਨ੍ਹਾਂ ਦੀ ਮਾਤਾ ਦੇ ਸਦੀਵੀ ਵਿਛੋੜੇ ਦੇ ਦੁੱਖ ਵਿਚ ਸ਼ਰੀਕ ਹੁੰਦਿਆਂ ਉਨ੍ਹਾਂ ਨਾਲ ਅਫਸੋਸ ਜ਼ਾਹਿਰ ਕੀਤਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਤੇ ਹੋਰ ਜਾਣਕਾਰੀ ਲਈ ਫੋਨ ਨੰਬਰ 847-338-9385 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੁਖਰਾਜ ਸਿੰਘ ਤੱਖਰ ਨੂੰ ਸਦਮਾ, ਪਿਤਾ ਦਾ ਦੇਹਾਂਤ

**ਸ਼ਿਕਾਗੋ:** ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਸ. ਜੈਦੇਵ ਸਿੰਘ (ਸੱਤੀ) ਭੱਠਲ ਦੇ ਸਹੁਰਾ ਤੇ ਮੇਜਰ ਗੁਰਚਰਨ ਸਿੰਘ ਝੱਜ ਦੇ ਕਰੀਬੀ ਰਿਸ਼ਤੇਦਾਰ ਸੁਖਰਾਜ ਸਿੰਘ ਤੱਖਰ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਿਤਾ ਗੁਰਮੇਜ ਸਿੰਘ ਤੱਖਰ ਬੀਤੀ 10 ਦਸੰਬਰ ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ। ਉਹ 95 ਸਾਲ ਦੀ ਲੰਮੀ ਉਮਰ ਭੋਗ ਕੇ ਸ਼ਾਂਤ ਚਿੱਤ, ਅਡੋਲ ਤੇ ਪੂਰੇ ਹੋਸ਼ੋ-ਹਵਾਸ ਨਾਲ ਰੁਖਸਤ ਹੋਏ। ਉਹ ਆਪਣੇ ਪਿੱਛੇ ਪਤਨੀ ਸਤਪਾਲ ਕੌਰ, ਧੀ ਜਸਵਿੰਦਰ ਕੌਰ ਭੱਠਲ, ਨੂੰਹ ਜਸਵਿੰਦਰ ਕੌਰ ਤੱਖਰ, ਦੋਹਤੇ ਦੇਵਜੋਤ ਸਿੰਘ ਭੱਠਲ, ਗੁਰਲਾਲ ਸਿੰਘ ਭੱਠਲ ਤੇ ਪੋਤਰਾ ਅਨੂਪ ਸਿੰਘ ਤੱਖਰ ਛੱਡ ਗਏ ਹਨ।



ਗੁਰਮੇਜ ਸਿੰਘ ਤੱਖਰ ਦਾ ਜਨਮ 7 ਜੁਲਾਈ, 1926 ਨੂੰ ਜੜ੍ਹਾਂਵਾਲਾ ਸ਼ੰਕਰ (ਹੁਣ ਪਕਿਸਤਾਨ) ਵਿਚ ਹੋਇਆ। 1947 ਦੀ ਵੰਡ ਤੋਂ ਬਾਅਦ ਉਹ ਪੰਜਾਬ ਦੇ ਪਿੰਡ ਆਲੋਵਾਲ 'ਸ਼ੰਕਰ' (ਨਕੋਦਰ-ਜਲੰਧਰ ਦੇ ਨੇੜੇ) ਆ ਕੇ ਵਸ ਗਏ। ਇੱਥੇ 1949 ਵਿਚ ਪੰਜਾਬ ਸਟੇਟ ਕੋਆਪਰੇਟ ਵਿਚ ਇੰਸਪੈਕਟਰ ਦੇ ਅਹੁਦੇ 'ਤੇ ਰਹੇ। ਇਸ ਤੋਂ ਬਾਅਦ ਪੰਜਾਬ ਵਿਭਾਗ ਦੇ ਕਈ ਅਹਿਮ ਅਹੁਦਿਆਂ 'ਤੇ ਸੇਵਾ ਨਿਭਾਈ ਤੇ ਅਸਿਸਟੈਂਟ ਰਜਿਸਟਰਾਰ ਪੰਜਾਬ ਤੇ ਹਰਿਆਣਾ ਤੋਂ ਰਿਟਾਇਰ ਹੋਏ। ਅਜਮੇਰ ਸਿੰਘ ਤੱਖਰ ਜਲੰਧਰ ਦੇ ਮਸ਼ਹੂਰ ਚੌਧਰੀ ਪਰਿਵਾਰਾਂ ਵਿਚੋਂ ਸਨ। ਸੰਨ 1995 ਵਿਚ ਉਹ ਅਮਰੀਕਾ ਆ ਗਏ। ਇੱਥੇ ਉਨ੍ਹਾਂ ਆਪਣਾ ਬਹੁਤਾ ਸਮਾਂ ਆਪਣੇ ਬੱਚਿਆਂ, ਦੋਹਤੇ ਤੇ ਪੋਤਰਿਆਂ ਨਾਲ ਬਿਤਾਇਆ। ਗੁਰਮੇਜ ਸਿੰਘ ਜੀ ਦਾ ਜੀਵਨ ਅਨੁਸ਼ਾਸਨੀ ਸੀ ਤੇ ਹਲੀਮੀ ਉਨ੍ਹਾਂ ਦੇ ਰੋਮ-ਰੋਮ ਵਿਚ ਵਸੀ ਹੋਈ ਸੀ। ਇਹ ਉਨ੍ਹਾਂ ਦੀ ਦਿੱਤੀ ਗੁੜ੍ਹਤੀ ਹੀ ਸੀ ਕਿ ਉਨ੍ਹਾਂ ਦੇ ਬੱਚੇ ਹਮੇਸ਼ਾ ਗੁਰੂ ਘਰ ਦੀ ਸੇਵਾ, ਖੇਡਾਂ ਤੇ ਸਮਾਜਿਕ ਸੰਸਥਾਵਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ। ਸ. ਗੁਰਚਰਨ ਸਿੰਘ ਝੱਜ, ਜੈਦੇਵ ਸਿੰਘ (ਸੱਤੀ) ਭੱਠਲ ਅਤੇ ਸੁਖਰਾਜ ਸਿੰਘ ਤੱਖਰ ਮਿਡਵੈਸਟ ਦੀਆਂ ਲਗਪਗ ਸਾਰੀਆਂ ਸਮਾਜਿਕ, ਸਾਹਿਤ ਤੇ ਸੱਭਿਆਚਾਰਕ ਸੰਸਥਾਵਾਂ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਅਮਰੀਕਨ ਸੰਸਥਾ ਸਾਲਵੇਸ਼ਨ ਆਰਮੀ ਸਮੇਤ ਹੋਰ ਕਈ ਥਾਈਂ ਦਾਨ-ਪੁੰਨ ਤੇ ਸਮਾਜ ਦੀ ਬਿਹਤਰੀ ਲਈ ਅਨੇਕਾਂ ਕਾਰਜ ਕੀਤੇ ਹਨ। ਸ. ਗੁਰਚਰਨ ਸਿੰਘ ਝੱਜ, ਜੈਦੇਵ ਸਿੰਘ ਭੱਠਲ ਤੇ ਸੁਖਰਾਜ ਸਿੰਘ ਤੱਖਰ ਸ਼ੁਰੂ ਤੋਂ ਹੀ ਪੰਜਾਬ ਟਾਈਮਜ਼ ਅਖਬਾਰ ਨਾਲ ਜੁੜੇ ਹੋਏ ਹਨ ਅਤੇ ਮਾਇਕ ਪੱਖੋਂ ਅਖਬਾਰ ਲਈ ਉਨ੍ਹਾਂ ਦਾ ਵਡਾ ਯੋਗਦਾਨ ਹੈ।।

ਸ਼ਿਕਾਗੋ, ਮਿੱਡਵੈਸਟ, ਕੈਲੀਫੋਰਨੀਆ, ਕੈਨੇਡਾ ਤੇ ਪੰਜਾਬ ਦੀਆਂ ਵੱਖ-ਵੱਖ ਖੇਡ, ਸੱਭਿਆਚਾਰਕ, ਸਾਹਿਤਕ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੇ ਅਜਮੇਰ ਸਿੰਘ ਤੱਖਰ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਅਦਾਰਾ ਪੰਜਾਬ ਟਾਈਮਜ਼ ਤੇ ਗੁਰਦੁਆਰਾ ਪੈਲਾਟਾਈਨ ਪ੍ਰਬੰਧਕ ਕਮੇਟੀ ਨੇ ਵੀ ਅਜਮੇਰ ਸਿੰਘ ਤੱਖਰ ਦੇ ਵਿਛੋੜੇ 'ਤੇ ਪਰਿਵਾਰ ਨਾਲ ਦੁਖ ਸਾਂਝਾ ਕੀਤਾ ਹੈ।

ਅਜਮੇਰ ਸਿੰਘ ਤੱਖਰ ਦਾ ਅੰਤਿਮ ਸੰਸਕਾਰ 16 ਦਸੰਬਰ, ਵੀਰਵਾਰ ਨੂੰ 1 ਤੋਂ 3 ਵਜੇ ਤਕ ਡੇਵਿਨ ਪੋਰਟ ਫਿਊਨਰਲ ਹੋਮ, 941 ਸਾਊਥ ਓਲਡ ਰੈਂਡ ਰੋਡ, ਲੇਕ ਜਿਊਰਿਕ-60047, (ਫੋਨ ਨੰਬਰ 847-550-4221) ਵਿਚ ਹੋਵੇਗਾ। ਉਪਰੰਤ ਸਹਿਜ ਪਾਠ ਦਾ ਭੋਗ, ਕੀਰਤਨ, ਅੰਤਿਮ ਅਰਦਾਸ ਤੇ ਲੰਗਰ 16 ਦਸੰਬਰ ਵੀਰਵਾਰ ਸ਼ਾਮ 4 ਤੋਂ 6 ਵਜੇ ਤਕ ਗੁਰਦੁਆਰਾ ਪੈਲਾਟਾਈਨ 1280 ਵਿਨੈਟਿਕਾ ਸਟਰੀਟ ਪੈਲਾਟਾਈਨ-60067 (ਫੋਨ ਨੰਬਰ 847-358-1117) ਵਿਖੇ ਹੋਵੇਗੀ। ਹੋਰ ਜਾਣਕਾਰੀ ਲੈਣ ਲਈ ਗੁਰਚਰਨ ਸਿੰਘ ਝੱਜ ਨਾਲ ਫੋਨ ਨੰਬਰ 847-330-1421, ਜੈਦੇਵ ਸਿੰਘ ਭੱਠਲ ਨਾਲ 847-732-7681 ਤੇ ਸੁਖਰਾਜ ਸਿੰਘ ਤੱਖਰ ਨਾਲ ਫੋਨ ਨੰਬਰ 847-732-7754 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜਰਨੈਲ ਸਿੰਘ ਸੇਖਾ ਦੀ ਸਵੈ-ਜੀਵਨੀ 'ਕੰਡਿਆਰੇ ਪੰਧ' 'ਤੇ ਵਿਚਾਰ ਚਰਚਾ 19 ਨੂੰ

**ਸਰੀ (ਬਿਊਰੋ):** ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ, ਕੈਨੇਡਾ ਵੱਲੋਂ ਵੈਨਕੂਵਰ ਵਿਚਾਰ ਮੰਚ ਦੇ ਸਹਿਯੋਗ ਨਾਲ ਪੰਜਾਬੀ ਦੇ ਉਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਸਵੈ-ਜੀਵਨੀ 'ਕੰਡਿਆਰੇ ਪੰਧ' ਨੂੰ ਰਿਲੀਜ਼ ਕਰਨ ਹਿਤ ਅਤੇ ਇਸ ਉਪਰ ਵਿਚਾਰ ਚਰਚਾ ਕਰਨ ਲਈ 19 ਦਸੰਬਰ 2021 (ਐਤਵਾਰ) ਨੂੰ ਬਾਅਦ ਦੁਪਹਿਰ ਇਕ ਵਜੇ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਸਤੀਸ਼ ਗੁਲਾਟੀ ਅਤੇ ਮੋਹਨ ਗਿੱਲ ਨੇ ਦੱਸਿਆ ਕਿ ਸਰੀ ਦੇ ਮੇਡ ਇਨ ਇੰਡੀਆ ਵਾਲੇ ਪਲਾਜ਼ਾ (ਯੂਨਿਟ 111 – 8312, 128 ਸਟਰੀਟ) ਵਿਚ ਹੋਣ ਵਾਲੇ ਇਸ ਸਮਾਰੋਹ ਦੀ ਪ੍ਰਧਾਨਗੀ ਡਾ. ਸਾਧੂ ਸਿੰਘ ਅਤੇ ਡਾ. ਰਘਬੀਰ ਸਿੰਘ ਸਿਰਜਣਾ ਕਰਨਗੇ। ਪੁਸਤਕ ਉਪਰ ਹੋਰ ਕਈ ਵਿਦਵਾਨ, ਸਾਹਿਤਕਾਰ ਅਤੇ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।




## ਕਿਸਾਨੀ ਮੋਰਚੇ ਦੀ ਜਿੱਤ ਨੂੰ ਸਮਰਪਿਤ ਰਹੀ ਅਰਪਨ ਲਿਖਾਰੀ ਸਭਾ ਦੀ ਮੀਟਿੰਗ

**ਸਰੀ (ਬਿਊਰੋ):** ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਕਿਸਾਨ ਮੋਰਚੇ ਦੀ ਇਤਿਹਾਸਕ ਜਿੱਤ ਨੂੰ ਸਮਰਪਿਤ ਕੀਤੀ ਗਈ। ਕਿਸਾਨ ਅੰਦੋਲਨ ਦੌਰਾਨ ਹੋਏ ਸ਼ਹੀਦਾਂ ਅਤੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਈ ਲੋਕ ਗਾਇਕਾ ਗੁਰਮੀਤ ਬਾਵਾ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦਿਆਂ ਅਤੇ ਚਮਕੌਰ ਦੀ ਜੰਗ ਵਿਚ ਹੋਏ ਸ਼ਹੀਦਾਂ ਦੀ ਅਦੁੱਤੀ ਸ਼ਹਾਦਤ ਨੂੰ ਅਕੀਦਾ ਪੇਸ਼ ਕੀਤਾ ਗਿਆ।

ਸਤਨਾਮ ਸਿੰਘ ਢਾਹ ਨੇ ਮੀਟਿੰਗ ਵਿਚ ਪਹਿਲੀ ਵਾਰ ਸ਼ਾਮਲ ਹੋਏ ਕਵੀ ਬਚਨ ਸਿੰਘ ਗੁਰਮ ਦਾ ਨਿੱਘੇ ਸ਼ਬਦਾਂ ਨਾਲ ਸਵਾਗਤ ਕੀਤਾ। ਬਚਨ ਸਿੰਘ ਗੁਰਮ ਨੇ ਆਪਣੀ ਸੰਖੇਪ ਜਾਣ-ਪਛਾਣ ਕਰਾਉਣ ਮਗਰੋਂ ਕਿਸਾਨ ਅੰਦੋਲਨ ਬਾਰੇ ਕਵਿਤਾ ਪੇਸ਼ ਕੀਤੀ 'ਬਾਬਰ ਨੂੰ ਜ਼ਾਲਮ ਕਹਿਣਾ ਪੈਂਦਾ ਹੈ ਤੱਤੀਆਂ ਤਵੀਆਂ ਤੇ ਬਹਿਣਾ ਪੈਂਦਾ ਹੈ'। ਉਸਤਾਦ ਗ਼ਜ਼ਲਗੋ ਕੇਸਰ ਸਿੰਘ ਨੀਰ ਨੇ ਆਪਣੀ ਗ਼ਜ਼ਲ ਨੂੰ ਕਿਸਾਨ ਅੰਦੋਲਨ ਨਾਲ ਮੇਲ ਕੇ ਪੇਸ਼ ਕੀਤਾ 'ਅੱਜ ਤੁਰੇ ਨੇ ਮੰਜ਼ਿਲ ਵੱਲੇ, ਸੂਰੇ ਬੰਨ੍ਹ ਕਤਾਰਾਂ'। ਜਗਦੇਵ ਸਿੱਧੂ ਨੇ ਕਿਸਾਨੀ ਮੋਰਚੇ ਦੀ ਜਿੱਤ, ਇਸਦੇ ਇਤਿਹਾਸਕ ਮਹੱਤਵ ਅਤੇ ਭਵਿੱਖੀ ਕਾਰਵਾਈਆਂ ਬਾਰੇ ਵਿਚਾਰ ਰੱਖੇ। ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਦੀ ਕਲਾ ਦਾ ਨਿਵੇਕਲਾ ਪ੍ਰਦਰਸ਼ਨ ਕਰਦਿਆਂ 'ਫ਼ਤਹਿ ਚਰਨ ਚੁੰਮਦੀ ਐ, ਕਿਸਾਨਾਂ ਕੇਂਦਰ ਅੱਜ ਝੁਕਾਤਾ' ਕਵਿਤਾ ਅਤੇ ਚਾਰੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਬਹੁਤ ਹੀ ਭਾਵੁਕਤਾ ਨਾਲ ਸੁਣਾਈ। ਅਜਾਇਬ ਸਿੰਘ ਸੇਖੋਂ ਨੇ ਕਿਰਤੀ ਤੇ ਕਿਸਾਨ ਦੇ ਸ਼ੋਸ਼ਣ ਬਾਰੇ ਕਵਿਤਾਵਾਂ ਸੁਣਾਈਆਂ।

ਡਾ. ਮਹਿੰਦਰ ਸਿੰਘ ਹੱਲਣ ਨੇ ਕਿਤਾਬਾਂ ਪੜ੍ਹਨ ਦੇ ਮਹੱਤਵ ਨੂੰ ਉਘਾੜਦਿਆਂ, ਇਹ ਵਡਮੁੱਲੀ ਮੱਤ ਵੀ ਦਿੱਤੀ ਕਿ ਕਿਹੜੀ ਗੱਲ, ਕਿੰਨੀ ਕੁ, ਕਿਹੜੇ ਵੇਲੇ, ਕਿਵੇਂ ਕਹਿਣੀ ਹੈ। ਜਰਨੈਲ ਤੱਗੜ ਨੇ ਕੈਨੇਡਾ ਅੰਦਰ ਖ਼ਾਸ ਕਰ ਕੇ ਕੁਝ ਪੰਜਾਬੀਆਂ ਵੱਲੋਂ ਨਸ਼ਿਆਂ ਦੀ ਤਸਕਰੀ ਦੇ ਰੁਝਾਨ ਉਤੇ ਦੁੱਖ ਅਤੇ ਚਿੰਤਾ ਜ਼ਾਹਰ ਕਰਦਿਆਂ 'ਮਾਂ ਦੀ ਪੁਕਾਰ' ਕਵਿਤਾ ਪੇਸ਼ ਕੀਤੀ। ਡਾ. ਮਨਮੋਹਨ ਬਾਠ ਨੇ ਹਿੰਦੀ ਗੀਤ ਅਤੇ ਜੋਗਾ ਸਿੰਘ ਸਹੋਤਾ ਨੇ ਨਾਮਵਰ ਕਵੀਸ਼ਰ ਜਸਵੰਤ ਸਿੰਘ ਸੇਖੋਂ ਦੀ ਲਿਖੀ ਕਵਿਤਾ ਅਤੇ ਉਘੇ ਸ਼ਾਇਰ ਕੇਸਰ ਸਿੰਘ ਨੀਰ ਦੀ ਗ਼ਜ਼ਲ ਦੀ ਪੇਸ਼ਕਾਰੀ ਨਾਲ ਸੁਰਾਂ ਦੀ ਗਾਇਕੀ ਦਾ ਮਾਹੌਲ ਸਿਰਜਿਆ। ਸੁਖਵਿੰਦਰ ਤੂਰ ਨੇ ਬਚਨ ਸਿੰਘ ਗੁਰਮ ਦੀ ਗ਼ਜ਼ਲ 'ਮੁਆਵਜ਼ਾ ਮੌਤ ਦਾ ਦਿੰਦੇ ਹੋ ਤੁਸੀਂ, ਵਸੀਲਾ ਜ਼ਿੰਦਗੀ ਦਾ ਦਿੰਦੇ ਜੀਵਨ ਸਰਸ਼ਾਰ ਹੁੰਦਾ' ਅਤੇ ਸੁਖਵਿੰਦਰ ਅੰਮ੍ਰਿਤ ਦੇ ਗੀਤ ਨੂੰ ਕਮਾਲ ਦੇ ਸੁਰ ਦਿੱਤੇ। ਤੇਜਾ ਸਿੰਘ ਥਿਆੜਾ ਨੇ ਕਿਸਾਨੀ ਸੰਘਰਸ਼ ਦੀ ਜਿੱਤ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਸਤਨਾਮ ਸਿੰਘ ਢਾਹ ਨੇ ਵਧੀਆ ਸੰਚਾਲਨ ਕਰਦਿਆਂ ਸਾਰੇ ਪ੍ਰੋਗਰਾਮ ਨੂੰ ਦਿਲਚਸਪੀ ਬਣਾਈ ਰੱਖਿਆ। ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ, ਸਾਹਿਬਜ਼ਾਦਿਆਂ ਦੇ ਸਾਕੇ ਬਾਰੇ ਇਕ ਕਵਿਤਾ 'ਛੋਟੇ ਲਾਲ ਦੋ ਪਿਆਰੇ, ਵਿਛੜੇ ਸਰਸਾ ਦੇ ਕਿਨਾਰੇ' ਗਾ ਕੇ ਜਿੱਥੇ ਗਾਇਨ ਪ੍ਰਤਿਭਾ ਦਾ ਸਬੂਤ ਦਿੱਤਾ ਉਥੇ ਸਾਰਿਆਂ ਨੂੰ ਗ਼ਮਗੀਨ ਕਰ ਦਿੱਤਾ। ਸ੍ਰੀ ਢਾਹ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ, ਨਵੇਂ ਵਰ੍ਹੇ ਦੀ ਅਗਾਊਂ ਵਧਾਈ ਦਿੱਤੀ ਤੇ ਮਹਾਂਮਾਰੀ ਤੋਂ ਨਿਜਾਤ ਪਾਉਣ ਦੀ ਕਾਮਨਾ ਕੀਤੀ।

### ਬਲਜਿੰਦਰ ਕੌਰ ਪੰਜਾਬੀ ਪ੍ਰੈਸ ਕਲੱਬ ਬੀ.ਸੀ. ਦੀ ਪ੍ਰਧਾਨ ਨਿਯੁਕਤ

**ਸਰੀ:** ਸਾਂਝਾ ਟੀ.ਵੀ. ਦੀ ਹੋਸਟ ਬਲਜਿੰਦਰ ਕੌਰ ਨੂੰ ਸਰਬਸੰਮਤੀ ਨਾਲ ਪੰਜਾਬੀ ਪ੍ਰੈਸ ਕਲੱਬ ਬੀ.ਸੀ. ਦੀ ਪ੍ਰਧਾਨ ਚੁਣਿਆ ਗਿਆ ਹੈ। ਬੀਤੇ ਦਿਨ ਕਲੱਬ ਦੀ ਜਨਰਲ ਮੀਟਿੰਗ ਦੌਰਾਨ ਪ੍ਰਧਾਨ ਤੋਂ ਇਲਾਵਾ ਕਾਰਜਕਾਰਨੀ ਦੇ 7 ਮੈਂਬਰ ਅਤੇ ਹੋਰ ਅਹੁਦੇਦਾਰ ਵੀ ਚੁਣੇ ਗਏ। ਮੀਟਿੰਗ ਦੌਰਾਨ ਕਲੱਬ ਦਾ ਸਾਲਾਨਾ ਲੇਖਾ-ਜੋਖਾ ਪੇਸ਼ ਕੀਤਾ ਗਿਆ ਅਤੇ ਫਿਰ ਨਵੇਂ ਪ੍ਰਧਾਨ ਤੇ ਕਾਰਜਕਾਰਨੀ ਦੀ ਚੋਣ ਕੀਤੀ ਗਈ। ਕਲੱਬ ਦੀ ਪ੍ਰਧਾਨ ਨਵਜੋਤ ਕੌਰ ਢਿੱਲੋਂ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।




LAW OFFICES OF
VIVEK MALIK
Follow us on :



ACCOMPLISHED
IMMIGRATION Attorneys
help FAMILIES
REUNITE in the
UNITED STATES

Our Global & Nationwide Services
in the field of
U.S. Immigration & Nationality Law

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸ ਐਂਡ ਵੈਵਰਸ

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143
Phone: 317.560.4777
- 1067 N Mason Rd., Suite 4, St Louis, Missouri 63141
Phone: 314.416.8000
- 2440 W Shaw Ave., Suite 205, Fresno, California 93711
Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English

## ਟਰੱਕ ਵਾਸ਼ ਲੀਜ਼ 'ਤੇ ਉਪਲੱਬਧ ਹੈ

ਇਲੀਨਾਏ ਸਟੇਟ ਵਿਚ 'ਟੂ ਵੇਅ' ਟਰੱਕ ਵਾਸ਼ ਲੀਜ਼ 'ਤੇ ਉਪਲੱਬਧ ਹੈ

**ਚਾਹਵਾਨ ਸੰਪਰਕ ਕਰਨ**

**ਫੋਨ: 815-603-5877**



## ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ

**ਫੋਨ: 515-291-1961**



## ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੇਲ: 60,000 ਪ੍ਰਤੀ ਮਹੀਨਾ

**ਸੰਪਰਕ ਕਰੋ: 317-874-8086**

**Indian Restaurent For Sale**

Indian Restaurent For Sale Near Milwaukee (WI)

**Per Month Sale: 60,000**

**Contact: 317-874-8086**


## ਅਦਾਲਤ ਵਲੋਂ ਟਰੰਪ ਨੂੰ ਝਟਕਾ, ਸਦਨ ਦੀ ਜਾਂਚ ਕਮੇਟੀ ਨੂੰ ਰਿਕਾਰਡ ਦੇਣ ਵਿਰੁੱਧ ਦਾਇਰ ਅਪੀਲ ਰੱਦ

**ਸੈਕਰਾਮੈਂਟੋ:** ਇਕ ਸੰਘੀ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ 6 ਜਨਵਰੀ, 2020 ਦੀ ਘਟਨਾ ਦੀ ਜਾਂਚ ਕਰ ਰਹੀ ਸਦਨ ਦੀ ਕਮੇਟੀ ਨੂੰ ਵ੍ਹਾਈਟ ਹਾਊਸ ਦਾ ਰਿਕਾਰਡ ਦੇਣ ਵਿਰੁੱਧ ਦਾਇਰ ਅਪੀਲ ਰੱਦ ਕਰ ਦਿੱਤੀ ਹੈ ਹਾਲਾਂਕਿ ਅਦਾਲਤ ਨੇ ਸੁਪਰੀਮ ਕੋਰਟ ਜਾਣ ਲਈ ਸਾਬਕਾ ਰਾਸ਼ਟਰਪਤੀ ਨੂੰ ਦੋ ਹਫਤਿਆਂ ਦਾ ਸਮਾਂ ਦਿੱਤਾ ਹੈ। ਜਾਂਚ ਕਮੇਟੀ ਨੇ 6 ਜਨਵਰੀ ਨੂੰ ਵ੍ਹਾਈਟ ਹਾਊਸ ਉਪਰ ਹਮਲੇ ਸਮੇਂ ਦੀਆਂ ਈ-ਮੇਲਜ਼ ਤੇ ਹੋਰ ਰਿਕਾਰਡ ਆਪਣੇ ਕਬਜ਼ੇ ਵਿਚ ਕਰ ਲਿਆ ਹੈ। ਜੱਜ ਪੈਟਰੀਸੀਆ ਮਿਲੈਟ ਜਿਸ ਦੀ ਨਿਯੁਕਤੀ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੀਤੀ ਸੀ, ਨੇ ਆਪਣੇ ਫੈਸਲੇ ਵਿਚ ਲਿਖਿਆ ਹੈ ਕਿ 6 ਜਨਵਰੀ ਦੀਆਂ ਘਟਨਾਵਾਂ ਨੇ ਲੋਕਤੰਤਰਿਕ ਸੰਸਥਾਵਾਂ ਤੇ ਰਵਾਇਤਾਂ ਦੀ ਨਾਜ਼ੁਕਤਾ ਨੂੰ ਉਜਾਗਰ ਕੀਤਾ ਹੈ, ਜਿਨ੍ਹਾਂ ਨੂੰ ਅਸੀਂ ਗਰੰਟੀ ਵਜੋਂ ਲੈਂਦੇ ਹਾਂ। ਇੱਥੇ ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਜੋ ਬਾਇਡਨ ਤੇ ਕਾਂਗਰਸ ਨੇ 6 ਜਨਵਰੀ ਦੀਆਂ ਘਟਨਾਵਾਂ ਦੀ ਜਾਂਚ ਲਈ ਤਤਕਾਲੀ ਰਾਸ਼ਟਰਪਤੀ ਵੱਲੋਂ ਭੇਜੀਆਂ ਈ-ਮੇਲਜ਼ ਤੇ ਹੋਰ ਸੰਦੇਸ਼ਾਂ ਦੀ ਪੜਤਾਲ ਲਈ ਹਰੀ ਝੰਡੀ ਦਿੰਦਿਆਂ ਕਿਹਾ ਸੀ ਕਿ ਇਕ ਅਹਿਮ ਮਾਮਲੇ ਵਿਚ ਸਿੱਟੇ 'ਤੇ ਪੁੱਜਣ ਲਈ ਅਜਿਹਾ ਕਰਨਾ ਜ਼ਰੂਰੀ ਹੈ। ਜੱਜ ਨੇ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਨੇ ਵ੍ਹਾਈਟ ਹਾਊਸ ਦਾ ਰਿਕਾਰਡ ਜਾਂਚ ਕਮੇਟੀ ਨੂੰ ਦੇਣ ਵਿਰੁੱਧ ਕੋਈ ਕਾਨੂੰਨੀ ਕਾਰਨ ਨਹੀਂ ਦੱਸਿਆ।

## ਲੁਟੇਰਿਆਂ ਵੱਲੋਂ ਭਾਰਤੀ ਮੂਲ ਦੇ ਗੈਸ ਸਟੇਸ਼ਨ ਮਾਲਕ ਦੀ ਹੱਤਿਆ

**ਸੈਕਰਾਮੈਂਟੋ: ਜਾਰਜੀਆ ਵਿਚ ਭਾਰਤੀ ਮੂਲ ਦੇ ਅਮਰੀਕੀ ਗੈਸ ਸਟੇਸ਼ਨ ਮਾਲਕ ਦੀ ਲੁਟੇਰਿਆਂ ਨੇ ਦਿਨ-ਦਿਹਾੜੇ ਲੁੱਟਮਾਰ ਦੌਰਾਨ ਹੱਤਿਆ ਕਰ ਦਿੱਤੀ। 45 ਸਾਲਾ ਅਮਿਤ ਪਟੇਲ ਦੀ ਹੱਤਿਆ ਉਸ ਸਮੇਂ ਕੀਤੀ ਗਈ, ਜਦੋਂ ਉਹ ਕੋਲੰਬਸ ਸ਼ਹਿਰ ਵਿਚ ਗੈਸ ਸਟੇਸ਼ਨ ਦੇ ਨਾਲ ਹੀ ਸਥਿਤ ਬੈਂਕ ਵਿਚ ਪੈਸੇ ਜਮ੍ਹਾਂ ਕਰਵਾਉਣ ਜਾ ਰਿਹਾ ਸੀ। ਇਸੇ ਇਮਾਰਤ ਵਿਚ ਪੁਲਿਸ ਥਾਣਾ ਵੀ ਹੈ। ਪਟੇਲ ਦੀ ਧੀ ਦਾ ਉਸੇ ਦਿਨ ਜਨਮ ਦਿਨ ਵੀ ਸੀ। ਉਸ ਦੇ ਭਾਈਵਾਲ ਵੈਨੀ ਪਟੇਲ ਨੇ ਦੱਸਿਆ ਕਿ ਪੈਸੇ ਜਮ੍ਹਾਂ ਕਰਵਾਉਣ ਮਗਰੋਂ ਅਮਿਤ ਪਟੇਲ ਆਪਣੀ ਤਿੰਨ ਸਾਲ ਦੀ ਧੀ ਦਾ ਜਨਮ ਦਿਨ ਮਨਾਉਣਾ ਚਾਹੁੰਦਾ ਸੀ ਪਰ ਲੁਟੇਰੇ ਉਸ ਦਾ ਕਤਲ ਕਰ ਕੇ ਸਾਰੇ ਪੈਸੇ ਲੁੱਟ ਕੇ ਲੈ ਗਏ। ਕੋਲੰਬਸ ਦੇ ਮੇਅਰ ਸਕਿਪ ਹੈਂਡਰਸਨ ਨੇ ਕਿਹਾ ਕਿ ਦੋਸ਼ੀਆਂ ਨੂੰ ਛੇਤੀ ਫੜ ਲਿਆ ਜਾਵੇਗਾ।**

# Matrimonials

### ਲੜਕੇ ਦੀ ਲੋੜ ਹੈ

Jatt Sikh family, well settled in the Midwest looking for *suitable* match for their daughter: 28, 5' 5", US citizen, has great family values, educated (Masters & Juris Doctorate), employed as an attorney at a law firm. Only serious responses from a suitable, modern Jatt Sikh gentleman (ages 29-33), professional or businessman. Email *csahi1949@gmail.com or call at (317) 670-7665.*

*49-52*

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

### ਲੜਕੀ ਦੀ ਲੋੜ ਹੈ

Suitable match for Gursikh, Arora, vegetarian muscular boy, 30 yrs., 5'9", MBA. marketing executive for a software company in Mumbai. Owns commercial, residential property in India. Elder brother settled in US. Caste no bar. Boy plans business investment in US. Pl email: utakecare2@yahoo.com or call 1-618-402-4269 or 91-9022 084954

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com.

*DEC-MARCH*

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892


## ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

*41-48*



## ਤੰਦੂਰੀਏ ਅਤੇ ਕੁੱਕ ਦੀ ਲੋੜ ਹੈ

ਸੈਨ ਅੰਟੋਨੀਓ (ਟੈਕਸਾਸ) ਸਥਿਤ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਕੁੱਕ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਰਜਿੰਦਰ ਸਿੰਘ ਸੰਘੇੜਾ

**ਕਾਲ ਕਰੋ ਜਾਂ ਟੈਕਸਟ ਕਰੋ:**

**ਫੋਨ: 210-834-2469**



## ਰਾਗੀ ਜਥੇ ਦੀ ਲੋੜ ਹੈ

ਗੁਰਦੁਆਰਾ ਸਾਹਿਬ, ਸਾਊਥ ਵੈਸਟ ਹਿਊਸਟਨ (14811 Lindita dr Houston TX 77083) ਲਈ 3 ਮੈਂਬਰੀ ਰਾਗੀ ਜਥੇ ਦੀ ਲੋੜ ਹੈ, ਜੋ ਗੁਰਮਤਿ ਦਾ ਮਨੋਹਰ ਕੀਰਤਨ ਕਰ ਸਕਦਾ ਹੋਵੇ ਅਤੇ ਹਰ ਤਰ੍ਹਾਂ ਦੀਆਂ ਧਾਰਮਿਕ ਸੇਵਾਵਾਂ ਨਿਭਾ ਸਕਦਾ ਹੋਵੇ।

**ਗੁਰਮਤਿ ਵਿਚਾਰ ਅੰਗਰੇਜ਼ੀ ਵਿਚ ਸਮਝਾਉਣ ਦੀ ਸਮਰੱਥਾ ਰੱਖਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।**

ਜੇ ਕੈਨੇਡਾ ਜਾਂ ਹੋਰ ਕਿਸੇ ਮੁਲਕ ਤੋਂ ਜਥਾ ਆਉਣਾ ਚਾਹੁੰਦਾ ਹੈ ਤਾਂ ਗੁਰਦੁਆਰਾ ਸਾਹਿਬ ਵਲੋਂ ਉਸ ਨੂੰ ਸਾਰੇ ਕਾਗਜ਼ਾਤ ਮੁਹੱਈਆ ਕਰਵਾਏ ਜਾਣਗੇ ਤੇ ਵੀਜ਼ਾ ਲੈਣ 'ਚ ਮਦਦ ਕੀਤੀ ਜਾਵੇਗੀ।

**ਗੁਰਦੁਆਰੇ ਵਲੋਂ ਤਨਖਾਹ, ਰਿਹਾਇਸ਼ ਤੇ ਆਉਣ-ਜਾਣ ਦੀ ਸਹੂਲਤ ਦਿੱਤੀ ਜਾਵੇਗੀ।**

**ਸੰਪਰਕ ਕਰੋ: ਭਜਨ ਸਿੰਘ ਦੁਲੇਈ 832-867-5467, ਹਰਦੀਪਕ ਸਿੰਘ ਮੁੰਡੇ ਫੋਨ: 281-725-3880**

E-Mail- secretarygsswh@yahoo.com

# ਅਮਰੀਕਾ 'ਚ ਤੂਫ਼ਾਨ ਨਾਲ 100 ਤੋਂ ਵੱਧ ਮੌਤਾਂ

## ਅਮਰੀਕੀ ਰਾਸ਼ਟਰਪਤੀ ਵੱਲੋਂ ਹੰਗਾਮੀ ਯੋਜਨਾ ਦਾ ਐਲਾਨ

**ਸੈਕਰਾਮੈਂਟੋ:** ਅਮਰੀਕਾ ਦੇ ਕਈ ਇਲਾਕਿਆਂ 'ਚ ਤੂਫ਼ਾਨ ਨੇ ਭਾਰੀ ਤਬਾਹੀ ਮਚਾਈ ਹੈ। ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਘੱਟ ਤੋਂ ਘੱਟ 100 ਤੋਂ ਵੱਧ ਲੋਕਾਂ ਦੇ ਮਰਨ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਤੂਫ਼ਾਨ ਦੀ ਵਜ੍ਹਾ ਨਾਲ ਅਮਰੀਕਾ ਦੇ ਰਾਜ ਕੇਂਟਕੀ 'ਚ ਐਮਰਜੈਂਸੀ ਲਾ ਦਿੱਤੀ ਗਈ ਹੈ।

ਰਾਸ਼ਟਰਪਤੀ ਜੋ ਬਾਇਡਨ ਨੇ ਕੈਨਟੱਕੀ ਵਾਸਤੇ ਹੰਗਾਮੀ ਯੋਜਨਾ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਸੰਘੀ ਹੰਗਾਮੀ ਮੈਨੇਜਮੈਂਟ ਏਜੰਸੀ ਨੂੰ ਤੂਫਾਨ ਪੀੜਤਾਂ ਦੀ ਮਦਦ ਕਰਨ ਲਈ ਕਿਹਾ ਹੈ। ਵ੍ਹਾਈਟ ਹਾਊਸ ਅਨੁਸਾਰ ਰਾਸ਼ਟਰਪਤੀ ਨੇ ਤੂਫਾਨ ਤੋਂ ਪ੍ਰਭਾਵਿਤ ਰਾਜਾਂ ਦੇ ਗਵਰਨਰਾਂ ਨਾਲ ਗੱਲ ਕੀਤੀ ਹੈ ਤੇ ਸਥਿਤੀ ਦਾ ਜਾਇਜ਼ਾ ਲਿਆ ਹੈ। ਰਾਸ਼ਟਰਪਤੀ ਨੇ ਕਿਹਾ, 'ਅਸੀਂ ਇਕਮੁੱਠ ਹੋ ਕੇ ਹਾਲਾਤ ਦਾ ਮੁਕਾਬਲਾ ਕਰਾਂਗੇ। ਸੰਘੀ ਸਰਕਾਰ ਪਿੱਛੇ ਨਹੀਂ ਹਟੇਗੀ। ਇਹ ਮੌਕਾ ਅਜਿਹਾ ਹੈ ਜਦੋਂ ਅਸੀਂ ਡੈਮੋਕਰੈਟਸ ਜਾਂ ਰਿਪਬਲਿਕਨ ਨਹੀਂ ਹਾਂ ਤੇ ਅਸੀਂ ਸਾਰੇ ਅਮਰੀਕੀ ਹਾਂ।'

ਅਮਰੀਕਾ ਦੇ ਕੈਨਟੱਕੀ, ਇਲੀਨੋਇਸ, ਟੈਨੇਸੀ ਤੇ ਆਰਕਾਂਸਸ ਰਾਜ ਵਿਚ ਆਏ ਤੂਫਾਨ ਵਿਚ ਫਸ ਕੇ ਅਨੇਕਾਂ ਲੋਕ ਮਾਰੇ ਗਏ ਤੇ ਭਾਰੀ ਤਬਾਹੀ ਹੋਈ ਹੈ। ਕੈਨਟੱਕੀ ਦੇ ਗਵਰਨਰ ਐਂਡੀ ਬੇਸ਼ੀਅਰ ਨੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ 100 ਤੋਂ ਵੱਧ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਘਰਾਂ, ਸਨਅਤੀ ਇਮਾਰਤਾਂ ਤੇ



ਨਰਸਿੰਗ ਹੋਮ ਇਮਾਰਤਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਸੂਬੇ ਦੇ ਮੇਫੀਲਡ ਸਮੇਤ ਕਈ ਇਲਾਕਿਆਂ 'ਚ ਤੂਫਾਨ ਨਾਲ ਦਰਜਨਾਂ ਲੋਕ ਮਾਰੇ ਗਏ ਹਨ। ਮੀਡੀਆ ਰਿਪੋਰਟਾਂ ਮੁਤਾਬਕ ਮੇਫੀਲਡ ਇਲਾਕੇ 'ਚ ਮੋਮਬੱਤੀ ਬਣਾਉਣ ਵਾਲੇ ਕਾਰਖਾਨੇ ਨੂੰ ਤੂਫਾਨ ਨਾਲ ਕਾਫ਼ੀ ਨੁਕਸਾਨ ਪੁੱਜਾ ਹੈ। ਦੱਸਿਆ ਜਾ ਰਿਹਾ ਹੈ ਕਿ ਤੂਫਾਨ ਜਦੋਂ ਫੈਕਟਰੀ ਨਾਲ ਟਕਰਾਇਆ, ਉਸ ਵੇਲੇ ਇਸ 'ਚ 100 ਤੋਂ ਵੱਧ ਲੋਕ ਕੰਮ ਕਰ ਰਹੇ ਸਨ। ਇੱਥੇ ਰੈਸਕਿਊ ਆਪ੍ਰੇਸ਼ਨ ਜਾਰੀ ਹੈ।

ਪੱਛਮੀ ਕੈਨਟੱਕੀ ਵਿਚ ਚਾਰੇ ਪਾਸੇ ਤਬਾਹੀ ਦਾ ਮੰਜ਼ਰ ਨਜ਼ਰ ਆ ਰਿਹਾ ਹੈ। ਰਾਜ ਦੇ ਇਤਿਹਾਸ ਵਿਚ ਇਹ ਪਹਿਲਾ ਸਭ ਤੋਂ ਵੱਧ ਖਤਰਨਾਕ ਤੂਫਾਨ ਹੈ। ਹਵਾਵਾਂ 227 ਕਿਲੋਮੀਟਰ ਦੀ ਰਫਤਾਰ ਨਾਲ ਚੱਲੀਆਂ ਤੇ ਉਨ੍ਹਾਂ ਦੇ ਰਸਤੇ ਵਿਚ ਜੋ ਵੀ ਆਇਆ, ਉਸ ਨੂੰ ਹੂੰਝ ਕੇ ਲੈ ਗਈਆਂ। ਕੈਨਟੱਕੀ ਤੋਂ ਇਲਾਵਾ ਅਰਕੰਸਾਸ ਵਿਚ 86 ਬਿਸਤਰਿਆਂ ਵਾਲਾ ਨਰਸਿੰਗ ਹੋਮ ਢਹਿ-ਢੇਰੀ ਹੋ ਗਿਆ, ਜਿਸ ਕਾਰਨ ਇਕ ਵਿਅਕਤੀ ਮਾਰਿਆ ਗਿਆ ਤੇ 5 ਗੰਭੀਰ ਜ਼ਖਮੀ ਹੋ ਗਏ। ਇਲੀਨੋਇਸ ਵਿਚ ਐਡਵਰਡਸਵਿਲੇ ਵਿਖੇ ਸੇਂਟ ਲੋਇਸ ਦੇ ਪੂਰਬ ਵਿਚ ਐਮਾਜ਼ੋਨ ਦੀ ਇਕ ਇਮਾਰਤ ਦੀ ਛੱਤ ਉੱਡ ਗਈ। ਅੱਗ ਬੁਝਾਊ ਵਿਭਾਗ ਦੇ ਮੁਖੀ ਜੇਮਜ਼ ਵਾਇਟਫੋਰਡ ਅਨੁਸਾਰ ਇੱਥੇ 6 ਲੋਕ ਮਾਰੇ ਗਏ ਹਨ। ਇਕ ਜ਼ਖਮੀ ਵਿਅਕਤੀ ਹਸਪਤਾਲ ਦਾਖਲ ਹੈ। ਐਮਾਜ਼ੋਨ ਨੇ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਮੌਕੇ ਉਪਰ ਮਦਦ ਲਈ ਪੁੱਜੇ ਲੋਕਾਂ ਦਾ ਧੰਨਵਾਦ ਕੀਤਾ ਹੈ। ਟੈਨੇਸੀ ਦੇ ਉਤਰ-ਪੱਛਮੀ ਹਿੱਸੇ ਵਿਚ 3 ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ।

## ਆਸਟਰੇਲੀਆ ਨੇ ਯਾਤਰਾ ਪਾਬੰਦੀਆਂ ਵਧਾਈਆਂ

**ਬ੍ਰਿਸਬਨ:** ਆਸਟਰੇਲਿਆਈ ਸੰਘੀ ਸਰਕਾਰ ਨੇ ਓਮੀਕਰੋਨ ਵੇਰੀਐਂਟ ਦੇ ਸੰਭਾਵੀ ਖਤਰੇ ਦੇ ਚੱਲਦਿਆਂ ਬਾਇਓ-ਸਕਿਊਰਿਟੀ ਐਕਟ 2015 ਤਹਿਤ ਮਨੁੱਖੀ ਜੀਵ ਸੁਰੱਖਿਆ ਐਮਰਜੈਂਸੀ ਦੀ ਮਿਆਦ 17 ਫਰਵਰੀ 2022 ਤੱਕ ਵਧਾ ਦਿੱਤੀ ਹੈ। ਇਹ ਪਾਬੰਦੀਆਂ ਪੂਰੀ ਤਰ੍ਹਾਂ ਟੀਕਾਕਰਨ ਵਾਲੇ ਆਸਟਰੇਲਿਆਈ ਨਾਗਰਿਕਾਂ, ਸਥਾਈ ਨਿਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ, ਨਿਊਜ਼ੀਲੈਂਡ ਦੇ ਨਾਗਰਿਕਾਂ, ਸਿੰਗਾਪੁਰ ਦੇ ਨਾਗਰਿਕਾਂ ਅਤੇ ਯਾਤਰਾ ਲਈ ਪਹਿਲਾਂ ਤੋਂ ਮਨਜ਼ੂਰਸ਼ੁਦਾ ਯਾਤਰੀਆਂ ਦੇ ਹੋਰ ਸਮੂਹਾਂ ਨੂੰ ਅਸਰਅੰਦਾਜ਼ ਨਹੀਂ ਕਰਨਗੀਆਂ। ਗੈਰ-ਟੀਕਾਕਰਨ ਵਾਲੇ ਆਸਟਰੇਲੀਅਨਾਂ ਲਈ ਬਾਹਰੀ ਕੌਮਾਂਤਰੀ ਯਾਤਰਾ 'ਤੇ ਪਾਬੰਦੀਆਂ ਜਾਰੀ ਰਹਿਣਗੀਆਂ।

ਮੈਡੀਕਲ ਅਫਸਰ ਪ੍ਰੋ. ਪਾਲ ਕੈਲੀ ਨੇ ਕੌਮੀ ਮੰਤਰੀ ਮੰਡਲ ਨੂੰ ਸਲਾਹ ਦਿੱਤੀ ਕਿ ਸਿਹਤ ਅਧਿਕਾਰੀ ਹਾਲੇ ਵੀ ਨਵੇਂ ਰੂਪ ਨੂੰ ਸਮਝਣ ਦੇ ਸ਼ੁਰੂਆਤੀ ਪੜਾਅ ਵਿਚ ਹਨ। ਸਿਹਤ ਮੰਤਰੀ ਗ੍ਰੇਗ ਹੰਟ ਨੇ ਕਿਹਾ ਕਿ ਇਹ ਪ੍ਰਬੰਧ ਸਰਕਾਰ ਨੂੰ ਓਮੀਕਰੋਨ ਵੇਰੀਐਂਟ ਦੇ ਉੱਭਰਨ 'ਤੇ ਫੈਸਲਾਕੁੰਨ ਕਾਰਵਾਈ ਕਰਨ ਦੀ ਇਜਾਜ਼ਤ ਦੇਵੇਗਾ ਅਤੇ ਦੇਸ ਵਿਚ ਆਉਣ ਅਤੇ ਬਾਹਰ ਜਾਣ ਵਾਲੇ ਯਾਤਰੀਆਂ ਦੀ ਗਿਣਤੀ ਨੂੰ ਘਟਾਏਗਾ।

# ਅਫਗਾਨਿਸਤਾਨ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਸਣੇ 104 ਜਣੇ ਭਾਰਤ ਪੁੱਜੇ

**ਨਵੀਂ ਦਿੱਲੀ:** ਭਾਰਤ ਵੱਲੋਂ 10 ਭਾਰਤੀ ਨਾਗਰਿਕਾਂ ਸਣੇ 104 ਲੋਕਾਂ ਨੂੰ ਅਫਗਾਨਿਸਤਾਨ 'ਚੋਂ ਕੱਢਿਆ ਗਿਆ। ਇਕ ਵਿਸ਼ੇਸ਼ ਉਡਾਣ ਕਾਬੁਲ ਤੋਂ ਇਨ੍ਹਾਂ ਲੋਕਾਂ ਨੂੰ ਲੈ ਨਵੀਂ ਦਿੱਲੀ ਪਹੁੰਚੀ। ਇਸ ਉਡਾਣ ਵਿਚ ਕਾਬੁਲ ਦੇ ਇਤਿਹਾਸਕ ਆਸਾਮਾਈ ਮੰਦਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪ ਅਤੇ ਹਿੰਦੂ ਧਰਮ ਦੇ ਤਿੰਨ ਗ੍ਰੰਥ ਵੀ ਲਿਆਂਦੇ ਗਏ ਹਨ।

ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ ਕਿ ਇਸ ਉਡਾਣ ਦਾ ਪ੍ਰਬੰਧ ਭਾਰਤ ਦੇ ਅਪਰੇਸ਼ਨ 'ਦੇਵੀ ਸ਼ਕਤੀ' ਅਧੀਨ ਕੀਤਾ ਗਿਆ ਸੀ। 15 ਅਗਸਤ ਨੂੰ ਤਾਲਿਬਾਨ ਵੱਲੋਂ ਅਫਗਾਨਿਸਤਾਨ 'ਤੇ ਕਬਜ਼ਾ ਕੀਤੇ ਜਾਣ ਤੋਂ ਬਾਅਦ ਇਹ ਅਪਰੇਸ਼ਨ ਅਫਗਾਨਿਸਤਾਨ 'ਚ ਫਸੇ ਭਾਰਤੀਆਂ ਨੂੰ ਕੱਢਣ ਲਈ ਸ਼ੁਰੂ ਕੀਤਾ ਗਿਆ ਸੀ। ਬਾਗਚੀ ਨੇ ਟਵੀਟ ਕੀਤਾ, ''ਅਪਰੇਸ਼ਨ ਦੇਵੀ ਸ਼ਕਤੀ ਅਧੀਨ, ਕਾਮ ਏਅਰ ਦੀ ਇਕ ਵਿਸ਼ੇਸ਼ ਉਡਾਣ ਦਾ ਪ੍ਰਬੰਧ ਭਾਰਤ ਵੱਲੋਂ ਕੀਤਾ ਗਿਆ ਅਤੇ ਇਹ ਉਡਾਣ ਕਾਬੁਲ ਤੋਂ ਨਵੀਂ ਦਿੱਲੀ ਪਹੁੰਚੀ। ਇਹ ਉਡਾਣ 10 ਭਾਰਤੀ ਨਾਗਰਿਕਾਂ ਸਣੇ ਅਫਗਾਨਿਸਤਾਨ ਦੇ ਹਿੰਦੂ-ਸਿੱਖ ਭਾਈਚਾਰੇ ਦੇ 94 ਵਿਅਕਤੀਆਂ ਨੂੰ ਲੈ ਕੇ ਦਿੱਲੀ ਪਹੁੰਚੀ ਹੈ। ਅਫਗਾਨਿਸਤਾਨ 'ਚੋਂ ਕੱਢੇ ਗਏ ਲੋਕਾਂ 'ਚ ਤਿੰਨ ਨਵ-ਜਨਮਿਆਂ ਸਣੇ ਨੌਂ ਬੱਚੇ ਸ਼ਾਮਲ ਹਨ।''

ਅਧਿਕਾਰੀਆਂ ਨੇ ਕਿਹਾ ਕਿ ਇਹ ਉਡਾਣ ਇਹ ਉਡਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪ ਅਤੇ ਹਿੰਦੂ ਧਰਮ ਦੇ ਗ੍ਰੰਥ ਲੈ ਕੇ ਆਈ ਹੈ। ਇਹ ਧਾਰਮਿਕ ਗ੍ਰੰਥ ਕਾਬੁਲ ਵਿਚ ਸਥਿਤ ਆਸਾਮਾਈ



ਕੁਝ ਦਵਾਈਆਂ ਆਦਿ ਤੋਂ ਇਲਾਵਾ ਭਾਰਤ ਵਿਚੋਂ 90 ਅਫਗਾਨੀ ਲੋਕਾਂ ਨੂੰ ਲੈ ਕੇ ਵਾਪਸ ਜਾਵੇਗੀ। ਮੰਦਰ 'ਚੋਂ ਲਿਆਂਦੇ ਗਏ ਹਨ।

ਮੰਨਿਆ ਜਾ ਰਿਹਾ ਹੈ ਕਿ ਭਾਰਤ ਸਰਕਾਰ ਅਤੇ ਦਿੱਲੀ ਵਿਚ ਅਫਗਾਨੀ ਦੂਤਾਵਾਸ ਦੋਹਾਂ ਨੇ ਇਸ ਵਿਸ਼ੇਸ਼ ਉਡਾਣ ਦਾ ਪ੍ਰਬੰਧ ਕਰਨ ਲਈ ਤਾਲਮੇਲ ਕੀਤਾ ਸੀ। ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਇਕ ਟਵੀਟ ਰਾਹੀਂ ਦੱਸਿਆ, ''ਅਫਗਾਨਿਸਤਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪਾਂ ਤੋਂ ਇਲਾਵਾ ਕਾਬੁਲ ਵਿਚ ਸਥਿਤ ਆਸਾਮਾਈ ਮੰਦਰ ਤੋਂ ਸ੍ਰੀਮਦ ਭਗਵਦ ਗੀਤਾ, ਸ੍ਰੀ ਰਾਮਚਰਿਤ ਮਾਨਸ ਅਤੇ ਹੋਰ ਹਿੰਦੂ ਪਵਿੱਤਰ ਧਾਰਮਿਕ ਗ੍ਰੰਥ ਵੀ ਭਾਰਤ ਲਿਆਂਦੇ ਗਏ ਹਨ।

ਅਫਗਾਨਿਸਤਾਨੀ ਸਿੱਖਾਂ ਤੇ ਹਿੰਦੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪਾਂ ਤੇ ਹਿੰਦੂ ਧਰਮ ਦੇ ਗ੍ਰੰਥ ਲੈ ਕੇ ਇਕ ਵਿਸ਼ੇਸ਼ ਉਡਾਣ ਇੱਥੇ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚੀ, ਜਿੱਥੇ ਕਿ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ, ਕੇਂਦਰੀ ਮੰਤਰੀ ਹਰਦੀਪ ਪੁਰੀ ਅਤੇ ਸਿੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਇਨ੍ਹਾਂ ਅਫਗਾਨਿਸਤਾਨੀ ਵਸਨੀਕਾਂ ਅਤੇ ਧਾਰਮਿਕ ਗ੍ਰੰਥਾਂ ਦੇ ਸਰੂਪਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸ੍ਰੀ ਸਿਰਸਾ ਨੇ ਦੱਸਿਆ ਕਿ ਜਿਹੜੇ ਅਫਗਾਨਿਸਤਾਨੀ ਭਾਰਤ ਪਹੁੰਚੇ ਹਨ, ਉਨ੍ਹਾਂ ਨੂੰ ਭਾਰਤੀ ਵੀਜ਼ਾ ਦੇ ਕੇ ਇੱਥੇ ਲਿਆਂਦਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਵਿਸ਼ੇਸ਼ ਉਡਾਣ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪ ਅਤੇ 350 ਸਾਲ ਪੁਰਾਣੀ ਇਕ ਪੋਥੀ ਵੀ ਭਾਰਤ ਲਿਆਂਦੀ ਗਈ ਹੈ। ਇਸ ਤੋਂ ਇਲਾਵਾ ਗੀਤਾ ਦਾ ਇਕ ਸਰੂਪ ਵੀ ਲਿਆਂਦਾ ਗਿਆ ਹੈ।

## ਭਾਰਤ ਨੇ ਭੇਜੀ ਅਫਗਾਨਿਸਤਾਨ ਨੂੰ ਮੈਡੀਕਲ ਸਪਲਾਈ

**ਨਵੀਂ ਦਿੱਲੀ:** ਭਾਰਤ ਨੇ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਅਫਗਾਨਿਸਤਾਨ ਦੇ ਲੋਕਾਂ ਦੀ ਮੁਸ਼ਕਲ ਸਮੇਂ 'ਚ ਮਦਦ ਕਰਨ ਦੀ ਆਪਣੀ ਵਚਨਬੱਧਤਾ ਤੇ ਮਾਨਵਤਾਵਾਦੀ ਸਹਾਇਤਾ ਦੇ ਤਹਿਤ ਮੈਡੀਕਲ ਸਪਲਾਈ ਭੇਜੀ ਗਈ ਹੈ। ਭਾਰਤ ਵੱਲੋਂ ਮੈਡੀਕਲ ਸਪਲਾਈ ਉਸ ਉਡਾਣ ਰਾਹੀਂ ਭੇਜੀ ਗਈ, ਜੋ 10 ਭਾਰਤੀਆਂ ਅਤੇ 94 ਅਫਗਾਨੀਆਂ ਨੂੰ ਦਿੱਲੀ ਲੈ ਕੇ ਆਈ ਸੀ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਖੇਪ ਕਾਬੁਲ 'ਚ ਵਿਸ਼ਵ ਸਿਹਤ ਸੰਗਠਨ ਦੇ ਨੁਮਾਇੰਦਿਆਂ ਤੇ ਕਾਬੁਲ ਦੇ ਇੰਦਰਾ ਗਾਂਧੀ ਚਿਲਡਰਨ ਹਸਪਤਾਲ ਨੂੰ ਸੌਂਪੀ ਜਾਵੇਗੀ।

# ਬੇਅਦਬੀ ਮਾਮਲੇ: ਵਿਸ਼ੇਸ਼ ਜਾਂਚ ਟੀਮ ਵੱਲੋਂ ਡੇਰਾ ਪ੍ਰਬੰਧਕਾਂ ਤੋਂ ਪੁੱਛ-ਪੜਤਾਲ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਸਿਰਸਾ ਜਾ ਕੇ ਡੇਰੇ ਦੇ ਅਹਿਮ ਪ੍ਰਬੰਧਕ ਡਾ. ਨੈਨ ਤੋਂ ਲਗਭਗ ਸਾਢੇ ਚਾਰ ਘੰਟੇ ਪੁੱਛ-ਪੜਤਾਲ ਕੀਤੀ। ਜਾਣਕਾਰੀ ਮੁਤਾਬਕ ਜਾਂਚ ਟੀਮ ਨੇ ਡਾ. ਨੈਨ ਤੋਂ ਕੁੱਲ 75 ਸਵਾਲ ਪੁੱਛੇ ਜਿਨ੍ਹਾਂ ਦਾ ਉਸ ਨੇ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ ਅਤੇ ਕਿਹਾ ਕਿ ਉਸ ਦੀ ਸਿਹਤ ਠੀਕ ਨਹੀਂ ਹੈ। ਟੀਮ ਨੇ ਇਸ ਮਾਮਲੇ 'ਚ ਭਗੌੜਾ ਐਲਾਨੇ ਗਏ ਸੰਦੀਪ ਬਰੇਟਾ, ਪ੍ਰਦੀਪ ਕਲੇਰ ਤੇ ਹਰਸ਼ ਧੂਰੀ ਬਾਰੇ ਵੀ ਪੁੱਛ-ਪੜਤਾਲ ਕੀਤੀ। ਡੇਰੇ ਦੇ ਵਕੀਲ ਵੀ ਮੌਕੇ 'ਤੇ ਮੌਜੂਦ ਰਹੇ। ਡੇਰੇ ਦੇ ਪ੍ਰਬੰਧਕਾਂ ਨੇ ਜਾਂਚ ਟੀਮ ਨੂੰ ਦੱਸਿਆ ਕਿ ਵਿਪਾਸਨਾ 18 ਮਹੀਨੇ ਪਹਿਲਾਂ ਡੇਰੇ 'ਚੋਂ ਚਲੀ ਗਈ ਸੀ ਅਤੇ ਹੁਣ ਉਸ ਬਾਰੇ ਡੇਰੇ ਨੂੰ ਕੋਈ ਜਾਣਕਾਰੀ ਨਹੀਂ ਹੈ।

ਦੱਸਣਯੋਗ ਹੈ ਕਿ ਡਾ. ਨੈਨ ਦੀ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜਾਂਚ ਟੀਮ ਨੂੰ ਆਦੇਸ਼ ਦਿੱਤੇ ਸਨ ਕਿ ਡਾ. ਨੈਨ ਨੂੰ ਜਾਂਚ ਟੀਮ ਦੇ ਦਫਤਰ ਵਿਚ ਨਹੀਂ ਬੁਲਾਇਆ ਜਾ ਸਕਦਾ ਪਰ ਸਿਰਸਾ ਡੇਰੇ ਵਿਚ ਜਾ ਕੇ ਉਨ੍ਹਾਂ



ਤੋਂ ਪੁੱਛ-ਪੜਤਾਲ ਕੀਤੀ ਜਾ ਸਕਦੀ ਹੈ।

ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੇ ਆਪਣੀ ਪੁੱਛ-ਪੜਤਾਲ ਦੌਰਾਨ ਕਿਹਾ ਸੀ ਕਿ ਡੇਰੇ ਦੇ ਸਾਰੇ ਫੈਸਲੇ ਮੈਨੇਜਮੈਂਟ ਕਮੇਟੀ ਵੱਲੋਂ ਲਏ ਜਾਂਦੇ ਹਨ। ਇਸ ਖੁਲਾਸੇ ਮਗਰੋਂ ਜਾਂਚ ਟੀਮ ਡਾ. ਨੈਨ ਅਤੇ ਵਿਪਾਸਨਾ ਤੋਂ ਪੁੱਛ-ਪੜਤਾਲ ਕਰਨਾ ਚਾਹੁੰਦੀ ਸੀ ਪਰ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਜਾਂਚ ਟੀਮ ਨੂੰ ਵਿਪਾਸਨਾ ਨਹੀਂ ਮਿਲ ਰਹੀ। ਡਾਕਟਰ ਨੇ ਵੀ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤੇ। ਜਾਂਚ ਟੀਮ ਇਸ ਪੜਤਾਲ ਦੀ ਸਮੁੱਚੀ ਰਿਪੋਰਟ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪੇਸ਼ ਕਰੇਗੀ।

## ਨਕੋਦਰ ਬੇਅਦਬੀ ਕਾਂਡ: ਪੀੜਤਾਂ ਵੱਲੋਂ ਮੁੱਖ ਮੰਤਰੀ ਨੂੰ ਪੱਤਰ

**ਜਲੰਧਰ:** ਨਕੋਦਰ ਬੇਅਦਬੀ ਕਾਂਡ ਵਿਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਰਵਿੰਦਰ ਸਿੰਘ ਲਿੱਤਰਾਂ, ਹਰਮਿੰਦਰ ਸਿੰਘ ਰਾਏਪੁਰ ਚਲੂਪਰ, ਬਲਧੀਰ ਸਿੰਘ ਰਾਮਗੜ੍ਹ ਅਤੇ ਝਿਲਮਣ ਸਿੰਘ ਗੋਰਸੀਆਂ ਦੇ ਮਾਪਿਆਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪੱਤਰ ਲਿਖ ਕੇ ਇਨਸਾਫ ਦੀ ਮੰਗ ਕੀਤੀ ਹੈ। ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਨੇ ਕਿਹਾ ਕਿ 35 ਸਾਲ ਬੀਤਣ ਦੇ ਬਾਵਜੂਦ ਉਨ੍ਹਾਂ ਨੂੰ ਇਨਸਾਫ ਨਹੀਂ ਮਿਲ ਰਿਹਾ।

## ਨਿਆਂ ਮੰਗਣ ਵਾਲਿਆਂ ਦੀ ਆਵਾਜ਼ ਦਬਾਈ ਨਹੀਂ ਜਾ ਸਕਦੀ: ਸੁਖਬੀਰ

**ਰੂਪਨਗਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਬੇਅਦਬੀ ਮਾਮਲਿਆਂ ਲਈ ਨਿਆਂ ਦੀ ਉਡੀਕ ਕਰ ਰਹੇ ਪੰਜਾਬੀਆਂ ਦੀ ਆਵਾਜ਼ ਉਚੀ ਆਵਾਜ਼ ਵਿਚ ਡੀਜੇ ਉਤੇ ਗੁਰਬਾਣੀ ਲਗਾਉਣ ਦੇ ਹੁਕਮ ਦੇ ਕੇ ਦਬਾ ਨਹੀਂ ਸਕਦੇ ਤੇ ਇਹ ਆਪਣੇ ਆਪ ਵਿਚ ਬੇਅਦਬੀ ਹੈ। ਉਨ੍ਹਾਂ ਕਿਹਾ ਕਿ ਹਰ ਇਕ ਦੀ ਗੱਲ ਸੁਣਨ ਦਾ ਦਾਅਵਾ ਕਰਨ ਵਾਲੇ ਮੁੱਖ ਮੰਤਰੀ ਨਾ ਸਿਰਫ ਲੋਕਾਂ ਦੀ ਗੱਲ ਸੁਣਨ ਤੋਂ ਭੱਜ ਰਹੇ ਹਨ ਬਲਕਿ ਸਰਕਾਰੀ ਮਸ਼ੀਨਰੀ ਨਾਲ ਉਨ੍ਹਾਂ ਦੀ ਆਵਾਜ਼ ਦਬਾਉਣ ਦਾ ਵੀ ਯਤਨ ਕਰਨ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਆਵਾਜ਼ ਦਬਾਉਣ ਲਈ ਅਜਿਹੀ ਘਟੀਆ ਤਰਕੀਬ ਵਰਤਣ ਕਾਰਨ ਪੰਜਾਬ ਦੇ ਲੋਕ ਮੁਆਫ ਨਹੀਂ ਕਰਨਗੇ।

# ਦਿੱਲੀ ਫਤਿਹ ਕਰ ਕੇ ਪਰਤੇ ਯੋਧਿਆਂ ਦਾ ਥਾਂ-ਥਾਂ ਨਿੱਘਾ ਸਵਾਗਤ



**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਵਿਚ ਮਿਲੀ ਜਿੱਤ ਤੋਂ ਬਾਅਦ ਕਿਸਾਨ ਵੱਡੀ ਗਿਣਤੀ ਵਿਚ ਆਪੋ-ਆਪਣੇ ਘਰਾਂ ਨੂੰ ਪਰਤ ਆਏ। ਦਿੱਲੀ ਦੇ ਮੋਰਚਿਆਂ ਤੋਂ ਮੁੜ ਰਹੇ ਕਿਸਾਨਾਂ ਦਾ ਪੰਜਾਬ ਤੇ ਹਰਿਆਣਾ ਵਿਚ ਵੱਖ-ਵੱਖ ਥਾਈਂ ਫੁੱਲਾਂ ਦੇ ਹਾਰ ਪਾ ਕੇ ਜ਼ੋਰਦਾਰ ਸਵਾਗਤ ਕੀਤਾ ਗਿਆ ਤੇ ਮਠਿਆਈਆਂ ਵੰਡੀਆਂ ਗਈਆਂ। ਦਿੱਲੀ-ਕਰਨਾਲ-ਅੰਬਾਲਾ, ਦਿੱਲੀ-ਹਿਸਾਰ ਜਿਹੇ ਕੌਮੀ ਮਾਰਗਾਂ ਸਣੇ ਕਈ ਹੋਰਨਾਂ ਰਾਜ ਮਾਰਗਾਂ ਉਤੇ ਜੁੜੇ ਕਿਸਾਨ ਪਰਿਵਾਰਾਂ ਤੇ ਪਿੰਡਾਂ ਦੇ ਲੋਕਾਂ ਨੇ ਟਰੈਕਟਰ-ਟਰਾਲੀਆਂ ਵਿਚ ਵਾਪਸ ਆ ਰਹੇ ਸੰਘਰਸ਼ੀ ਕਿਸਾਨਾਂ ਦਾ ਫੁੱਲਾਂ ਦੇ ਹਾਰਾਂ, ਲੱਡੂਆਂ, ਬਰਫੀ ਤੇ ਹੋਰਨਾਂ ਮਠਿਆਈਆਂ ਨਾਲ ਸਨਮਾਨ ਤੇ ਸਵਾਗਤ ਕੀਤਾ।

ਕਿਸਾਨ ਸੰਘਰਸ਼ ਦੀ ਹਮਾਇਤ ਕਰਨ ਵਾਲੇ ਪਿੰਡਾਂ ਦੇ ਵਾਸੀਆਂ ਤੇ ਹੋਰਨਾਂ ਨੇ ਆਪੋ-ਆਪਣੀਆਂ ਜਥੇਬੰਦੀਆਂ ਦੇ ਝੰਡੇ ਟਰੈਕਟਰਾਂ ਉਤੇ ਲਾ ਕੇ ਵਾਪਸ ਆਉਣ ਵਾਲਿਆਂ 'ਤੇ ਫੁੱਲਾਂ ਦੀ ਵਰਖਾ ਕੀਤੀ। ਦਿੱਲੀ-ਹਰਿਆਣਾ ਬਾਰਡਰ 'ਤੇ ਸਿੰਘੂ ਨੇੜੇ ਕਿਸਾਨਾਂ ਦਾ ਸਵਾਗਤ ਕਰਨ ਲਈ ਇਕ ਪਰਿਵਾਰ ਚੰਡੀਗੜ੍ਹ ਤੋਂ ਲੰਮਾ ਪੈਂਡਾ ਤੈਅ ਕਰ ਕੇ ਪਹੁੰਚ ਗਿਆ। ਚੰਡੀਗੜ੍ਹ ਨਿਵਾਸੀ ਨੇ ਕਿਹਾ, 'ਖੁਸ਼ੀ ਸ਼ਬਦਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ। ਇਹ ਜਿੱਤ ਕਿਸਾਨਾਂ ਦੀ ਤਪੱਸਿਆ ਦਾ ਫਲ ਹੈ ਜਿਨ੍ਹਾਂ ਹਰ ਕਸ਼ਟ ਸਹਿ ਕੇ, ਮੌਸਮ ਦੀ ਮਾਰ ਝੱਲ ਕੇ ਅੰਦੋਲਨ ਨੂੰ ਸਿਰੇ ਲਾਇਆ ਹੈ।' ਟਰੈਕਟਰਾਂ ਤੇ ਟਰਾਲੀਆਂ ਦੇ ਵੱਡੇ ਕਾਫਲਿਆਂ ਕਾਰਨ ਦਿੱਲੀ-ਅੰਬਾਲਾ ਤੇ ਦਿੱਲੀ-ਰੋਹਤਕ ਮਾਰਗ ਉਤੇ ਕਈ ਥਾਵਾਂ 'ਤੇ ਜਾਮ ਲੱਗ ਗਿਆ।

ਖੁਸ਼ੀ ਵਿਚ ਨੌਜਵਾਨਾਂ ਤੇ ਔਰਤਾਂ ਨੇ ਰਾਹ ਵਿਚ ਹੀ ਢੋਲ ਦੀ ਤਾਲ 'ਤੇ ਭੰਗੜਾ ਪਾਉਣਾ ਸ਼ੁਰੂ ਕਰ ਦਿੱਤਾ। ਪੰਜਾਬ ਨੇੜੇ ਖਨੌਰੀ ਵਿਚ ਸੰਘਰਸ਼ ਵਿਚ ਹਿੱਸਾ ਲੈ ਕੇ ਪਰਤ ਰਹੇ ਕਿਸਾਨਾਂ ਦੇ ਸਵਾਗਤ ਲਈ ਪਿੰਡ ਵਾਸੀ ਵੱਡੀ ਗਿਣਤੀ ਵਿਚ ਜੁੜੇ ਤੇ ਖੁਸ਼ੀ ਵਿਚ ਪਟਾਕੇ ਚਲਾਏ। ਕੌਮੀ ਮਾਰਗਾਂ ਦੇ ਨਾਲ ਟੌਲ ਪਲਾਜ਼ਿਆਂ ਤੇ ਕਈ ਹੋਰ ਥਾਵਾਂ 'ਤੇ ਕਿਸਾਨਾਂ ਦੇ ਸਵਾਗਤ ਲਈ ਤਿਆਰੀਆਂ ਕੀਤੀਆਂ ਗਈਆਂ ਸਨ। ਸਿੰਘੂ ਬਾਰਡਰ 'ਤੇ ਕੀਰਤਨ ਅਤੇ ਅਰਦਾਸ ਤੋਂ ਬਾਅਦ ਵੱਡੀ ਗਿਣਤੀ ਵਿਚ ਟਰੈਕਟਰ-ਟਰਾਲੀਆਂ ਪੰਜਾਬ ਤੇ ਹਰਿਆਣਾ ਨੂੰ ਮੁੜਨੀਆਂ ਸ਼ੁਰੂ ਹੋਈਆਂ ਸਨ। ਇਸ ਤੋਂ ਪਹਿਲਾਂ ਕਿਸਾਨਾਂ ਨੇ ਸਾਲ ਤੋਂ ਵੱਖ-ਵੱਖ ਬਾਰਡਰਾਂ ਉਤੇ ਗੱਡੇ ਆਪਣੇ ਟੈਂਟ ਤੇ ਹੋਰ ਢਾਂਚੇ ਪੁੱਟ ਲਏ। ਉਹ ਪਲ ਭਾਵੁਕ ਕਰਨ ਵਾਲੇ ਸਨ ਜਦ ਕਿਸਾਨਾਂ ਨੇ ਅਰਦਾਸ ਤੇ ਹਵਨ ਕਰ ਕੇ ਪ੍ਰਮਾਤਮਾ ਦਾ ਸ਼ੁਕਰ ਅਦਾ ਕੀਤਾ ਅਤੇ ਕਾਫਲਿਆਂ ਦੇ ਰੂਪ ਵਿਚ ਪੰਜਾਬ, ਹਰਿਆਣਾ ਤੇ ਯੂਪੀ ਵਿਚਲੇ ਆਪੋ-ਆਪਣੇ ਘਰਾਂ ਨੂੰ ਤੁਰ ਪਏ। ਸਾਲ ਤੋਂ ਡਟੇ ਮੁਜ਼ਾਹਰਾਕਾਰੀ ਇਸ ਮੌਕੇ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਕਾਹਲੇ ਜਾਪੇ। ਕਈ ਕਿਸਾਨਾਂ ਨੇ ਇਸ ਮੌਕੇ ਕਿਹਾ ਕਿ ਇਕ ਸਾਲ ਦੇ ਇਸ ਸੰਘਰਸ਼ ਨੇ ਸਾਰਿਆਂ ਨੂੰ ਇਕੱਠੇ ਕਰ ਦਿੱਤਾ, ਲੋਕ ਜਾਤਾਂ-ਧਰਮਾਂ ਤੋਂ ਉੱਪਰ ਉੱਠ ਕੇ ਸੰਘਰਸ਼ ਦਾ ਹਿੱਸਾ ਬਣੇ। ਕਈਆਂ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਾਂ ਵਾਲੇ ਮੰਨਦੇ ਹਨ ਕਿ ਇਸ ਇਤਿਹਾਸਕ ਅੰਦੋਲਨ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ।

ਯੂਪੀ ਦੇ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਨੂੰ ਸੰਘਰਸ਼ ਦੌਰਾਨ ਕਈ ਨਵੇਂ ਦੋਸਤ ਮਿਲੇ। ਜ਼ਿਕਰਯੋਗ ਹੈ ਕਿ ਕਰੀਬ ਇਕ ਸਾਲ ਕੇਂਦਰ ਸਰਕਾਰ ਦੇ ਕਾਨੂੰਨਾਂ ਖਿਲਾਫ ਕਿਸਾਨ ਦਿੱਲੀ ਦੇ ਵੱਖ-ਵੱਖ ਬਾਰਡਰਾਂ ਉਤੇ ਹਰ ਤਰ੍ਹਾਂ ਦੇ ਮੌਸਮ ਵਿਚ ਡਟੇ ਰਹੇ। ਫੁੱਲਾਂ ਤੇ ਵੱਖ-ਵੱਖ ਤਰ੍ਹਾਂ ਦੀਆਂ ਰੌਸ਼ਨੀਆਂ ਨਾਲ ਸਜੇ ਟਰੈਕਟਰਾਂ ਉਤੇ ਕੌਮੀ ਝੰਡਿਆਂ ਦੇ ਨਾਲ-ਨਾਲ ਕਿਸਾਨ ਜਥੇਬੰਦੀਆਂ ਦੇ ਝੰਡੇ ਲੱਗੇ ਹੋਏ ਸਨ। ਟਰੈਕਟਰਾਂ ਉਤੇ ਜਿੱਤ ਦੇ ਪੰਜਾਬੀ ਅਤੇ ਦੇਸ਼ ਭਗਤੀ ਦੇ ਗੀਤ ਸੁਣੇ ਜਾ ਸਕਦੇ ਸਨ, 'ਤੇ ਵਿਚ-ਵਿਚਾਲੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਵੀ ਛੱਡੇ ਜਾ ਰਹੇ ਸਨ। ਟਰੈਕਟਰ-ਟਰਾਲੀਆਂ ਵਿਚ ਗੱਦੇ, ਰਜਾਈਆਂ, ਭਾਂਡੇ ਤੇ ਹੋਰ ਸਾਮਾਨ ਲੱਦਿਆ ਹੋਇਆ ਸੀ ਜੋ ਕਿਸਾਨ ਸੰਘਰਸ਼ ਦੌਰਾਨ ਆਪਣੇ ਨਾਲ ਲੈ ਕੇ ਗਏ ਸਨ। ਇਸ ਦੌਰਾਨ ਸ਼ੰਭੂ ਬਾਰਡਰ 'ਤੇ ਵੀ ਜਸ਼ਨ ਦਾ ਮਾਹੌਲ ਸੀ ਤੇ ਭੰਗੜੇ ਪਾਏ ਗਏ। ਕਿਸਾਨਾਂ ਦੀ ਵਾਪਸੀ ਦੇ ਮੱਦੇਨਜ਼ਰ ਕਰਨਾਲ ਵਿਚ ਬਸਤਾੜਾ ਟੌਲ ਪਲਾਜ਼ੇ ਕੋਲ ਤੇ ਅੰਬਾਲਾ ਨੇੜੇ ਸ਼ੰਭੂ ਬਾਰਡਰ 'ਤੇ ਲੰਗਰ ਲਾਇਆ ਗਿਆ। ਜ਼ਿਕਰਯੋਗ ਹੈ ਕਿ ਸ਼ੰਭੂ ਕੌਮੀ ਮਾਰਗ 'ਤੇ ਅੰਤਰ-ਰਾਜੀ ਹੱਦ ਹੈ ਜਿਥੇ ਪੁਲਿਸ ਨੇ ਪਿਛਲੇ ਸਾਲ ਨਵੰਬਰ ਵਿਚ ਕਿਸਾਨਾਂ 'ਤੇ ਉਸ ਵੇਲੇ ਜਲ ਤੋਪਾਂ ਤੇ ਅੱਥਰੂ ਗੈਸ ਦੀ ਵਰਤੋਂ ਕੀਤੀ ਸੀ ਜਦ ਉਨ੍ਹਾਂ ਦਿੱਲੀ ਵੱਲ ਚਾਲੇ ਪਾਏ ਸਨ।

## ਸ਼ੰਭੂ ਬੈਰੀਅਰ 'ਤੇ ਚੜੂਨੀ ਨੂੰ ਚਾਂਦੀ ਦਾ ਹਲ ਭੇਟ

**ਘਨੌਰ:** ਸ਼ੰਭੂ ਬੈਰੀਅਰ ਰਾਹੀਂ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਅਤੇ ਭਾਰਤੀ ਕਿਸਾਨ ਯੂਨੀਅਨ ਹਰਿਆਣਾ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਸਾਨਾਂ ਦੇ ਵੱਡੇ ਕਾਫਲੇ ਨਾਲ ਪੰਜਾਬ ਖੇਤਰ ਵਿਚ ਪ੍ਰਵੇਸ਼ ਕੀਤਾ। ਇਸ ਦੌਰਾਨ ਭਗਵਾਨ ਸਿੰਘ ਨਾਮਧਾਰੀ ਟੀਐਸ ਟੇਲਰਜ਼ ਜ਼ੀਰਕਪੁਰ ਵੱਲੋਂ ਗੁਰਨਾਮ ਸਿੰਘ ਚੜੂਨੀ ਨੂੰ ਸਾਢੇ ਤਿੰਨ ਕਿੱਲੋ (3 ਕਿੱਲੋ 500 ਗ੍ਰਾਮ) ਭਾਰ ਦਾ ਚਾਂਦੀ ਦਾ ਹਲ ਭੇਟ ਕੀਤਾ ਗਿਆ। ਕਿਸਾਨ ਆਗੂਆਂ ਵੱਲੋਂ ਚੜੂਨੀ ਨੂੰ ਸਿਰੋਪੇ ਨਾਲ ਸਨਮਾਨਿਤ ਕੀਤਾ ਗਿਆ। ਸ਼ੰਭੂ ਬੈਰੀਅਰ ਤੇ ਕਿਸਾਨ ਮਜ਼ਦੂਰ ਏਕਤਾ ਅਤੇ ਜਿੱਤ ਨੂੰ ਸਮਰਪਿਤ ਨਾਅਰੇ ਤੇ ਜੈਕਾਰੇ ਲੱਗਦੇ ਰਹੇ। ਲੋਕ ਭੰਗੜੇ ਪਾ ਰਹੇ ਸਨ। ਵੱਡੇ ਪੱਧਰ 'ਤੇ ਵੱਖ-ਵੱਖ ਸੰਸਥਾਵਾਂ ਵੱਲੋਂ ਵੱਖ-ਵੱਖ ਪਕਵਾਨਾਂ ਅਤੇ ਫਲਾਂ ਦੇ ਲੰਗਰ ਲਗਾਏ ਗਏ।

## ਲੇਖਕਾਂ ਤੇ ਰੰਗਕਰਮੀਆਂ ਵੱਲੋਂ ਕਿਸਾਨਾਂ ਦਾ ਸਵਾਗਤ

**ਚੰਡੀਗੜ੍ਹ:** ਕਿਸਾਨ ਸੰਘਰਸ਼ ਵਿਚ ਇਤਿਹਾਸਕ ਜਿੱਤ ਦਰਜ ਕਰਨ ਤੋਂ ਬਾਅਦ ਘਰਾਂ ਨੂੰ ਪਰਤ ਰਹੇ ਕਿਸਾਨਾਂ ਦਾ ਰਾਜਪੁਰਾ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ, ਪ੍ਰਗਤੀਸ਼ੀਲ ਲੇਖਕ ਸੰਘ ਅਤੇ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਦੇ ਲੇਖਕਾਂ ਅਤੇ ਰੰਗਕਰਮੀਆਂ ਨੇ ਨਿੱਘਾ ਸਵਾਗਤ ਕੀਤਾ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ, ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ, ਖੇਤੀ ਮਾਹਿਰ ਡਾ. ਸੁਖਪਾਲ ਸਿੰਘ, ਪ੍ਰਗਤੀਸ਼ੀਲ ਲੇਖਕ ਸੰਘ ਚੰਡੀਗੜ੍ਹ ਦੇ ਸਕੱਤਰ ਡਾ. ਗੁਰਮੇਲ ਸਿੰਘ ਅਤੇ ਇਪਟਾ ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਦੀ ਅਗਵਾਈ ਵਾਲੀ ਟੀਮ ਵਿੱਚ ਲਗਭਗ 50 ਲੇਖਕ, ਰੰਗਕਰਮੀ ਅਤੇ ਕਲਾਕਾਰ ਸ਼ਾਮਲ ਸਨ।

# 'ਕਿਸਾਨਾਂ ਨੇ ਸਾਬਤ ਕੀਤਾ ਕਿ ਏਕੇ ਨਾਲ ਹੰਕਾਰ ਨੂੰ ਵੀ ਤੋੜਿਆ ਜਾ ਸਕਦਾ'



**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਅਰਦਾਸ ਕਰਨ ਮਗਰੋਂ ਦਿੱਲੀ ਦੇ ਮੋਰਚਿਆਂ ਤੋਂ ਫਤਿਹ ਮਾਰਚ ਸ਼ੁਰੂ ਕੀਤਾ ਗਿਆ। ਕਾਫਲੇ ਵਿਚ ਵਾਹਨਾਂ ਦੀ ਗਿਣਤੀ ਇੰਨੀ ਜ਼ਿਆਦਾ ਸੀ ਕਿ ਕੌਮੀ ਮਾਰਗ 'ਤੇ ਕਈ ਥਾਈਂ ਜਾਮ ਲੱਗ ਗਿਆ। ਹਰਿਆਣਾ ਦੇ ਵਸਨੀਕਾਂ ਨੇ ਫੁੱਲਾਂ ਦੀ ਵਰਖਾ ਕਰ ਕੇ ਕਾਫਲਿਆਂ ਦਾ ਸਨਮਾਨ ਕਰਦਿਆਂ ਕਿਸਾਨਾਂ ਦਾ ਧੰਨਵਾਦ ਕੀਤਾ। ਕੇ.ਐਮ.ਪੀ. ਚੌਕ 'ਤੇ ਰਾਈ ਕਸਬੇ ਵਾਲੇ ਪਾਸੇ ਹਰਿਆਣਾ ਵਾਸੀਆਂ ਨੇ 'ਵੱਡੇ ਭਰਾ ਪੰਜਾਬ ਦਾ ਧੰਨਵਾਦ', 'ਹਮ ਜੰਗ ਜੀਤ ਕੇ ਚਲੇ ਹੈਂ' ਆਦਿ ਨਾਅਰੇ ਲਾਏ। ਥਾਂ-ਥਾਂ ਕਾਫਲੇ ਵਿਚ ਸ਼ਾਮਲ ਕਿਸਾਨਾਂ ਦਾ ਲੱਡੂਆਂ ਨਾਲ ਮੂੰਹ ਵੀ ਮਿੱਠਾ ਕਰਵਾਇਆ ਗਿਆ।

ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਨੇ ਸਾਬਤ ਕਰ ਦਿੱਤਾ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਮਾਰੂ ਨੀਤੀਆਂ ਦਾ ਡਟਵਾਂ ਵਿਰੋਧ ਕਰਨ ਵਾਲੇ ਅਜੇ ਵੀ ਦੇਸ ਵਿਚ ਮੌਜੂਦ ਹਨ ਤੇ ਸਰਕਾਰਾਂ ਆਪਣੀਆਂ ਕਾਰਪੋਰੇਟ ਪੱਖੀ ਨੀਤੀਆਂ ਧੱਕੇ ਨਾਲ ਲਾਗੂ ਨਹੀਂ ਕਰਵਾ ਸਕਦੀਆਂ। ਪਿੰਡ ਕਲੇਰ (ਬਟਾਲਾ) ਦੇ ਕਿਸਾਨ ਬਲਦੇਵ ਸਿੰਘ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਕਿਸਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਏਕੇ ਨਾਲ ਹੰਕਾਰ ਨੂੰ ਵੀ ਤੋੜਿਆ ਜਾ ਸਕਦਾ ਹੈ। ਨੌਜਵਾਨ ਕਿਸਾਨ ਮਨਦੀਪ ਸਿੰਘ ਖਹਿਰਾ ਨੇ ਕਿਹਾ ਕਿ ਹਰ ਵਰਗ ਨੇ ਮੋਰਚੇ ਦੀ ਜਿੱਤ ਨੂੰ ਨਿਵਾਜਿਆ ਹੈ, ਜਿਸ ਨਾਲ ਸੱਤਾਧਾਰੀਆਂ ਨਾਲ ਸੰਘਰਸ਼ ਕਰਨ ਦੀ ਖਤਮ ਹੋ ਰਹੀ ਪ੍ਰਵਿਰਤੀ ਮੁੜ ਉਭਰੀ ਹੈ। ਹਰਿਆਣਾ ਦੇ ਸਿੱਖ ਭਾਈਚਾਰੇ ਨੇ ਬਤਖਾਲਸਾ ਦੀ ਯਾਦਗਾਰ ਕੋਲ ਕਿਸਾਨ ਕਾਫਲਿਆਂ ਦਾ ਸ਼ਾਨਦਾਰ ਸਵਾਗਤ ਕੀਤਾ। ਦਿੱਲੀ ਦੇ ਟਿਕਰੀ ਤੇ ਸਿੰਘੂ ਬਾਰਡਰਾਂ ਤੋਂ ਕਿਸਾਨਾਂ ਨੇ ਯੂਨੀਅਨਾਂ ਦੇ ਝੰਡਿਆਂ ਨਾਲ ਸ਼ਿੰਗਾਰੇ ਹੋਏ ਟਰੈਕਟਰਾਂ 'ਤੇ ਡੀਜੇ ਵਜਾਉਂਦੇ ਹੋਏ ਪੰਜਾਬ ਹਰਿਆਣਾ ਨੂੰ ਚਾਲੇ ਪਾਏ। ਕਾਫਲੇ ਦੀ ਵਾਪਸੀ ਵੇਲੇ ਸਾਰੇ ਰਾਹ ਵਿਚ ਵਿਆਹ ਵਰਗਾ ਮਾਹੌਲ ਬਣਿਆ ਰਿਹਾ। ਹਰਿਆਣਾ ਦੇ ਕਿਸਾਨਾਂ ਨੇ ਕੌਮੀ ਮਾਰਗਾਂ 'ਤੇ ਆਉਂਦੇ ਟੌਲ ਪਲਾਜ਼ਿਆਂ 'ਤੇ ਵੱਖ ਵੱਖ ਤਰ੍ਹਾਂ ਦੇ ਪਕਵਾਨ ਵੰਡੇ।

## ਦੇਸ਼ ਵਾਸੀਆਂ ਤੇ ਪੰਜਾਬੀਆਂ ਨੂੰ ਮੁਬਾਰਕ: ਰਾਜੇਵਾਲ

**ਚੰਡੀਗੜ੍ਹ:** ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਸ਼ੰਭੂ ਬਾਰਡਰ ਉਤੇ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਕਿਸਾਨਾਂ ਨੂੰ ਜਿੱਤ ਦੀ ਵਧਾਈ ਦਿੱਤੀ। ਰਾਜੇਵਾਲ ਨੇ ਕਿਹਾ, 'ਮੈਂ ਸਾਰੇ ਪੰਜਾਬੀਆਂ ਤੇ ਦੇਸ਼ ਵਾਸੀਆਂ ਨੂੰ ਮੁਬਾਰਕਬਾਦ ਦਿੰਦਾ ਹਾਂ। ਇਕ ਵੱਡੀ ਜੰਗ ਜਿੱਤ ਲਈ ਗਈ ਹੈ...ਉਨ੍ਹਾਂ ਸਾਰਿਆਂ ਦਾ ਵੀ ਧੰਨਵਾਦ ਜਿਨ੍ਹਾਂ ਸੰਘਰਸ਼ ਦੀ ਹਮਾਇਤ ਕੀਤੀ।' ਮੀਡੀਆ ਨਾਲ ਗੱਲਬਾਤ ਕਰਦਿਆਂ ਰਾਜੇਵਾਲ ਨੇ ਕਿਹਾ ਕਿ ਮੋਰਚਾ ਜਿੱਤ ਲਿਆ ਗਿਆ ਹੈ...ਕੇਂਦਰ ਸਰਕਾਰ ਨੂੰ ਝੁਕਣ ਲਈ ਮਜਬੂਰ ਕੀਤਾ ਗਿਆ ਹੈ। ਰਾਜੇਵਾਲ ਨੇ ਇਸ ਮੌਕੇ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਜਾਨ ਗੁਆਉਣ ਵਾਲਿਆਂ ਨੂੰ ਵੀ ਯਾਦ ਕੀਤਾ।

# ਭਾਈਚਾਰਕ ਸਾਂਝ ਦਾ ਹੋਕਾ ਦੇ ਗਏ ਮੋਰਚੇ; ਪੰਜਾਬ-ਹਰਿਆਣਾ ਦੀ ਗਲਵੱਕੜੀ



**ਚੰਡੀਗੜ੍ਹ:** ਕਿਸਾਨਾਂ ਦੇ ਏਕੇ ਨੇ ਸਿਰਫ ਖੇਤੀ ਕਾਨੂੰਨ ਹੀ ਵਾਪਸ ਨਹੀਂ ਕਰਵਾਏ, ਸਗੋਂ ਪੰਜਾਬ-ਹਰਿਆਣਾ ਦੇ ਲੋਕਾਂ ਦੀ ਵਿਲੱਖਣ ਸਾਂਝ ਵੀ ਕਾਇਮ ਕੀਤੀ ਹੈ। ਕਿਸਾਨਾਂ ਨੂੰ ਇਕ ਪਾਸੇ ਜਿੱਤ ਦਾ ਉਤਸ਼ਾਹ ਸੀ ਤੇ ਦੂਜੇ ਪਾਸੇ ਵਿਛੜਨ ਦਾ ਮਲਾਲ ਵੀ ਸੀ। ਟਿਕਰੀ ਤੇ ਸਿੰਘੂ ਹੱਦ 'ਤੇ ਪੰਜਾਬ-ਹਰਿਆਣਾ ਦੇ ਕਿਸਾਨ ਪਰਿਵਾਰਾਂ ਦੇ ਮੇਲ ਮਿਲਾਪ ਹੁੰਦਾ ਰਿਹਾ। ਦਿੱਲੀ ਦੇ ਕਾਰੋਬਾਰੀ ਲੋਕਾਂ ਨੇ ਕਿਸਾਨਾਂ ਨੂੰ ਦਾਅਵਤਾਂ ਵੀ ਦਿੱਤੀਆਂ। ਹਰਿਆਣਾ ਦੇ ਪੇਂਡੂ ਘਰਾਂ 'ਚ ਕਿਸਾਨ ਬੀਬੀਆਂ ਨੂੰ ਰੋਟੀ ਖਵਾਈ ਗਈ।

ਤਕਰੀਬਨ ਇਕ ਵਰ੍ਹੇ ਤੋਂ ਕਿਸਾਨ ਖੇਤੀ ਕਾਨੂੰਨਾਂ ਖਿਲਾਫ ਸਿੰਘੂ-ਟਿਕਰੀ ਹੱਦ 'ਤੇ ਬੈਠੇ ਹੋਏ ਸਨ। ਇਨ੍ਹਾਂ ਦੇ ਦੁੱਖਾਂ-ਸੁੱਖਾਂ ਦੀ ਇਕੋ ਗੱਠੜੀ ਸੀ। ਕਿਸਾਨ ਘੋਲ ਨੇ ਆਪਸੀ ਸਾਂਝ ਨੂੰ ਇੰਨਾ ਪੱਕਾ ਕੀਤਾ ਕਿ ਹੁਣ ਜਦੋਂ ਵਿਦਾ ਹੋਣ ਲੱਗੇ ਹਨ ਤਾਂ ਸਭਨਾਂ ਦੀਆਂ ਅੱਖਾਂ 'ਚ ਹੰਝੂ ਹਨ। ਮੋਗਾ ਜ਼ਿਲ੍ਹੇ ਦੀ ਬਚਿੱਤਰ ਕੌਰ ਤੇ ਸ਼ਿੰਦਰ ਕੌਰ ਨੇ ਹਰਿਆਣਵੀ ਔਰਤਾਂ ਨੂੰ ਤੋਹਫੇ ਵਜੋਂ ਸੂਟ ਦਿੱਤੇ। ਹਰਿਆਣਾ ਦੇ ਨਯਾ ਗਾਓਂ ਦੇ ਦੋ ਭਰਾਵਾਂ ਨਰੇਸ਼ ਤੇ ਰਾਕੇਸ਼ ਨੇ ਟਿਕਰੀ ਹੱਦ 'ਤੇ ਕਿਸਾਨ ਆਗੂਆਂ ਨੂੰ ਲੋਈਆਂ ਤੋਹਫੇ 'ਚ ਦਿੱਤੀਆਂ।

ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੇ ਤੁਰਨ ਵੇਲੇ ਇਕ-ਦੂਜੇ ਨੂੰ ਗਲਵੱਕੜੀ ਪਾਈ ਤੇ 'ਪੰਜਾਬ ਅਤੇ ਹਰਿਆਣਾ ਭਾਈਚਾਰਾ ਜ਼ਿੰਦਾਬਾਦ' ਦੇ ਜ਼ੋਰਦਾਰ ਨਾਅਰੇ ਲਾਏ। ਕਿਸਾਨਾਂ ਨੇ ਕਿਹਾ ਕਿ ਦੋਵਾਂ ਸੂਬਿਆਂ ਦੇ ਕਿਸਾਨਾਂ ਦਾ ਭਾਈਚਾਰਾ ਤੇ ਮੋਹ ਇਸ ਸੰਘਰਸ਼ ਤੋਂ ਬਾਅਦ ਹੋਰ ਗੂੜ੍ਹਾ ਹੋ ਗਿਆ ਹੈ। ਪੰਜਾਬ ਦੇ ਕਈ ਕਿਸਾਨਾਂ ਨੇ ਇਸ ਮੌਕੇ ਹਰਿਆਣਾ ਦੇ ਲੋਕਾਂ ਦਾ ਉਨ੍ਹਾਂ ਦੀ ਮਦਦ ਕਰਨ ਲਈ ਦਿਲੋਂ ਧੰਨਵਾਦ ਕੀਤਾ। ਭਾਵੁਕ ਹੋਏ ਕਿਸਾਨਾਂ ਨੇ ਇਕ ਦੂਜੇ ਨੂੰ ਜੱਫੀਆਂ ਪਾਈਆਂ ਤੇ ਵਾਅਦਾ ਕੀਤਾ ਕਿ ਉਹ ਇਕ ਸਾਲ ਦੌਰਾਨ ਬਣੇ ਇਨ੍ਹਾਂ ਰਿਸ਼ਤਿਆਂ ਨੂੰ ਕਾਇਮ ਰੱਖਣਗੇ। ਉਨ੍ਹਾਂ ਕਿਹਾ ਕਿ ਗਹਿਰੇ ਜਜ਼ਬਾਤ ਤੇ ਯਾਦਾਂ ਮੋਰਚੇ ਨਾਲ ਜੁੜੀਆਂ ਹੋਈਆਂ ਹਨ।

ਕਿਸਾਨਾਂ ਦਾ ਕਹਿਣਾ ਹੈ ਕਿ ਲੋਕਾਂ ਦੇ ਏਕੇ ਨੇ ਸਿਰਫ ਖੇਤੀ ਕਾਨੂੰਨ ਹੀ ਵਾਪਸ ਨਹੀਂ ਕਰਵਾਏ, ਸਗੋਂ ਪੰਜਾਬ-ਹਰਿਆਣਾ ਦੇ ਲੋਕਾਂ ਦੀ ਵਿਲੱਖਣ ਸਾਂਝ ਵੀ ਕਾਇਮ ਕੀਤੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਦੁਨੀਆਂ ਆਖਦੀ ਸੀ ਕਿ ਪ੍ਰਧਾਨ ਮੰਤਰੀ ਮੋਦੀ ਨੇ ਮੰਨਣਾ ਨਹੀਂ ਪਰ ਲੋਕ ਏਕੇ ਨੇ ਇਸ ਅਸੰਭਵ ਗੱਲ ਨੂੰ ਵੀ ਸੰਭਵ ਕਰਕੇ ਵਿਖਾ ਦਿੱਤਾ ਹੈ। ਹਰਿਆਣਾ ਦੇ ਬਹਾਦਰਗੜ੍ਹ ਤੋਂ ਆਏ ਰਾਠੀ ਪਰਿਵਾਰ ਨੇ ਕਿਸਾਨ ਆਗੂਆਂ ਨੂੰ ਤੋਹਫੇ 'ਚ ਪੱਗਾਂ ਦਿੱਤੀਆਂ। ਡਾ. ਨਵਸ਼ਰਨ ਤਾਂ ਇੰਨੀ ਭਾਵੁਕ ਹੋਈ ਕਿ ਸਭ ਝੰਜੋੜੇ ਗਏ। ਦਿੱਲੀ ਦੇ ਕਾਰੋਬਾਰੀ ਲੋਕ ਵਿਸ਼ੇਸ਼ ਤੌਰ 'ਤੇ ਕਿਸਾਨਾਂ ਨੂੰ ਬਾਜ਼ਾਰਾਂ ਵਿਚ ਲੈ ਕੇ ਗਏ, ਜਿਥੇ ਦਾਅਵਤਾਂ ਦਿੱਤੀਆਂ। ਹਰਿਆਣਾ ਦੇ ਤਾਊਆਂ ਤੇ ਮਾਝੇ ਦੇ ਭਾਊਆਂ ਵਿਚਾਲੇ ਮੁਹੱਬਤੀ ਜੱਫੀਆਂ ਪਈਆਂ।

ਦਿੱਲੀ 'ਚੋਂ ਨੌਜਵਾਨ ਕੁੜੀਆਂ ਦੀ ਟੋਲੀ ਨੇ ਕਿਸਾਨ ਬੀਬੀਆਂ ਨਾਲ ਕਾਫੀ ਸਮਾਂ ਬਿਤਾਇਆ। ਟਿਕਰੀ ਹੱਦ ਨੇੜਲੇ ਕਈ ਪਿੰਡਾਂ ਦੇ ਲੋਕਾਂ ਨੇ ਕਿਸਾਨਾਂ ਨੂੰ ਆਪੋ ਆਪਣੇ ਘਰਾਂ ਵਿਚ ਰਾਤ ਦੇ ਖਾਣੇ 'ਤੇ ਸੱਦਿਆ। ਖਾਪ ਪੰਚਾਇਤਾਂ ਨੇ ਵੀ ਪੰਜਾਬੀ ਕਿਸਾਨਾਂ ਨਾਲ ਮਿਲਣੀ ਕੀਤੀ। ਸਨਅਤੀ ਖੇਤਰ ਵਿਚ ਕੰਮ ਕਰਦੇ ਮਜ਼ਦੂਰਾਂ ਵੀ ਲੰਗਰ ਚਲਾਉਣ ਵਾਲੇ ਕਿਸਾਨਾਂ ਕੋਲ ਪੁੱਜੇ ਅਤੇ ਉਚੇਚਾ ਧੰਨਵਾਦ ਕੀਤਾ ਕਿ ਕਿਸਾਨ ਘੋਲ ਦੌਰਾਨ ਉਨ੍ਹਾਂ ਨੂੰ ਰੱਜਵੀਂ ਰੋਟੀ ਮਿਲਦੀ ਰਹੀ।

## ਕਿਸਾਨਾਂ ਨੇ ਜੰਗ ਹੀ ਨਹੀਂ, ਦਿਲ ਵੀ ਜਿੱਤੇ: ਭਗਵੰਤ ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਅੰਦੋਲਨਕਾਰੀ ਕਿਸਾਨਾਂ ਨੇ ਸਿਰਫ ਮੋਦੀ ਸਰਕਾਰ ਤੋਂ ਜੰਗ ਹੀ ਨਹੀਂ ਜਿੱਤੀ, ਸਗੋਂ ਲੋਕਾਂ ਦੇ ਦਿਲ ਵੀ ਜਿੱਤੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਅੜੀਅਲ ਅਤੇ ਤਾਨਾਸ਼ਾਹ ਸਰਕਾਰ ਦੇ ਖਿਲਾਫ਼ ਇਕ ਸਾਲ ਤੋਂ ਵੱਧ ਸਮਾਂ ਲੜਾਈ ਲੜੀ ਹੈ ਜਿਸ ਦੌਰਾਨ 700 ਤੋਂ ਵੱਧ ਕਿਸਾਨ ਸ਼ਹੀਦ ਹੋਏ ਹਨ। ਇਨ੍ਹਾਂ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਕੁਰਬਾਨੀਆਂ ਨੂੰ ਦੇਸ਼ ਹਮੇਸ਼ਾ ਯਾਦ ਰੱਖੇਗਾ ਅਤੇ ਇਤਿਹਾਸ 'ਚ ਕਿਸਾਨ ਅੰਦੋਲਨ ਸੁਨਹਿਰੀ ਸ਼ਬਦਾਂ ਵਿਚ ਦਰਜ ਹੋਵੇਗਾ।

## ਮੋਰਚੇ ਦੀ ਬਦੌਲਤ ਮੁੜ ਪਈ ਸਾਂਝ : ਟਿਕੈਤ

**ਚੰਡੀਗੜ੍ਹ:** ਬੀ.ਕੇ.ਯੂ. ਦੇ ਮੁੱਖ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਮੋਰਚੇ ਦੀ ਬਦੌਲਤ ਸਾਲਾਂ ਤੋਂ ਟੁੱਟੀ ਸਾਂਝ ਮੁੜ ਪੈ ਗਈ ਹੈ। ਮਹਿੰਦਰ ਸਿੰਘ ਟਿਕੈਤ ਕਹਿੰਦੇ ਹੁੰਦੇ ਸਨ ਕਿ ਪੰਜਾਬ ਅਗਵਾਈ ਕਰੇਗਾ, ਹਰਿਆਣਾ ਨਾਲ ਲੱਗੇਗਾ ਤੇ ਦਿੱਲੀ ਦੇ 300 ਕਿਲੋਮੀਟਰ ਦੇ ਘੇਰੇ ਦੇ ਲੋਕ ਇਕਜੁੱਟ ਹੋਣਗੇ ਤੇ ਉਹ ਸਮਾਂ ਆ ਗਿਆ ਤੇ ਸਫਲਤਾ ਵੀ ਮਿਲੀ ਹੈ। ਟਿਕੈਤ ਨੇ ਦਿੱਲੀ ਦੀਆਂ ਸੰਗਤਾਂ ਤੇ ਦਿੱਲੀ ਗੁਰਦੁਆਰਾ ਕਮੇਟੀ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਮੁੜ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਕਿਸਾਨਾਂ ਦੀ ਬਕਾਇਆ ਮੰਗਾਂ ਨੂੰ ਛੇਤੀ ਨਾ ਮੰਨਿਆ ਤਾਂ ਉਹ ਮੁੜ ਤੋਂ ਅੰਦੋਲਨ ਸ਼ੁਰੂ ਕਰਨਗੇ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਜੀਠੀਆ ਨੂੰ ਹੱਥ ਪਾਉਣਾ ਚੰਨੀ ਸਰਕਾਰ ਲਈ ਬਣਿਆ ਚੁਣੌਤੀ

**ਚੰਡੀਗੜ੍ਹ:** ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਸਤੀਸ਼ ਕੁਮਾਰ ਅਸਥਾਨਾ ਦੇ ਛੁੱਟੀ ਉਤੇ ਜਾਣ ਮਗਰੋਂ ਨਵਾਂ ਵਿਵਾਦ ਛਿੜ ਗਿਆ ਹੈ। ਮੈਡੀਕਲ ਛੁੱਟੀ 'ਤੇ ਜਾਣ ਮਗਰੋਂ ਹਸਪਤਾਲ ਦਾਖਲ ਹੋਏ ਡਾਇਰੈਕਟਰ ਬੀ.ਓ.ਆਈ. ਵੱਲੋਂ ਸੀਨੀਅਰ ਅਕਾਲੀ ਨੇਤਾ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ ਨਸ਼ਿਆਂ ਦੇ ਕਥਿਤ ਮਾਮਲੇ 'ਚ ਮੁੜ ਜਾਂਚ 'ਤੇ ਸਵਾਲ ਚੁੱਕਣ ਦੇ ਕੁਝ ਦਸਤਾਵੇਜ਼ ਸਾਹਮਣੇ ਆਏ ਹਨ, ਜੋ ਆਉਂਦੇ ਦਿਨਾਂ 'ਚ ਸਿਆਸੀ ਭੁਚਾਲ ਲਿਆ ਸਕਦੇ ਹਨ। ਸੂਤਰਾਂ ਅਨੁਸਾਰ ਬੀ.ਓ.ਆਈ. ਦੇ ਡਾਇਰੈਕਟਰ ਜੋ ਮੈਡੀਕਲ ਛੁੱਟੀ ਲੈ ਕੇ ਹਸਪਤਾਲ ਵਿਚ ਭਰਤੀ ਹੋ ਗਏ ਹਨ, ਵੱਲੋਂ ਬਿਕਰਮ ਸਿੰਘ ਮਜੀਠੀਆ ਖ਼ਿਲਾਫ ਕਾਰਵਾਈ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਗਏ ਹਨ। ਇਸ ਦੇ ਨਾਲ ਹੀ ਇਸ ਗੱਲ ਦੀ ਚਰਚਾ ਵੀ ਜ਼ੋਰਾਂ 'ਤੇ ਛਿੜ ਗਈ ਹੈ ਕਿ ਸਰਕਾਰ ਵੱਲੋਂ ਹੁਣ ਇਕ ਹੋਰ ਆਈ.ਪੀ.ਐਸ. ਅਧਿਕਾਰੀ ਨੂੰ ਤਰੱਕੀ ਦੇ ਕੇ ਬੀ.ਓ.ਆਈ. ਦੀ ਜ਼ਿੰਮੇਵਾਰੀ ਦੇਣ ਦੀ



ਤਿਆਰੀ ਕੀਤੀ ਜਾ ਰਹੀ ਹੈ ਤਾਂ ਜੋ ਉਸ ਅਧਿਕਾਰੀ ਵੱਲੋਂ ਜਲਦ ਬਿਕਰਮ ਸਿੰਘ ਮਜੀਠੀਆ ਖ਼ਿਲਾਫ ਕਾਰਵਾਈ ਕੀਤੀ ਜਾ ਸਕੇ, ਪਰ ਡਰੱਗ ਮਾਮਲੇ 'ਚ ਅਕਾਲੀ ਨੇਤਾ ਮਜੀਠੀਆ ਨੂੰ ਗ੍ਰਿਫਤਾਰ ਕਰਨ ਦੀ ਤਿਆਰੀ ਕਰ ਰਹੀ ਪੰਜਾਬ ਸਰਕਾਰ ਨੂੰ ਇਕ ਵਾਰੀ ਫਿਰ ਵੱਡਾ ਝਟਕਾ ਲੱਗਿਆ ਹੈ।

ਸਾਹਮਣੇ ਆਏ ਦਸਤਾਵੇਜ਼ ਦੱਸਦੇ ਹਨ ਕਿ ਬੀ.ਓ.ਆਈ. ਦੇ ਡਾਇਰੈਕਟਰ ਨੇ ਸਰਕਾਰ ਨੂੰ ਭੇਜੇ ਆਪਣੇ ਜਵਾਬ ਸਾਫ ਕਰ ਦਿੱਤਾ ਹੈ ਕਿ ਹਾਈਕੋਰਟ 'ਚ ਚੱਲ ਰਹੇ ਕੇਸ 'ਚ ਹੁਣ ਕੋਈ ਬਦਲਾਅ ਨਹੀਂ ਕੀਤਾ ਜਾ ਸਕਦਾ ਅਤੇ ਜੇਕਰ ਇਸ ਮਾਮਲੇ 'ਚ ਕੋਈ ਜਾਂਚ ਸਰਕਾਰ ਵਲੋਂ ਸ਼ੁਰੂ ਕੀਤੀ ਜਾਂਦੀ ਹੈ, ਉਸ ਨੂੰ ਉਕਤ ਕੇਸ ਤੋਂ ਅਲੱਗ ਨਵੇਂ ਸਿਰੇ ਤੋਂ ਜਾਂਚ ਮੰਨਿਆ ਜਾਵੇਗਾ, ਹਾਲਾਂਕਿ ਇਸ ਜਾਂਚ ਲਈ ਵੀ ਹਾਈਕੋਰਟ ਤੋਂ ਆਗਿਆ ਲੈਣੀ ਜਰੂਰੀ ਹੋਵੇਗੀ। ਬੀ.ਓ.ਆਈ. ਮੁਖੀ ਦੇ ਇਸ ਜਵਾਬ ਤੋਂ ਸਾਫ ਹੋ ਗਿਆ ਹੈ ਕਿ ਉਹ ਸਰਕਾਰ ਦੇ ਦਬਾਅ ਹੇਠ ਜਾ ਕੇ ਕੋਈ ਵੀ ਅਜਿਹੀ ਕਾਰਵਾਈ ਕਰਨ ਲਈ ਤਿਆਰ ਨਹੀਂ, ਜਿਸ ਕਾਰਨ ਉਨ੍ਹਾਂ ਨੂੰ ਬਾਅਦ 'ਚ ਕਾਨੂੰਨੀ ਮੁਸ਼ਕਲਾਂ 'ਚ ਫਸਣਾ ਪੈ ਜਾਵੇ।

## ਗਿਣੀ-ਮਿਥੀ ਸਾਜ਼ਿਸ਼ ਸੀ ਲਖੀਮਪੁਰ ਖੀਰੀ ਘਟਨਾ

**ਲਖੀਮਪੁਰ ਖੀਰੀ:** 3 ਅਕਤੂਬਰ ਦੀ ਲਖੀਮਪੁਰ ਖੀਰੀ ਹਿੰਸਾ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਚੀਫ ਜੁਡੀਸ਼ਲ ਮੈਜਿਸਟਰੇਟ (ਸੀ.ਜੇ.ਐਮ.) ਅੱਗੇ 13 ਮੁਲਜ਼ਮਾਂ ਖਿਲਾਫ ਹੱਤਿਆ ਦੀ ਕੋਸ਼ਿਸ਼ ਦੀ ਨਵੀਂ ਧਾਰਾ ਦਰਜ ਕਰਨ ਲਈ ਅਰਜ਼ੀ ਦਾਇਰ ਕੀਤੀ ਹੈ। ਐਸ.ਆਈ.ਟੀ. ਦੇ ਜਾਂਚ ਅਧਿਕਾਰੀ ਵਿੱਦਿਆਰਾਮ ਦਿਵਾਕਰ ਨੇ ਆਈ.ਪੀ.ਸੀ. ਦੀਆਂ ਧਾਰਾਵਾਂ 279, 338 ਅਤੇ 304ਏ ਦੀ ਥਾਂ ਵਾਰੰਟ ਵਿਚ ਨਵੀਂ ਧਾਰਾਵਾਂ ਜੋੜਨ ਲਈ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ। ਆਪਣੀ ਅਰਜ਼ੀ ਵਿਚ ਜਾਂਚ ਅਧਿਕਾਰੀ ਨੇ ਦੱਸਿਆ ਕਿ ਲਖੀਮਪੁਰ ਖੀਰੀ ਘਟਨਾ ਯੋਜਨਾਬੱਧ ਅਤੇ ਜਾਣਬੁੱਝ ਕੇ ਕੀਤੀ ਗਈ ਸੀ, ਨਾ ਕਿ ਲਾਪਰਵਾਹੀ ਜਾਂ ਗਲਤੀ ਸੀ। ਜਾਂਚ ਅਧਿਕਾਰੀ ਨੇ ਧਾਰਾ 279 ਨੂੰ ਬਦਲ ਕੇ ਭਾਰਤੀ ਦੰਡਾਵਲੀ ਦੀ ਧਾਰਾ 307 (ਕਤਲ ਦੀ ਕੋਸ਼ਿਸ਼), 326, 34 , 338 ਅਤੇ 304ਏ ਲਾਉਣ ਦੀ ਬੇਨਤੀ ਕੀਤੀ ਹੈ। 3 ਅਕਤੂਬਰ ਨੂੰ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੀ ਐਸ.ਯੂ.ਵੀ. ਦੀ ਲਪੇਟ ਵਿਚ ਆਉਣ ਨਾਲ ਚਾਰ ਪ੍ਰਦਰਸ਼ਨਕਾਰੀ ਕਿਸਾਨਾਂ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ ਸੀ। ਹਿੰਸਾ ਵਿਚ ਪੱਤਰਕਾਰ ਵੀ ਮਾਰਿਆ ਗਿਆ ਸੀ।

## ਕੈਪਟਨ ਵੱਲੋਂ ਚੰਨੀ ਨੂੰ ਅਸਤੀਫੇ ਦੀ ਸਲਾਹ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਿਸ ਤਰੀਕੇ ਨਾਲ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਕਾਬਲੀਅਤ ਦੇ ਬਾਵਜੂਦ ਨਵਜੋਤ ਸਿੱਧੂ ਦੀ ਸਨਕ ਹੇਠਾਂ ਦਬਾਇਆ ਜਾ ਰਿਹਾ ਹੈ, ਉਨ੍ਹਾਂ ਨੂੰ ਜਾਪਦਾ ਹੈ ਕਿ ਉਹ ਸਿਰਫ ਰਾਤ ਦੇ ਚੌਕੀਦਾਰ ਬਣ ਕੇ ਰਹਿ ਜਾਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਤਰਫੋਂ ਨਵਜੋਤ ਸਿੱਧੂ ਨੂੰ ਚੋਣ ਕਮੇਟੀ ਦਾ ਚੇਅਰਮੈਨ ਥਾਪ ਕੇ ਮੁੱਖ ਮੰਤਰੀ ਨੂੰ ਉਨ੍ਹਾਂ ਦੇ ਹੇਠਾਂ ਲਾ ਦਿੱਤਾ ਗਿਆ ਹੈ ਜੋ ਉਨ੍ਹਾਂ ਦੀ ਸਮਝ ਤੋਂ ਬਾਹਰ ਹੈ। ਉਨ੍ਹਾਂ ਕਿਹਾ ਕਿ ਚੰਨੀ ਨੂੰ ਅਜਿਹੀ ਬੇਇੱਜ਼ਤੀ ਅਤੇ ਅਪਮਾਨ ਦਾ ਸਾਹਮਣਾ ਕਰਨ ਦੀ ਥਾਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਧੂ ਦੀ ਬਲੈਕਮੇਲਿੰਗ ਅੱਗੇ ਝੁਕ ਕੇ ਮੁੱਖ ਮੰਤਰੀ ਦੀ ਕਾਂਗਰਸ ਬੇਇੱਜ਼ਤੀ ਕਰ ਰਹੀ ਹੈ।

## ਲਾਲ ਸਿੰਘ ਨੇ ਅਮਰਿੰਦਰ ਤੇ ਪ੍ਰਨੀਤ ਖਿਲਾਫ ਮੋਰਚਾ ਖੋਲ੍ਹਿਆ

**ਪਟਿਆਲਾ:** ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਸੀਨੀਅਰ ਕਾਂਗਰਸੀ ਆਗੂ ਲਾਲ ਸਿੰਘ ਨੇ ਇਥੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਕੈਪਟਨ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜੋ ਵਿਅਕਤੀ ਆਪਣੀ ਹਾਰ ਲਈ ਉਸ ਨੂੰ ਜ਼ਿੰਮੇਵਾਰ ਦਸ ਰਹੇ ਹਨ, ਇਸ ਵਾਰ ਉਨ੍ਹਾਂ ਦੀ ਜ਼ਮਾਨਤ ਜ਼ਬਤ ਕਰ ਕੇ ਵਿਖਾਈ ਜਾਏਗੀ।

ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਕਾਂਗਰਸ ਲਈ ਅਮਰ ਵੇਲ ਸਾਬਤ ਹੋਇਆ, ਜਿਸ ਨੇ ਪਾਰਟੀ ਖਤਮ ਕਰਨ ਦਾ ਕੰਮ ਕੀਤਾ। ਨਵਜੋਤ ਸਿੱਧੂ ਨੇ ਪਾਰਟੀ 'ਤੇ ਲਿਪਟੀ ਇਹ ਅਮਰ ਵੇਲ ਹਟਾ ਦਿੱਤੀ ਅਤੇ ਹੁਣ ਇਹ ਵੇਲ ਭਾਜਪਾ ਗਲ ਪੈ ਗਈ ਹੈ। ਉਨ੍ਹਾਂ ਕਿਹਾ ਕਿ ਕੈਪਟਨ ਨੇ ਉਨ੍ਹਾਂ ਨੂੰ ਟਿਕਟ ਨਾ ਦੇਣ ਕਰਕੇ 'ਇਕ ਪਰਿਵਾਰ 'ਚ ਇਕ ਟਿਕਟ' ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਅੱਜ ਤੱਕ ਪਾਰਟੀ ਤੋਂ ਟਿਕਟ ਨਹੀਂ ਮੰਗੀ ਪਰ ਇਸ ਵਾਰ ਉਹ ਟਿਕਟ ਜਰੂਰ ਮੰਗਣਗੇ। ਇਸ ਦੌਰਾਨ ਲਾਲ ਸਿੰਘ ਨੇ ਪ੍ਰਨੀਤ ਕੌਰ ਨੂੰ ਵੀ ਚੁਣੌਤੀ ਦਿੰਦਿਆਂ ਕਿਹਾ ਕਿ ਆਪਣੀ ਹਾਰ ਦਾ ਕਾਰਨ ਦੱਸਣ ਵਾਲਿਆਂ ਦੀ ਜ਼ਮਾਨਤ ਜ਼ਬਤ ਕਰ ਕੇ ਦਿਖਾਈ ਜਾਵੇਗੀ। ਉਨ੍ਹਾਂ ਕਿਹਾ ਕਿ ਹਲਕਾ ਸਨੌਰ ਤੋਂ ਟਿਕਟ ਦੇਣਾ ਜਾਂ ਨਾ ਦੇਣਾ ਪਾਰਟੀ ਦੇ ਹੱਥ ਹੈ ਪਰ ਉਹ ਹਲਕਾ ਸਨੌਰ ਦੀ ਸੇਵਾ ਕਰਦੇ ਰਹੇ ਹਨ ਤੇ ਕਰਦੇ ਰਹਿਣਗੇ।

## ਡੇਰਾ ਮੁਖੀ ਵੱਲੋਂ ਹਾਈਕੋਰਟ ਵਿਚ ਪਟੀਸ਼ਨ

**ਚੰਡੀਗੜ੍ਹ:** ਬੇਅਦਬੀ ਦੇ ਜਿਸ ਮਾਮਲੇ 'ਚ ਪੰਜਾਬ ਪੁਲਿਸ ਦੀ ਐਸ.ਆਈ.ਟੀ. ਨੇ ਗੁਰਮੀਤ ਰਾਮ ਰਹੀਮ ਤੋਂ ਰੋਹਤਕ ਦੀ ਸੁਨਾਰੀਆ ਜੇਲ੍ਹ ਜਾ ਕੇ ਪੁੱਛਗਿੱਛ ਕੀਤੀ ਸੀ, ਉਸ ਕੇਸ 'ਚ ਹੁਣ ਡੇਰਾ ਮੁਖੀ ਨੇ ਹਾਈਕੋਰਟ ਤੋਂ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਦੇ ਵਕੀਲ ਗੁਰਦਾਸ ਸਿੰਘ ਸਰਵਾਰਾ ਨੇ ਦੱਸਿਆ ਕਿ ਫਰੀਦਕੋਟ ਜਿਲ੍ਹੇ 'ਚ ਸਾਲ 2015 ਵਿਚ ਬਾਜਾਖਾਨਾ ਥਾਣੇ ਵੱਲੋਂ ਦਰਜ 63 ਨੰਬਰ ਕੇਸ 'ਚ ਇਹ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਹੈ। ਮਾਮਲਾ ਜਸਟਿਸ ਰਾਜ ਮੋਹਨ ਸਿੰਘ ਦੀ ਬੈਂਚ 'ਚ ਲੱਗਿਆ ਸੀ ਪਰ ਇਸ 'ਚ ਕੋਈ ਖਾਸ ਸੁਣਵਾਈ ਨਹੀਂ ਹੋਈ। 21 ਦਸੰਬਰ ਨੂੰ ਕੇਸ 'ਚ ਅਗਲੀ ਸੁਣਵਾਈ ਹੋਵੇਗੀ।

## ਦਿੱਲੀ ਫਤਿਹ ਪਿੱਛੋਂ ਵੀ ਜੰਗ ਜਾਰੀ ਰੱਖਣ ਦਾ ਅਹਿਦ

*(ਸਫਾ ਇਕ ਦੀ ਬਾਕੀ)*

ਕਿਸਾਨਾਂ ਖਿਲਾਫ ਦਰਜ ਕੇਸ ਫੌਰੀ ਵਾਪਸ ਲੈਣ ਦੀ ਗੱਲ ਆਖੀ ਹੈ। ਸਰਕਾਰ ਨੇ ਇਹ ਵੀ ਭਰੋਸਾ ਦਿੱਤਾ ਹੈ ਕਿ ਸੰਯੁਕਤ ਕਿਸਾਨ ਮੋਰਚੇ ਨਾਲ ਵਿਚਾਰ ਵਟਾਂਦਰੇ ਮਗਰੋਂ ਸੰਸਦ 'ਚ ਬਿਜਲੀ ਬਿੱਲ ਪੇਸ਼ ਕੀਤਾ ਜਾਵੇਗਾ।

ਉਧਰ, ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਅਗਲਾ ਮੋਰਚਾ ਪੰਜਾਬ ਸਰਕਾਰ ਖਿਲਾਫ ਖੋਲ੍ਹਣ ਦੀ ਰਣਨੀਤੀ ਬਣਾ ਲਈ ਹੈ। ਹਾਲਾਂਕਿ ਸੂਬੇ ਦੇ ਕਾਂਗਰਸ ਸਰਕਾਰ ਨੇ ਦਿੱਲੀ ਮੋਰਚਾ ਫਤਿਹ ਹੋਣ ਦੇ ਐਲਾਨ ਦੇ ਤੁਰਤ ਪਿੱਛੋਂ ਕਿਸਾਨ ਜਥੇਬੰਦੀਆਂ ਨਾਲ 17 ਦਸੰਬਰ ਦੀ ਮੀਟਿੰਗ ਤੈਅ ਕਰ ਲਈ ਪਰ ਬਾਅਦ ਵਿਚ ਮੀਟਿੰਗ 3 ਦਿਨ ਹੋਰ ਅੱਗੇ (20 ਦਸੰਬਰ) ਪਾਉਣ ਤੋਂ ਜਥੇਬੰਦੀਆਂ ਨੇ ਮੀਟਿੰਗ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਹੈ।

ਕਿਸਾਨ ਜਥੇਬੰਦੀਆਂ ਦਾ ਗਿਲਾ ਹੈ ਕਿ ਪੰਜਾਬ ਸਰਕਾਰ ਵੱਲੋਂ ਕਰਜ਼ਾ ਕੁਰਕੀ ਖਤਮ, ਫਸਲ ਦੀ ਪੂਰੀ ਰਕਮ ਦੇਣ ਦਾ ਐਲਾਨ ਕੀਤਾ ਗਿਆ ਸੀ, ਜੋ ਹੁਣ ਤੱਕ ਵੀ ਅਮਲ ਵਿਚ ਨਹੀਂ ਲਿਆਂਦਾ ਗਿਆ। ਜਥੇਬੰਦੀਆਂ ਨੇ ਖੇਤੀ ਕਾਨੂੰਨਾਂ ਵਿਰੁੱਧ ਏਕਾ ਕਰਕੇ ਲੜੇ ਕਿਸਾਨਾਂ-ਮਜ਼ਦੂਰਾਂ ਨੂੰ ਹੁਣ ਸੂਬਾ ਸਰਕਾਰ ਦੀਆਂ ਬੁਨਿਆਦੀ ਖਾਮੀਆਂ ਤੇ ਲੋਕ ਮਾਰੂ ਨੀਤੀਆਂ ਖਿਲਾਫ ਵੀ ਇਕਜੁੱਟ ਹੋ ਕੇ ਲੜਾਈ ਲਈ ਤਿਆਰ ਹੋਣ ਦਾ ਸੱਦਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ 26 ਨਵੰਬਰ 2020 ਨੂੰ ਦਿੱਲੀ ਗਏ ਅੰਦੋਲਨਕਾਰੀਆਂ ਨੇ ਠੰਢ, ਬਰਸਾਤਾਂ ਅਤੇ ਗਰਮੀ ਸਹਿੰਦਿਆਂ ਅਤੇ ਤਮਾਮ ਤਰ੍ਹਾਂ ਦੀਆਂ ਫੁੱਟਪਾਊ ਕੋਸ਼ਿਸ਼ਾਂ ਦੇ ਬਾਵਜੂਦ ਸਬਰ, ਸੰਤੋਖ, ਦ੍ਰਿੜ੍ਹਤਾ ਅਤੇ ਭਾਈਚਾਰੇ ਦੇ ਜਜ਼ਬਿਆਂ 'ਤੇ ਪਹਿਰਾ ਦਿੰਦਿਆਂ ਨਵਾਂ ਇਤਿਹਾਸ ਸਿਰਜਿਆ। ਪ੍ਰਧਾਨ ਮੰਤਰੀ ਨੇ ਗੁਰੂ ਨਾਨਕ ਸਾਹਿਬ ਦੇ 552ਵੇਂ ਪ੍ਰਕਾਸ਼ ਦਿਹਾੜੇ ਉਤੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਸੀ।

ਸੰਸਦ ਦੇ ਦੋਵਾਂ ਸਦਨਾਂ ਅਤੇ ਰਾਸ਼ਟਰਪਤੀ ਵੱਲੋਂ ਕਾਨੂੰਨ ਵਾਪਸੀ ਵਾਲੇ ਬਿੱਲ ਨੂੰ ਮਨਜ਼ੂਰੀ ਦੇਣ ਪਿੱਛੋਂ ਜਿੱਤ ਸਥਾਈ ਹੋ ਗਈ। ਇਸ ਪਿੱਛੋਂ ਬਕਾਇਆ ਮੰਗਾਂ ਬਾਰੇ ਸਰਕਾਰ ਨੇ ਐਲਾਨ ਤਾਂ ਕੀਤਾ ਪਰ ਕਿਸਾਨ ਲਿਖਤੀ ਭਰੋਸੇ ਉਤੇ ਅੜੇ ਰਹੇ। ਕਿਸਾਨਾਂ ਦੀਆਂ ਬਕਾਇਆ ਮੰਗਾਂ ਸਵੀਕਾਰ ਕਰਨ ਬਾਰੇ ਕੇਂਦਰ ਸਰਕਾਰ ਦੇ ਖੇਤੀਬਾੜੀ ਸਕੱਤਰ ਸੰਜੈ ਅਗਰਵਾਲ ਦੇ ਦਸਤਖਤਾਂ ਵਾਲਾ ਪੱਤਰ ਮਿਲਣ ਮਗਰੋਂ ਸੰਯੁਕਤ ਕਿਸਾਨ ਮੋਰਚੇ ਨੇ ਇਹ ਐਲਾਨ ਕੀਤਾ ਹੈ। ਹੁਣ ਕਿਸਾਨ ਸੰਘਰਸ਼ ਦਾ ਭਵਿੱਖ ਇਸ ਗੱਲ ਉਤੇ ਤੈਅ ਹੋਵੇਗਾ ਕਿ ਸਰਕਾਰ ਆਪਣੇ ਲਿਖਤੀ ਭਰੋਸਿਆਂ ਉਤੇ ਕਿੰਨਾ ਅਮਲ ਕਰਦੀ ਹੈ।

## ਅਮਰੀਕਾ ਵਿਚ ਜਨਤਕ ਸੇਵਾਵਾਂ ਦੇ ਲਾਭ ਲੈਣੇ ਹੋਏ ਸੁਖਾਲੇ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਕ ਹੁਕਮ ਪਾਸ ਕੀਤਾ ਹੈ ਜੋ ਕਿ ਨਾਗਰਿਕਾਂ ਦਾ ਸਮਾਂ ਬਚਾਏਗਾ ਤੇ ਪਰੇਸ਼ਾਨੀ ਦੂਰ ਕਰੇਗਾ ਜਦ ਉਹ ਕਈ ਤਰ੍ਹਾਂ ਦੀਆਂ ਫੈਡਰਲ ਸੇਵਾਵਾਂ ਲੈ ਰਹੇ ਹੋਣਗੇ। ਇਨ੍ਹਾਂ ਵਿਚ ਪਾਸਪੋਰਟ ਨਵਿਆਉਣਾ, ਸਮਾਜਿਕ ਸੁਰੱਖਿਆ ਲਾਭ ਲਈ ਅਪਲਾਈ ਕਰਨਾ ਤੇ ਕੁਦਰਤੀ ਆਫਤਾਂ ਮਗਰੋਂ ਮਦਦ ਲੈਣਾ ਸ਼ਾਮਲ ਹੈ। ਵਾਈਟ ਹਾਊਸ ਦੇ ਅਧਿਕਾਰੀਆਂ ਨੇ 'ਐਗਜੈਕਟਿਵ ਆਰਡਰ' ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਈ ਸੰਗਠਨ ਜਨਤਕ ਸੇਵਾਵਾਂ ਵਿਚ ਸੁਧਾਰ ਦੀ ਮੰਗ ਕਰ ਰਹੇ ਸਨ। ਇਸ ਹੁਕਮ ਦੇ ਕਈ ਹਿੱਸੇ ਪਹਿਲਾਂ ਉਨ੍ਹਾਂ ਨੂੰ ਸੌਂਪੇ ਗਏ ਸਨ। ਇਹ ਹੁਕਮ ਅਧਿਕਾਰੀਆਂ ਕੋਲ ਕੱਢਣੇ ਪੈਂਦੇ ਗੇੜੇ ਘਟਾਏਗਾ ਤੇ ਨਾਲ ਹੀ ਦਫਤਰਾਂ ਦੇ ਗੇੜੇ ਵੀ ਨਹੀਂ ਕੱਢਣੇ ਪੈਣਗੇ। ਜ਼ਿਕਰ ਯੋਗ ਹੈ ਕਿ ਕਈ ਵਾਰ ਡਾਕ ਤੇ ਫੈਕਸ ਮਸ਼ੀਨਾਂ ਸਮੇਂ ਸਿਰ ਸੇਵਾਵਾਂ ਪ੍ਰਦਾਨ ਕਰਨ ਵਿਚ ਅੜਿਕਾ ਬਣਦੀਆਂ ਹਨ। ਵਾਈਟ ਹਾਊਸ ਨੇ ਆਸ ਜਤਾਈ ਕਿ ਸੰਘੀ ਏਜੰਸੀਆਂ ਨਾਲ ਲੋਕਾਂ ਦਾ ਤਜਰਬਾ ਬਿਹਤਰ ਹੋਣ ਨਾਲ ਉਨ੍ਹਾਂ ਦਾ ਸਰਕਾਰ ਤੇ ਲੋਕਤੰਤਰ ਵਿਚ ਭਰੋਸਾ ਵਧੇਗਾ ਜਿਸ ਨੂੰ ਸਮੇਂ ਦੇ ਨਾਲ ਵਧੇ ਸਿਆਸੀ ਧਰੁਵੀਕਰਨ ਨੇ ਖੋਰਾ ਲਾਇਆ ਸੀ।

## ਕਿਸਾਨ ਜਥੇਬੰਦੀਆਂ ਨੂੰ ਪੰਥਕ ਮਸਲਿਆਂ 'ਤੇ ਅੱਗੇ ਆਉਣ ਦੀ ਅਪੀਲ

**ਅੰਮ੍ਰਿਤਸਰ:** ਦਿੱਲੀ ਮੋਰਚੇ ਦੀ ਸਫਲਤਾ 'ਤੇ ਕਿਸਾਨਾਂ ਨੂੰ ਵਧਾਈ ਦਿੰਦਿਆਂ ਹਵਾਰਾ ਕਮੇਟੀ ਨੇ ਕਿਸਾਨ ਜਥੇਬੰਦੀਆਂ ਨੂੰ ਪੰਜਾਬ ਤੇ ਪੰਥ ਦੇ ਮਸਲਿਆਂ ਨੂੰ ਹੱਲ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ ਹੈ। ਕਮੇਟੀ ਆਗੂ ਐਡਵੋਕੇਟ ਅਮਰ ਸਿੰਘ ਚਾਹਲ ਨੇ ਕਿਹਾ ਕਿ ਜੇਕਰ ਬਰਗਾੜੀ ਮੋਰਚਾ ਵੀ ਕਿਸਾਨ ਜਥੇਬੰਦੀਆਂ ਵੱਲੋਂ ਲੜਿਆ ਜਾਂਦਾ ਤਾਂ ਨਤੀਜੇ ਸਾਰਥਕ ਹੋਣੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਕਿਸਾਨੀ ਸ਼ਕਤੀ ਨੂੰ ਆਪਣੇ ਵਸ ਵਿਚ ਕਰਨ ਲਈ ਯਤਨ ਆਰੰਭ ਦਿੱਤੇ ਹਨ। ਉਨ੍ਹਾਂ ਕਿਸਾਨਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਇਹ ਨਾ ਭੁੱਲਣ ਕਿ ਖੇਤੀ ਕਾਨੂੰਨ ਇਨ੍ਹਾਂ ਸਿਆਸੀ ਪਾਰਟੀਆਂ ਦੀ ਸਹਿਮਤੀ ਨਾਲ ਹੀ ਬਣੇ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੰਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# 'ਬੇਟੀ ਬਚਾਓ ਬੇਟੀ ਪੜ੍ਹਾਓ' ਬਜਟ ਦਾ 79 ਫੀਸਦੀ ਹਿੱਸਾ ਇਸ਼ਤਿਹਾਰਾਂ 'ਤੇ ਖਰਚਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਆਪਣੇ ਪ੍ਰਮੁੱਖ ਪ੍ਰੋਗਰਾਮ 'ਬੇਟੀ ਬਚਾਓ ਬੇਟੀ ਪੜ੍ਹਾਓ' ਲਈ ਮਿਲੇ ਬਜਟ ਦਾ 79 ਫੀਸਦੀ ਹਿੱਸਾ ਕੇਵਲ ਇਸ਼ਤਿਹਾਰਾਂ ਉਤੇ ਹੀ ਖਰਚ ਕਰ ਦਿੱਤਾ ਹੈ, ਇਹ ਖੁਲਾਸਾ ਸੰਸਦ 'ਚ ਇਸ ਸਬੰਧੀ ਪੇਸ਼ ਕੀਤੀ ਗਈ ਰਿਪੋਰਟ ਤੋਂ ਹੋਇਆ ਹੈ।

ਇਸ ਰਿਪੋਰਟ 'ਚ ਦੱਸਿਆ ਗਿਆ ਹੈ ਕਿ 2016-2019 ਦੌਰਾਨ ਜਾਰੀ ਹੋਏ 446.72 ਕਰੋੜ ਰੁਪਏ 'ਚੋਂ 78.91 ਫੀਸਦੀ ਹਿੱਸਾ ਲੜਕੀਆਂ ਦੀ ਸਿੱਖਿਆ ਤੇ ਸਿਹਤ ਜਿਹੀਆਂ ਭਲਾਈ ਯੋਜਨਾਵਾਂ 'ਤੇ ਖਰਚ ਕਰਨ ਦੀ ਬਜਾਏ ਵਿਗਿਆਪਨਾਂ ਉਤੇ ਕਰ ਦਿੱਤਾ ਗਿਆ। ਇਸ ਬਾਰੇ ਪੈਨਲ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਕਮੇਟੀ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੀ ਸੀ ਅਤੇ ਜਾਗਰੂਕਤਾ ਫੈਲਾਉਣ ਲਈ ਮੀਡੀਆ ਮੁਹਿੰਮ ਚਲਾਉਣ ਨੂੰ ਜਰੂਰੀ ਸਮਝਦੀ ਸੀ।

ਇਸ ਮੁਹਿੰਮ ਸਬੰਧੀ ਪੈਨਲ ਦੀ ਅਗਵਾਈ ਮਹਾਰਾਸ਼ਟਰ ਤੋਂ ਭਾਜਪਾ ਦੀ ਸੰਸਦ ਹਿਨਾ ਵਿਜੇਕੁਮਾਰ ਗਾਵਿਤ ਕਰ ਰਹੀ ਹੈ। ਮਾਹਿਰਾਂ ਤੇ ਬਾਲ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਦੇ ਚਲਦੇ ਵਿਦਿਆਰਥਣਾਂ ਤੱਕ ਸਿੱਖਿਆ ਦੀ ਪਹੁੰਚ ਬਹੁਤ ਘੱਟ ਹੋ ਸਕੀ ਹੈ।

# ਰੋਜਰਜ ਵਿਖੇ ਗੁਰੂ ਤੇਗ ਬਹਾਦਰ ਦਾ ਸ਼ਹੀਦੀ ਦਿਵਸ ਮਨਾਇਆ

**ਰੋਜਰਜ (ਅਰਕਨਸਾਸ):** ਇਥੋਂ ਦੇ ਗੁਰੂ ਨਾਨਕ ਸਿੱਖ ਟੈਂਪਲ ਵਿਖੇ ਸਿੱਖ ਸੰਗਤਾਂ ਵੱਲੋਂ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਵਾਲੇ ਗੁਰੂ ਦੀ ਮਿਸਾਲ ਕਿਤੇ ਨਹੀਂ ਮਿਲਦੀ। ਗੁਰੂਆਂ ਦੀ ਲਾਸਾਨੀ ਕੁਰਬਾਨੀ ਤੇ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਉਨ੍ਹਾਂ ਕਿਹਾ ਕਿ 21 ਦਸੰਬਰ ਤੋਂ 26 ਦਸੰਬਰ ਤਕ ਖੁਸ਼ੀ ਦੇ ਕਾਰਜ ਨਾ ਕੀਤੇ ਜਾਣ ਦੱਸਿਆ ਕਿ ਗੁਰਦੁਆਰੇ ਦੀ ਇਮਾਰਤ ਦੇ ਨਵੀਨੀਕਰਨ ਦੇ ਕਾਰਜ ਮਗਰੋਂ ਸੇਵਕਾਂ ਦੀ ਸੇਵਾ ਸਦਕਾ ਫੁਹਾਰੇ ਲਾਏ ਗਏ ਹਨ ਅਤੇ ਦਰਬਾਰ ਅੰਦਰ ਲਾਏ ਗਏ ਨਵੇਂ ਪਰਦਿਆਂ ਨੂੰ ਸ਼ਹਿਰੀ ਫਾਇਰ ਬ੍ਰਿਗੇਡ ਦੀਆਂ ਹਦਾਇਤਾਂ ਮੁਤਾਬਕ



*ਗੁਰੂ ਨਾਨਕ ਸਿੱਖ ਟੈਂਪਲ ਰੋਜਰਜ ਵਿਖੇ ਕੀਰਤਨੀ ਜਥੇ ਦੇ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੀ ਝਲਕ*

ਉਪਰੰਤ ਬੀਬੀ ਮਨਜੀਤ ਕੌਰ ਦੇ ਰਾਗੀ ਜਥੇ ਨੇ ਸ੍ਰੀ ਗੁਰੂ ਤੇਗ ਬਹਾਦਰ ਦੇ ਬਲੀਦਾਨ ਬਾਰੇ ਵਿਆਪਕ ਵਿਆਖਿਆ ਕਰਦਿਆਂ ਨਵੇਂ ਸੰਦਰਭਾਂ ਵਿਚ ਗੁਰੂ ਦੇ ਬਲਿਦਾਨ ਨੂੰ ਪ੍ਰਚਾਰਦੇ ਹੋਏ ਸੰਗਤਾਂ ਨੂੰ ਗੁਰੂ ਨਾਲ ਜੋੜਦਿਆਂ ਕਿਹਾ ਕਿ ਗੁਰੂ ਸਾਹਿਬ ਨੂੰ ਕੇਵਲ ਹਿੰਦ ਦੀ ਚਾਦਰ ਕਹਿ ਲੈਣਾ ਸਾਡੀ ਸੋਚ ਦਾ ਪਸਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਹਿੰਦੂ ਧਰਮ ਦੀ ਰੱਖਿਆ ਲਈ ਏਡੀ ਕੁਰਬਾਨੀ ਦੇਣ ਅਤੇ ਸਿਰਫ ਸਾਦਾ ਭੋਜਨ ਕਰਦਿਆਂ ਗੁਰੂ ਨੂੰ ਧਿਆਇਆ ਜਾਵੇ। ਉਨ੍ਹਾਂ ਦੇ ਜਥੇ ਵਿਚ ਬੀਬੀ ਅਮਰਜੀਤ ਕੌਰ ਤੇ ਭਾਈ ਗੁਰਜੀਤ ਸਿੰਘ ਨੇ ਗੁਰੂ ਦੀ ਬਾਣੀ ਨਾਲ ਸੰਗਤ ਨੂੰ ਜੋੜਿਆ।

ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਸਤਨਾਮ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰਦੁਆਰੇ ਵਿਚ ਕਰਵਾਏ ਕਾਰਜਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਸੰਗਤਾਂ ਨੂੰ ਅਗਨੀਰੋਧਕ ਪੇਂਟ ਕੀਤਾ ਜਾਣਾ ਬਾਕੀ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ 30 ਦਸੰਬਰ ਤਕ ਨੇਪਰੇ ਚਾੜੇ ਜਾਣ ਵਾਲੇ ਇਸ ਕਾਰਜ ਲਈ ਸਹਿਯੋਗ ਕੀਤਾ ਜਾਵੇ। ਸਮਾਗਮ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਲਦੇਵ ਸਿੰਘ, ਸਰਬਜੀਤ ਸਿੰਘ, ਚਰਨਦੇਵ ਸਿੰਘ, ਸੋਹਨ ਸਿੰਘ ਥਿੰਦ, ਮਨਜੀਤ ਸਿੰਘ, ਦੀਪਕ ਸੂਦ, ਅਵਤਾਰ ਸਿੰਘ ਢੱਟ ਅਤੇ ਪਾਲ ਸਿੰਘ ਸੰਧੂ ਵੀ ਹਾਜ਼ਰ ਸਨ।

Singh Tax & Accounting Services LLC.
Individual & Business Taxes, Accounting, Payroll & Financial Consulting Services.
Services: Individual & Small Businesses Tax Filing, Tax Planning, Set up of new Businesses, IRS Audit representation & Amended Tax Returns
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036

Mohan Singh
Master in Taxation. IRS Enrolled agent, Notary Public
Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125
Email : jhand_mohan@yahoo.com; www.SinghTaxServices.com


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

SERVING WISCONSIN & ILLINOIS STATE
BUYING SELLING RENTING OR INVESTING
SELLING: Best Marketing Tools, Affordable Listing Commission
BUYING: Buy A Home Through Us & Get $1000-$10000 Closing Cost Credit (Some Condition Apply)
Also Get Free Home Inspection & Attorney Service

JESSE SINGH
Ph: 847-606-3664
E-Mail: J.SINGH@REMAX.COM,
WEBSITE: JSINGH.REMAX.COM
REMAX SHOWCASE, LONG GROVE, IL 60060

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਮੇਜਰ ਗੁਰਚਰਨ ਸਿੰਘ ਝੱਜ ਵਲੋਂ ਬੜੂ ਸਾਹਿਬ ਕਲਗੀਧਰ ਸੁਸਾਇਟੀ ਦੀ ਮਦਦ ਲਈ ਉਪਰਾਲਾ

## ਬੱਚਿਆਂ ਲਈ ਨਵੇਂ ਕਲਾਸ ਰੂਮਜ਼ ਬਣਾਉਣ ਵਾਸਤੇ ਸੰਗਤ ਨੂੰ ਮਦਦ ਦੀ ਅਪੀਲ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਿਖੇ ਬੜੂ ਸਾਹਿਬ ਕਲਗੀਧਰ ਸੁਸਾਇਟੀ ਵਲੋਂ ਬੱਚਿਆਂ ਲਈ ਨਵੇਂ ਕਲਾਸ ਰੂਮਜ਼ ਬਣਾਉਣ ਲਈ ਸੰਗਤ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਭਲਾਈ ਦੇ ਕਾਰਜ ਵਿਚ ਵਧ-ਚੜ੍ਹ ਕੇ ਯੋਗਦਾਨ ਪਾਉਣ ਤੇ ਬੱਚਿਆਂ ਦੀ ਉਚ ਸਿੱਖਿਆ ਲਈ ਵੱਧ ਤੋਂ ਵੱਧ ਫੰਡ ਮੁਹੱਈਆ ਕਰਵਾਉਣ।






ਸੰਸਥਾ ਨਾਲ ਸ਼ੁਰੂ ਤੋਂ ਜੁੜੇ ਹੋਏ ਰਵੀਦੀਪ ਮੁਕਤਾ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਗੁਰੂ ਘਰ ਪੈਲਾਟਾਈਨ ਦੀਆਂ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਸੰਨ 1994 ਤੋਂ ਲੈ ਕੇ ਹੁਣ ਤਕ ਬੜੂ ਸਾਹਿਬ, ਕਲਗੀਧਰ ਟਰੱਸਟ ਦੀ ਹਰ ਖੇਤਰ ਵਿਚ ਇਖਲਾਕੀ ਮਦਦ ਕੀਤੀ ਤੇ ਆਰਥਿਕ ਪੱਖੋਂ ਵੀ ਵੱਡਾ ਯੋਗਦਾਨ ਪਾਇਆ ਹੈ।

ਮੇਜਰ ਗੁਰਚਰਨ ਸਿੰਘ ਝੱਜ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਉਨ੍ਹਾਂ ਦੱਸਿਆ ਕਿ ਝੱਜ ਸਾਹਿਬ ਨੇ ਪਿਛਲੇ 35 ਸਾਲਾਂ ਤੋਂ ਬੜੂ ਸਾਹਿਬ ਤੇ ਕਲਗੀਧਰ ਟਰੱਸਟ ਨੂੰ ਭਰਵਾਂ ਸਹਿਯੋਗ ਦਿੱਤਾ ਹੈ। ਸੰਗਤਾਂ ਦੇ ਸਹਿਯੋਗ ਤੋਂ ਬਿਨਾ ਇਹ ਕਾਰਜ ਸੰਭਵ ਨਹੀਂ ਸੀ। ਕਲਗੀਧਰ ਟਰੱਸਟ ਦੇ ਸਕੂਲਾਂ ਦੀ ਗਿਣਤੀ ਵਧ ਕੇ 129 ਤਕ ਪਹੁੰਚ ਚੁਕੀ ਹੈ, ਜਿਨ੍ਹਾਂ ਵਿਚ 6450 ਪਿੰਡਾਂ ਵਿਚੋਂ 70,000 ਬੱਚੇ ਪੜ੍ਹ ਰਹੇ ਹਨ। ਇਸ ਤੋਂ ਇਲਾਵਾ ਸੰਸਥਾ ਦੀਆਂ ਤਿੰਨ ਯੂਨੀਵਰਸਿਟੀਆਂ ਹਨ ਤੇ ਇਸ ਵਲੋਂ ਨਸ਼ਾ ਛੁਡਾਊ ਕੇਂਦਰ ਵੀ ਚਲਾਏ ਜਾ ਰਹੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਅਜੋਕੀ ਹਾਲਤ ਨੂੰ ਦੇਖਦਿਆਂ ਬਾਬਾ ਇਕਬਾਲ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਘੱਟ-ਗਿਣਤੀਆਂ ਦੇ ਲੋਕ ਆਪਣੀ ਹੋਂਦ ਤਾਂ ਹੀ ਕਾਇਮ ਰੱਖ ਸਕਦੇ ਹਨ, ਜੇ ਉਹ ਵੱਧ ਤੋਂ ਵੱਧ ਪੜ੍ਹਾਈ ਤੇ ਸਿੱਖਿਆ ਹਾਸਲ ਕਰਨ। ਸਿੱਖ ਵੀ ਘੱਟ-ਗਿਣਤੀ ਵਿਚ ਹੀ ਆਉਂਦੇ ਹਨ, ਇਸ ਲਈ ਸਾਨੂੰ ਆਪਣੇ ਬੱਚਿਆਂ ਲਈ ਵੱਧ ਤੋਂ ਵੱਧ ਸਕੂਲ ਤੇ ਯੂਨੀਵਰਸਿਟੀਆਂ ਖੋਲ੍ਹਣੀਆਂ ਚਾਹੀਦੀਆਂ ਹਨ ਤਾਂ ਕਿ ਕਿਸੇ ਗੁਰਸਿੱਖ ਪਰਿਵਾਰ ਦਾ ਬੱਚਾ ਪੜ੍ਹਾਈ ਤੋਂ ਵਾਂਝਾ ਨਾ ਰਹਿ ਜਾਵੇ।

ਬਾਬਾ ਇਕਬਾਲ ਸਿੰਘ ਤੇ ਕਲਗੀਧਰ ਟਰੱਸਟ ਨੇ ਤਿੰਨ ਯੂਨੀਵਰਸਿਟੀਆਂ ਤੇ 129 ਸਕੂਲ ਖੋਲ੍ਹੇ, ਜਿੱਥੇ 70,000 ਬੱਚਿਆਂ ਨੂੰ ਸੀ.ਬੀ.ਐਸ.ਈ. ਦੀ ਉਚ ਮਿਆਰੀ ਸਿੱਖਿਆ ਮਿਲ ਰਹੀ ਹੈ। ਅਕੈਡਮਿਕ ਪੜ੍ਹਾਈ ਦੇ ਨਾਲ-ਨਾਲ ਇਥੇ ਬੱਚਿਆਂ ਨੂੰ ਅਧਿਆਤਮਕ ਸਿੱਖਿਆ ਰਾਹੀਂ ਉਚੀ-ਸੁੱਚੀ ਜੀਵਨ-ਜਾਚ ਵੀ ਸਿਖਾਈ ਜਾਂਦੀ ਹੈ।

ਉਨਹਾਂ ਦੱਸਿਆ ਕਿ ਜਿਹੜੇ ਬੱਚੇ ਪੜ੍ਹਾਈ ਦੀ ਫੀਸ ਨਹੀਂ ਦੇ ਸਕਦੇ, ਉਨ੍ਹਾਂ ਦੀ ਫੀਸ ਦਾ ਪ੍ਰਬੰਧ ਸਪਾਂਸਰ ਕਰਦੇ ਹਨ। ਇਸ ਪ੍ਰੋਗਰਾਮ ਅਧੀਨ 22,000 ਬੱਚੇ ਪੜ੍ਹ ਰਹੇ ਹਨ। ਇਸ ਦੀਆਂ ਸੱਤ ਸ਼੍ਰੇਣੀਆਂ ਹਨ, ਜਿਸ ਵਿਚ ਵਿਧਵਾ ਮਾਵਾਂ ਦੇ ਬੱਚੇ, ਮਜ਼ਦੂਰਾਂ ਦੇ ਬੱਚੇ, ਅਨਾਥ ਬੱਚੇ, ਗ੍ਰੰਥੀ ਸਿੰਘਾਂ ਦੇ ਬੱਚੇ ਤੇ ਹਾਲ ਹੀ ਵਿਚ ਕਿਸਾਨ ਮੋਰਚੇ ਦੌਰਾਨ ਸ਼ਹੀਦ ਹੋਏ ਸਿੰਘਾਂ ਦੇ ਪਰਿਵਾਰਾਂ ਦੇ 28 ਬੱਚੇ ਵੀ ਸ਼ਾਮਿਲ ਹਨ। ਉਨ੍ਹਾਂ ਹੋਰ ਕਿਹਾ ਕਿ ਜੇ ਸੰਗਤ ਇਕ ਜਾਂ ਵੱਧ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਰਲ-ਮਿਲ ਕੇ ਲੈ ਲਵੇ ਤਾਂ ਉਹ ਹੋਰ ਵੱਧ ਬੱਚੇ ਇਸ 'ਸਪਾਂਸਰ ਪ੍ਰੋਗਰਾਮ' ਅਧੀਨ ਸ਼ਾਮਲ ਕਰ ਸਕਦੇ ਹਨ। ਇਕ ਬੱਚੇ ਦੀ ਪੜ੍ਹਾਈ 'ਤੇ ਸਾਲ ਵਿਚ 500 ਡਾਲਰ ਖਰਚਾ ਆਉਂਦਾ ਹੈ, ਜਿਸ ਵਿਚ ਬੱਚੇ ਦੀ ਯੂਨੀਫਾਰਮ, ਟਰਾਂਸਪੋਰਟ, ਕਿਤਾਬਾਂ, ਸਕੂਲ ਤੇ ਟਿਊਸ਼ਨ ਫੀਸ ਸ਼ਾਮਿਲ ਹੈ। ਜੇ ਕੋਈ 4000 ਡਾਲਰ ਸਪਾਂਸਰ ਕਰਦਾ ਹੈ ਤਾਂ ਉਸ ਨਾਲ ਇਕ ਬੱਚੇ ਦੀ ਪੂਰੀ ਪੜ੍ਹਾਈ, ਜਿਸ ਵਿਚ ਮੁਢਲੀ ਸਿੱਖਿਆ ਤੋਂ ਲੈ ਕੇ 14 ਸਾਲ ਤਕ ਦੀ ਪੜ੍ਹਾਈ ਸ਼ਾਮਿਲ ਹੈ, ਹੋ ਜਾਂਦੀ ਹੈ। ਇਸ ਤਰ੍ਹਾਂ ਜੇ ਇਕ ਬੱਚਾ ਆਪਣੀ ਪੜ੍ਹਾਈ ਪੂਰੀ ਕਰ ਲੈਂਦਾ ਹੈ ਤਾ ਉਸੇ ਹੀ ਫੰਡ ਨਾਲ ਨਵਾਂ ਦਾਖਲ ਹੋਇਆ ਬੱਚਾ ਸਿੱਖਿਆ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਬੱਚੇ ਨੂੰ ਵਿਦਿਆ ਦਾ ਦਾਨ ਦੇਣਾ ਸਭ ਤੋਂ ਵੱਡਾ ਪੁੰਨ ਦਾ ਕਾਰਜ ਹੈ। ਆਓ! ਸਿੱਖਿਆ ਦੇ ਇਸ ਲੰਗਰ ਵਿਚ ਆਪਣਾ ਯੋਗਦਾਨ ਪਾਈਏ ਤੇ ਬਾਬਾ ਇਕਬਾਲ ਸਿੰਘ ਦੇ ਸੰਦੇਸ਼ 'ਬੱਚਾ ਪੜ੍ਹਾਓ, ਪੰਜਾਬ ਬਚਾਓ' ਵਿਚ ਆਪਣਾ ਹਿੱਸਾ ਪਾਈਏ।

ਬੜੂ ਸਾਹਿਬ ਨਾਲ ਕਾਫੀ ਅਰਸੇ ਤੋਂ ਜੁੜੇ ਹੋਏ ਸ. ਜਸਪਾਲ ਸਿੰਘ ਸਿੱਧੂ (ਕੈਲੀਫੋਰਨੀਆ) ਨੇ ਸੰਗਤ ਦੇ ਰੂਬਰੂ ਹੁੰਦਿਆਂ ਕਿਹਾ ਕਿ ਬਾਬਾ ਇਕਬਾਲ ਸਿੰਘ ਜੀ ਇਸ ਵੇਲੇ 97 ਸਾਲ ਦੇ ਹਨ। ਉਹ 2014 ਤੋਂ ਬਾਅਦ ਵਿਦੇਸ਼ਾਂ ਵਿਚ ਨਹੀਂ ਆਏ। ਇਸ ਲਈ ਉਨ੍ਹਾਂ ਸਥਾਨਕ ਸੇਵਾਦਾਰਾਂ ਦੀ ਹੀ ਡਿਊਟੀ ਲਾਈ ਹੈ ਕਿ ਉਹ ਬੜੂ ਸਾਹਿਬ ਦੇ ਪ੍ਰੋਗਰਾਮਾਂ ਬਾਰੇ ਸੰਗਤ ਨਾਲ ਸਾਂਝ ਪਾਉਣ। ਸ. ਜਸਪਾਲ ਸਿੰਘ ਨੇ ਬੜੂ ਸਾਹਿਬ ਦੇ ਇਤਿਹਾਸ ਤੇ ਮਿਸ਼ਨ ਬਾਰੇ ਚਾਨਣਾ ਪਾਇਆ। ਉਨ੍ਹਾਂ ਆਖਿਆ ਕਿ ਬੜੂ ਸਾਹਿਬ ਦਾ ਮਿਸ਼ਨ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੀ ਦੂਰ-ਦ੍ਰਿਸ਼ਟੀ ਦਾ ਨਤੀਜਾ ਹੈ। ਉਨ੍ਹਾਂ ਨੇ ਹੀ ਪਹਿਲਾ ਲੜਕੀਆਂ ਦਾ ਸਕੂਲ ਖੋਲ੍ਹਿਆ। ਉਨ੍ਹਾਂ ਸੰਦੇਸ਼ ਦਿੱਤਾ ਕਿ ਆਉਣ ਵਾਲਾ ਯੁੱਗ ਪੜ੍ਹਾਈ ਦਾ ਹੈ ਤੇ ਜੇ ਸਿੱਖਾਂ ਨੇ ਕਾਮਯਾਬ ਹੋਣਾ ਹੈ ਤਾਂ ਬੱਚਿਆਂ ਦੀ ਪੜ੍ਹਾਈ ਉਤੇ ਵੱਧ ਤੋਂ ਵੱਧ ਜ਼ੋਰ ਦੇਣਾ ਚਾਹੀਦਾ ਹੈ। ਉਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਸੇਵਕ ਸੰਤ ਤੇਜਾ ਸਿੰਘ, ਜੋ ਉਸ ਸਮੇਂ ਖਾਲਸਾ ਕਾਲਜ ਦੇ ਪ੍ਰਿੰਸੀਪਲ ਸਨ, ਨੂੰ ਆਪਣੇ ਮਿਸ਼ਨ ਬਾਰੇ ਦੱਸਿਆ ਤੇ ਉਨ੍ਹਾਂ ਨੂੰ ਉਚ ਸਿੱਖਿਆ ਲਈ ਇੰਗਲੈਂਡ ਦੀ ਆਕਸਫੋਰਡ ਤੇ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਭੇਜਿਆ, ਤਾਂ ਕਿ ਉਚੀ ਤੇ ਮਿਆਰੀ ਸਿੱਖਿਆ ਲੈ ਕੇ ਉਹ ਉਨ੍ਹਾਂ ਦੀ ਇਸ ਯੋਜਨਾ ਨੂੰ ਸਿਰੇ ਲਾ ਸਕਣ। ਇਸ ਮਿਸ਼ਨ ਅਧੀਨ 1962 ਵਿਚ ਬੜੂ ਸਾਹਿਬ ਲਈ ਜ਼ਮੀਨ ਖਰੀਦੀ ਗਈ, ਪਰ ਉਥੇ ਪਹਿਲਾ ਸਕੂਲ 1985 ਵਿਚ ਖੋਲ੍ਹਿਆ ਗਿਆ, ਜਿਥੇ ਕੇਵਲ ਪੰਜ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਸੀ। ਉਪਰੰਤ ਬਾਬਾ ਇਕਬਾਲ ਸਿੰਘ ਡਾਇਰੈਕਟਰ ਖੇਤੀਬਾੜੀ ਵਿਭਾਗ ਹਿਮਾਚਲ ਪ੍ਰਦੇਸ਼ ਤੇ ਡਾ. ਖੇਮ ਸਿੰਘ ਗਿੱਲ ਨੇ ਇਸ ਮਿਸ਼ਨ ਨੂੰ ਅੱਗੇ ਵਧਾਇਆ, ਜੋ ਦੇਸ਼ ਪ੍ਰਦੇਸ ਦੀਆਂ ਸੰਗਤਾਂ ਦੇ ਸਹਿਯੋਗ ਨਾਲ 129 ਸਕੂਲਾਂ ਤੇ ਤਿੰਨ ਯੂਨੀਵਰਸਿਟੀਆਂ ਤਕ ਪਹੁੰਚ ਚੁਕਾ ਹੈ। ਤਕਰੀਬਨ ਹਰ ਸ਼ਹਿਰ ਵਿਚ 5 ਤੋਂ 10 ਸਕੂਲ ਹਨ, ਜਿਨ੍ਹਾਂ ਵਿਚ ਇਸ ਵੇਲੇ 70,000 ਬੱਚੇ ਸਿੱਖਿਆ ਲੈ ਰਹੇ ਹਨ। ਸੰਗਤਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਤੁਹਾਡੀ ਮਦਦ ਨਾਲ ਸਕੂਲ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ। ਇਸ ਵੇਲੇ ਸਾਰੇ ਸਕੂਲਾਂ ਦਾ ਕੁਲ ਰਕਬਾ 46 ਲੱਖ ਸਕੁਏਅਰ ਫੁਟ ਵਿਚ ਫੈਲਿਆ ਹੋਇਆ ਹੈ। ਉਨ੍ਹਾਂ ਸੰਗਤ ਨੂੰ ਇਸ ਪੁੰਨ ਦੇ ਕਾਰਜ ਵਿਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਸੰਸਥਾ ਵਿਚੋਂ ਪੜ੍ਹ ਕੇ ਆਏ ਵਿਦਿਆਰਥੀਆਂ ਦੇ ਪਰਿਵਾਰਾਂ ਨੇ ਭਰਵਾਂ ਯੋਗਦਾਨ ਪਾਇਆ।

ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਸ. ਗੁਰਚਰਨ ਸਿੰਘ ਝੱਜ ਨੇ ਕਿਹਾ ਕਿ ਬੜੂ ਸਾਹਿਬ ਅਕਾਲ ਅਕੈਡਮੀ ਦਾ ਉਦਮ ਬਹੁਤ ਹੀ ਸ਼ਲਾਘਾਯੋਗ ਹੈ। ਉਨ੍ਹਾਂ ਮਿਸਾਲ ਦੇਂਦਿਆਂ ਦੱਸਿਆ ਕਿ 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਦਾ ਪ੍ਰਸਾਰ ਕਰਨਾ, ਕਿਸੇ ਨੂੰ ਵਿਦਿਆ ਦਾ ਦਾਨ ਦੇਣਾ ਸਭ ਤੋਂ ਉਤਮ ਕਾਰਜ ਹੈ। ਸਾਨੂੰ ਸਾਰਿਆਂ ਨੂੰ ਇਸ ਵਿਚ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਬਾਬਾ ਇਕਬਾਲ ਸਿੰਘ ਜੀ ਦਾ ਇਹ ਵਿਜ਼ਨ ਸੀ। ਅੱਜ ਸਾਇੰਸ ਬਹੁਤ ਤਰੱਕੀ ਕਰ ਗਈ ਹੈ। ਸਮੇਂ ਦੀ ਲੋੜ ਹੈ ਕਿ ਬੱਚਿਆਂ ਨੂੰ ਸਾਇੰਸ ਦੇ ਨਾਲ-ਨਾਲ ਅਧਿਆਤਮਕ ਸਿੱਖਿਆ ਵੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਬੜੂ ਸਾਹਿਬ ਹੀ ਇਕੋ ਇਕ ਸੰਸਥਾ ਹੈ, ਜੋ ਸਹੀ ਅਰਥਾਂ ਵਿਚ ਬੱਚਿਆਂ ਨੂੰ ਉਚ ਸਿੱਖਿਆ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਦੀ ਨੁਹਾਰ ਬਦਲ ਰਹੀ ਹੈ। 70 ਹਜ਼ਾਰ ਬੱਚਿਆਂ ਨੂੰ ਪੜ੍ਹਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਸੁਖਾਲਾ ਕੰਮ ਨਹੀਂ ਹੈ। ਜੇ ਇਹ ਸੰਸਥਾ ਇਨ੍ਹਾਂ ਬੱਚਿਆਂ ਨੂੰ ਨਾ ਸੰਭਾਲਦੀ ਤਾਂ ਇਹ ਨਸ਼ਿਆਂ ਜਾਂ ਹੋਰ ਗਲਤ ਰਸਤੇ 'ਤੇ ਤੁਰ ਸਕਦੇ ਸਨ। ਕਲਗੀਧਰ ਟਰੱਸਟ ਬੜੂ ਸਾਹਿਬ ਖੇਤਰ ਪੰਜ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ ਤੇ ਯੂ.ਪੀ ਵਿਚ ਹੈ। ਇਹ ਸੰਸਥਾ ਕੁਆਲਿਟੀ ਐਜੂਕੇਸ਼ਨ ਵੱਲ ਧਿਆਨ ਦੇਂਦੀ ਹੈ। ਅਕਾਲ ਯੂਨੀਵਰਸਿਟੀ-ਗੁਰੂ ਕੀ ਕਾਸ਼ੀ ਨੇ ਪਿਛਲੇ ਚਾਰ ਸਾਲਾਂ ਵਿਚ ਦੋ ਪੋਸਟ ਗ੍ਰੈਜੂਏਟ (ਮਾਸਟਰ ਡਿਗਰੀ) ਦੇ ਬੈਚ ਤੇ ਅੰਡਰ ਗ੍ਰੈਜੂਏਟ ਦੇ ਪਹਿਲੇ ਬੈਚ ਦੇ ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਮੁਕੰਮਲ ਕਰ ਲਈ ਹੈ। ਇਸ ਤੋਂ ਇਲਾਵਾ ਭਾਰਤ ਵਿਚ ਨੈਟ (ਐਸ.ਸੀ.ਆਈ.ਆਰ.) ਦੇ ਰਾਸ਼ਟਰੀ ਪੱਧਰ ਦੇ ਇਮਤਿਹਾਨ, ਜਿਸ ਵਿਚ ਪੂਰੇ ਦੇਸ਼ ਵਿਚੋਂ 16-17 ਲੱਖ ਉਮੀਦਵਾਰ ਪੇਪਰ ਦਿੰਦੇ ਹਨ, ਵਿਚ ਅਕਾਲ ਯੂਨੀਵਰਸਿਟੀ-ਗੁਰੂ ਕੀ ਕਾਸ਼ੀ ਦੇ ਦੋ ਵਿਦਿਆਰਥੀਆਂ ਨੇ ਕ੍ਰਮਵਾਰ 32ਵਾਂ ਤੇ 106ਵਾਂ ਰੈਂਕ ਹਾਸਿਲ ਕੀਤਾ ਹੈ। ਅਕਾਲ ਯੂਨੀਵਰਸਿਟੀ-ਗੁਰੂ ਕੀ ਕਾਸ਼ੀ ਦੇ ਕੁਲ 12 ਪ੍ਰੀਖਿਆਰਥੀਆਂ ਨੇ ਇਹ ਪ੍ਰੀਖਿਆ ਪਾਸ ਕੀਤੀ। ਆਉਣ ਵਾਲੇ 20-25 ਸਾਲਾਂ ਵਿਚ ਅਕਾਲ ਅਕੈਡਮੀ ਦੇ ਵਿਦਿਆਰਥੀ ਆਈ.ਏ.ਐਸ., ਆਈ.ਪੀ.ਐਸ. ਤੇ ਸਿਵਲ ਸਰਵਿਸਜ਼ ਦੀਆਂ ਹੋਰ ਉਚ ਪੁਜ਼ੀਸ਼ਨਾਂ 'ਤੇ ਤਾਇਨਾਤ ਹੋਣਗੇ। ਸਾਡਾ ਫਰਜ਼ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਉਚ ਸਿੱਖਿਆ ਦੇ ਕੇ ਕੌਮ ਦਾ ਨਾਂ ਰੌਸ਼ਨ ਕਰੀਏ। ਉਨ੍ਹਾਂ ਨੇ ਅਪੀਲ ਕੀਤੀ ਕਿ ਇਸ ਕਾਰਜ ਵਿਚ ਸਾਨੂੰ ਸਭ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਸ. ਗੁਰਚਰਨ ਸਿੰਘ ਝੱਜ ਨੇ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਹੁਣ ਤਕ 85 ਹਜ਼ਾਰ ਡਾਲਰ ਇਕੱਠੇ ਹੋਏ ਹਨ। ਉਨ੍ਹਾਂ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਮੇਜਰ ਗੁਰਚਰਨ ਸਿੰਘ ਝੱਜ ਨੇ ਅਕਾਲ ਅਕੈਡਮੀ ਲਈ ਜ਼ਮੀਨ ਖਰੀਦ ਕੇ ਦਿੱਤੀ ਸੀ, ਜਿਸ ਦੀ ਕੀਮਤ ਤਕਰੀਬਨ 3 ਕਰੋੜ ਰੁਪਏ ਸੀ।

ਇਸ ਮੌਕੇ ਸ਼ਿਕਾਗੋ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਸ. ਅਮਰਦੇਵ ਸਿੰਘ ਬੰਦੇਸ਼ਾ, ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਸ. ਹਰਗੁਰਮੁਖ ਪਾਲ ਸਿੰਘ, ਸ. ਹਰਦਿਆਲ ਸਿੰਘ ਦਿਓਲ, ਸ. ਰਛਪਾਲ ਸਿੰਘ ਬਾਜਵਾ, ਸ. ਗੁਰਚਰਨ ਸਿੰਘ ਝੱਜ, ਰਵੀਦੀਪ ਮੁਕਤਾ ਤੇ ਜਸਪਾਲ ਸਿੰਘ ਸਿੱਧੂ ਨੇ ਜਸ ਟੀ.ਵੀ. ਨਾਲ ਇੰਟਰਵਿਊ ਦੌਰਾਨ ਅਕਾਲ ਅਕੈਡਮੀ ਤੇ ਬੱਚਿਆਂ ਦੀ ਪੜ੍ਹਾਈ ਬਾਰੇ ਵਿਚਾਰ ਪੇਸ਼ ਕੀਤੇ। ਜਿਸ ਦਾ ਪ੍ਰਸਾਰਣ ਐਤਵਾਰ 19 ਦਸੰਬਰ, 2021 ਨੂੰ ਸ਼ਾਮ 7 ਵਜੇ ਜਸ ਟੀ.ਵੀ. 'ਤੇ ਹੋਵੇਗਾ।

# ਹਰਨਾਜ ਸੰਧੂ ਨੇ ਜਿੱਤਿਆ ਮਿਸ ਯੂਨੀਵਰਸ 2021 ਦਾ ਖਿਤਾਬ

**ਯੈਰੂਸ਼ਲੱਮ:** ਅਦਾਕਾਰਾ ਤੇ ਮਾਡਲ ਹਰਨਾਜ ਸੰਧੂ ਨੇ ਮਿਸ ਯੂਨੀਵਰਸ 2021 ਦਾ ਖਿਤਾਬ ਆਪਣੇ ਨਾਂ ਕਰ ਕੇ ਇਤਿਹਾਸ ਸਿਰਜ ਦਿੱਤਾ। ਇਸ ਮੁਕਾਬਲੇ ਵਿਚ 80 ਦੇਸ਼ਾਂ ਦੀਆਂ ਪ੍ਰਤੀਭਾਗੀਆਂ ਨੇ ਹਿੱਸਾ ਲਿਆ ਅਤੇ ਭਾਰਤ ਨੂੰ 21 ਸਾਲਾਂ ਬਾਅਦ ਇਸ ਮੁਕਾਬਲੇ ਵਿਚ ਜਿੱਤ ਹਾਸਲ ਹੋਈ ਹੈ।



ਸੰਧੂ ਤੋਂ ਪਹਿਲਾਂ ਸਿਰਫ ਦੋ ਭਾਰਤੀ ਮਹਿਲਾਵਾਂ ਨੇ ਮਿਸ ਯੂਨੀਵਰਸ ਦਾ ਖਿਤਾਬ ਜਿੱਤਿਆ ਹੈ। ਅਦਾਕਾਰਾ ਸੁਸ਼ਮਿਤਾ ਸੈਨ ਨੂੰ 1994 'ਚ ਅਤੇ ਲਾਰਾ ਦੱਤਾ ਨੂੰ 2000 ਵਿਚ ਇਹ ਤਾਜ ਪਹਿਨਾਇਆ ਗਿਆ ਸੀ। ਕੌਮਾਂਤਰੀ ਸੁੰਦਰਤਾ ਮੁਕਾਬਲੇ ਦਾ ਇਹ 70ਵਾਂ ਐਡੀਸ਼ਨ ਇਜਰਾਈਲ ਦੇ ਈਲਾਤ ਵਿਚ ਕਰਵਾਇਆ ਗਿਆ, ਜਿਸ ਵਿਚ 21 ਸਾਲਾ ਸੰਧੂ ਨੂੰ ਸਫਲਤਾ ਮਿਲੀ। ਚੰਡੀਗੜ੍ਹ ਦੀ ਮਾਡਲ ਸੰਧੂ ਲੋਕ ਪ੍ਰਸ਼ਾਸਨ ਵਿਸ਼ੇ ਵਿਚ ਪੋਸਟ ਗ੍ਰੈਜੂਏਸ਼ਨ ਕਰ ਰਹੀ ਹੈ। ਉਸ ਨੂੰ ਇਹ ਤਾਜ ਇਸ ਮੁਕਾਬਲੇ ਦੀ 2020 ਦੀ ਜੇਤੂ ਮੈਕਸਿਕੋ ਦੀ ਐਂਡਰੀਆ ਮੇਜਾ ਨੇ ਪਹਿਨਾਇਆ। ਪੈਰਾਗੁਏ ਦੀ ਨਾਡੀਆ ਫੈਰੇਰਾ (22) ਦੂਜੇ ਸਥਾਨ 'ਤੇ ਰਹੀ ਜਦਕਿ ਦੱਖਣੀ ਅਫਰੀਕਾ ਦੀ ਲਾਲੇਲਾ ਮਸਵਾਨੇ (24) ਤੀਜੇ ਸਥਾਨ 'ਤੇ ਰਹੀ।

ਖਿਤਾਬ ਜਿੱਤਣ ਮਗਰੋਂ ਹਰਨਾਜ ਸੰਧੂ ਨੇ ਕਿਹਾ, ''ਮੈਂ ਰੱਬ, ਮਾਤਾ-ਪਿਤਾ ਅਤੇ ਮਿਸ ਇੰਡੀਆ ਆਰਗ਼ੇਨਾਈਜ਼ੇਸ਼ਨ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਸ ਸਾਰੇ ਸਫਰ ਵਿਚ ਮੇਰਾ ਮਾਰਗਦਰਸ਼ਨ ਕੀਤਾ ਅਤੇ ਮੇਰੀ ਮਦਦ ਕੀਤੀ। ਮੇਰੀ ਜਿੱਤ ਦੀ ਕਾਮਨਾ ਅਤੇ ਅਰਦਾਸ ਕਰਨ ਵਾਲੇ ਸਾਰੇ ਲੋਕਾਂ ਨੂੰ ਖੂਬ ਸਾਰਾ ਪਿਆਰ। 21 ਸਾਲਾਂ ਬਾਅਦ ਇਸ ਮਾਣਮੱਤੇ ਤਾਜ ਨੂੰ ਭਾਰਤ ਲਿਆਉਣਾ ਮਾਣ ਵਾਲੇ ਪਲ ਹਨ।''

ਇਸ ਮੁਕਾਬਲੇ ਵਿਚ ਆਖਰੀ ਸਵਾਲ-ਜਵਾਬ ਗੇੜ ਵਿਚ ਸੰਧੂ ਤੋਂ ਪੁੱਛਿਆ ਗਿਆ ਸੀ ਕਿ ਮੌਜੂਦਾ ਸਮੇਂ ਵਿਚ ਮੁਟਿਆਰਾਂ ਜੋ ਦਬਾਅ ਮਹਿਸੂਸ ਕਰ ਰਹੀਆਂ ਹਨ, ਉਸ ਤੋਂ ਨਿਪਟਣ ਲਈ ਉਹ ਉਨ੍ਹਾਂ ਨੂੰ ਕੀ ਸਲਾਹ ਦੇਵੇਗੀ। ਇਸ 'ਤੇ ਉਸ ਦਾ ਜਵਾਬ ਸੀ, ''ਮੌਜੂਦਾ ਸਮੇਂ ਵਿਚ ਨੌਜਵਾਨ ਜਿਸ ਵੱਡੇ ਦਬਾਅ ਦਾ ਸਾਹਮਣਾ ਕਰ ਰਹੇ ਹਨ ਉਹ ਹੈ ਖੁਦ 'ਤੇ ਵਿਸ਼ਵਾਸ ਕਰਨਾ। ਇਹ ਜਾਣਨਾ ਕਿ ਤੁਸੀਂ ਵਿਲੱਖਣ ਹੋ ਅਤੇ ਇਹੀ ਤੁਹਾਨੂੰ ਸੁੰਦਰ ਬਣਾਉਂਦਾ ਹੈ। ਦੂਜਿਆਂ ਨਾਲ ਖੁਦ ਦੀ ਤੁਲਨਾ ਕਰਨਾ ਬੰਦ ਕਰੋ ਅਤੇ ਦੁਨੀਆਂ ਭਰ ਵਿਚ ਹੋ ਰਹੀਆਂ ਅਹਿਮ ਚੀਜ਼ਾਂ ਬਾਰੇ ਗੱਲ ਕਰੋ। ਇਹੀ ਤੁਹਾਨੂੰ ਸਮਝਣ ਦੀ ਲੋੜ ਹੈ। ਬਾਹਰ ਆਓ ਅਤੇ ਖੁਦ ਵਾਸਤੇ ਗੱਲ ਕਰੋ ਕਿਉਂਕਿ ਤੁਸੀਂ ਹੀ ਆਪਣੀ ਜਿੰਦਗੀ ਦੇ ਆਗੂ ਹੋ। ਤੁਸੀਂ ਖੁਦ ਦੀ ਆਵਾਜ਼ ਹੋ। ਮੈਂ ਖੁਦ 'ਤੇ ਭਰੋਸਾ ਕੀਤਾ ਇਸ ਵਾਸਤੇ ਅੱਜ ਮੈਂ ਇੱਥੇ ਖੜ੍ਹੀ ਹਾਂ।''

ਸੰਧੂ ਨੇ ਸੁੰਦਰਤਾ ਦੇ ਖੇਤਰ ਵਿਚ ਆਪਣੇ ਸਫਰ ਦੀ ਸ਼ੁਰੂਆਤ 2017 ਵਿਚ ਕੀਤੀ ਸੀ ਜਦੋਂ ਉਸ ਨੇ ਟਾਈਮਜ਼ ਫਰੈੱਸ਼ ਫੇਸ ਦਾ ਖਿਤਾਬ ਜਿੱਤਿਆ ਸੀ। ਉਹ 17 ਸਾਲ ਦੀ ਉਮਰ ਵਿਚ ਚੰਡੀਗੜ੍ਹ ਦੀ ਨੁਮਾਇੰਦਗੀ ਕਰ ਰਹੀ ਸੀ। ਬਾਅਦ ਵਿਚ ਉਸ ਨੇ ਲਿਵਾ ਮਿਸ ਦਿਵਾ ਯੂਨੀਵਰਸ 2021 ਦਾ ਖਿਤਾਬ ਜਿੱਤਿਆ। ਉਹ 'ਯਾਰਾਂ ਦੀਆਂ ਪੋਅ ਬਾਰ੍ਹਾਂ' ਅਤੇ 'ਬਾਈ ਜੀ ਕੁੱਟਣਗੇ' ਵਰਗੀਆਂ ਪੰਜਾਬੀ ਫਿਲਮਾਂ ਵਿਚ ਵੀ ਕੰਮ ਕਰ ਚੁੱਕੀ ਹੈ। ਮੇਜ਼ਬਾਨੀ ਸਟੀਵ ਹਾਰਵੀ ਕਰ ਰਹੇ ਸਨ। ਚੋਣ ਕਮੇਟੀ ਵਿਚ ਅਦਾਕਾਰਾ ਤੇ ਮਿਸ ਯੂਨੀਵਰਸ ਇੰਡੀਆ 2015 ਦੀ ਜੇਤੂ ਉਰਵਸ਼ੀ ਰੌਤੇਲਾ, ਅਦਾਮਾਰੀ ਲੋਪੇਜ, ਐਡਰੀਆਨਾ ਲਿਮਾ, ਚੈਸਲੀ ਕ੍ਰਿਸਟ, ਆਇਰਿਸ਼ ਮਿਟੇਨਾਏਰਾ, ਲੋਰੀ ਹਾਰਵੀ, ਮਾਰੀਅਨ ਰਿਵੇਰਾ ਅਤੇ ਰੈਨਾ ਸੋਫਰ ਸ਼ਾਮਲ ਸਨ।

# 'ਦ ਸਪੀਰਿਟ ਆਫ਼ ਓਰੀਐਂਟਲ ਪੋਇਟਰੀ' ਦਾ ਨਵ-ਪ੍ਰਕਾਸ਼ਨ ਰਿਲੀਜ਼

## 'ਸ਼ਬਦ' ਦੇ ਸੁਹਜ-ਸ਼ਾਸਤਰ ਦੀ ਪਛਾਣ ਦੀ ਲੋੜ 'ਤੇ ਜ਼ੋਰ

**ਮਿਸ਼ੀਗਨ:** ਨਾਦ ਪ੍ਰਗਾਸੁ (ਯੂ.ਐੱਸ.ਏ.) 'ਸ਼ਬਦ' ਫ਼ਲਸਫ਼ੇ ਨੂੰ ਪ੍ਰਣਾਈ ਖੋਜ ਸੰਸਥਾ ਹੈ। ਸ਼ਬਦ ਦੀ ਅਨੁਭਵੀ ਦਾਰਸ਼ਨਿਕਤਾ ਵਿਚੋਂ ਗਿਆਨ-ਸ਼ਾਸਤਰ ਦਾ ਸਿਰਜਣ ਕਰ ਕੇ ਗਿਆਨ ਦੇ ਵਿਭਿੰਨ ਵਿਸ਼ਿਆਂ ਨੂੰ ਮੁੜ ਪਰਿਭਾਸ਼ਿਤ ਕਰਨਾ ਇਸ ਸੰਸਥਾ ਦਾ ਕਾਰਜ-ਖੇਤਰ ਹੈ। ਇਸ ਕਾਰਜ ਹਿੱਤ ਖੋਜ, ਸਿਰਜਣਾ, ਸੈਮੀਨਾਰ, ਵਿਚਾਰ-ਗੋਸ਼ਟੀਆਂ, ਪ੍ਰਕਾਸ਼ਨਾ ਆਦਿ ਪਸਾਰਾਂ ਨੂੰ ਵਿਹਾਰ ਵਿਚ ਲਿਆਉਣਾ ਪ੍ਰਮੁੱਖ ਉੱਦਮ ਹੋਵੇਗਾ।

ਸੰਸਥਾ ਵੱਲੋਂ 4 ਦਸੰਬਰ, 2021 ਨੂੰ ਆਪਣਾ ਪਹਿਲਾ ਪ੍ਰੋਗਰਾਮ ਪਲੀਮਥ (ਮਿਸ਼ੀਗਨ) ਦੇ ਗੁਰਦੁਆਰਾ ਮਾਤਾ ਤ੍ਰਿਪਤਾ ਜੀ ਦੇ ਲਾਇਬ੍ਰੇਰੀ ਹਾਲ ਵਿਚ ਕਰਵਾਇਆ ਗਿਆ। ਇਸ ਦੇ ਪਹਿਲੇ ਸੈਸ਼ਨ ਵਿਚ ਸੰਸਥਾ ਵੱਲੋਂ ਪ੍ਰੋ. ਪੂਰਨ ਸਿੰਘ ਰਚਿਤ ਪੁਸਤਕ 'ਦ ਸਪੀਰਿਟ ਆਫ਼ ਓਰੀਐਂਟਲ ਪੋਇਟਰੀ' ਦੇ ਨਵ-ਪ੍ਰਕਾਸ਼ਨ ਨੂੰ ਰਿਲੀਜ਼ ਕੀਤਾ ਗਿਆ। ਇਸ ਪੁਸਤਕ ਨੂੰ ਮੌਜੂਦਾ ਕਾਵਿ-ਸ਼ਾਸਤਰੀ ਪਾਸਾਰਾਂ ਦੇ ਸੰਦਰਭ ਵਿਚ ਵਾਚਦਿਆਂ, ਇਸ ਦੀ ਖੋਜ ਭਰਪੂਰ ਪ੍ਰਸਤਾਵਨਾ ਅਮਨਦੀਪ ਸਿੰਘ ਨੇ ਲਿਖੀ ਹੈ।

ਸੂਖਮ ਅੰਤਰ-ਦ੍ਰਿਸ਼ਟੀ ਵਾਲੇ ਗਿਆਨ ਭਰਪੂਰ ਵਿਖਿਆਨ ਵਿਚ ਉਨ੍ਹਾਂ ਕਾਵਿ-ਅਨੁਭਵ, ਕਾਵਿ-ਅਨੁਭੂਤੀ ਦੇ ਵਰਗੀਕਰਨ, ਪੁਸਤਕ ਰਚੇ ਜਾਣ ਦੇ ਸੰਦਰਭ, ਗਿਆਨ-ਸੰਵਾਦ ਦੇ ਪਿਛੋਕੜ ਆਦਿ ਨੂੰ ਤੈਅ ਕਰ ਕੇ ਪੁਸਤਕ ਦੀਆਂ ਦਿਸ਼ਾਵਾਂ ਤੇ ਪ੍ਰਾਪਤੀਆਂ ਨੂੰ ਸਥਾਪਿਤ ਕੀਤਾ ਹੈ। ਉਨ੍ਹਾਂ ਦੀਆਂ ਸਥਾਪਨਾਵਾਂ ਹਨ ਕਿ ਇਹ ਪੁਸਤਕ ਸੁਹਜ, ਸਾਖੀ, ਸ਼ਬਦ ਤੇ ਲੋਕ ਸਤਿ ਦੀ ਇਕਸੁਰਤਾ ਨੂੰ ਸਥਾਪਿਤ ਕਰ, ਸੁਹਾਗ ਨੇਮ 'ਚੋਂ ਸੇਵਾ ਤੇ ਸੁਹਜ ਨੂੰ ਉਭਾਰਦੀ ਹੈ। ਇਹ ਕਾਵਿ-ਸ਼ਾਸਤਰ ਆਜ਼ਾਦੀ, ਦੈਵੀ ਨੇਮ 'ਚ ਪਲਦੀ ਬੇ-ਨੇਮੀ ਵਾਲੀ ਖੁੱਲ੍ਹ ਕੇ ਆਜ਼ਾਦੀ, ਕੁਦਰਤ ਦੀ ਦਿੱਬਤਾ, ਮਾਨਵਤਾ ਦਾ ਪਿਆਰ, ਸੁਹਜ ਦਿੱਬਤਾ 'ਚੋਂ ਆਚਰਨਕ ਬੁਲੰਦੀ ਸਥਾਪਿਤ ਕਰ ਵਿਸ਼ਵ-ਮਨੁੱਖਤਾ ਨੂੰ ਇਕਸੁਰ ਕਰਦਾ ਹੈ। ਉਨ੍ਹਾਂ ਦੱਸਿਆ ਕਿ ਇਹ ਪੁਸਤਕ ਵਿਸ਼ਵ ਕਵਿਤਾ ਨੂੰ ਦੈਵੀ-ਕਵੀ, ਭਗਤ, ਭਗਤ ਦੇ ਵਸਤ-ਅਵਲੋਕਨ, ਮੁਰੀਦ-ਕਾਵਿ, ਸ਼ਿੰਗਾਰ: ਜੋਬਨ ਹੁਲਾਰ, ਵੈਰਾਗ: ਮਹਾਂ-ਭਰਮ ਦੀ ਉਦਾਸੀਨਤਾ ਆਦਿ ਅਧਿਆਵਾਂ ਵਿਚ ਵਰਗੀਕ੍ਰਿਤ ਕਰ ਕੇ ਕਾਵਿ ਨੂੰ ਜੀਵਨ-ਕਣੀ ਦੇ ਨਿੱਘ ਤੇ ਰੌਸ਼ਨੀ ਦੇ ਸੋਮੇ ਵਜੋਂ ਨਿਸ਼ਚਿਤ ਕਰ ਕਲਾ ਜੁਗਤਾਂ ਤੇ ਭਾਗ-ਜੁਗਤਾਂ ਦੇ ਤਣਾਵੀ ਤੇ ਨਾਟਕੀ ਚੁਹਲ ਤੋਂ ਮੁਕਤ ਕਰਾਉਂਦੀ ਹੈ।

ਨਾਦ ਪ੍ਰਗਾਸੁ ਖੋਜ ਨੂੰ ਵਿਅਕਤੀਗਤ ਮਾਹੌਲ ਤੇ ਪ੍ਰਾਪਤੀ ਤੋਂ ਮੁਕਤ ਕਰ ਸੰਗਤੀ ਮਾਹੌਲ ਦੀ ਸਿਰਜਣਾ ਨੂੰ ਪਹਿਲ ਦੇਣਾ ਆਪਣਾ ਮੁੱਖ-ਮਕਸਦ ਪ੍ਰਵਾਨ ਕਰਦੀ ਹੈ। ਵਿਖਿਆਨ ਮਗਰੋਂ ਸਰੋਤਿਆਂ ਦੇ ਸੁਆਲਾਂ ਦਾ ਉਤਰ ਦਿੰਦਿਆਂ ਅਮਨਦੀਪ ਸਿੰਘ ਨੇ ਇਸ ਪੁਸਤਕ ਦੇ ਹੋਰ ਪਾਸਾਰਾਂ 'ਤੇ ਹਵਾਲਿਆਂ ਰਾਹੀਂ ਆਪਣਾ ਦ੍ਰਿਸ਼ਟੀਕੋਣ ਸਾਂਝਾ ਕੀਤਾ।

ਇਸ ਸੈਸ਼ਨ ਦੇ ਅਗਲੇ ਪੜਾਅ 'ਤੇ ਨਾਦ ਪ੍ਰਗਾਸੁ (ਸ੍ਰੀ ਅੰਮ੍ਰਿਤਸਰ) ਤੋਂ ਆਏ ਪ੍ਰੋ. ਜਗਦੀਸ਼ ਸਿੰਘ ਨੇ 'ਸ਼ਬਦ' ਦੇ ਸੁਹਜ-ਸ਼ਾਸਤਰ ਦੀ ਪਛਾਣ ਨੂੰ ਅਜੋਕੇ ਸਮੇਂ ਦੀ ਪ੍ਰਮੁੱਖ ਲੋੜ ਦੱਸਿਆ। ਉਨ੍ਹਾਂ ਦੱਸਿਆ ਕਿ ਸੁਹਜ-ਸ਼ਾਸਤਰ ਤੋਂ ਬਗ਼ੈਰ ਕੋਈ ਵੀ ਤਹਿਜ਼ੀਬ ਆਪਣੀ ਪਦਾਰਥਿਕਤਾ, ਦੇਹ, ਮਨ, ਭਾਵ ਜਗਤ, ਪ੍ਰਤੀਕ ਵਿਧਾਨ, ਇਤਿਹਾਸ, ਰਾਜਨੀਤੀ ਸਥਾਪਤ ਨਹੀਂ ਕਰ ਸਕਦੀ। ਉਨ੍ਹਾਂ ਸਾਹਿਤ ਦੀਆਂ ਸਭ ਪ੍ਰਵਿਰਤੀਆਂ ਦੀ ਪ੍ਰਵਾਨਗੀ ਨੂੰ ਕਬੂਲਦੇ ਹੋਏ ਉਨ੍ਹਾਂ ਅੰਦਰ ਸੱਚ ਦੇ ਪਾਸਾਰਾਂ ਦੀ ਆਕਾਸ਼ੀ-ਗਤੀ ਦੇ ਮੰਡਲਾਂ ਵਿਚ ਵੱਖਰਤਾ ਅਤੇ ਸੰਵਾਦ ਨੂੰ ਸ਼ਬਦ 'ਚੋਂ ਉਪਜਦੇ ਕਾਵਿ-ਸ਼ਾਸਤਰ ਦਾ ਅਹਿਮ ਪਹਿਲੂ ਦੱਸਿਆ। ਇਸ ਪੁਸਤਕ ਦੀਆਂ ਪ੍ਰੇਰਨਾਵਾਂ {'ਦ ਸਪਿਰਟ ਆਫ਼ ਜੈਪਨੀਜ਼ ਪੋਇਟਰੀ, 'ਦ ਸਪਿਰਟ ਆਫ਼ ਜੈਪਨੀਜ਼ ਆਰਟ (ਯੋਨ ਨਗੂਚੀ) ਅਤੇ 'ਦ ਆਡੀਅਲ ਆਫ਼ ਦਾ ਈਸਟ (ਓਕਾਕੂਰਾ)} ਸਮਕਾਲੀ ਯਤਨਾਂ {ਮੁਕੱਦਮਾ-ਏ ਸ਼ਿਅਰੋ-ਸ਼ਾਇਰੀ (ਹਾਲੀ), ਕ੍ਰਿਏਟਿਵ ਯੂਨਿਟੀ (ਟੈਗੋਰ), ਫਿਊਚਰ ਪੋਇਟਰੀ (ਸ੍ਰੀ ਅਰਬਿੰਦੂ)} ਨਾਲ ਤੁਲਨਾ ਵਿਚ ਪੇਸ਼ ਕਰ ਇਸ ਪੁਸਤਕ ਰਾਹੀਂ ਤਲਾਸ਼ ਕੀਤੇ ਜਾ ਰਹੇ ਮੂਲ ਕਾਵਿ-ਸ਼ਾਸਤਰੀ ਸੁਆਲ ਤੇ ਸੰਗਠਨ ਦੀ ਚਰਚਾ ਕੀਤੀ। ਉਨ੍ਹਾਂ ਇਸ ਪੁਸਤਕ ਦੀ ਰਸ਼ਕ ਕਰਨ ਯੋਗ ਪ੍ਰਾਪਤੀ ਤੇ ਵਿਸ਼ਵ-ਵਿਆਪੀ ਪਾਸਾਰ ਤਕ ਪਹੁੰਚ ਕਰਨ ਦੀ ਤਰਲ ਸੰਗੀਤਕ ਵਿਧੀ ਨੂੰ, ਨਾਮ-ਵਿਸ਼ਵ-ਵਿਆਪਕਤਾ ਅਤੇ ਸ਼ਬਦ-ਦੇ ਪਾਰਦਰਸ਼ੀ ਪਲਟਾਓ-ਵਿਧਾਨ ਦੀ ਬਖਸ਼ਿਸ਼ ਤਸਲੀਮ ਕੀਤਾ। ਪੂਰਨ ਸਿੰਘ ਨੇ ਅਸਤਿੱਤਵੀ-ਪਾਸਾਰ ਦੀ ਮਹੀਨ ਸੰਵੇਦਨਾ 'ਚੋਂ ਨਾਮ ਵਿਸ਼ਵ-ਵਿਆਪਕਤਾ ਰਾਹੀਂ ਕਾਵਿ-ਸ਼ਾਸਤਰੀ ਤਲਾਸ਼ ਨੂੰ ਸ਼ਬਦ-ਬ੍ਰਹਿਮੰਡਤਾ ਦੀ ਦਿਸ਼ਾ ਦੇ, ਪੂਰਬ ਦੀ ਸਪੀਰਿਟ ਦੀ ਨੁਮਾਇੰਦਗੀ ਕਰ ਪੰਜਾਬ ਦਾ ਮਾਣ ਵਧਾਇਆ ਹੈ। ਉਨ੍ਹਾਂ ਇਹ ਸਲਾਹ ਦਿੱਤੀ ਕਿ ਇਸ ਉੱਤਮ ਪ੍ਰਾਪਤੀ ਦੇ ਲੜ ਲੱਗ ਕੇ ਸ਼ਬਦ ਬ੍ਰਹਿਮੰਡਤਾ ਦੇ ਪਾਸਾਰ ਦੀ ਸਿਧਾਂਤਕਾਰੀ ਨੂੰ ਤਲਾਸ਼ ਕਰਨ ਲਈ ਸਾਨੂੰ ਸਮਰਪਿਤ ਹੋਣ ਦੀ ਲੋੜ ਹੈ।

ਇਸ ਪ੍ਰੋਗਰਾਮ ਦਾ ਦੂਜਾ ਅਹਿਮ ਹਿੱਸਾ ਕਵੀ ਦਰਬਾਰ ਸੀ। ਇਸ ਦੋ-ਭਾਸ਼ੀ (ਪੰਜਾਬੀ ਤੇ ਅੰਗਰੇਜ਼ੀ) ਕਵੀ ਦਰਬਾਰ ਵਿਚ ਸੀਨੀਅਰ ਕਵੀਆਂ/ਕਵਿੱਤਰੀਆਂ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਬਰੈਂਪਟਨ (ਕੈਨੇਡਾ) ਤੋਂ ਬਲਬੀਰ ਸਿੰਘ, ਸ਼ਿਕਾਗੋ ਤੋਂ ਸੁਰਖ਼ਾਬ ਕੌਰ ਅਤੇ ਪੰਜਾਬ ਤੋਂ ਪ੍ਰੋ. ਜਗਦੀਸ਼ ਸਿੰਘ ਨੇ ਸ਼ਿਰਕਤ ਕੀਤੀ। ਸੀਨੀਅਰ ਕਵੀ ਮਨਜੀਤ ਸਿੰਘ ਗਿੱਲ ਦੀ ਛੇਵੀਂ ਕਾਵਿ ਪੁਸਤਕ 'ਜੀਵਨ ਇਕ ਵੰਗਾਰ' ਦੇ ਰਿਲੀਜ਼ ਕਰਨ ਨਾਲ ਇਸ ਕਵੀ ਦਰਬਾਰ ਦਾ ਆਰੰਭ ਹੋਇਆ। ਇਸ ਕਵੀ ਦਰਬਾਰ ਨੂੰ ਮਨਜੀਤ ਸਿੰਘ ਗਿੱਲ, ਗੁਰਮੀਤ ਸੰਧੂ, ਸਤਪਾਲ ਗੋਇਲ, ਬਲਬੀਰ ਸਿੰਘ, ਰੇਸ਼ਮ ਸਿੰਘ ਸੈਣੀ, ਰਾਜ ਸੰਧੂ, ਸੁਰਖ਼ਾਬ ਕੌਰ, ਹਰਜੋਤ ਕੌਰ, ਅਮਨਦੀਪ ਸਿੰਘ ਤੇ ਪ੍ਰੋ. ਜਗਦੀਸ਼ ਸਿੰਘ ਨੇ ਆਪਣੀਆਂ ਕਵਿਤਾਵਾਂ ਨਾਲ ਜ਼ੈਬਾਈ ਅਤਾ ਕੀਤੀ। ਇਸ ਵਿਚ ਵੱਖ-ਵੱਖ ਕਾਵਿ-ਰੂਪਾਂ ਗੀਤ, ਨਜ਼ਮ, ਮਾਹੀਆ, ਗਜ਼ਲ ਤੇ ਹਾਇਕੂ ਨੇ ਆਪਣਾ ਵਿਲੱਖਣ ਰੰਗ ਭਰਿਆ। ਸਮਾਜਿਕ, ਇਤਿਹਾਸਕ, ਅਧਿਆਤਮਿਕ, ਅਸਤਿੱਤਵੀ-ਸਰੋਕਾਰ, ਮਨੋਵਿਗਿਆਨਕ-ਪਹਿਲੂ ਅਤੇ ਸ਼ੁੱਧ ਖ਼ਿਆਲ ਦੀਆਂ ਪਰਵਾਜ਼ਾਂ 'ਚ ਹੋਂਦ ਦੇ ਸਦੀਵੀ ਪਸਾਰਾਂ ਦੇ ਤਰੰਗਤ ਰੂਪਾਂ ਨੂੰ ਪੇਸ਼ ਕੀਤੀਆਂ ਕਵਿਤਾਵਾਂ ਰਾਹੀਂ ਸਾਂਝਾ ਕੀਤਾ ਗਿਆ।

ਇਨ੍ਹਾਂ ਕਵਿਤਾਵਾਂ ਵਿਚ ਭਾਸ਼ਾ ਦੀ ਗਹਿਰਾਈ, ਤਰਲਤਾ, ਪ੍ਰਯੋਗਸ਼ੀਲਤਾ, ਮੌਲਿਕ ਸਵੱਛਤਾ ਦੀ ਭਿੰਨਤਾ ਅਤੇ ਦ੍ਰਿਸ਼ਟੀ ਦੀ ਵੱਖਰਤਾ ਨੇ ਵੰਨ-ਸੁਵੰਨਤਾ ਦਾ ਗੁਲਦਸਤਾ ਪੇਸ਼ ਕੀਤਾ। ਅਦਾਇਗੀ ਦੇ ਅੰਦਾਜ਼, ਤਰੰਨੁਮ ਤੇ ਸੁਰਤਾਲ ਨੇ ਮਾਹੌਲ ਨੂੰ ਸਰੋਦੀ ਬਣਾਈ ਰੱਖਿਆ। ਸਰੋਤਿਆਂ ਦੀ ਜਿਗਿਆਸਾ, ਉਤਸ਼ਾਹੀ ਹਾਜ਼ਰੀ ਤੇ ਭਰਪੂਰਤਾ ਨੇ ਕਵੀ ਦਰਬਾਰ ਨੂੰ ਸਫ਼ਲ ਬਣਾਉਣ ਵਿਚ ਭਰਪੂਰ ਯੋਗਦਾਨ ਪਾਇਆ। ਪ੍ਰੋਗਰਾਮ ਦਾ ਸਟੇਜ ਸੰਚਾਲਨ ਕਰ ਰਹੇ ਹਰਜੋਤ ਕੌਰ ਨੇ ਆਪਣੀ ਲਤਾਫ਼ਤ, ਸੰਵੇਦਨੀ ਕੋਮਲਤਾ, ਸੂਝਵਾਨ ਟਿੱਪਣੀਆਂ ਨਾਲ ਪ੍ਰੋਗਰਾਮ ਨੂੰ ਉਚੇਰਾ ਮੁਕਾਮ ਦੇਣ ਵਿਚ ਅਹਿਮ-ਰੋਲ ਅਦਾ ਕੀਤਾ। ਉਦਾਤੀ-ਮਾਹੌਲ ਸਿਰਜਦੇ ਇਨ੍ਹਾਂ ਸੈਸ਼ਨਾਂ ਵਿਚ ਗਿਆਨ, ਕਲਾ, ਸ਼ਬਦ-ਅਧਿਆਤਮ ਇਕਸੁਰ ਹੋ ਗਾਮਜ਼ਨ ਰਹੇ। ਗੁਰਦੁਆਰਾ ਕਮੇਟੀ ਦੇ ਸਹਿਯੋਗ ਨੇ ਇਸ ਪ੍ਰੋਗਰਾਮ ਦੀ ਰਵਾਨਗੀ ਅਤੇ ਅਸਥਾਨ ਦੀ ਪਵਿੱਤਰ ਛੂਹ ਨੇ ਦੈਵੀ ਸਲੀਕੇ ਦਾ ਮਾਹੌਲ ਬਣਾਈ ਰੱਖਿਆ।

ਨਾਦ ਪ੍ਰਗਾਸੁ (ਸ੍ਰੀ ਅੰਮ੍ਰਿਤਸਰ) ਦੇ ਕਾਰਜਾਂ ਅਤੇ ਦ੍ਰਿਸ਼ਟੀ ਦੀ ਜਾਣਕਾਰੀ ਦਿੰਦੇ ਹੋਏ ਨਾਦ ਪ੍ਰਗਾਸੁ (ਯੂ.ਐੱਸ.ਏ.) ਦੇ ਆਉਣ ਵਾਲੇ ਪ੍ਰੋਜੈਕਟਾਂ ਬਾਰੇ ਸਾਂਝ ਪਾਈ ਗਈ। ਸ੍ਰੀਮਤੀ ਰਮਨ ਸਿੰਘ ਨੇ ਧੰਨਵਾਦੀ ਸ਼ਬਦਾਂ ਨਾਲ ਸੰਸਥਾ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਭਵਿੱਖੀ ਸਫਲਤਾ ਦੀ ਅਸੀਸ ਪ੍ਰਦਾਨ ਕੀਤੀ।




ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਗੁਰਮੀਤ ਸੰਧੂ, ਬਲਬੀਰ ਸਿੰਘ,ਅਮਨਦੀਪ ਸਿੰਘ, ਪ੍ਰੋ. ਜਗਦੀਸ਼ ਸਿੰਘ, ਰਾਜ ਸੰਧੂ, ਰੇਸ਼ਮ ਸਿੰਘ, ਹਰਜੋਤ ਕੌਰ, ਮਨਜੀਤ ਸਿੰਘ ਗਿੱਲ, ਸੁਰਖਾਬ ਕੌਰ ਤੇ ਸਤਪਾਲ ਗੋਇਲ।



ਪੁਸਤਕ ਰਿਲੀਜ਼ ਕਰਦੇ ਹੋਏ ਪਤਵੰਤੇ



ਰਮਨ ਸਿੰਘ



# ਆਪਸੀ ਖਿੱਚੋਤਾਣ ਬਣੀ ਪੰਜਾਬ ਕਾਂਗਰਸ ਲਈ ਵੱਡੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਭਾਵੇਂ 2 ਮਹੀਨੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ ਪਰ ਹੁਕਮਰਾਨ ਧਿਰ ਵਿਚ ਅਜੇ ਵੀ ਇਕਮੁੱਠਤਾ ਤੇ ਇਕਸੁਰਤਾ ਨਜ਼ਰ ਨਹੀਂ ਆ ਰਹੀ। ਪਾਰਟੀ ਅੰਦਰੋਂ ਹੀ ਸਰਕਾਰੀ ਕਾਰਜਸ਼ੈਲੀ ਦੀ ਖੁੱਲ੍ਹ ਕੇ ਹੋ ਰਹੀ ਨੁਕਤਾਚੀਨੀ ਤੇ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਨਾ ਬਣ ਸਕਣਾ ਪਾਰਟੀ ਅੰਦਰ ਖਿੱਚੋਤਾਣ ਦੀ ਮੂੰਹ ਬੋਲਦੀ ਤਸਵੀਰ ਹੈ।

ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਨਸ਼ਿਆਂ ਵਿਰੁੱਧ ਕਾਰਵਾਈ ਨਾ ਕੀਤੇ ਜਾਣ ਤੇ ਬੇਅਦਬੀਆਂ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਨਾ ਹੋਣ ਲਈ ਮਰਨ ਵਰਤ ਦੀ ਧਮਕੀ ਦਿੱਤੀ ਸੀ ਪਰ ਹੁਣ ਕਈ ਹੋਰ ਆਗੂਆਂ ਤੇ ਮੰਤਰੀਆਂ ਨੇ ਸਰਕਾਰ ਦੀ ਕਾਰਜਸ਼ੈਲੀ ਦੀ ਖੁੱਲ੍ਹ ਕੇ ਨੁਕਤਾਚੀਨੀ ਸ਼ੁਰੂ ਕਰ ਦਿੱਤੀ ਹੈ। ਮੰਤਰੀ ਮੰਡਲ ਦੀ ਮੀਟਿੰਗ ਖਤਮ ਹੋਣ ਤੋਂ ਬਾਅਦ ਵੀ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਉਨ੍ਹਾਂ 'ਤੇ ਇਕ ਮੰਤਰੀ ਵੱਲੋਂ ਭ੍ਰਿਸ਼ਟਾਚਾਰ ਦੇ ਲਗਾਏ ਦੋਸ਼ਾਂ ਦਾ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ ਗਈ। ਸੂਚਨਾ ਅਨੁਸਾਰ ਕੁਝ ਦਿਨ ਪਹਿਲਾਂ 2-3 ਮੰਤਰੀਆਂ ਨੇ ਰੰਧਾਵਾ ਕੋਲ ਬੇਅਦਬੀਆਂ ਤੇ ਨਸ਼ਿਆਂ ਦੇ ਮੁੱਦੇ ਉਤੇ ਸਰਕਾਰ ਵੱਲੋਂ ਕੋਈ ਅਸਰਦਾਰ



ਕਾਰਵਾਈ ਨਾ ਕੀਤੇ ਜਾਣ ਦਾ ਮੁੱਦਾ ਉਠਾਇਆ ਗਿਆ ਪਰ ਇਸ ਬਹਿਸ ਦੌਰਾਨ ਗ੍ਰਹਿ ਮੰਤਰੀ ਨੇ ਜਦੋਂ ਪੁਲਿਸ ਅਧਿਕਾਰੀਆਂ ਵੱਲੋਂ ਸਰਕਾਰ ਦੀ ਪ੍ਰਵਾਹ ਨਾ ਕਰਨ ਦਾ ਮਾਮਲਾ ਉਠਾਇਆ ਤਾਂ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਵੱਲੋਂ ਦੋਸ਼ ਲਗਾਇਆ ਗਿਆ ਕਿ ਜੇ ਜ਼ਿਲ੍ਹਾ ਪੁਲਿਸ ਮੁਖੀਆਂ ਦੀਆਂ ਨਿਯੁਕਤੀਆਂ ਕਰੋੜਾਂ ਰੁਪਏ ਲੈ ਕੇ ਹੋਣਗੀਆਂ ਤਾਂ ਸਰਕਾਰ ਦੀ ਪ੍ਰਵਾਹ ਕੌਣ ਕਰੇਗਾ। ਇਸ ਉਤੇ ਰੰਧਾਵਾ ਤੇ ਰਾਣਾ ਗੁਰਜੀਤ ਦਰਮਿਆਨ ਕਾਫੀ ਤਿੱਖਾ ਤਕਰਾਰ ਹੋਇਆ ਅਤੇ ਰਾਣਾ ਨੇ ਕਿਹਾ ਕਿ ਜੋ ਲੋਕ ਅਜਿਹੇ ਦੋਸ਼ ਲਗਾ ਰਹੇ ਹਨ, ਉਹ ਉਨ੍ਹਾਂ ਨੂੰ ਵੀ ਪੇਸ਼ ਕਰ ਸਕਦੇ ਹਨ।

ਮੰਤਰੀ ਮੰਡਲ ਦੀ ਬੈਠਕ ਤੋਂ ਬਾਅਦ ਵੀ ਰੰਧਾਵਾ ਵੱਲੋਂ ਇਹ ਮੁੱਦਾ ਉਠਾਏ ਜਾਣ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਟਿੱਪਣੀ ਨਹੀਂ ਆਈ। ਇਸੇ ਤਰ੍ਹਾਂ ਸੱਤਾ ਦੇ ਗਲਿਆਰਿਆਂ ਵਿਚ ਮਲੇਰਕੋਟਲਾ ਦੇ ਜ਼ਿਲ੍ਹਾ ਪੁਲਿਸ ਮੁਖੀ ਦਾ ਮੁੱਦਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਜਿਸ ਨੂੰ ਸਰਕਾਰੀ ਆਦੇਸ਼ 'ਤੇ ਕੈਪਟਨ ਅਮਰਿੰਦਰ ਸਿੰਘ ਕੋਲ ਉਨ੍ਹਾਂ ਦੀ ਕੋਈ ਬੇਨਤੀ ਸੁਣਨ ਲਈ ਭੇਜਿਆ ਗਿਆ, ਹਾਲਾਂਕਿ ਇਸ ਮਾਮਲੇ ਵਿਚ ਸ਼ਿਕਾਇਤ ਪਾਰਟੀ ਹਾਈਕਮਾਂਡ ਨੂੰ ਵੀ ਹੋਣ ਦੇ ਚਰਚੇ ਹਨ। ਹਾਈਕਮਾਂਡ ਵੱਲੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਹਰੀਸ਼ ਚੌਧਰੀ ਦੇ ਰਾਜ ਸਰਕਾਰ ਉਪਰਲੇ ਗਲਵੇ ਅਤੇ ਮੁੱਖ ਮੰਤਰੀ ਵੱਲੋਂ ਆਪਣੇ ਨਾਂ ਉਤੇ ਸੀਨੀਅਰ ਮੰਤਰੀ ਵਾਲੀ ਕੋਠੀ ਅਲਾਟ ਕਰਵਾ ਕੇ ਦੇਣਾ ਵੀ ਪਾਰਟੀ ਅੰਦਰ ਚਰਚੇ ਦਾ ਵਿਸ਼ਾ ਬਣਿਆ ਹੋਇਆ ਹੈ।

ਪਾਰਟੀ ਅੰਦਰ ਚਰਚਾ ਹੈ ਕਿ ਇਸ ਆਪਸੀ ਖਿੱਚੋਤਾਣ ਕਾਰਨ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਜ਼ਿਲ੍ਹਾ ਪ੍ਰਧਾਨਾਂ ਤੇ ਕਮੇਟੀਆਂ ਸਬੰਧੀ ਹਾਈਕਮਾਂਡ ਨੂੰ ਭੇਜੀਆਂ ਹੋਈਆਂ ਸਿਫਾਰਸ਼ਾਂ ਖੂਹ ਖਾਤੇ ਪਈਆਂ ਹੋਈਆਂ ਹਨ, ਜਦੋਂਕਿ ਸ੍ਰੀ ਹਰੀਸ਼ ਚੌਧਰੀ ਵੱਲੋਂ ਆਪਣੇ ਤੌਰ 'ਤੇ ਹੀ ਜ਼ਿਲ੍ਹਾ ਕੁਆਰਡੀਨੇਟਰਾਂ ਦੀਆਂ ਨਿਯੁਕਤੀਆਂ ਕਰ ਦਿੱਤੀਆਂ ਗਈਆਂ ਹਨ। ਹਾਲਾਂਕਿ ਇਹ ਕੁਆਰਡੀਨੇਟਰ ਯੂਥ ਕਾਂਗਰਸ ਜਾਂ ਬਹੁਤੇ ਸੂਬੇ ਤੋਂ ਬਾਹਰ ਦੇ ਹਨ।

## ਰਾਣਾ ਗੁਰਜੀਤ ਦੇ ਲਾਏ ਦੋਸ਼ਾਂ ਦੀ ਜਾਂਚ ਹੋਵੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਹੈ ਕਿ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਵੱਲੋਂ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਖਿਲਾਫ ਪੈਸੇ ਲੈ ਕੇ ਬਦਲੀਆਂ ਕਰਨ ਦੇ ਲਗਾਏ ਦੋਸ਼ਾਂ ਦੀ ਜਾਂਚ ਕੀਤੀ ਜਾਵੇ ਤੇ ਪਾਰਟੀ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪੁੱਛਿਆ ਕਿ ਉਹ ਇਸ ਅਪਰਾਧਕ ਕਾਰਵਾਈ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕਿਉਂ ਕਰ ਰਹੇ ਹਨ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਗ੍ਰਹਿ ਮੰਤਰੀ 'ਤੇ ਪੁਲਿਸ ਅਫਸਰਾਂ ਨੂੰ ਐਸ.ਐਸ.ਪੀ., ਐਸ.ਪੀ. ਤੇ ਡੀ.ਐਸ.ਪੀ. ਲਗਾਉਣ ਲਈ ਰਿਸ਼ਵਤ ਲੈਣ ਦੇ ਦੋਸ਼ ਲਗਾਏ ਹਨ।

## ਪੰਜਾਬ ਦੇ ਜੀ.ਐਸ.ਟੀ. ਮਾਲੀਏ 'ਚ ਵਾਧਾ

**ਚੰਡੀਗੜ੍ਹ:** ਪੰਜਾਬ ਵਿਚ ਵਸਤਾਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਤੋਂ ਨਵੰਬਰ 2021 ਵਿਚ ਕੈਸ਼ ਕੁਲੈਕਸ਼ਨ 32 ਫੀਸਦ ਵਧੇ ਨਾਲ 1845 ਕਰੋੜ ਰੁਪਏ ਰਿਹਾ ਹੈ, ਜੋ ਇਸ ਕੇਂਦਰੀ ਟੈਕਸ ਪ੍ਰਣਾਲੀ ਦੇ ਲਾਗੂ ਹੋਣ ਬਾਅਦ ਦੂਜੀ ਸਭ ਤੋਂ ਵੱਡੀ ਕੁਲੈਕਸ਼ਨ ਹੈ। ਇਸ ਤੋਂ ਪਹਿਲਾਂ ਅਪਰੈਲ 2021 ਵਿਚ ਸਭ ਤੋਂ ਵੱਧ ਕੁਲੈਕਸ਼ਨ ਹੋਈ ਸੀ। ਟੈਕਸੇਸ਼ਨ ਕਮਿਸ਼ਨਰੇਟ ਦੇ ਇਕ ਬੁਲਾਰੇ ਨੇ ਦੱਸਿਆ ਕਿ ਪੰਜਾਬ ਵਿਚ ਨਵੰਬਰ 2021 ਦੌਰਾਨ 1377.77 ਕਰੋੜ ਰੁਪਏ ਜੀ.ਐਸ.ਟੀ. ਮਾਲੀਆ ਇਕੱਤਰ ਕੀਤਾ ਗਿਆ, ਜਦਕਿ ਪਿਛਲੇ ਸਾਲ ਇਸ ਮਹੀਨੇ (ਨਵੰਬਰ, 2020) ਦੌਰਾਨ 1067 ਕਰੋੜ ਰੁਪਏ ਮਾਲੀਆ ਇਕੱਤਰ ਕੀਤਾ ਗਿਆ ਹੈ, ਜੋ 29 ਫੀਸਦ ਦਾ ਮਜ਼ਬੂਤ ਵਾਧਾ ਬਣਦਾ ਹੈ। ਇਹ ਆਰਥਿਕਤਾ ਦੇ ਮੁੜ ਉਭਾਰ ਦੇ ਰੁਝਾਨ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ ਜੀ.ਐਸ.ਟੀ. ਮਾਲੀਏ ਵਿਚ ਨਵੰਬਰ 2021 ਤੱਕ ਪਿਛਲੇ ਸਾਲ ਦੇ ਮੁਕਾਬਲੇ ਤਕਰੀਬਨ 54 ਫੀਸਦ ਵਾਧਾ ਹੋਇਆ ਹੈ। ਜੀ.ਐਸ.ਟੀ. ਮਾਲੀਏ ਵਿਚ ਇਹ ਵਾਧਾ ਸੂਬਾ ਸਰਕਾਰ ਵੱਲੋਂ ਕੀਤੇ ਗਏ ਨੀਤੀਗਤ ਤੇ ਪ੍ਰਸ਼ਾਸਕੀ ਉਪਾਵਾਂ ਦੇ ਨਾਲ-ਨਾਲ ਕੇਂਦਰੀ ਟੈਕਸ ਇਨਫੋਰਸਮੈਂਟ ਏਜੰਸੀਆਂ ਨਾਲ ਤਾਲਮੇਲ ਬਣਾ ਕੇ ਜੀ.ਐਸ.ਟੀ. ਕਾਨੂੰਨ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਨ ਨਾਲ ਹੋਇਆ ਹੈ।

## ਜਥੇਦਾਰ ਨੇ ਧਰਮ ਪਰਿਵਰਤਨ ਦੇ ਮਾਮਲਿਆਂ ਦੀ ਉਚ ਪੱਧਰੀ ਜਾਂਚ ਮੰਗੀ

**ਅੰਮ੍ਰਿਤਸਰ:** ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਮੌਕੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਧਰਮ ਪਰਿਵਰਤਨ ਦਾ ਮਾਮਲਾ ਉਭਾਰਦਿਆਂ ਸਰਕਾਰ ਤੋਂ ਇਸ ਦੀ ਉੱਚ ਪੱਧਰੀ ਜਾਂਚ ਮੰਗੀ ਹੈ।



ਸ਼ਹੀਦੀ ਪੁਰਬ ਮੌਕੇ ਸਿੱਖ ਕੌਮ ਲਈ ਸੰਦੇਸ਼ ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਜਬਰੀ ਧਰਮ ਪਰਿਵਰਤਨ ਖਿਲਾਫ ਦਿੱਤੀ ਸੀ। ਉਸ ਵੇਲੇ ਮੁਗਲ ਸਰਕਾਰ ਵੱਲੋਂ ਹਿੰਦੂਆਂ ਦਾ ਜਬਰੀ ਧਰਮ ਤਬਦੀਲ ਕੀਤਾ ਜਾ ਰਿਹਾ ਸੀ। ਉਹ ਇਸ ਜ਼ੁਲਮ ਖਿਲਾਫ ਖੜ੍ਹੇ ਹੋਏ ਅਤੇ ਮਜ਼ਲੂਮਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਧਰਮ ਬਚਾਉਣ ਲਈ ਉਨ੍ਹਾਂ ਆਪਣੀ ਲਾਸਾਨੀ ਸ਼ਹਾਦਤ ਦਿੱਤੀ।

ਉਨ੍ਹਾਂ ਕਿਹਾ ਕਿ ਮੁਗਲੀਆ ਕਾਲ ਵਿਚ ਜਬਰੀ ਧਰਮ ਤਬਦੀਲ ਕੀਤਾ ਜਾ ਰਿਹਾ ਸੀ ਅਤੇ ਅੱਜ ਵੱਖ-ਵੱਖ ਤਰ੍ਹਾਂ ਦੇ ਲਾਲਚ ਦੇ ਕੇ ਅਤੇ ਭਰਮਾ ਕੇ ਅਜਿਹਾ ਕੀਤਾ ਜਾ ਰਿਹਾ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਧਰਮ ਤਬਦੀਲ ਕਰਨ ਦੇ ਜਿਨ੍ਹਾਂ ਖਿਲਾਫ ਦੋਸ਼ ਲੱਗ ਰਹੇ ਹਨ, ਉਨ੍ਹਾਂ 'ਚੋਂ ਕੁਝ ਧਿਰਾਂ ਦੇ ਇਸਾਈ ਆਗੂ ਉਨ੍ਹਾਂ ਨੂੰ ਮਿਲੇ ਵੀ ਹਨ। ਉਨ੍ਹਾਂ ਨਾਲ ਇਸ ਬਾਰੇ ਗੱਲਬਾਤ ਵੀ ਹੋਈ ਹੈ ਪਰ ਉਹ ਧਰਮ ਤਬਦੀਲ ਕਰਨ ਦੇ ਦੋਸ਼ਾਂ ਤੋਂ ਇਨਕਾਰੀ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਹੀ ਧਿਰ ਵਿਚ ਡੇਰਾਵਾਦ ਪਣਪ ਰਿਹਾ ਹੈ। ਉਹ ਧਰਮ ਤਬਦੀਲ ਵੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਹੋਵੇ ਤਾਂ ਹੀ ਪਤਾ ਲੱਗ ਸਕਦਾ ਹੈ ਕਿ ਇਸ ਪਿੱਛੇ ਕਿਹੜੀਆਂ ਤਾਕਤਾਂ ਹਨ ਅਤੇ ਉਨ੍ਹਾਂ ਦਾ ਮੰਤਵ ਕੀ ਹੈ।

## ਬੀ.ਐਸ.ਐਫ. ਨੂੰ ਵੱਧ ਅਧਿਕਾਰਾਂ ਖਿਲਾਫ ਸੁਪਰੀਮ ਕੋਰਟ ਪੁੱਜੀ ਪੰਜਾਬ ਸਰਕਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦੇ ਅਧਿਕਾਰ ਖੇਤਰ ਵਿਚ ਵਾਧੇ ਦੇ ਫੈਸਲੇ ਖਿਲਾਫ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ ਹੈ। ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਨੂੰ ਅਸਾਮ, ਪੱਛਮੀ ਬੰਗਾਲ ਤੇ ਪੰਜਾਬ ਵਿਚ ਕੌਮਾਂਤਰੀ ਸਰਹੱਦ ਤੋਂ 50 ਕਿਲੋਮੀਟਰ ਦੇ ਘੇਰੇ ਅੰਦਰ ਤਲਾਸ਼ੀ ਲੈਣ, ਬਰਾਮਦਗੀ ਤੇ ਗ੍ਰਿਫਤਾਰੀ ਦੇ ਅਧਿਕਾਰ ਦਿੱਤੇ ਗਏ ਸਨ, ਜੋ ਪਹਿਲਾਂ 15 ਕਿਲੋਮੀਟਰ ਤੱਕ ਸੀਮਤ ਸਨ। ਪੰਜਾਬ ਸਰਕਾਰ ਨੇ ਆਪਣੀ ਅਰਜ਼ੀ ਵਿਚ ਕਿਹਾ ਹੈ ਕਿ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦੇ ਇਲਾਕਾਈ ਅਧਿਕਾਰ ਖੇਤਰ ਵਿਚ ਵਾਧਾ ਸੂਬਿਆਂ ਦੇ ਸੰਵਿਧਾਨਕ ਅਧਿਕਾਰ ਖੇਤਰ 'ਤੇ ਕਬਜ਼ਾ ਕਰਨ ਦੇ ਨਿਆਈਂ ਹੈ। ਪਿਛਲੇ ਕੁਝ ਦਿਨਾਂ ਤੋਂ ਇਸ ਮੁੱਦੇ 'ਤੇ ਕਾਫੀ ਵਿਵਾਦ ਚੱਲ ਰਿਹਾ ਹੈ ਕਿਉਂਕਿ ਵਿਰੋਧੀ ਪਾਰਟੀਆਂ ਦੇ ਸ਼ਾਸਨ ਵਾਲੇ ਪੰਜਾਬ ਤੇ ਪੱਛਮੀ ਬੰਗਾਲ ਸੂਬਿਆਂ ਨੇ ਜਿਥੇ ਕੇਂਦਰ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਹੈ, ਉਥੇ ਦੋਵਾਂ ਸੂਬਿਆਂ ਦੀਆਂ ਵਿਧਾਨ ਸਭਾਵਾਂ ਨੇ ਕੇਂਦਰ ਸਰਕਾਰ ਦੇ ਫੈਸਲੇ ਖਿਲਾਫ ਮਤੇ ਲਿਆਂਦੇ ਹਨ।

### ਮਮਤਾ ਬੈਨਰਜੀ ਦੀ ਚੁਣੌਤੀ

**ਕ੍ਰਿਸ਼ਨਨਗਰ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਕਾਨੂੰਨ ਵਿਵਸਥਾ ਸੂਬਾਈ ਵਿਸ਼ਾ ਹੈ ਅਤੇ ਉਨ੍ਹਾਂ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗਦੇ ਨਾਦੀਆ ਜ਼ਿਲ੍ਹੇ ਦੀ ਪੁਲਿਸ ਨੂੰ ਹੁਕਮ ਦਿੱਤਾ ਕਿ ਉਹ ਬੀ.ਐਸ.ਐਫ. ਨੂੰ ਉਸ ਦੇ ਅਧਿਕਾਰ ਖੇਤਰ ਦੇ ਬਾਹਰ ਦੇ ਇਲਾਕਿਆਂ ਵਿਚ ਦਾਖਲ ਹੋਣ ਤੋਂ ਰੋਕੇ। ਉਨ੍ਹਾਂ ਇਥੇ ਇਕ ਮੀਟਿੰਗ ਵਿਚ ਜ਼ਿਲ੍ਹੇ ਦੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ 'ਨਾਕਾ ਜਾਂਚ' ਕਰੋ ਅਤੇ ਵਧੇਰੇ ਨਿਗਰਾਨੀ ਵਰਤੋ। ਕਰੀਮਪੁਰ ਦੀ ਸਰਹੱਦ ਬੰਗਲਾਦੇਸ਼ ਨਾਲ ਲੱਗਦੀ ਹੈ। ਤੁਹਾਨੂੰ ਇਸ 'ਤੇ ਨਜ਼ਰ ਰੱਖਣੀ ਹੋਵੇਗੀ। ਤੁਹਾਨੂੰ ਇਹ ਵੀ ਦੇਖਣਾ ਹੋਵੇਗਾ ਕਿ ਬੀ.ਐਸ.ਐਫ. ਤੁਹਾਡੀ ਇਜਾਜ਼ਤ ਬਿਨਾਂ ਪਿੰਡਾਂ ਵਿਚ ਨਾ ਜਾ ਸਕੇ ਅਤੇ ਕੁਝ ਨਾ ਕਰ ਸਕੇ।

# ਅਕਾਲੀ ਦਲ ਵੱਲੋਂ ਛੋਟੇਪੁਰ ਨੂੰ ਬਟਾਲਾ ਤੋਂ ਟਿਕਟ ਦੇਣ ਪਿੱਛੋਂ ਸਥਾਨਕ ਆਗੂ ਨਿਰਾਸ਼

**ਬਟਾਲਾ:** ਆਪਣਾ ਪੰਜਾਬ ਪਾਰਟੀ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਦੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਅਤੇ ਵਿਧਾਨ ਸਭਾ ਹਲਕਾ ਬਟਾਲਾ ਤੋਂ ਪਾਰਟੀ ਉਮੀਦਵਾਰ ਐਲਾਨੇ ਜਾਣ ਨਾਲ ਟਿਕਟ ਦੀ ਝਾਕ ਰੱਖਦੇ ਕਈ ਆਗੂਆਂ ਦੇ ਸੁਪਨੇ ਧਰੇ-ਧਰਾਏ ਰਹਿ ਗਏ।

ਪਾਰਟੀ ਦੇ ਕਈ ਆਗੂ ਇਸ ਹਲਕੇ ਤੋਂ ਟਿਕਟ ਲੈਣ ਦੇ ਚਾਹਵਾਨ ਸਨ। 2017 ਤੋਂ ਹਲਕਾ ਬਟਾਲਾ ਤੋਂ ਲਖਬੀਰ ਸਿੰਘ ਲੋਧੀਨੰਗਲ ਵਿਧਾਇਕ ਬਣੇ ਸਨ ਪਰ ਹੁਣ ਉਨ੍ਹਾਂ ਵੱਲੋਂ ਹਲਕਾ ਫਤਹਿਗੜ੍ਹ ਚੂੜੀਆਂ ਤੋਂ ਇੱਛਾ ਰੱਖਣ 'ਤੇ ਟਿਕਟ ਦਿੱਤੀ ਗਈ ਹੈ। ਇਸ ਕਾਰਨ ਹਲਕਾ ਬਟਾਲਾ ਲਈ ਕਈ ਸਥਾਨਕ ਆਗੂਆਂ ਨੇ ਲੰਘੇ ਛੇ ਮਹੀਨਿਆਂ ਤੋਂ ਆਪਣੀਆਂ ਸਰਗਰਮੀਆਂ ਵਿੱਢੀਆਂ ਹੋਈਆਂ ਸਨ। ਪਹਿਲਾਂ ਇਹ ਵੀ ਚਰਚਾ ਰਹੀ ਸੀ ਕਿ ਬਟਾਲਾ ਵਿਚ ਹਿੰਦੂ ਵੋਟਰ ਜ਼ਿਆਦਾ ਹੋਣ 'ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕੇ ਤੋਂ ਕਿਸੇ ਹਿੰਦੂ ਚਿਹਰੇ ਨੂੰ ਟਿਕਟ ਦਿੱਤੀ ਜਾਵੇਗੀ।

ਉਂਜ ਤਿੰਨ ਮਹੀਨੇ ਪਹਿਲਾਂ ਇੱਥੋਂ ਦੇ ਇਕ ਕਾਂਗਰਸੀ ਆਗੂ ਦੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੀ ਤਿਆਰੀ ਵੀ ਐਨ ਮੌਕੇ 'ਤੇ ਧਰੀ ਧਰਾਈ ਰਹਿ ਗਈ ਸੀ। ਉਧਰ, ਸਾਬਕਾ ਕੈਬਨਿਟ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਨੇ ਆਖਿਆ ਕਿ ਜਥੇਦਾਰ ਛੋਟੇਪੁਰ ਮਿਹਨਤੀ ਵਰਕਰ ਹੈ, ਉਸ ਦੇ ਪਾਰਟੀ 'ਚ ਸ਼ਾਮਲ ਹੋਣ




ਨਾਲ ਹਲਕਾ ਕਾਦੀਆਂ, ਡੇਰਾ ਬਾਬਾ ਨਾਨਕ ਅਤੇ ਸ੍ਰੀ ਹਰਗੋਬਿੰਦਪੁਰ ਵਿਚ ਵੀ ਪਾਰਟੀ ਨੂੰ ਬਲ ਮਿਲੇਗਾ।

ਉਧਰ, ਛੋਟੇਪੁਰ ਨੇ ਇਸ ਮੌਕੇ ਸਾਰੀਆਂ ਪੰਜਾਬੀ ਤੇ ਪੰਥਕ ਤਾਕਤਾਂ ਨੂੰ ਅਕਾਲੀ ਦਲ ਦੇ ਝੰਡੇ ਥੱਲੇ ਇਕੱਠੇ ਹੋ ਕੇ ਲੜਨ ਅਤੇ ਬਾਹਰਲਿਆਂ ਦੇ ਤਿੰਨ ਪੜਾਵੀ ਹਮਲੇ ਨੂੰ ਮਾਤ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਅਤੇ ਪੰਜਾਬੀਆਂ ਨੂੰ ਕਾਂਗਰਸ, ਭਾਜਪਾ ਤੇ 'ਆਪ' ਅਤੇ ਹੋਰ ਬਾਹਰਲੀਆਂ ਪਾਰਟੀਆਂ ਦੀ ਲੁੱਟ ਤੋਂ ਬਚਾਅ ਸਕਦਾ ਹੈ। ਛੋਟੇਪੁਰ ਨੇ 1986 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਪੁਲਿਸ ਭੇਜਣ ਦੇ ਰੋਸ ਵਜੋਂ ਬਰਨਾਲਾ ਵਜ਼ਾਰਤ 'ਚੋਂ ਅਸਤੀਫਾ ਦਿੱਤਾ ਸੀ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਛੋਟੇਪੁਰ ਨੂੰ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ।

ਸੁਖਬੀਰ ਸਿੰਘ ਬਾਦਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਜਥੇਦਾਰ ਛੋਟੇਪੁਰ ਦੀ ਅਕਾਲੀ ਦਲ ਵਿਚ ਵਾਪਸੀ ਨਾਲ ਪੰਥਕ ਤਾਕਤਾਂ ਅਤੇ ਪੰਜਾਬ ਵਿਚ ਸ਼ਾਂਤੀ ਤੇ ਫਿਰਕੂ ਸਦਭਾਵਨਾ ਦੀ ਭਾਵਨਾ ਮਜ਼ਬੂਤ ਹੋਈ ਹੈ। ਉਨ੍ਹਾਂ ਕਿਹਾ ਕਿ ਸੁੱਚਾ ਸਿੰਘ ਛੋਟੇਪੁਰ ਪੰਜਾਬੀਆਂ ਦੇ ਸਵੈ-ਮਾਣ ਦੇ ਮੁਦੱਈ ਰਹੇ ਹਨ ਤੇ ਉਨ੍ਹਾਂ ਸੂਬੇ ਦੇ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਣ ਦੀਆਂ ਬਾਹਰਲਿਆਂ ਦੀਆਂ ਸਾਜ਼ਿਸ਼ਾਂ ਨੂੰ ਹਮੇਸ਼ਾ ਬੇਨਕਾਬ ਕੀਤਾ ਹੈ। ਇਸ ਮੌਕੇ ਅਕਾਲੀ ਦਲ ਦੇ ਉਘੇ ਆਗੂ ਜਥੇਦਾਰ ਮੋਹਣ ਸਿੰਘ ਤੁੜ ਦਾ ਪੋਤਰਾ ਅਮਰਿੰਦਰ ਸਿੰਘ ਤੁੜ ਵੀ ਜਥੇਦਾਰ ਛੋਟੇਪੁਰ ਨਾਲ ਪਾਰਟੀ ਵਿਚ ਸ਼ਾਮਲ ਹੋਇਆ। ਜਥੇਦਾਰ ਛੋਟੇਪੁਰ ਨੇ ਕਿਹਾ ਕਿ ਕਾਂਗਰਸ, ਭਾਜਪਾ ਅਤੇ 'ਆਪ' ਤਿੰਨਾਂ ਗੈਰ-ਪੰਜਾਬੀ ਧਾੜਵੀਆਂ ਦੇ ਹਮਲੇ ਕਾਰਨ ਪੰਜਾਬ ਦੀ ਵਿਲੱਖਣ ਸਭਿਆਚਾਰਕ ਏਕਤਾ ਦੇ ਨਾਲ ਨਾਲ ਸ਼ਾਂਤੀ, ਤਰੱਕੀ ਤੇ ਖੁਸ਼ਹਾਲੀ ਲਈ ਖਤਰਾ ਪੈਦਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਤਿੰਨੋਂ ਹਿੰਦੂਆਂ-ਸਿੱਖਾਂ ਵਿਚਾਲੇ ਮਤਭੇਦ ਪੈਦਾ ਕਰਕੇ, ਵੰਡੀਆਂ ਪਾ ਕੇ ਨਫਰਤ ਫੈਲਾ ਕੇ ਤੇ ਭੁਲੇਖਾ ਪੈਦਾ ਕਰ ਕੇ ਅਤੇ ਸਿੱਖ ਕੌਮ ਵਿਚ ਹੀ ਖਾਨਾਜੰਗੀ ਕਰਵਾ ਕੇ ਪੰਜਾਬ ਦੀ ਕਿਸਮਤ ਖੋਹਣਾ ਚਾਹੁੰਦੇ ਹਨ।

ਉਨ੍ਹਾਂ ਕਿਹਾ ਕਿ ਹਿੰਦੂ-ਸਿੱਖ ਸਦਭਾਵਨਾ ਤੇ ਪੰਥਕ ਏਕਤਾ ਪਵਿੱਤਰ ਸਿਧਾਂਤ ਹਨ ਅਤੇ ਇਸ ਵੇਲੇ ਪੰਜਾਬੀ ਬੱਚਿਆਂ ਤੇ ਨੌਜਵਾਨਾਂ ਦੇ ਖੁਸ਼ਹਾਲ ਭਵਿੱਖ ਲਈ ਸਭ ਤੋਂ ਪਹਿਲਾਂ ਤੇ ਸਭ ਤੋਂ ਜ਼ਰੂਰੀ ਹਨ। ਜਥੇਦਾਰ ਛੋਟੇਪੁਰ ਨੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਹਮਲਾ ਬੋਲਿਆ ਅਤੇ ਕਿਹਾ ਕਿ ਉਹ ਖੁਦ ਮੁੱਖ ਮੰਤਰੀ ਬਣਨਾ ਚਾਹੁੰਦੇ ਹਨ।

## ਸਾਬਕਾ ਵਿਧਾਇਕ ਬਲਦੇਵ ਸਿੰਘ ਜੈਤੋ ਕਾਂਗਰਸ 'ਚ ਸ਼ਾਮਲ

**ਮਾਨਸਾ:** ਆਮ ਆਦਮੀ ਪਾਰਟੀ ਦੇ ਜੈਤੋ ਤੋਂ ਸਾਬਕਾ ਵਿਧਾਇਕ ਮਾ. ਬਲਦੇਵ ਸਿੰਘ ਜੈਤੋ ਨੇ ਇਥੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਹਾਜ਼ਰੀ 'ਚ ਕਾਂਗਰਸ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਜ਼ਿਕਰਯੋਗ ਹੈ ਕਿ ਉਨ੍ਹਾਂ ਬੀਤੇ ਦਿਨੀਂ 'ਆਪ' ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਹਲਕਾ ਨਾਭਾ ਦੇ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ 'ਚ ਐਡਵੋਕੇਟ ਜਗਦੀਸ਼ ਸਿੰਘ ਲਾਲਕਾ, ਜਥੇਦਾਰ ਲਾਲ ਸਿੰਘ ਰਣਜੀਤਗੜ੍ਹ, ਜਗਜੀਤ ਸਿੰਘ ਖੋਖ, ਕਰਮ ਸਿੰਘ ਮਾਂਗੇਵਾਲ, ਦਿਲਸਾਦ ਚੌਧਰੀ, ਸੁਪਿੰਦਰ ਸਿੰਘ ਗਲਵੱਟੀ ਆਦਿ ਨੇ ਕਾਂਗਰਸ ਦਾ ਪੱਲਾ ਫੜ ਲਿਆ।

# ਜ਼ਮੀਨ ਹੱਦਬੰਦੀ: ਮੁੱਖ ਮੰਤਰੀ ਚੰਨੀ ਨੇ ਆਪਣੇ ਫੈਸਲੇ ਤੋਂ ਪਲਟੀ ਮਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਹੁਣ ਲੈਂਡ ਸੀਲਿੰਗ ਮਾਮਲੇ 'ਤੇ ਯੂ-ਟਰਨ ਲੈ ਲਿਆ ਹੈ। ਲੈਂਡ ਸੀਲਿੰਗ ਸਬੰਧੀ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਪਹਿਲਾਂ 10 ਦਸੰਬਰ ਨੂੰ ਵੱਡੇ ਕਿਸਾਨਾਂ ਦੀ ਸ਼ਨਾਖ਼ਤ ਕਰਨ ਲਈ ਪੱਤਰ ਜਾਰੀ ਕੀਤਾ ਸੀ। ਦੂਸਰੇ ਦਿਨ ਹੀ ਮੁੱਖ ਮੰਤਰੀ ਨੇ ਇਸ ਪੱਤਰ 'ਤੇ ਕੋਈ ਅਗਲੇਰੀ ਕਾਰਵਾਈ ਕਰਨ 'ਤੇ ਰੋਕ ਲਗਾ ਦਿੱਤੀ, ਜਿਸ ਸਬੰਧੀ ਕਿਸਾਨ-ਮਜ਼ਦੂਰ ਧਿਰਾਂ ਨੇ ਮੁੱਖ ਮੰਤਰੀ ਦੀ ਘੇਰਾਬੰਦੀ ਕਰਨੀ ਸ਼ੁਰੂ ਕਰ ਦਿੱਤੀ ਹੈ।

ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰ ਕੇ 'ਦਿ ਪੰਜਾਬ ਲੈਂਡ ਰਿਫਾਰਮਜ਼ ਐਕਟ-1972' ਤਹਿਤ ਲੈਂਡ ਸੀਲਿੰਗ ਤੋਂ ਵੱਧ ਜਮੀਨ ਰੱਖਣ ਵਾਲੇ ਮਾਲਕਾਂ ਦੀ ਰਿਪੋਰਟ ਭੇਜਣ ਲਈ ਕਿਹਾ ਸੀ। ਪੰਜਾਬ ਸਰਕਾਰ ਨੇ ਚੋਣਾਂ ਤੋਂ ਐਨ ਪਹਿਲਾਂ ਜ਼ਮੀਨੀ ਸੁਧਾਰਾਂ ਸਬੰਧੀ ਹਿਲਜੁਲ ਸ਼ੁਰੂ ਕੀਤੀ ਸੀ। ਇੰਜ ਜਾਪਦਾ ਹੈ ਕਿ ਸਿਆਸੀ ਸੇਕ ਦੇ ਡਰੋਂ ਮੁੱਖ ਮੰਤਰੀ ਨੇ ਪੈਰ ਪਿਛਾਂਹ ਖਿੱਚ ਲਏ ਹਨ। ਜਦੋਂ ਮੁੱਖ ਮੰਤਰੀ ਚੰਨੀ ਨੇ ਇਹ ਪੱਤਰ



ਜਾਰੀ ਕੀਤਾ ਤਾਂ ਪੰਜਾਬ ਦੇ ਮਜ਼ਦੂਰਾਂ ਨੂੰ ਆਸ ਬੱਝੀ ਸੀ ਪਰ ਹੁਣ ਪੱਤਰ ਵਾਪਸੀ ਮਗਰੋਂ ਮਜ਼ਦੂਰਾਂ 'ਚ ਸ਼ੰਕੇ ਖੜ੍ਹੇ ਹੋ ਗਏ ਹਨ। ਕਿਸਾਨ ਧਿਰਾਂ ਦਾ ਇਕ ਹਿੱਸਾ ਸਮਾਜਿਕ ਬਖੇੜੇ ਨੂੰ ਟਾਲਣ ਲਈ ਇਸ ਯੂ-ਟਰਨ ਨੂੰ ਠੀਕ ਆਖ ਰਿਹਾ ਹੈ ਅਤੇ ਤਰਕ ਦੇ ਰਿਹਾ ਹੈ ਕਿ ਇਸ ਨਾਲ ਕਿਸਾਨੀ 'ਚ ਦਰਾੜ ਵਧਣੀ ਸੀ।

ਪੰਜਾਬ ਵਿਚ ਇਸ ਵੇਲੇ ਕਰੀਬ 10.50 ਲੱਖ ਕਿਸਾਨ ਪਰਿਵਾਰ ਹਨ ਅਤੇ ਕਰੀਬ 86 ਫੀਸਦੀ ਕਿਸਾਨਾਂ ਕੋਲ ਪੰਜ ਏਕੜ ਤੋਂ ਘੱਟ ਜਮੀਨ ਦੀ ਮਾਲਕੀ ਹੈ। ਜਾਣਕਾਰੀ ਅਨੁਸਾਰ ਸੂਬੇ ਵਿਚ 14.50 ਲੱਖ ਟਿਊਬਵੈੱਲ ਕੁਨੈਕਸ਼ਨ ਹਨ, ਜਿਨ੍ਹਾਂ 'ਚੋਂ 1.82 ਲੱਖ ਕਿਸਾਨਾਂ ਕੋਲ ਦੋ ਜਾਂ ਦੋ ਤੋਂ ਜ਼ਿਆਦਾ ਕੁਨੈਕਸ਼ਨ ਹਨ। ਵੱਧ ਮੋਟਰਾਂ ਵਾਲੇ ਕਰੀਬ ਛੇ ਫੀਸਦੀ ਕਿਸਾਨ ਬਿਜਲੀ ਸਬਸਿਡੀ ਦਾ 26 ਫੀਸਦੀ ਭਾਵ 1700 ਕਰੋੜ ਲੈ ਰਹੇ ਹਨ। ਅੰਦਾਜ਼ਾ ਹੈ ਕਿ ਇਨ੍ਹਾਂ 'ਚ ਜ਼ਮੀਨੀ ਹੱਦਬੰਦੀ ਤੋਂ ਜ਼ਿਆਦਾ ਜ਼ਮੀਨਾਂ ਵਾਲੇ ਮਾਲਕ ਸ਼ਾਮਲ ਹਨ। 'ਦਿ ਪੰਜਾਬ ਲੈਂਡ ਰਿਫਾਰਮਜ਼ ਐਕਟ 1972' ਤਹਿਤ 17.50 ਏਕੜ ਦੀ ਸੀਲਿੰਗ ਹੈ। ਪੰਜਾਬ ਵਿਚ ਮੁਢਲੇ ਪੜਾਅ 'ਤੇ 1952 ਵਿਚ ਜ਼ਮੀਨੀ ਸੁਧਾਰਾਂ ਦਾ ਕੰਮ ਸ਼ੁਰੂ ਹੋਇਆ ਸੀ। ਸਰਕਾਰ ਰਿਕਾਰਡ ਅਨੁਸਾਰ ਉਦੋਂ ਜ਼ਮੀਨਾਂ ਦੀ ਮਾਲਕੀ ਦੀ ਸ਼ਨਾਖ਼ਤ ਕੀਤੀ ਗਈ ਸੀ ਅਤੇ ਲੈਂਡ ਰਿਫਾਰਮਜ਼ ਕਮੇਟੀ ਨੇ 9 ਮਈ 1952 ਨੂੰ ਜੋ ਰਿਪੋਰਟ ਦਿੱਤੀ ਸੀ, ਉਸ ਅਨੁਸਾਰ ਸਾਂਝੇ ਪੰਜਾਬ ਦੇ 13 ਜਿਲ੍ਹਿਆਂ ਵਿੱਚ ਕੁੱਲ 25.73 ਲੱਖ ਕਿਸਾਨ ਜ਼ਮੀਨਾਂ ਦੇ ਮਾਲਕ ਸਨ।

ਇਨ੍ਹਾਂ 'ਚੋਂ 10 ਏਕੜ ਤੱਕ ਦੇ ਮਾਲਕ ਕਿਸਾਨਾਂ ਦੀ ਗਿਣਤੀ 20.04 ਲੱਖ ਬਣਦੀ ਸੀ, ਜੋ 78 ਫੀਸਦੀ ਦੇ ਕਰੀਬ ਸੀ। ਸੌ ਏਕੜ ਤੋਂ 250 ਏਕੜ ਜਮੀਨ ਦੀ ਮਾਲਕੀ ਵਾਲੇ ਕਿਸਾਨਾਂ ਦੀ ਗਿਣਤੀ 9,683 ਬਣਦੀ ਸੀ ਜਦੋਂ ਕਿ 250 ਏਕੜ ਤੋਂ ਜ਼ਿਆਦਾ ਜਮੀਨ ਦੇ ਮਾਲਕ ਕਿਸਾਨਾਂ ਦੀ ਗਿਣਤੀ 2,002 ਬਣਦੀ ਸੀ। 1952 ਵਿਚ 250 ਏਕੜ ਤੋਂ ਜ਼ਿਆਦਾ ਜ਼ਮੀਨਾਂ ਦੇ ਮਾਲਕ ਸਭ ਤੋਂ ਵੱਧ ਜਿਲ੍ਹਾ ਅੰਮ੍ਰਿਤਸਰ ਵਿਚ ਸਨ, ਜਿਨ੍ਹਾਂ ਦੀ ਗਿਣਤੀ 112 ਬਣਦੀ ਸੀ ਜਦੋਂ ਕਿ ਫ਼ਿਰੋਜ਼ਪੁਰ ਜਿਲ੍ਹੇ ਵਿਚ ਅਜਿਹੇ 85 ਕਿਸਾਨ ਸਨ। ਉਸ ਮਗਰੋਂ 1978 ਵਿਚ ਸਰਕਾਰ ਨੇ ਅੰਕੜਾ ਪੇਸ਼ ਕੀਤਾ ਸੀ ਕਿ ਪੰਜਾਬ ਵਿਚ 1.86 ਲੱਖ ਏਕੜ ਜਮੀਨ ਸਰਪਲੱਸ ਨਿਕਲੀ ਹੈ, ਜਿਸ ਵਿਚੋਂ 60,678 ਏਕੜ ਜਮੀਨ ਅਲਾਟ ਕੀਤੀ ਗਈ ਸੀ। ਪੰਜਾਬ ਸਰਕਾਰ ਨੇ ਲੰਮੇ ਅਰਸੇ ਮਗਰੋਂ ਜ਼ਮੀਨੀ ਹੱਦਬੰਦੀ ਦੇ ਮਾਮਲੇ ਨੂੰ ਹੱਥ ਪਾਇਆ ਸੀ। ਸੂਤਰ ਆਖਦੇ ਹਨ ਕਿ ਮੁੱਖ ਮੰਤਰੀ ਦਾ ਇਹ ਸਿਆਸੀ ਸ਼ੋਸ਼ਾ ਸੀ, ਜਿਸ ਤਹਿਤ ਡਿਪਟੀ ਕਮਿਸ਼ਨਰਾਂ ਤੋਂ ਸਿਰਫ ਚਾਰ ਘੰਟਿਆਂ ਵਿਚ ਇਹ ਵੇਰਵੇ ਮੰਗੇ ਗਏ ਸਨ, ਜੋ ਸੰਭਵ ਨਹੀਂ ਸਨ।

### ਚੰਨੀ ਸਰਮਾਏਦਾਰਾਂ ਅੱਗੇ ਝੁਕਿਆ: ਉਗਰਾਹਾਂ

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਮੁੱਖ ਮੰਤਰੀ ਨੇ ਪਹਿਲਾਂ ਪੱਤਰ ਜਾਰੀ ਕਰ ਦਿੱਤਾ ਅਤੇ ਜਦੋਂ ਸਰਮਾਏਦਾਰ ਕਿਸਾਨਾਂ ਨੇ ਘੁਰਕੀ ਦਿੱਤੀ ਤਾਂ ਮੁੱਖ ਮੰਤਰੀ ਪਿੱਛੇ ਹਟ ਗਏ ਹਨ। ਜੇ ਚੰਨੀ ਮਜ਼ਦੂਰਾਂ ਦੇ ਸੱਚੇ ਮੁੱਦਈ ਹਨ ਤਾਂ ਫੌਰੀ ਫੈਸਲਾ ਲੈਣ। ਉਨ੍ਹਾਂ ਆਖਿਆ ਕਿ ਪੱਤਰ ਜਾਰੀ ਕਰਨਾ ਮੁੱਖ ਮੰਤਰੀ ਦੀ ਫੋਕੀ ਬੜ੍ਹਕ ਹੀ ਸੀ।

## ਕਿਸਾਨ ਅੰਦੋਲਨ ਦੀ ਸਮਾਪਤੀ 'ਤੇ ਸਿਆਸੀ ਧਿਰਾਂ ਨੇ ਸੁੱਖ ਦਾ ਸਾਹ ਲਿਆ



**ਨਵੀਂ ਦਿੱਲੀ:** ਕਿਸਾਨ ਜਥੇਬੰਦੀਆਂ ਵੱਲੋਂ ਅੰਦੋਲਨ ਮੁਲਤਵੀ ਕਰਨ ਦੇ ਫੈਸਲੇ ਦਾ ਵੱਖ-ਵੱਖ ਆਗੂਆਂ ਨੇ ਸਵਾਗਤ ਕੀਤਾ ਹੈ। ਕਾਂਗਰਸ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਅਤੇ ਕੇਂਦਰੀ ਮੰਤਰੀ ਸੰਜੀਵ ਬਾਲਿਆਨ ਨੇ ਪਾਰਟੀ ਪੱਧਰ ਤੋਂ ਉਪਰ ਉਠ ਕੇ ਕਿਸਾਨਾਂ ਦੀਆਂ ਮੰਗਾਂ ਮੰਨੇ ਜਾਣ 'ਤੇ ਇਕ-ਦੂਜੇ ਨੂੰ ਵਧਾਈ ਦਿੱਤੀ।

ਬਾਲਿਆਨ ਨੇ ਕਿਹਾ ਕਿ ਹੁਣ ਭਾਜਪਾ ਨੂੰ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਕੇਂਦਰ ਅਤੇ ਸੂਬਾ ਪੱਧਰ 'ਤੇ ਕੀਤੇ ਗਏ ਕੰਮਾਂ ਦੁਆਲੇ ਆਪਣਾ ਏਜੰਡਾ ਤੈਅ ਕਰਨ ਦਾ ਮੌਕਾ ਮਿਲ ਜਾਵੇਗਾ। ਪੱਛਮੀ ਉਤਰ ਪ੍ਰਦੇਸ਼ ਦੇ ਜਾਟ ਆਗੂ ਬਾਲਿਆਨ ਨੇ ਕਿਹਾ ਕਿ ਹੁਣ ਪਾਰਟੀ ਦੀ ਸਥਿਤੀ 'ਚ ਹੋਰ ਸੁਧਾਰ ਹੋਵੇਗਾ ਕਿਉਂਕਿ ਕਿਸਾਨ ਨਰਿੰਦਰ ਮੋਦੀ ਸਰਕਾਰ ਦੇ ਕੰਮਾਂ ਤੋਂ ਸੰਤੁਸ਼ਟ ਹੋ ਕੇ ਘਰ ਪਰਤ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਕਿਸਾਨਾਂ ਵੱਲੋਂ ਅੰਦੋਲਨ ਮੁਲਤਵੀ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ 'ਲੋਕਤੰਤਰ ਦੀ ਜਿੱਤ' ਕਰਾਰ ਦਿੰਦਿਆਂ ਕਿਹਾ,"ਜਦੋਂ ਸਰਕਾਰ ਨਹੀਂ ਸੁਣਦੀ ਹੈ ਤਾਂ ਲੋਕਾਂ ਨੂੰ ਅੰਦੋਲਨ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ।" ਖੇਤੀ ਕਾਨੂੰਨਾਂ ਦੇ ਵਿਰੋਧ 'ਚ ਮੋਦੀ ਕੈਬਨਿਟ 'ਚੋਂ ਅਸਤੀਫਾ ਦੇਣ ਵਾਲੀ ਹਰਸਿਮਰਤ ਨੇ ਕਿਹਾ ਕਿ ਕਿਸਾਨਾਂ ਨੇ ਅੰਦੋਲਨ ਭਾਵੇਂ ਮੁਲਤਵੀ ਕਰ ਦਿੱਤਾ ਹੈ ਪਰ ਉਨ੍ਹਾਂ ਦੇ ਜ਼ਖਮ ਭਰਨ ਨੂੰ ਅਜੇ ਸਮਾਂ ਲੱਗੇਗਾ।

### ਕੈਪਟਨ ਵੱਲੋਂ ਕਿਸਾਨਾਂ ਦੀ ਘਰ ਵਾਪਸੀ ਦਾ ਸਵਾਗਤ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਦੇ ਬਾਰਡਰਾਂ 'ਤੇ ਕਿਸਾਨ ਅੰਦੋਲਨ ਦੀ ਸਫਲਤਾਪੂਰਵਕ ਸਮਾਪਤੀ ਉਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਕੈਪਟਨ ਨੇ ਪੰਜਾਬ ਪਰਤ ਰਹੇ ਕਿਸਾਨਾਂ ਦਾ ਸਵਾਗਤ ਕਰਦਿਆਂ ਤੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਅਨੁਸ਼ਾਸਨ, ਸੰਜਮ ਤੇ ਹਿੰਮਤ ਕਾਰਨ ਹੀ ਅੰਦੋਲਨ ਆਪਣੇ ਨਿਰਣਾਇਕ ਅੰਤ ਤੱਕ ਪਹੁੰਚਿਆ ਹੈ ਤੇ ਭਾਰਤ ਸਰਕਾਰ ਨੂੰ ਆਖਰਕਾਰ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲੈਣਾ ਹੀ ਪਿਆ। ਇਸ ਦੌਰਾਨ ਸਾਬਕਾ ਮੁੱਖ ਮੰਤਰੀ ਨੇ ਉਮੀਦ ਪ੍ਰਗਟ ਕੀਤੀ ਹੈ ਕਿ ਪੰਜਾਬ ਸਰਕਾਰ ਚੋਣਾਂ ਤੋਂ ਪਹਿਲਾਂ ਕਾਂਗਰਸ ਦੇ ਮੈਨੀਫੈਸਟੋ 'ਚ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰੇਗੀ।

### ਭਾਜਪਾ ਆਗੂਆਂ ਦੇ ਘਰਾਂ ਦੇ ਬਾਹਰੋਂ ਕਿਸਾਨ ਧਰਨੇ ਸਮਾਪਤ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਤੋਂ ਬਾਅਦ ਕਿਸਾਨ ਮੋਰਚੇ ਦੀ ਹੋਈ ਜਿੱਤ ਨੂੰ ਕਿਸਾਨਾਂ ਵੱਲੋਂ ਭੰਗੜੇ ਪਾ ਕੇ ਲੱਡੂ ਵੰਡ ਕੇ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਸਣੇ ਹੋਰ ਆਗੂਆਂ ਦੇ ਘਰ ਦੇ ਬਾਹਰ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੇ ਧਰਨਿਆਂ ਨੂੰ ਵੀ ਸਮਾਪਤ ਕਰ ਦਿੱਤਾ ਗਿਆ। ਦਿੱਲੀ ਤੋਂ ਪਰਤੇ ਇਸ ਜਥੇ ਦਾ ਪਹਿਲਾਂ ਦਬੁਰਜੀ ਵਿਖੇ ਸਵਾਗਤ ਕੀਤਾ ਗਿਆ ਅਤੇ ਮੁੜ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਦੇ ਘਰ ਦੇ ਬਾਹਰ ਸਵਾਗਤ ਕੀਤਾ ਗਿਆ। ਕਿਸਾਨਾਂ ਨੇ ਢੋਲ ਦੀ ਥਾਪ 'ਤੇ ਭੰਗੜੇ ਪਾਏ, ਦਿੱਲੀ ਤੋਂ ਪਰਤੇ ਕਿਸਾਨਾਂ ਦੇ ਗਲਾਂ ਵਿਚ ਹਾਰ ਪਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਨੂੰ ਜੀ ਆਇਆਂ ਆਖਿਆ।

## ਕਿਸਾਨਾਂ ਵੱਲੋਂ ਮੋਰਚਿਆਂ ਵਾਲੀਆਂ ਥਾਵਾਂ ਦੀ ਸਾਫ-ਸਫਾਈ ਮੁਹਿੰਮ



**ਨਵੀਂ ਦਿੱਲੀ:** ਕਿਸਾਨੀ ਮੋਰਚਿਆਂ ਵਾਲੀਆਂ ਥਾਵਾਂ ਸਿੰਘੂ, ਟਿਕਰੀ ਤੇ ਗਾਜ਼ੀਪੁਰ ਹੱਦਾਂ ਤੋਂ ਘਰਾਂ ਨੂੰ ਚਾਲੇ ਪਾਉਣ ਤੋਂ ਬਾਅਦ ਕਿਸਾਨਾਂ ਨੇ ਇਨ੍ਹਾਂ ਥਾਵਾਂ ਦੀ ਸਫਾਈ ਆਰੰਭ ਦਿੱਤੀ ਹੈ। ਕਿਸਾਨ ਮੋਰਚੇ ਦੇ ਪ੍ਰਬੰਧਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਅਲੀਪੁਰ ਵਾਸੀ ਦੀਪ ਖੱਤਰੀ ਤੇ ਉਨ੍ਹਾਂ ਦੀ ਸੰਸਥਾ ਸ਼ਹੀਦ ਭਗਤ ਸਿੰਘ ਯੁਵਾ ਬ੍ਰਿਗੇਡ ਦੇ ਵਾਲੰਟੀਅਰਾਂ ਵੱਲੋਂ ਕਿਸਾਨਾਂ ਨਾਲ ਮਿਲ ਕੇ ਸਿੰਘੂ ਹੱਦ 'ਤੇ ਸਫਾਈ ਕੀਤੀ ਜਾ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਨੇ ਦੱਸਿਆ ਕਿ 20 ਤੋਂ ਜ਼ਿਆਦਾ ਜੇ.ਸੀ.ਬੀ. ਮਸ਼ੀਨਾਂ ਨਾਲ ਕੌਮੀ ਮਾਰਗ ਨੰਬਰ-1 'ਤੇ ਬਣਾਈਆਂ ਝੌਂਪੜੀਆਂ ਵਾਲੀਆਂ ਥਾਵਾਂ ਤੋਂ ਸਫਾਈ ਸ਼ੁਰੂ ਕੀਤੀ ਗਈ। ਇਸ ਕੰਮ ਲਈ 100 ਤੋਂ ਜ਼ਿਆਦਾ ਵਾਲੰਟੀਅਰਾਂ ਨਾਲ ਕਾਰਜ ਜਾਰੀ ਹੈ।

## ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਚੰਡੀਗੜ੍ਹ:** ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਦੌਰਾਨ ਆਪਣੀਆਂ ਜਾਨਾਂ ਗਵਾਉਣ ਵਾਲੇ ਕਿਸਾਨਾਂ ਦੇ 11 ਪਰਿਵਾਰਕ ਮੈਂਬਰਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਥੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਰਣਦੀਪ ਸਿੰਘ ਨਾਭਾ ਦੀ ਮੌਜੂਦਗੀ 'ਚ ਨਿਯੁਕਤੀ ਪੱਤਰ ਸੌਂਪੇ।

ਕਿਸਾਨਾਂ ਨੂੰ ਸੂਬੇ ਦੇ ਆਰਥਿਕ ਢਾਂਚੇ ਦੀ ਰੀੜ੍ਹ ਦੀ ਹੱਡੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੀੜਤ ਪਰਿਵਾਰਾਂ ਦੀ ਭਲਾਈ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕੇਗੀ। ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲਿਆਂ ਵਿਚ ਬੂਟਾ ਸਿੰਘ, ਮਨੀਸ਼ ਕੁਮਾਰ, ਅੰਮ੍ਰਿਤਪਾਲ ਕੌਰ, ਮਨਪ੍ਰੀਤ ਕੌਰ, ਕਮਲਪ੍ਰੀਤ ਸਿੰਘ, ਨਿਰਮਲ ਸਿੰਘ, ਗੁਰਵਿੰਦਰ ਕੌਰ, ਬਖਸ਼ੀਸ਼ ਸਿੰਘ, ਨਰਿੰਦਰ ਸਿੰਘ, ਦੀਕਸ਼ਾ ਅਤੇ ਗਗਨਦੀਪ ਕੌਰ ਸ਼ਾਮਲ ਹਨ।

### ਮੋਦੀ ਨੇ ਕਾਨੂੰਨ ਵਾਪਸ ਲੈ ਕੇ ਕੋਈ ਅਹਿਸਾਨ ਨਹੀਂ ਕੀਤਾ: ਚੰਨੀ

**ਪਾਇਲ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਖਿਆ ਕਿ ਲੋਕ ਸ਼ਕਤੀ ਸਭ ਤੋਂ ਵੱਡੀ ਤਾਕਤ ਹੁੰਦੀ ਹੈ, ਜਿਸ ਕਰਕੇ ਕੇਂਦਰ ਸਰਕਾਰ ਨੂੰ ਜਬਰੀ ਕਿਸਾਨਾਂ 'ਤੇ ਥੋਪੇ ਗਏ ਤਿੰਨ ਖੇਤੀ ਕਾਨੂੰਨ ਰੱਦ ਕਰਨ ਲਈ ਮਜਬੂਰ ਹੋਣਾ ਪਿਆ। ਕਿਸਾਨ-ਮਜ਼ਦੂਰ ਸੰਘਰਸ਼ ਦੌਰਾਨ 700 ਤੋਂ ਵੱਧ ਕਿਸਾਨਾਂ ਦੀਆਂ ਜਾਨਾਂ ਚਲੀਆਂ ਗਈਆਂ ਹਨ। ਇਸ ਲਈ ਇਹ ਖੇਤੀ ਕਾਨੂੰਨ ਰੱਦ ਕਰਕੇ ਮੋਦੀ ਨੇ ਕੋਈ ਅਹਿਸਾਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ, ਅਕਾਲੀ ਤੇ ਕੈਪਟਨ ਅਮਰਿੰਦਰ ਆਪਸ 'ਚ ਮਿਲੇ ਹੋਏ ਹਨ ਤੇ ਇਨ੍ਹਾਂ ਦਾ ਗੁਪਤ ਗਠਜੋੜ ਹੈ। ਇਸੇ ਕਰਕੇ ਕਿਸਾਨ ਅੰਦੋਲਨ ਇੰਨਾ ਲੰਮਾ ਖਿੱਚਿਆ ਗਿਆ।

# ਚੰਨੀ ਸਰਕਾਰ ਦੀ ਵਾਅਦਾਖਿਲਾਫੀ ਵਿਰੁੱਧ ਨਿੱਤਰੇ ਮਜ਼ਦੂਰ

### ਸਾਂਝੇ ਮਜ਼ਦੂਰ ਮੋਰਚੇ ਨੇ ਪੰਜਾਬ ਭਰ 'ਚ ਰੋਕੀਆਂ ਰੇਲਾਂ

**ਚੰਡੀਗੜ੍ਹ:** ਪੇਂਡੂ ਤੇ ਖੇਤ ਮਜ਼ਦੂਰ ਧਿਰਾਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਹਜ਼ਾਰਾਂ ਮਜ਼ਦੂਰਾਂ ਨੇ ਪੰਜਾਬ ਭਰ ਵਿਚ ਕਰੀਬ ਇਕ ਦਰਜਨ ਥਾਵਾਂ 'ਤੇ ਰੇਲਾਂ ਰੋਕੀਆਂ। ਇਸ ਨਾਲ ਕਰੀਬ ਚਾਰ ਘੰਟੇ ਰੇਲ ਆਵਾਜਾਈ ਪ੍ਰਭਾਵਿਤ ਰਹੀ। ਮਜ਼ਦੂਰਾਂ ਦਾ ਇਹ ਰੋਸ ਪ੍ਰੋਗਰਾਮ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ ਸੀ ਜਿਨ੍ਹਾਂ ਵੱਲੋਂ ਮਜ਼ਦੂਰਾਂ ਦੇ ਮਸਲੇ ਹੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਦਿਖਾਈ ਗਈ। ਮਜ਼ਦੂਰਾਂ ਨੇ 12 ਵਜੇ ਤੋਂ ਚਾਰ ਵਜੇ ਤੱਕ ਰੇਲ ਲਾਈਨਾਂ ਰੋਕੀਆਂ ਅਤੇ ਪੰਜਾਬ ਸਰਕਾਰ ਖਿਲਾਫ ਮੁਰਦਾਬਾਦ ਦੇ ਨਾਅਰੇ ਵੀ ਲਗਾਏ। ਵੇਰਵਿਆਂ ਅਨੁਸਾਰ ਮਜ਼ਦੂਰਾਂ ਨੇ ਅੰਮ੍ਰਿਤਸਰ ਜਿਲ੍ਹੇ 'ਚ ਮਾਨਾਂਵਾਲਾ, ਕਪੂਰਥਲਾ 'ਚ ਫਿਲਵਾਂ, ਫਿਲੌਰ, ਬਠਿੰਡਾ 'ਚ ਜੇਠੂਕੇ, ਸੰਗਤ ਤੇ ਰਾਮਪੁਰਾ, ਮਾਨਸਾ, ਸੁਨਾਮ, ਗਿੱਦੜਬਾਹਾ, ਮੋਗਾ 'ਚ ਅਜੀਤਵਾਲ ਤੇ ਫਰੀਦਕੋਟ 'ਚ ਜੈਤੋ ਵਿਖੇ ਰੇਲ ਮਾਰਗ ਜਾਮ ਕੀਤੇ। ਮੁੱਖ ਮੰਗਾਂ ਵਿਚ ਬੇਘਰਿਆਂ ਤੇ ਲੋੜਵੰਦਾਂ ਨੂੰ ਪਲਾਟ ਦੇਣ, ਬਿਜਲੀ ਦੇ ਪੁੱਟੇ ਮੀਟਰ ਬਿਨਾਂ ਸ਼ਰਤ ਜੋੜਨ, ਦਲਿਤਾਂ ਤੇ ਜਬਰ ਦੇ ਮੁਲਜ਼ਮਾਂ ਨੂੰ ਸਜਾਵਾਂ ਦੇਣ ਲਈ 'ਸਿਟ' ਦਾ ਗਠਨ ਕਰਨ, ਸਹਿਕਾਰੀ ਸਭਾਵਾਂ 'ਚ ਮਜ਼ਦੂਰਾਂ ਨੂੰ 25 ਫੀਸਦੀ ਰਾਖਵਾਂਕਰਨ ਕਰਕੇ 50 ਹਜ਼ਾਰ ਤੱਕ



ਦੀ ਕਰਜ਼ਾ ਰਾਸ਼ੀ ਕਰਨ ਦੇ ਮਾਮਲੇ ਸ਼ਾਮਲ ਹਨ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂ ਤਰਸੇਮ ਪੀਟਰ, ਦੇਵੀ ਕੁਮਾਰੀ, ਜੋਰਾ ਸਿੰਘ ਨਸਰਾਲੀ, ਸੰਜੀਵ ਮਿੰਟੂ, ਭਗਵੰਤ ਸਿੰਘ ਸਮਾਓਂ, ਦਰਸ਼ਨ ਨਾਹਰ ਅਤੇ ਕੁਲਵੰਤ ਸਿੰਘ ਸੇਲਬਰਾਹ ਨੇ ਚੰਨੀ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਪੰਜਾਬ ਸਰਕਾਰ ਨੇ ਮੰਨੀਆਂ ਮੰਗਾਂ ਨੂੰ ਅਮਲੀ ਰੂਪ ਨਾ ਦਿੱਤਾ ਅਤੇ ਭਖਦੀਆਂ ਮਜ਼ਦੂਰ ਮੰਗਾਂ ਦਾ ਹੱਲ ਨਾ ਕੀਤਾ ਤਾਂ ਉਹ ਮਜ਼ਦੂਰਾਂ ਦੇ ਅਗਲੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹੇ।

### 'ਚੰਨੀ ਸਰਕਾਰ ਨਾਲ ਹਿਸਾਬ ਕਰਨਾ ਬਾਕੀ'

**ਲਹਿਰਾਗਾਗਾ:** ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਪੰਜਾਬ ਵਾਸੀਆਂ ਨੂੰ ਦਿੱਲੀ ਦਾ ਮੋਰਚਾ ਸਰ ਕਰਨ ਉਤੇ ਵਧਾਈ ਦਿੱਤੀ। ਉਨ੍ਹਾਂ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਇਕ ਮੋਰਚਾ ਫਤਹਿ ਕਰਦਿਆਂ ਮੋਦੀ ਸਰਕਾਰ ਨਾਲ ਹਿਸਾਬ ਪੂਰਾ ਕਰ ਆਏ ਹਾਂ, ਹੁਣ ਚੰਨੀ ਸਰਕਾਰ ਨਾਲ ਹਿਸਾਬ-ਕਿਤਾਬ ਕਰਨਾ ਬਾਕੀ ਹੈ ਕਿਉਂਕਿ ਪੰਜਾਬ ਦਾ ਕਿਸਾਨ ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਰਿਹਾ ਹੈ ਅਤੇ ਪੜ੍ਹੇ-ਲਿਖੇ ਨੌਜਵਾਨਾਂ ਕੋਲੋਂ ਠੇਕੇਦਾਰ ਦਿਹਾੜੀਆਂ ਕਰਵਾ ਰਹੇ ਹਨ।" ਕਿਸਾਨ ਆਗੂ ਨੇ ਕਿਹਾ ਕਿ ਕਿਸਾਨ ਤੇ ਖੇਤ ਮਜ਼ਦੂਰ ਨਹੁੰ-ਮਾਸ ਵਾਂਗ ਜੁੜੇ ਹੋਏ ਹਨ ਅਤੇ ਜਥੇਬੰਦੀ ਹੁਣ ਸੂਬੇ ਦੇ ਮਜ਼ਦੂਰਾਂ ਦੇ ਸੰਘਰਸ਼ 'ਚ ਆਪਣਾ ਹਿੱਸਾ ਪਾਵੇਗੀ।

ਪੰਜਾਬ ਟਾਈਮਜ਼

ਸਨਿਚਰਵਾਰ, 18 ਦਸੰਬਰ 2021

## ਚੋਣ ਮੈਦਾਨ ਅਤੇ ਸਿਆਸਤ

ਕਿਸਾਨ ਜਥੇਬੰਦੀਆਂ ਇਤਿਹਾਸ ਦਾ ਸੁਰਖ ਸਫਾ ਲਿਖ ਚੁੱਕੀਆਂ ਹਨ। ਇਸ ਦੇ ਨਾਲ ਹੀ ਹੁਣ ਸਿਆਸੀ ਸਰਗਰਮੀਆਂ ਦਾ ਪਿੜ ਭਖਣ ਲੱਗ ਪਿਆ ਹੈ। ਪੰਜਾਬ ਅਤੇ ਉਤਰ ਪ੍ਰਦੇਸ਼ ਸਮੇਤ ਪੰਜ ਰਾਜਾਂ ਅੰਦਰ ਵਿਧਾਨ ਸਭਾ ਚੋਣਾਂ ਅਗਲੇ ਸਾਲ ਦੇ ਆਰੰਭ ਵਿਚ ਹੋਣੀਆਂ ਹਨ। ਇਸੇ ਕਰਕੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਤਰ ਪ੍ਰਦੇਸ਼ ਵਿਚ ਗੇੜੇ ਵਧਾ ਦਿੱਤੇ ਹਨ ਪਰ ਇਸੇ ਦੌਰਾਨ ਲਖੀਮਪੁਰ ਖੀਰੀ ਹਿੰਸਾ ਬਾਰੇ ਸਪੈਸ਼ਲ ਜਾਂ ਟੀਮ (ਸਿਟ) ਦੀ ਟਿੱਪਣੀ ਆ ਗਈ ਹੈ। 'ਸਿਟ' ਨੇ ਸਿੱਟਾ ਕੱਢਿਆ ਹੈ ਕਿ 3 ਅਕਤੂਬਰ ਨੂੰ ਹੋਈ ਘਟਨਾ ਗਿਣੀ-ਮਿਥੀ ਸਾਜ਼ਿਸ਼ ਸੀ। 'ਸਿਟ' ਨੇ ਕੇਸ ਦੀ ਸੁਣਵਾਈ ਕਰ ਰਹੀ ਅਦਾਲਤ ਨੂੰ ਮੁਲਜ਼ਮਾਂ ਖਿਲਾਫ ਇਰਾਦਾ ਕਤਲ ਨਾਲ ਜੁੜੀ ਧਾਰਾ ਜੋੜਨ ਦੀ ਅਪੀਲ ਕੀਤੀ ਸੀ ਅਤੇ ਇਹ ਅਪੀਲ ਅਦਾਲਤ ਨੇ ਮਨਜ਼ੂਰ ਵੀ ਕਰ ਲਈ ਹੈ। ਇਸ ਕਾਰਵਾਈ ਨੂੰ ਵੀ ਕਿਸਾਨ ਅੰਦੋਲਨ ਦੀ ਇਕ ਹੋਰ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਸਾਰਾ ਕੁਝ ਕਿਸਾਨ ਅੰਦੋਲਨ ਦੀ ਬਦੌਲਤ ਹੀ ਹੋਇਆ ਹੈ।

ਯਾਦ ਰਹੇ ਕਿ ਗੱਡੀ ਅੰਦੋਲਨਕਾਰੀ ਕਿਸਾਨਾਂ ਉਤੇ ਚੜ੍ਹਾਉਣ ਦੀ ਇਸ ਘਟਨਾ ਵਿਚ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਦੀ ਮੌਤ ਹੋ ਗਈ ਸੀ। ਬਾਅਦ ਵਿਚ ਭੜਕੀ ਹਿੰਸਾ ਵਿਚ ਦੋ ਭਾਜਪਾ ਕਾਰਕੁਨ ਅਤੇ ਇਕ ਡਰਾਈਵਰ ਵੀ ਮਾਰੇ ਗਏ ਸਨ। ਦੋਸ਼ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਤੇ ਭਾਜਪਾ ਆਗੂ ਅਜੈ ਮਿਸ਼ਰਾ ਦੇ ਕਾਫਲੇ ਵਿਚ ਸ਼ਾਮਿਲ ਵਾਹਨਾਂ ਨੇ ਕਿਸਾਨਾਂ ਨੂੰ ਦਰੜ ਦਿੱਤਾ ਅਤੇ ਇਨ੍ਹਾਂ ਵਾਹਨਾਂ ਵਿਚੋਂ ਇਕ ਵਾਹਨ ਨੂੰ ਅਜੈ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ ਚਲਾ ਰਿਹਾ ਸੀ। ਆਸ਼ੀਸ਼ ਮਿਸ਼ਰਾ ਨੂੰ ਭਾਵੇਂ ਮਗਰੋਂ ਗ੍ਰਿਫਤਾਰ ਕਰ ਲਿਆ ਗਿਆ ਪਰ ਉਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਉਸ ਨੂੰ ਬਚਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ। ਸੁਪਰੀਮ ਕੋਰਟ ਨੇ ਇਸ ਕੇਸ ਵਿਚ ਉਤਰ ਪ੍ਰਦੇਸ਼ ਸਰਕਾਰ ਦੀ ਬਹੁਤ ਝਾੜ-ਝੰਬ ਕੀਤੀ ਅਤੇ ਬਾਅਦ ਵਿਚ 'ਸਿਟ' ਬਣਾਉਣ ਦੀ ਹਦਾਇਤ ਕੀਤੀ ਸੀ। ਸੁਪਰੀਮ ਕੋਰਟ ਨੇ ਇਸ ਕੇਸ ਵਿਚ ਉਤਰ ਪ੍ਰਦੇਸ਼ ਸਰਕਾਰ ਦੇ ਰਵੱਈਏ ਦਾ ਸਖਤ ਨੋਟਿਸ ਲੈਂਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਨੂੰ 'ਸਿਟ' ਦੀ ਜਾਂਚ ਉਤੇ ਨਿਗ੍ਹਾ ਰੱਖਣ ਲਈ ਕਹਿ ਦਿੱਤਾ ਸੀ। ਇਕ ਲਿਹਾਜ਼ ਦੇਖਿਆ ਜਾਵੇ ਤਾਂ ਇਸ ਕੇਸ ਨੂੰ ਇਸ ਅੰਜਾਮ ਤੱਕ ਪਹੁੰਚਾਉਣ ਵਿਚ ਕਿਸਾਨ ਅੰਦੋਲਨ ਦਾ ਹੀ ਸਭ ਤੋਂ ਵੱਧ ਹੱਥ ਰਿਹਾ ਹੈ। ਬਿਨਾ ਸ਼ੱਕ, ਉਤਰ ਪ੍ਰਦੇਸ਼ ਇਸ ਕੇਸ ਨੂੰ ਰਫਾ-ਦਫਾ ਕਰਨ ਦੇ ਮੂਡ ਵਿਚ ਸੀ ਪਰ ਕਿਸਾਨ ਜਥੇਬੰਦੀਆਂ ਨੇ ਇਸ ਕੇਸ ਦਾ ਲਗਾਤਾਰ ਪਿੱਛਾ ਕੀਤਾ ਅਤੇ ਮੁਲਜ਼ਮਾਂ ਖਿਲਾਫ ਸ਼ਿਕੰਜਾ ਲਗਾਤਾਰ ਕੱਸੀ ਰੱਖਿਆ।

'ਸਿਟ' ਦੀ ਟਿੱਪਣੀ ਨਾਲ ਉਤਰ ਪ੍ਰਦੇਸ਼ ਵਿਚ ਭਾਜਪਾ ਕਸੂਤੀ ਹਾਲਤ ਵਿਚ ਫਸ ਗਈ ਹੈ। ਇਸੇ ਦੌਰਾਨ ਇਸ ਪਾਰਟੀ ਦਾ ਸਾਰਾ ਜ਼ੋਰ ਵਿਧਾਨ ਸਭਾ ਚੋਣਾਂ ਜਿੱਤਣ ਲਈ ਰਣਨੀਤੀ ਘੜਨ ਲਈ ਲੱਗਿਆ ਹੋਇਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਇਨ੍ਹਾਂ ਚੋਣਾਂ ਲਈ ਖੁਦ ਰਣਨੀਤੀਆਂ ਬਣਾਉਣ ਲਈ ਸਰਗਰਮੀ ਕਰ ਰਹੇ ਹਨ। ਅਸਲ ਵਿਚ, ਐਤਕੀਂ ਵਾਲੀਆਂ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ 2017 ਵਾਲੀਆਂ ਚੋਣਾਂ ਬਿਲਕੁਲ ਵੱਖਰੀਆਂ ਹਨ। ਉਸ ਵਕਤ ਭਾਜਪਾ ਸਮਾਜ ਵਿਚ ਪਾੜਾ ਪਾਉਣ ਵਿਚ ਪੂਰੀ ਤਰ੍ਹਾਂ ਕਾਮਯਾਬ ਹੋ ਗਈ ਸੀ ਅਤੇ ਇਸ ਨੇ ਮੁਸਲਮਾਨਾਂ ਖਿਲਾਫ ਪ੍ਰਚਾਰ ਕਰਕੇ ਸਾਧਾਰਨ ਹਿੰਦੂਆਂ ਨੂੰ ਜਜ਼ਬਾਤੀ ਬਣਾ ਕੇ ਆਪਣੇ ਵੱਲ ਕਰ ਲਿਆ ਸੀ। ਐਤਕੀਂ ਇਹ ਪਾਰਟੀ ਅਜੇ ਤੱਕ ਅਜਿਹਾ ਪੱਤਾ ਖੇਡਣ ਵਿਚ ਕਾਮਯਾਬ ਨਹੀਂ ਹੋਈ। ਉਂਜ ਵੀ ਐਤਕੀਂ ਸਮਾਜਵਾਦੀ ਪਾਰਟੀ ਦਾ ਹਾਲ ਪਹਿਲਾਂ ਨਾਲੋਂ ਬਿਹਤਰ ਹੈ। ਭਾਜਪਾ ਦੀਆਂ ਕਿਆਸਆਰਾਈਆਂ ਵੀ ਇਹੀ ਹਨ ਕਿ ਉਤਰ ਪ੍ਰਦੇਸ਼ ਵਿਚ ਇਸ ਦਾ ਮੁੱਖ ਮੁਕਾਬਲਾ ਸਮਾਜਵਾਦੀ ਪਾਰਟੀ ਨਾਲ ਹੀ ਹੋਣਾ ਹੈ।

ਪੰਜਾਬ ਵਿਚ ਸਿਆਸੀ ਹਾਲਾਤ ਇਸ ਤੋਂ ਬਿਲਕੁਲ ਵੱਖਰੇ ਹਨ। ਪੰਜਾਬ ਵਿਚ ਭਾਜਪਾ ਮੁੱਖ ਧਿਰ ਨਹੀਂ। ਭਾਜਪਾ ਭਾਵੇਂ ਪੰਜਾਬ ਵਿਚ ਸਾਰੀਆਂ 117 ਸੀਟਾਂ ਉਤੇ ਚੋਣ ਲੜਨ ਅਤੇ ਅਗਲੀ ਸਰਕਾਰ ਬਣਾਉਣ ਦੇ ਦਆਵੇ ਕਰ ਰਹੀ ਹੈ ਪਰ ਫਿਲਹਾਲ ਅਜਿਹੀ ਕੋਈ ਸਮੀਕਰਨ ਨਜ਼ਰ ਨਹੀਂ ਆ ਰਹੀ। ਫਿਰ ਵੀ ਇਹ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਨਾਲ ਰਲ ਕੇ ਵੱਧ ਤੋਂ ਵੱਧ ਸੀਟਾਂ ਜਿੱਤਣ ਦੀ ਕੋਸ਼ਿਸ਼ ਜ਼ਰੂਰ ਕਰ ਰਹੀ ਹੈ। ਬਾਕੀ ਤਿੰਨੇ ਧਿਰਾਂ- ਸੱਤਾਧਾਰੀ ਕਾਂਗਰਸ, ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ, ਵੀ ਅਗਲੀ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੀਆਂ ਹਨ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਵਿਚੋਂ ਇਕ ਵੀ ਧਿਰ ਪੰਜਾਬ ਦੀਆਂ ਅਸਲ ਸਮੱਸਿਆਵਾਂ ਵੱਲ ਧਿਆਨ ਨਹੀਂ ਦੇ ਰਹੀਆਂ ਬਲਕਿ ਲੋਕਾਂ ਨੂੰ ਮੁਫਤ ਸਹੂਲਤਾਂ ਦਾ ਲਾਲਚ ਦੇ ਕੇ ਭਰਮਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਕਾਂਗਰਸ ਸਰਕਾਰ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਸਾਰਾ ਜ਼ੋਰ ਇਹ ਜਚਾਉਣ 'ਤੇ ਲੱਗਿਆ ਹੋਇਆ ਹੈ ਕਿ ਪੰਜਾਬ ਵਿਚ ਕੰਮ-ਕਾਰ ਉਨ੍ਹਾਂ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਹੀ ਸ਼ੁਰੂ ਹੋਇਆ ਹੈ। ਉਂਜ, ਕੇਂਦਰੀ ਲੀਡਰਸ਼ਿਪ ਦੇ ਯਤਨਾਂ ਦੇ ਬਾਵਜੂਦ ਪੰਜਾਬ ਕਾਂਗਰਸ ਵਿਚ ਕਲੇਸ਼ ਨੂੰ ਤੱਕ ਅਜੇ ਠੱਲ੍ਹ ਨਹੀਂ ਪੈ ਰਹੀ ਹੈ। ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਇਸ ਦਾ ਸਿੱਧਾ ਫਾਇਦਾ ਆਮ ਆਦਮੀ ਪਾਰਟੀ ਜਾਂ ਸ਼੍ਰੋਮਣੀ ਅਕਾਲੀ ਦਲ ਨੂੰ ਹੋ ਸਕਦਾ ਹੈ। ਦੂਜੇ ਬੰਨੇ, ਅਕਾਲੀ ਦਲ ਦਾ ਜਥੇਬੰਦਕ ਤਾਣਾ-ਬਾਣਾ ਭਾਵੇਂ ਪਹਿਲਾਂ ਵਾਂਗ ਹੀ ਕਾਇਮ ਹੈ ਪਰ ਸਿਆਸੀ ਪਿੜ ਵਿਚ ਪਾਰਟੀ ਦੇ ਅਜੇ ਤੱਕ ਢੰਗ ਨਾਲ ਪੈਰ ਨਹੀਂ ਲੱਗ ਰਹੇ ਹਨ। ਫਿਰ ਵੀ ਪਾਰਟੀ ਆਗੂਆਂ ਨੂੰ ਆਸ ਹੈ ਕਿ ਇਹ ਆਪਣੇ ਕਾਡਰ ਦੇ ਤਕੜੇ ਆਧਾਰ 'ਤੇ ਚੋਣਾਂ ਵਿਚ ਵਧੀਆ ਕਾਰਗੁਜ਼ਾਰੀ ਦਿਖਾ ਜਾਵੇਗੀ। ਆਮ ਆਦਮੀ ਪਾਰਟੀ ਦੀ ਸਾਰੀ ਮੁਹਿੰਮ ਪਾਰਟੀ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਚਲਾਈ ਜਾ ਰਹੀ ਹੈ। ਵਿਕਾਸ ਦੀਆਂ ਉਦਾਹਰਨਾਂ ਵੀ ਦਿੱਲੀ ਦੀਆਂ ਦਿੱਤੀਆਂ ਜਾ ਰਹੀਆਂ ਹਨ। ਅਜਿਹੇ ਹਾਲਾਤ ਵਿਚ ਇਹ ਖਦਸ਼ਾ ਵੀ ਪ੍ਰਗਟਾਇਆ ਜਾ ਰਿਹਾ ਹੈ ਕਿ ਐਤਕੀਂ ਕਿਸੇ ਵੀ ਧਿਰ ਨੂੰ ਬਹੁਮਤ ਹਾਸਲ ਨਹੀਂ ਹੋਵੇਗਾ। ਉਸ ਸੂਰਤ ਵਿਚ ਪੰਜਾਬ ਦੀ ਸਿਆਸਤ ਹੋਰ ਵੀ ਬਿਖੜੇ ਪੈਂਡੇ ਵਾਲੀ ਹੋ ਨਿੱਬੜੇਗੀ।

### ਠਾਹ-ਸੋਟਾ


-ਚਾਚਾ ਬੇਲਿਹਾਜ਼

#### ਸ਼ੁਕਰ ਹੈ ਜਿੱਤ ਹੋਈ!

ਕਰ ਕੇ ਸ਼ੁਰੂ ਸੰਘਰਸ਼ ਪੰਜਾਬੀਆਂ ਨੇ, ਲਾਈਆਂ ਅੱਗੇ ਹੀ ਅੱਗੇ ਉਡਾਰੀਆਂ ਨੀ।
ਦਿੱਤਾ ਫੇਰ 'ਸੁਹਾਗਾ' ਵਖਰੇਵਿਆਂ 'ਤੇ, ਸਾਰੇ ਕਿਰਤੀਆਂ ਪਾਈਆਂ ਯਾਰੀਆਂ ਨੀ।
ਊਜਾਂ ਲਾਉਣ ਦੀ ਛੱਡੀ ਨਾ ਕਸਰ ਕੋਈ, ਲਾਈਆਂ ਤੁਹਮਤਾਂ ਹਾਕਮਾਂ ਭਾਰੀਆਂ ਨੀ।
'ਲੱਤਾਂ ਖਿੱਚੀਆਂ' ਭੰਡੀ-ਪ੍ਰਚਾਰ ਕਰਿਆ, ਨੀਤਾਂ ਜਿਨ੍ਹਾਂ ਕੋਈ ਹੋਰ ਹੀ ਧਾਰੀਆਂ ਨੀ।
ਲਿਆਈ ਰੰਗ 'ਕਮਾਂਡ' ਸਿਆਣਿਆਂ ਦੀ, ਲਏ ਪੈਂਤੜੇ ਜੁਗਤਾਂ ਸੀ ਨਿਆਰੀਆਂ ਨੀ।
ਲੱਖ ਸ਼ੁਕਰ ਹੈ ਪਿਆ ਨੀਂ ਇੰਜ ਕਹਿਣਾ, ਕਿ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ!

# ਚੋਣ ਸਿਆਸਤ ਅਤੇ ਭਾਰਤੀ ਮੁਸਲਮਾਨਾਂ ਦੀ ਹੋਣੀ

***ਅਗਲੇ ਸਾਲ ਦੇ ਸ਼ੁਰੂ ਵਿਚ ਜਿਨ੍ਹਾਂ ਪੰਜ ਰਾਜਾਂ ਅੰਦਰ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਉਨ੍ਹਾਂ ਵਿਚੋਂ ਸਭ ਤੋਂ ਅਹਿਮ ਉਤਰ ਪ੍ਰਦੇਸ਼ ਨੂੰ ਸਮਝਿਆ ਜਾ ਰਿਹਾ ਹੈ। ਉਥੇ ਇਸ ਵਕਤ ਭਾਜਪਾ ਦੀ ਸਰਕਾਰ ਹੈ ਪਰ ਫਿਲਹਾਲ ਚੋਣ ਪਿੜ ਵਿਚ ਸਮਾਜਵਾਦੀ ਪਾਰਟੀ ਦਾ ਹੱਥ ਉਤਾਂਹ ਦਿਸ ਰਿਹਾ ਹੈ। ਇਸ ਦੇ ਨਾਲ ਹੀ ਉਥੋਂ ਦੇ ਮੁਸਲਮਾਨ ਵੋਟਰ ਅਜੇ ਭਾਵੇਂ ਖਾਮੋਸ਼ ਦਿਸ ਰਹੇ ਹਨ ਪਰ ਉਹ ਸਮਾਜਵਾਦੀ ਪਾਰਟੀ ਪਿੱਛੇ ਇਕੱਠੇ ਹੋ ਰਹੇ ਹਨ। ਵਿਸ਼ਲੇਸ਼ਕਾਂ ਮੁਤਾਬਿਕ, ਮੁਸਲਮਾਨ ਵੋਟਰ ਇਸ ਵਾਰ ਭਾਜਪਾ ਨੂੰ ਹਰਾ ਸਕਣ ਵਾਲੀ ਧਿਰ ਪਿੱਛੇ ਲਾਮਬੰਦ ਹੋ ਰਹੇ ਹਨ ਅਤੇ ਜੇ ਅਜਿਹਾ ਵਾਪਰ ਜਾਂਦਾ ਹੈ ਤਾਂ ਭਾਜਪਾ ਦੀ ਫਿਰਕੂ ਸਿਆਸਤ ਨੂੰ ਡੱਕਿਆ ਜਾ ਸਕਦਾ ਹੈ।***



**ਅਭੈ ਕੁਮਾਰ ਦੂਬੇ**

ਉੱਤਰ ਪ੍ਰਦੇਸ਼ ਵਿਚ ਚੋਣ ਜ਼ਾਬਤਾ ਲੱਗਣ ਵਿਚ ਕਰੀਬ ਮਹੀਨਾ ਰਹਿ ਗਿਆ ਹੈ। ਪਿਛਲੇ ਤਿੰਨ ਮਹੀਨਿਆਂ ਤੋਂ ਦੇਸ਼ ਦੇ ਸਭ ਤੋਂ ਵੱਡੇ ਸੂਬੇ ਵਿਚ ਚੁਣਾਵੀ ਰਾਜਨੀਤੀ ਦਾ ਤੂਫਾਨ ਬੇਰੋਕ-ਟੋਕ ਚੱਲ ਰਿਹਾ ਹੈ। ਨੇਤਾਵਾਂ ਦੀਆਂ ਰੈਲੀਆਂ, ਸਭਾਵਾਂ ਅਤੇ ਰਾਜਨੀਤਕ ਪ੍ਰੋਗਰਾਮਾਂ ਦੇ ਹੰਗਾਮੇ ਦੀ ਹੱਦ ਨਹੀਂ ਹੈ। ਇਸ ਸੂਰਤ ਵਿਚ ਸਿਰਫ ਇਕ ਵੋਟਰ-ਸਮੂਹ ਪੂਰੀ ਤਰ੍ਹਾਂ ਨਾਲ ਖਾਮੋਸ਼ ਹੈ। ਇਹ ਹੈ ਮੁਸਲਮਾਨ ਵੋਟਰ। ਦਿਲਚਸਪ ਗੱਲ ਇਹ ਹੈ ਕਿ ਤਕਰੀਬਨ ਇੱਕੀ ਫੀਸਦੀ ਦਾ ਇਹ ਵੱਡਾ ਵੋਟਰ-ਸਮੂਹ ਜਿੰਨਾ ਖਾਮੋਸ਼ ਹੈ, ਉਸ ਦੀ ਖਾਮੋਸ਼ੀ ਓਨੀ ਹੀ ਬੋਲ ਰਹੀ ਹੈ। ਇਹ ਅਣਐਲਾਨੀ ਜਿਹੀ ਹਕੀਕਤ ਮੰਨੀ ਜਾ ਰਹੀ ਹੈ ਕਿ ਉੱਤਰ ਪ੍ਰਦੇਸ਼ ਦੇ ਵੋਟਰਾਂ ਨੇ ਇਸ ਵਾਰ ਸਮਾਜਵਾਦੀ ਪਾਰਟੀ ਨੂੰ ਇਕਜੁੱਟ ਹੋ ਕੇ ਸਮਰਥਨ ਦੇਣ ਦਾ ਮਨ ਬਣਾ ਲਿਆ ਹੈ। ਇਹ ਸਥਿਤੀ ਇਸ ਦੇ ਬਾਵਜੂਦ ਹੈ ਕਿ ਇਸ ਵਾਰ ਪ੍ਰਦੇਸ਼ ਵਿਚ ਹੈਦਰਾਬਾਦ ਤੋਂ ਆਈ ਮੁਸਲਮਾਨਾਂ ਦੀ ਪਾਰਟੀ ਮਜਲਿਸ-ਏ-ਇਤਿਹਾਦੁਲ ਮੁਸਲੀਮੀਨ (ਐਮ.ਆਈ.ਐਮ.) ਦੇ ਨੇਤਾ ਅਸਦ-ਉਦ-ਦੀਨ ਓਵੈਸੀ ਵੀ ਆਪਣੇ ਉਮੀਦਵਾਰ ਖੜ੍ਹੇ ਕਰਨਗੇ। ਇਸ ਤੋਂ ਇਲਾਵਾ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਤੀਤ ਵਿਚ ਮੁਸਲਮਾਨ ਮਤਦਾਤਾ ਇਕ ਹੱਦ ਤੱਕ ਬਹੁਜਨ ਸਮਾਜ ਪਾਰਟੀ ਨੂੰ ਵੀ ਪਸੰਦ ਕਰਦੇ ਰਹੇ ਹਨ।

ਤੀਜੇ ਪਾਸੇ ਕਾਂਗਰਸ ਵੀ ਉਨ੍ਹਾਂ ਦੇ ਵੋਟਾਂ ਦੀ ਦਾਅਵੇਦਾਰ ਰਹਿੰਦੀ ਹੈ ਅਤੇ ਮੁਸਲਮਾਨ ਸਮਾਜ ਦੇ ਅੰਦਰ ਇਕ ਛੋਟਾ ਜਿਹਾ ਹਿੱਸਾ ਅਜਿਹਾ ਵੀ ਹੈ ਜੋ ਖੁਦ ਨੂੰ ਕਾਂਗਰਸ ਦੇ ਨਾਲ ਜਜ਼ਬਾਤੀ ਤੌਰ 'ਤੇ ਜੁੜਿਆ ਹੋਇਆ ਮਹਿਸੂਸ ਕਰਦਾ ਹੈ; ਭਾਵ ਮੁਸਲਮਾਨ ਵੋਟਾਂ ਦੇ ਵੰਡੇ ਜਾਣ ਦੀ ਜ਼ਮੀਨ ਤਾਂ ਪੂਰੀ ਤਰ੍ਹਾਂ ਨਾਲ ਤਿਆਰ ਹੈ ਪਰ ਇਸ ਦੇ ਬਾਵਜੂਦ ਜੇ ਮੁਸਲਮਾਨ ਵੋਟਰ ਵੰਡੇ ਜਾਣ ਤੋਂ ਇਨਕਾਰ ਕਰਦੇ ਹੋਏ ਦਿਖਾਈ ਦੇ ਰਹੇ ਹਨ ਤਾਂ ਇਹ ਨਾ ਸਿਰਫ ਉਨ੍ਹਾਂ ਦੀ ਰਾਜਨੀਤਕ ਪਰਿਪੱਕਤਾ ਦੀ ਨਿਸ਼ਾਨੀ ਹੈ ਸਗੋਂ ਇਸ ਨਾਲ ਉਹ ਸੰਕਲਪ ਵੀ ਪ੍ਰਗਟ ਹੁੰਦਾ ਹੈ ਜਿਸ ਤਹਿਤ ਉਹ ਆਪਣੀ ਗੁਆਚੀ ਹੋਈ ਰਾਜਨੀਤਕ ਜ਼ਮੀਨ ਫਿਰ ਤੋਂ ਹਾਸਲ ਕਰਨਾ ਚਾਹੁੰਦੇ ਹਨ।

ਪਿਛਲੀਆਂ ਚੋਣਾਂ (2017) ਵਿਚ ਮੁਸਲਮਾਨ ਵੋਟਾਂ ਵੰਡਣ ਲਈ ਭਾਰਤੀ ਜਨਤਾ ਪਾਰਟੀ ਨੇ ਕਾਫੀ ਦਾਅ-ਪੇਚ ਚੱਲੇ ਸਨ। ਉਨ੍ਹਾਂ ਚੋਣਾਂ ਵਿਚ ਰਾਜਨੀਤਕ ਹਾਲਾਤ ਅੱਜ ਦੇ ਮੁਕਾਬਲੇ ਵੱਖਰੇ ਹਨ। ਦਰਅਸਲ, ਕੋਈ ਡੇਢ ਸਾਲ ਪਹਿਲਾਂ ਭਾਜਪਾ ਦਿੱਲੀ ਅਤੇ ਬਿਹਾਰ ਦੀਆਂ ਚੋਣਾਂ ਵਿਚ ਜ਼ਬਰਦਸਤ ਹਾਰ ਝੱਲ ਚੁੱਕੀ ਸੀ। ਜੇ ਮੁਸਲਮਾਨਾਂ ਦੇ ਵੋਟ-ਰੁਝਾਨਾਂ ਦਾ ਅਧਿਐਨ ਦੇਖਿਆ ਜਾਵੇ ਤਾਂ ਪਹਿਲੀ ਨਜ਼ਰ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਚੋਣਾਂ ਵਿਚ ਉਹ ਰਣਨੀਤਕ ਤੌਰ 'ਤੇ ਚੋਣ-ਖੇਤਰ ਪੱਧਰ 'ਤੇ ਹੋਰ ਸਮਾਜਕ ਸਮੂਹਾਂ ਨਾਲ ਭਾਜਪਾ ਵਿਰੋਧੀ ਗੱਠਜੋੜ ਬਣਾਉਣ ਵਿਚ ਕਾਮਯਾਬ ਰਹੇ ਸਨ। ਇਸ ਲਈ ਉਨ੍ਹਾਂ ਦਾ ਭਾਜਪਾ ਵਿਰੋਧੀ ਵੋਟ ਪ੍ਰਭਾਵੀ ਸਾਬਤ ਹੋਇਆ ਸੀ।

ਸੀ.ਐਸ.ਡੀ.ਐਸ. ਲੋਕਨੀਤੀ ਦੇ ਖੋਜਕਰਤਾ ਰਾਹੁਲ ਵਰਮਾ ਅਤੇ ਪ੍ਰਣਵ ਗੁਪਤਾ ਨੇ ਬਿਹਾਰ ਚੋਣਾਂ ਦਾ ਅਧਿਐਨ ਕਰਕੇ ਦੱਸਿਆ ਸੀ ਕਿ ਲਾਲੂ-ਨਿਤਿਸ਼ ਦੇ ਮਹਾ ਗੱਠਜੋੜ ਦੀ ਸਮਾਜਕ ਸ਼ਕਤੀਆਂ ਨਾਲ ਮੁਸਲਮਾਨ ਵੋਟਰਾਂ ਦੇ ਗੱਠਜੋੜ ਨੇ ਲਾਲੂ-ਨਿਤਿਸ਼ ਕੁਮਾਰ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਈ। ਦਿੱਲੀ ਵਿਚ ਵੀ ਅਜਿਹਾ ਹੀ ਹੋਇਆ ਸੀ। ਆਮ ਆਦਮੀ ਪਾਰਟੀ ਦਾ ਸਮਰਥਨ ਕਰਨ ਵਾਲੇ ਗ਼ਰੀਬ ਤਬਕਿਆਂ (ਉਂਜ ਦਿੱਲੀ ਦੇ ਮੁਸਲਮਾਨ ਵੀ ਗ਼ਰੀਬ ਤਬਕਿਆਂ ਵਿਚ ਹੀ ਆਉਂਦੇ ਹਨ) ਨਾਲ ਜੁੜ ਕੇ ਮੁਸਲਮਾਨਾਂ ਨੇ ਪੂਰੇ ਸੰਕਲਪ ਨਾਲ ਭਾਜਪਾ ਵਿਰੋਧੀ ਵੋਟਾਂ ਪਾਈਆਂ ਅਤੇ ਨਤੀਜੇ ਵਜੋਂ



ਭਾਜਪਾ ਦੀਆਂ ਸੀਟਾਂ ਸਿਰਫ ਤਿੰਨ ਰਹਿ ਗਈਆਂ। ਇਹੀ ਮੁਸਲਮਾਨ ਵੋਟਾਂ 2014 ਦੀਆਂ ਲੋਕ ਸਭਾ ਚੋਣਾਂ ਵਿਚ 'ਆਪ' ਅਤੇ ਕਾਂਗਰਸ ਦੇ ਵਿਚਕਾਰ ਵੰਡੀਆਂ ਗਈਆਂ ਸਨ; ਨਤੀਜੇ ਵਜੋਂ ਭਾਜਪਾ ਨੇ ਦਿੱਲੀ ਦੀਆਂ ਸੱਤ ਸੀਟਾਂ ਜਿੱਤ ਲਈਆਂ ਸਨ।

ਭਾਜਪਾ ਉੱਤਰ ਪ੍ਰਦੇਸ਼ ਦੀਆਂ ਚੋਣਾਂ ਵਿਚ ਮੁਸਲਮਾਨਾਂ ਦਾ ਬਿਹਾਰ ਅਤੇ ਦਿੱਲੀ ਦੀ ਤਰਜ਼ 'ਤੇ ਕੋਈ ਭਾਜਪਾ ਵਿਰੋਧੀ ਸਮਾਜਕ ਗੱਠਜੋੜ ਰੋਕਣਾ ਚਾਹੁੰਦੀ ਸੀ। ਇਸ ਲਈ ਅਮਿਤ ਸ਼ਾਹ ਨੇ ਛੇ ਮਹੀਨੇ ਪਹਿਲਾਂ ਹੀ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਉਨ੍ਹਾਂ ਦੀ ਮੁੱਖ ਟੱਕਰ ਸਮਾਜਵਾਦੀ ਪਾਰਟੀ ਨਾਲ ਹੈ। ਦਰਅਸਲ, ਉਨ੍ਹਾਂ ਨੂੰ ਡਰ ਸੀ ਕਿ ਕਿਤੇ ਮੁਸਲਮਾਨ ਬਹੁਜਨ ਸਮਾਜ ਪਾਰਟੀ ਵੱਲ ਨਾ ਚਲੇ ਜਾਣ। ਅਜਿਹਾ ਹੋਣ ਦੀ ਸੂਰਤ ਵਿਚ ਭਾਜਪਾ ਦਾ ਜਿੱਤਣਾ ਨਾਮੁਮਕਿਨ ਹੋ ਜਾਂਦਾ, ਕਿਉਂਕਿ 21 ਫੀਸਦੀ ਤੋਂ ਵੱਧ ਦਲਿਤ ਵੋਟ ਅਤੇ 18 ਫੀਸਦੀ ਤੋਂ ਜ਼ਿਆਦਾ ਮੁਸਲਮਾਨ ਵੋਟ ਮਿਲ ਕੇ ਜਿਤਾਊ ਗੱਠਜੋੜ ਬਣਾਉਂਦੇ ਹਨ। ਜੇ ਹਰ ਚੋਣ ਹਲਕੇ ਵਿਚ ਅਜਿਹਾ ਗੱਠਜੋੜ ਬਣਦਾ ਹੋਇਆ ਦਿਸਦਾ ਹੈ, ਤਾਂ ਬਸਪਾ ਦੇ ਪੱਖ ਵਿਚ ਹਵਾ ਤਿਆਰ ਹੁੰਦੀ ਹੈ ਜਿਸ ਦੇ ਪ੍ਰਭਾਵ ਵਿਚ ਹੋਰ ਵਰਗਾਂ ਦੇ ਵੋਟ ਵੀ ਇਸ ਪਾਰਟੀ ਨੂੰ ਮਿਲ ਸਕਦੇ ਸਨ। ਭਾਜਪਾ ਖੁਦ ਚਾਹੁੰਦੀ ਸੀ ਕਿ ਮੁਸਲਮਾਨ ਸਮਾਜਵਾਦੀ ਪਾਰਟੀ ਨੂੰ ਵੋਟ ਦੇ ਕੇ ਬੇਅਸਰ ਹੋ ਜਾਣ, ਹਾਲਾਤ ਹੀ ਅਜਿਹੇ ਸਨ। ਸਮਾਜਵਾਦੀ ਪਾਰਟੀ ਅੰਦਰ ਜ਼ਬਰਦਸਤ ਕਲੇਸ਼ ਚੱਲ ਰਿਹਾ ਸੀ। ਭਾਜਪਾ ਦਾ ਖਿਆਲ ਸੀ ਕਿ ਇਸ ਪਾਰਟੀ ਦਾ ਯਾਦਵ ਸਮਰਥਨ ਆਧਾਰ ਵੀ ਅਖਿਲੇਸ਼ ਅਤੇ ਉਨ੍ਹਾਂ ਦੇ ਚਾਚਾ ਸ਼ਿਵਪਾਲ ਵਿਚਕਾਰ ਵੰਡਿਆ ਜਾਵੇਗਾ। ਇਸ ਲਈ ਮੁਸਲਮਾਨ ਵੋਟਰ ਕੁਝ ਖਾਸ ਅਸਰ ਨਹੀਂ ਪਾ ਸਕਣਗੇ।

> ***ਪਿਛਲੀਆਂ ਚੋਣਾਂ ਵਿਚ ਭਾਜਪਾ ਨੇ ਚਾਲੀ ਫੀਸਦੀ ਤੋਂ ਕੁਝ ਜ਼ਿਆਦਾ ਹਿੰਦੂ ਵੋਟਾਂ ਦੀ ਗੋਲਬੰਦੀ ਕਰਕੇ ਮੁਸਲਮਾਨ ਵੋਟਾਂ ਦੀ ਅਹਿਮੀਅਤ ਨੂੰ ਜ਼ੀਰੋ ਕਰ ਦਿੱਤਾ ਸੀ। ਉਪਰੋਂ ਮੁਸਲਮਾਨ ਵੋਟ ਵੰਡੇ ਵੀ ਗਏ ਸਨ। ਇਸ ਵਾਰ ਜੇ ਮੁਸਲਮਾਨ ਵੋਟਰਾਂ ਦੇ ਇਕਜੁੱਟ ਸਮਰਥਨ ਨਾਲ ਚੁਣਾਵੀ ਨਤੀਜਿਆਂ 'ਤੇ ਅਸਰ ਪਿਆ, ਤਾਂ ਭਾਰਤੀ ਲੋਕਤੰਤਰ 'ਤੇ ਮੰਡਰਾ ਰਹੇ ਹਿੰਦੂ ਬਹੁਗਿਣਤੀਵਾਦ ਦੇ ਕਾਲੇ ਬੱਦਲਾਂ ਨੂੰ ਪਿੱਛੇ ਧੱਕਿਆ ਜਾ ਸਕੇਗਾ।***

ਇਸ ਵਾਰ ਹਾਲਾਤ ਵੱਖਰੇ ਹਨ। ਅਖਿਲੇਸ਼ ਨੇ ਹੌਲੀ-ਹੌਲੀ ਯਾਦਵ ਸਮਾਜ ਵਿਚ ਆਪਣਾ ਦਬਦਬਾ ਏਨਾ ਵਧਾ ਲਿਆ ਹੈ ਕਿ ਸ਼ਿਵਪਾਲ ਸਿਰਫ ਛੋਟੇ ਜਿਹੇ ਖੇਤਰ ਵਿਚ ਥੋੜ੍ਹੇ-ਬਹੁਤ ਹੀ ਪ੍ਰਭਾਵੀ ਰਹਿ ਗਏ ਹਨ। ਇਸ ਲਈ ਸ਼ਿਵਪਾਲ ਨਾਲ ਗੱਠਜੋੜ ਕਰਨ ਵਿਚ ਅਖਿਲੇਸ਼ ਨੂੰ ਖਾਸ ਦਿਲਚਸਪੀ ਨਹੀਂ ਹੈ। ਇਸ ਦੇ ਉਲਟ ਉਨ੍ਹਾਂ ਦੀ ਕੋਸ਼ਿਸ਼ ਇਹ ਹੈ ਕਿ ਕਿਸੇ ਤਰ੍ਹਾਂ ਉਹ ਅਤਿ-ਪਛੜੀਆਂ ਜਾਤੀਆਂ ਦੇ ਰਾਜਨੀਤਕ ਪ੍ਰਤੀਨਿਧੀਆਂ ਨੂੰ ਸਮਾਜਵਾਦੀ ਪਾਰਟੀ ਦੇ ਨਾਲ ਜੋੜ ਲੈਣ। ਇਸ ਰਣਨੀਤੀ ਦਾ ਨਤੀਜਾ ਇਹ ਨਿਕਲਿਆ ਹੈ ਕਿ ਭਾਜਪਾ ਤੋਂ ਨਿਰਾਸ਼ ਅਤਿ-ਪਛੜੇ ਸਮਾਜ ਨੇ ਉਨ੍ਹਾਂ ਨਾਲ ਜੁੜ ਕੇ ਸਮਾਜਵਾਦੀ ਪਾਰਟੀ ਨੂੰ ਭਾਜਪਾ ਦਾ ਮੁੱਖ ਵਿਰੋਧੀ ਬਣਾ ਦਿੱਤਾ ਹੈ। ਇਹ ਸੰਦੇਸ਼ ਮੁਸਲਮਾਨ ਵੋਟਰਾਂ ਦੇ ਕੋਲ ਗਿਆ ਹੈ ਅਤੇ ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਸਿਰਫ ਅਖਿਲੇਸ਼ ਦੀ ਪਾਰਟੀ ਹੀ ਭਾਜਪਾ ਨੂੰ ਹਰਾ ਸਕਦੀ ਹੈ। ਇਸ ਲਈ ਓਵੈਸੀ ਦੀ ਮੌਜੂਦਗੀ ਹੁੰਦੇ ਹੋਏ ਵੀ ਉਹ ਖਾਮੋਸ਼ੀ ਨਾਲ ਸਮਾਜਵਾਦੀ ਪਾਰਟੀ ਨਾਲ ਜੁੜੇ ਹੋਏ ਦਿਖਾਈ ਦੇ ਰਹੇ ਹਨ।

ਹਾਲ ਹੀ ਵਿਚ ਖੁਦ ਨਰਿੰਦਰ ਮੋਦੀ ਨੇ ਵੀ ਘੁੰਮ-ਘੁਮਾ ਕੇ ਇਸ ਤੱਥ ਨੂੰ ਆਪਣੇ ਭਾਸ਼ਨ ਵਿਚ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਤੋਂ ਪਹਿਲਾਂ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਵੀ ਅਜਿਹਾ ਕਰ ਚੁੱਕੇ ਹਨ। ਦਰਅਸਲ, ਮੋਦੀ-ਯੋਗੀ ਦੀ ਜੋੜੀ ਆਪਣਾ ਹਮਲਾ ਸਿੱਧੇ ਸਮਾਜਵਾਦੀ ਪਾਰਟੀ 'ਤੇ ਹੀ ਕਰ ਰਹੀ ਹੈ। ਯੋਗੀ ਲਗਾਤਾਰ ਮੁਲਾਇਮ ਸਿੰਘ ਯਾਦਵ ਨੂੰ ਅਖਿਲੇਸ਼ ਦੇ 'ਅੱਬਾ ਜਾਨ' ਦੀ ਤਰ੍ਹਾਂ ਸੰਬੋਧਨ ਕਰ ਰਹੇ ਹਨ, ਤਾਂ ਕਿ ਉਨ੍ਹਾਂ ਨੂੰ ਮੁਸਲਮਾਨਾਂ ਵੱਲ ਝੁਕਿਆ ਦਿਖਾ ਕੇ ਉਸ ਖਿਲਾਫ ਸੰਪਰਦਾਇਕ ਹਿੰਦੂ-ਪ੍ਰਤੀਕਿਰਿਆ ਪੈਦਾ ਕਰ ਸਕਣ। ਅਖਿਲੇਸ਼ ਅਤੇ ਉਨ੍ਹਾਂ ਦੇ ਵਰਕਰਾਂ ਦੁਆਰਾ ਪਹਿਨੀ ਜਾਣ ਵਾਲੀ ਲਾਲ ਟੋਪੀ ਨੂੰ ਵੀ ਪ੍ਰਧਾਨ ਮੰਤਰੀ ਨੇ ਨਿਸ਼ਾਨਾ ਬਣਾਇਆ ਹੈ। ਮੋਦੀ-ਯੋਗੀ ਦੇ ਭਾਸ਼ਨਾਂ ਵਿਚ ਦੂਜੇ ਰਾਜਨੀਤਕ ਖਿਡਾਰੀਆਂ ਦਾ ਜ਼ਿਕਰ ਘੱਟ ਹੀ ਹੁੰਦਾ ਹੈ। ਜ਼ਾਹਰ ਹੈ ਕਿ ਭਾਜਪਾ ਵੀ ਅਖਿਲੇਸ਼ ਨੂੰ ਆਪਣੇ ਲਈ ਮੁੱਖ ਚੁਣੌਤੀ ਮੰਨ ਰਹੀ ਹੈ।

ਪਿਛਲੀਆਂ ਚੋਣਾਂ ਵਿਚ ਭਾਜਪਾ ਨੇ ਚਾਲੀ ਫੀਸਦੀ ਤੋਂ ਕੁਝ ਜ਼ਿਆਦਾ ਹਿੰਦੂ ਵੋਟਾਂ ਦੀ ਗੋਲਬੰਦੀ ਕਰਕੇ ਮੁਸਲਮਾਨ ਵੋਟਾਂ ਦੀ ਅਹਿਮੀਅਤ ਨੂੰ ਜ਼ੀਰੋ ਕਰ ਦਿੱਤਾ ਸੀ। ਉੱਪਰੋਂ ਮੁਸਲਮਾਨ ਵੋਟ ਵੰਡੇ ਵੀ ਗਏ ਸਨ। ਇਸ ਵਾਰ ਜੇ ਮੁਸਲਮਾਨ ਵੋਟਰਾਂ ਦੇ ਇਕਜੁੱਟ ਸਮਰਥਨ ਨਾਲ ਚੁਣਾਵੀ ਨਤੀਜਿਆਂ 'ਤੇ ਅਸਰ ਪਿਆ, ਤਾਂ ਭਾਰਤੀ ਲੋਕਤੰਤਰ 'ਤੇ ਮੰਡਰਾ ਰਹੇ ਹਿੰਦੂ ਬਹੁਗਿਣਤੀਵਾਦ ਦੇ ਕਾਲੇ ਬੱਦਲਾਂ ਨੂੰ ਪਿੱਛੇ ਧੱਕਿਆ ਜਾ ਸਕੇਗਾ। ਇਕ ਬਹੁਤਾਤਵਾਦੀ ਲੋਕਤੰਤਰ ਵਿਚ ਜੇ ਇਕ ਵਿਸ਼ਾਲ ਘੱਟ ਗਿਣਤੀ ਸਮੂਹ ਰਾਜਨੀਤਕ ਨਿਰਾਸ਼ਾ ਦਾ ਸ਼ਿਕਾਰ ਹੋ ਜਾਵੇ ਤਾਂ ਇਹ ਕੇਵਲ ਇਕ ਬੁਰੀ ਖਬਰ ਹੀ ਹੋ ਸਕਦੀ ਹੈ। ਉਮੀਦ ਹੈ ਕਿ ਉੱਤਰ ਪ੍ਰਦੇਸ਼ ਦੀਆਂ ਚੋਣਾਂ ਇਸ ਬੁਰੀ ਖਬਰ ਨੂੰ ਚੰਗੀ ਖਬਰ ਵਿਚ ਬਦਲ ਦੇਣਗੀਆਂ।

# ਲਹੂ ਨਾਲ ਲਿਖਿਆ ਇਕ ਹੋਰ ਨਾਮ: ਮੌਨ ਕਤਲੇਆਮ

***ਉਘੇ ਪੱਤਰਕਾਰ ਸੁਨੰਦਾ ਕੇ. ਦੱਤਾ ਰੇਅ ਜੋ 'ਦਿ ਸਟੇਟਮੈਨ' ਦੇ ਸੰਪਾਦਕ ਰਹਿ ਚੁੱਕੇ ਹਨ, ਦਾ ਇਹ ਲੇਖ ਪਿਛਲੇ ਦਿਨੀਂ ਨਾਗਾਲੈਂਡ ਦੇ ਮੌਨ ਜ਼ਿਲ੍ਹੇ 'ਚ ਭਾਰਤੀ ਫੌਜ ਵੱਲੋਂ 14 ਨਾਗਾ ਸਿਵਲੀਅਨਾਂ ਦੀ ਹੱਤਿਆ ਦੇ ਹਵਾਲੇ ਨਾਲ ਨਾਗਾ ਮਸਲੇ ਬਾਰੇ ਭਾਰਤੀ ਸਟੇਟ ਦੇ ਵਤੀਰੇ ਅਤੇ ਬੇਨਤੀਜਾ ਸ਼ਾਂਤੀ ਅਮਲ ਉਪਰ ਟਿੱਪਣੀ ਕਰਦਾ ਹੈ। ਮੁੱਦੇ ਦੀ ਅਹਿਮੀਅਤ ਦੇ ਮੱਦੇਨਜ਼ਰ 'ਦਿ ਟੈਲੀਗ੍ਰਾਫ' ਦੇ ਧੰਨਵਾਦ ਸਹਿਤ ਇਸ ਲੇਖ ਦਾ ਪੰਜਾਬੀ ਰੂਪ ਅਸੀਂ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

**ਸੁਨੰਦਾ ਕੇ. ਦੱਤਾ ਰੇਅ**
**ਅਨੁਵਾਦ: ਬੂਟਾ ਸਿੰਘ**

"ਸਾਡੇ ਲੋਕਾਂ ਨੂੰ ਡਰ ਨੇ ਜਕੜ ਲਿਆ ਹੈ!" ਅੱਧੀ ਸਦੀ ਬਾਅਦ ਵੀ ਮੈਂ, ਅਜੇ ਵੀ ਸਤਿਕਾਰਤ ਲੋਂਗਰੀ ਏਓ ਦੀ ਭਾਰੀ ਆਵਾਜ਼ ਜਿਸ ਨੇ ਬਹੁਤ ਹੀ ਸਧਾਰਨ ਕਾਲੇ-ਲਾਲ ਨਾਗਾ ਕਬਾਇਲੀ ਸ਼ਾਲ ਦੀ ਬੁੱਕਲ ਮਾਰੀ ਹੋਈ ਸੀ, ਸੁਣ ਸਕਦਾ ਹਾਂ ਅਤੇ ਉਹ ਦ੍ਰਿਸ਼ ਦੇਖ ਸਕਦਾ ਹਾਂ ਜਦੋਂ ਉਹ ਆਪਣੇ ਪਤਲੇ ਹੱਥ ਆਸਮਾਨ ਵੱਲ ਚੁੱਕਦਾ ਹੈ ਅਤੇ ਦਹਿਸ਼ਤ ਦੇ ਕਾਰਨਾਂ ਦਾ ਵਰਣਨ ਕਰਦਾ ਹੈ: ਫੌਜ ਦਾ 'ਪਿੰਡ ਨੂੰ ਮੁੜ ਸੰਗਠਿਤ ਕਰਨ' ਦਾ ਸਖਤ ਪ੍ਰੋਗਰਾਮ, ਆਰਮਡ ਫੋਰਸਿਜ਼ (ਸਪੈਸ਼ਲ ਪਾਵਰਜ਼) ਐਕਟ (ਅਫਸਪਾ) ਤਹਿਤ ਢਾਹਿਆ ਜਾ ਰਿਹਾ ਭਿਆਨਕ ਖੌਫ ਜੋ ਦਰਅਸਲ ਸੁਤੰਤਰਤਾ ਅੰਦੋਲਨ ਨੂੰ ਦਬਾਉਣ ਲਈ ਬਣਾਇਆ ਬਰਤਾਨਵੀ-ਭਾਰਤੀ ਜੰਗੀ ਆਰਡੀਨੈਂਸ ਸੀ, ਤੇ ਗੈਰਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ ਤਹਿਤ ਲੋਕਾਂ ਉੱਪਰ ਦਹਿਸ਼ਤਗਰਦ ਦਾ ਲਾਇਆ ਜਾ ਰਿਹਾ ਠੱਪਾ ਜੋ ਸਭਿਅਕ ਸ਼ਾਸਨ ਦੇ ਬਹੁਤ ਸਾਰੇ ਨਿਯਮਾਂ ਦੀ ਉਲੰਘਣਾ ਕਰਦਾ ਹੈ।

ਜਿਸ ਦੀ ਗੱਲ ਉਦੋਂ ਪਾਦਰੀ ਲੋਂਗਰੀ ਏਓ ਨੇ ਕੀਤੀ ਸੀ, ਜੇ ਉਹੀ ਖੌਫ 4 ਦਸੰਬਰ (2021) ਨੂੰ 14 ਨਾਗਰਿਕਾਂ ਦੇ ਮੌਨ ਕਤਲੇਆਮ ਤੋਂ ਬਾਅਦ ਦੁਬਾਰਾ ਪਰਤ ਆਇਆ ਹੈ ਤਾਂ ਇਹ ਕਿਸੇ ਲਈ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ। 1960ਵਿਆਂ 'ਚ ਨਾਗਾਲੈਂਡ ਦਾ ਮੁੜ ਦੌਰਾ ਕਰਦਿਆਂ ਸਾਬਕਾ ਬਸਤੀਵਾਦੀ ਹਕੂਮਤੀ ਅਫਸਰ ਸਰ ਚਾਰਲਸ ਪਾਵੇਸੀ ਨੇ ਕਿਹਾ ਸੀ ਕਿ ਫੌਜੀ ਜ਼ੁਲਮਾਂ- ਗੋਲੀਬੰਦੀ ਸਮਝੌਤੇ ਦੀ ਸਮਾਪਤੀ ਤੋਂ ਬਾਅਦ ਗੁਪਤ ਮੰਗ ਪੱਤਰ 'ਚ ਐਸੇ 147 ਜ਼ੁਲਮੀ ਕਾਂਡ ਸੂਚੀਬੱਧ ਕੀਤੇ ਗਏ - ਨੂੰ ਕੋਈ ਵੀ ਨਾਗਾ "ਕਦੇ ਵੀ ਨਹੀਂ ਭੁੱਲੇਗਾ ਜਾਂ ਮੁਆਫ ਨਹੀਂ ਕਰੇਗਾ"। ਫੌਜ ਦੇ ਇਕ ਜਨਰਲ ਨੇ ਲੋਂਗਰੀ ਏਓ ਨੂੰ "ਬਕੜਵਾਹ ਕਰਨ ਵਾਲਾ ਬੁੱਢਾ" ਕਹਿ ਕੇ ਖਾਰਜ ਕਰ ਦਿੱਤਾ ਸੀ ਜੋ ਫੌਜ ਵੱਲੋਂ ਬਾਗੀਆਂ ਨੂੰ ਕੁਚਲ ਕੇ ਸ਼ਾਂਤੀ ਲਾਗੂ ਕਰਨ 'ਚ ਰੁਕਾਵਟ ਪਾਉਂਦਾ ਸੀ। ਉਸ ਨੇ 1975 ਦੇ ਸ਼ਿਲਾਂਗ ਸਮਝੌਤੇ ਨੂੰ ਤਿਆਰ ਕਰਨ 'ਚ ਮਦਦ ਕੀਤੀ ਜਿਸ ਤਹਿਤ ਗੁਪਤਵਾਸ ਨਾਗੇ ਭਾਰਤ ਦੇ ਸੰਵਿਧਾਨ ਨੂੰ ਮਨਜ਼ੂਰ ਕਰਨ, ਆਪਣੇ ਹਥਿਆਰ ਸੁੱਟਣ ਅਤੇ ਭਾਰਤ ਤੋਂ ਵੱਖ ਹੋਣ ਦਾ ਪ੍ਰਾਜੈਕਟ ਤਿਆਗਣ ਲਈ ਸਹਿਮਤ ਹੋਏ। ਜਦੋਂ ਵਿਦੇਸ਼ੀ ਮਿਸ਼ਨਰੀਆਂ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ, ਤਾਂ ਉਸ (ਲੋਂਗਰੀ ਏਓ) ਦੀ ਲੋਕਾਂ ਤੱਕ ਪਹੁੰਚ ਕਰਨ ਦੀ ਮੁਹਿੰਮ ਨੇ ਜੇਤੂ ਰੂਪ 'ਚ ਦਰਸਾਇਆ ਕਿ ਇਸਾਈ ਧਰਮ ਨੂੰ ਵਿਦੇਸ਼ੀਆਂ ਦੀ ਲੋੜ ਨਹੀਂ ਹੈ। ਨਾਗਾਲੈਂਡ ਨੇ ਲੋਂਗਰੀ ਏਓ ਨੂੰ "ਮੈਨ ਆਫ ਪੀਸ" ਦਾ ਖਿਤਾਬ ਦਿੱਤਾ।

ਇਹ ਸੱਚ ਹੈ ਕਿ ਕੋਈ ਵੀ ਫੌਜ ਆਪਣਾ ਇਕ ਹੱਥ ਪਿੱਠ ਪਿੱਛੇ ਬੰਨ੍ਹ ਕੇ ਨਹੀਂ ਲੜ ਸਕਦੀ। ਕਾਨੂੰਨ ਦੀ ਵਿਵਸਥਾ ਬਣਾਈ ਰੱਖਣਾ ਜ਼ਰੂਰੀ ਹੈ। ਮਨੁੱਖੀ ਗਲਤੀ ਦੀ ਗੁੰਜਾਇਸ਼ ਵੀ ਰੱਖਣੀ ਚਾਹੀਦੀ ਹੈ - ਤੇ ਮੌਜੂਦਾ ਦੁਖਾਂਤ ਇਕ ਗਲਤੀ ਹੋ ਸਕਦਾ ਹੈ ਪਰ ਇਹ ਹੋਰ ਵੀ ਵਧੇਰੇ ਸੱਚ ਹੈ ਕਿ ਸਮਾਜ - ਤੇ ਖੁਦ ਫੌਜ - ਨੂੰ ਐਸੀਆਂ ਬੇਤਹਾਸ਼ਾ ਉਲੰਘਣਾਵਾਂ ਤੋਂ ਬਚਾਉਣਾ ਜ਼ਰੂਰੀ ਹੈ ਜਿਨ੍ਹਾਂ ਨੂੰ ਅਫਸਪਾ ਅਤੇ ਯੂ.ਏ.ਪੀ.ਏ. ਵਰਗੇ ਕਤਲਾਂ ਦਾ ਲਾਇਸੈਂਸ ਦੇਣ ਵਾਲੇ ਤੌਰ-ਤਰੀਕੇ ਜਵਾਬਦੇਹੀ ਤੋਂ ਬਚਣ ਲਈ ਖਾਮੀਆਂ ਪੈਦਾ ਕਰਕੇ ਹੱਲਾਸ਼ੇਰੀ ਦਿੰਦੇ ਹਨ।

ਚੁਣੌਤੀ ਸਿਰਫ ਤੇ ਸਿਰਫ ਨਾਗਾ ਜਾਂ ਉੱਤਰ-ਪੂਰਬ ਨਹੀਂ ਹੈ। ਇਹ ਚੇਤੇ ਰੱਖਣਾ ਹੋਵੇਗਾ ਕਿ ਅਨੁਸ਼ਾਸਨ ਤੋਂ ਬਿਨਾ ਥੋੜ੍ਹੀ ਜਿਹੀ ਤਾਕਤ ਨਾਲ ਵੀ ਜਵਾਨਾਂ ਵਰਗੇ ਸਾਧਾਰਨ ਲੋਕਾਂ ਦੇ ਦਿਮਾਗ ਖਰਾਬ ਹੋ ਜਾਂਦੇ ਹਨ ਜੋ ਆਮ ਤੌਰ 'ਤੇ ਕਰੂਪ ਅਸਾਵੇਂ ਸਮਾਜ ਦੇ ਹੇਠਲੇ ਪੱਧਰ 'ਤੇ ਹੁੰਦੇ ਹਨ। ਇਹ ਵੱਖਰੀ ਸ਼ਕਲ-ਸੂਰਤ ਵਾਲੇ ਅਤੇ ਵੱਖਰੇ ਉਚਾਰਨ ਵਾਲੇ ਲੋਕਾਂ ਨਾਲ ਆਮ ਨਾਗਰਿਕ ਦੇ ਤੌਰ 'ਤੇ ਘੁਲਣ-ਮਿਲਣ ਦੀ ਨਾ-ਕਾਬਲੀਅਤ ਨੂੰ ਵੀ ਦਰਸਾਉਂਦਾ ਹੈ। ਮੁਸਲਮਾਨਾਂ ਜਿਨ੍ਹਾਂ ਲਈ ਕਲਕੱਤੇ 'ਚ ਵੀ ਕਮਰਾ ਕਿਰਾਏ 'ਤੇ ਲੈਣਾ ਔਖਾ ਹੈ, ਬਿਹਾਰੀ ਕਿਰਤੀ ਜਿਨ੍ਹਾਂ ਨੂੰ ਬੰਬਈ ਵਿਚ ਰਾਜ ਠਾਕਰੇ ਦੇ ਗੁੱਸੇ ਦਾ ਸੰਤਾਪ ਝੱਲਣਾ ਪਿਆ, ਜਾਂ ਅਸਾਮ ਵਿਚੋਂ ਬਾਹਰ ਕੱਢੇ ਗਏ ਬੰਗਾਲੀ, ਇਹ ਸਾਰੇ ਅਗਿਆਨਤਾ 'ਚ ਡੂੰਘੇ ਗੁਸੇ ਤੰਗਨਜ਼ਰ ਪੱਖਪਾਤ ਦਾ ਸ਼ਿਕਾਰ ਹੋਏ ਹਨ ਜਿਸ ਨੂੰ ਸਦੀਆਂ ਦੇ ਸਭਿਆਚਾਰਕ ਸੰਸਲੇਸ਼ਣ ਨੂੰ "ਬਾਰਾਂ ਸੌ ਸਾਲ ਕੀ ਗੁਲਾਮੀ" ਤੱਕ ਪਿਚਕਾ ਕੇ ਦੇਖਣ ਦਾ ਹੁਕਮਰਾਨਾਂ ਦਾ ਨਜ਼ਰੀਆ ਘੁਮੰਡੀ ਬਣਾ ਦਿੰਦਾ ਹੈ।




*ਮੌਨ ਕਤਲੇਆਮ ਖਿਲਾਫ ਰੋਸ ਪ੍ਰਗਟ ਕਰ ਰਹੇ ਲੋਕ।*

ਦੁਨੀਆ ਦੇ ਢੇਰ ਸਾਰੇ ਗਿਆਨ ਨੂੰ ਰੱਦ ਕਰਨ ਵਾਲਾ ਇਹ ਨਜ਼ਰੀਆ ਗੁਆਂਢੀਆਂ ਨੂੰ ਵੀ ਦੁਸ਼ਮਣ ਮੰਨ ਲੈਂਦਾ ਹੈ ਅਤੇ ਇਹ ਇਕ ਹੱਦ ਤੱਕ ਉੱਤਰ-ਪੂਰਬ ਦੇ 30,000 ਤੋਂ ਵੱਧ ਦਹਿਸ਼ਤਜ਼ਦਾ ਹੋਏ ਲੋਕਾਂ ਦੀ ਬੰਗਲੂਰੂ ਤੋਂ ਹਿਜਰਤ ਦੀ ਵਿਆਖਿਆ ਵੀ ਕਰਦਾ ਹੈ। ਵਿਡੰਬਨਾ ਇਹ ਸੀ ਕਿ ਕੁਝ ਸੂਝਵਾਨ ਟਿੱਪਣੀਕਾਰ ਵੀ ਇਹ ਨਹੀਂ ਸਮਝ ਸਕੇ ਕਿ ਸ਼ਹਿਰ ਦਾ ਪੁਲਿਸ ਮੁਖੀ ਲਾਲਜ਼ੋਖੁਮਾ ਪਾਚੂਆ ਜਾਨ ਬਚਾ ਕੇ ਭੱਜ ਰਹੇ ਲੋਕਾਂ ਦੀ ਤਰਫੋਂ ਉਨ੍ਹਾਂ ਲਈ ਇਕ ਵਾਰ ਵੀ ਕਿਉਂ ਨਹੀਂ ਖੜ੍ਹ ਸਕਿਆ। ਦਲੀਲ ਇਹ ਹੈ ਕਿ ਆਖਰਕਾਰ ਉਹ ਮਿਜ਼ੋ ਸੀ। ਮੇਘਾਲਿਆ ਦਾ ਕੋਈ ਖਾਸੀ ਜਾਂ ਮਨੀਪੁਰ ਦਾ ਕੋਈ ਮੀਤੀ, ਭਾਵ 'ਭਾਰਤੀ' ਨਹੀਂ, ਉਸ ਨੂੰ ਆਪਣਾ ਦੁੱਖ ਨਹੀਂ ਦੱਸ ਸਕਿਆ।

ਮਿਜ਼ੋਰਮ, ਮਨੀਪੁਰ, ਮੇਘਾਲਿਆ, ਇਹ ਸਾਰੇ ਆਰੀਆਵ੍ਰਤ ਦੇ ਮਾਣਮੱਤੇ ਪੁੱਤਰਾਂ ਲਈ ਇੱਕੋ ਜਿਹੇ ਹਨ। ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦੇ ਅਧਿਐਨ ਅਨੁਸਾਰ, ਜਿਨ੍ਹਾਂ ਲੋਕਾਂ ਦੇ ਇੰਟਰਵਿਊ ਕੀਤੇ ਗਏ, ਉਨ੍ਹਾਂ ਵਿਚੋਂ 78 ਪ੍ਰਤੀਸ਼ਤ ਦਾ ਵਿਸ਼ਵਾਸ ਸੀ ਕਿ ਸਰੀਰਕ ਦਿੱਖ ਵਿਤਕਰੇ ਦਾ ਸਭ ਤੋਂ ਮਹੱਤਵਪੂਰਨ ਕਾਰਨ ਹੈ। ਅਧਿਐਨ ਵਿਚ ਕਿਹਾ ਗਿਆ ਹੈ, "ਉੱਤਰ-ਪੂਰਬੀ ਭਾਰਤ ਭਾਰਤੀਆਂ ਦੇ ਚੀਨੀ ਵਿਅਕਤੀ ਬਾਰੇ ਤਸੱਵੁਰ ਵਿਚ ਪੂਰੀ ਤਰ੍ਹਾਂ ਫਿੱਟ ਬੈਠਦਾ ਹੈ। ਇਸ ਕਰਕੇ ਦਿੱਲੀ ਦੇ ਇਕ ਵਧੀਆ ਕਾਲਜ ਵੱਲੋਂ ਆਪਣੇ ਉੱਤਰ-ਪੂਰਬ ਦੇ ਸਾਰੇ ਵਿਦਿਆਰਥੀਆਂ ਨੂੰ "ਚਿੰਕੀ" ਵਜੋਂ ਸ਼੍ਰੇਣੀਬੱਧ ਕਰਨਾ ਹੈਰਾਨੀਜਨਕ ਨਹੀਂ ਹੈ। ਦਿੱਖ ਮਹੱਤਵਪੂਰਨ ਹੈ। ਇਕ ਵਾਰ ਮੈਂ ਕਰਨਾਟਕ ਦੇ ਇਕ ਅਫਸਰ ਨੂੰ ਉਸ ਦੇ ਵਿਧਾਨ ਸਭਾ ਵਾਲੇ ਦਫਤਰ 'ਚ ਮਿਲਣ ਲਈ ਗਿਆ ਸੀ, ਜਦੋਂ ਵਿਲੱਖਣ ਮੰਗੋਲੀਆਈ ਵਿਸ਼ੇਸ਼ਤਾਵਾਂ ਵਾਲਾ ਇਕ ਨੌਜਵਾਨ ਉੱਥੇ ਆਇਆ। ਮੇਰੇ ਮੇਜ਼ਬਾਨ ਨੇ ਤੁਰੰਤ ਦੱਸਣਾ ਸ਼ੁਰੂ ਕਰ ਦਿੱਤਾ ਕਿ ਰਾਜ ਸਰਕਾਰ ਮੈਸੂਰ ਨੇੜੇ ਬਾਇਲਕੁੱਪੇ ਵਿਚ ਤਿੱਬਤੀ ਬਸਤੀ ਲਈ ਕੀ-ਕੀ ਕਰ ਰਹੀ ਹੈ।




*ਫੌਜ ਵੱਲੋਂ ਔਰਤਾਂ ਨਾਲ ਵਧੀਕੀਆਂ ਖਿਲਾਫ 15 ਜੁਲਾਈ 2004 ਨੂੰ ਅਸਾਮ ਰਾਈਫਲਜ਼ ਦੇ ਹੈੱਡਕੁਆਰਟਰ ਸਾਹਮਣੇ ਅਲਫ ਨੰਗੀਆਂ ਹੋ ਕੇ ਰੋਸ ਵਿਖਾਵਾ ਕਰ ਰਹੀਆਂ ਮਨੀਪੁਰੀ ਔਰਤਾਂ।*

ਨੌਜਵਾਨ ਉਦੋਂ ਤੱਕ ਚੁੱਪ-ਚਾਪ ਸੁਣਦਾ ਰਿਹਾ ਜਦੋਂ ਤੱਕ ਅਧਿਕਾਰੀ ਦਮ ਲੈਣ ਲਈ ਬੋਲਣੋਂ ਬੰਦ ਨਹੀਂ ਹੋਇਆ, ਫਿਰ ਉਸ ਨੇ ਨਿਮਰਤਾ ਨਾਲ ਕਿਹਾ ਕਿ ਉਹ ਕੋਹੀਮਾ ਤੋਂ ਮੈਡੀਕਲ ਦਾ ਵਿਦਿਆਰਥੀ ਹੈ ਜੋ ਉਸ ਸਹੂਲਤ ਬਾਰੇ ਪਤਾ ਕਰਨ ਲਈ ਆਇਆ ਸੀ ਜਿਸ ਦਾ ਵਾਅਦਾ ਕੀਤਾ ਗਿਆ ਸੀ। ਹੋਰ ਕਹਾਣੀਆਂ ਐਸੇ ਅਸਾਮੀ ਪਾਂਡੀ ਬਾਰੇ ਦੱਸਦੀਆਂ ਹਨ ਜਿਸ ਦਾ ਨਾਮ ਕਾਂਚਾ ਰੱਖਿਆ ਗਿਆ ਸੀ (ਕਾਂਚਾ ਨੇਪਾਲੀ ਨੌਜਵਾਨ ਨੂੰ ਕਿਹਾ ਜਾਂਦਾ ਹੈ) ਜਿਸ ਨਾਲ ਉਸ ਦੀ ਕੌਮੀਅਤ ਬਦਲ ਦਿੱਤੀ ਗਈ ਅਤੇ ਕੁਝ ਹੱਦ ਤੱਕ ਇਹ ਗੱਲ ਪਿਤਾਪੁਰਖੀ ਹੋਣ ਤੋਂ ਇਲਾਵਾ ਉਸ ਦੀ ਉਮਰ (ਕਾਂਚਾ ਨੇਪਾਲੀ ਨੌਜਵਾਨ ਹੋਣ ਕਰਕੇ) ਵੀ ਘਟਾ ਦਿੱਤੀ ਗਈ ਸੀ ਪਰ ਜਦੋਂ ਨਾਗਾਲੈਂਡ ਦੇ ਤੀਜੇ ਮੁੱਖ ਮੰਤਰੀ ਹੋਕੀਸ਼ੇ ਸੇਮਾ ਤੋਂ ਮੁੰਬਈ ਦੇ ਬਿਹਤਰੀਨ ਹੋਟਲ ਵਿਚ ਪਾਸਪੋਰਟ ਮੰਗਿਆ ਜਾ ਸਕਦਾ ਹੈ ਜਿਸ ਨੂੰ ਰਿਸੈਪਸ਼ਨਿਸਟ ਨੇ ਤਿੱਬਤੀ ਸਮਝ ਲਿਆ ਸੀ, ਤਾਂ ਵਿਦਿਆਰਥੀਆਂ ਅਤੇ ਨੌਕਰਾਂ ਨੂੰ ਲੈ ਕੇ ਪ੍ਰੇਸ਼ਾਨ ਕਿਉਂ ਹੋਇਆ ਜਾਵੇ?

ਸੰਕਟ ਦੇ ਸਮਿਆਂ 'ਚ ਪੁਰਾਤਨ ਭੇਦਭਾਵ ਹੋਰ ਵੀ ਵਧੇਰੇ ਉੱਘੜ ਆਉਂਦੇ ਹਨ। ਉੱਪਰ ਜ਼ਿਕਰ ਕੀਤੇ ਅਧਿਐਨ ਨੇ ਦਾਅਵਾ ਕੀਤਾ ਹੈ ਕਿ ਕੋਵਿਡ-19 ਮਹਾਮਾਰੀ ਦੌਰਾਨ ਅਤੇ ਮਾਰਚ 2020 ਦੇ ਲੌਕਡਾਊਨ ਤੋਂ ਬਾਅਦ ਉੱਤਰ-ਪੂਰਬ ਦੇ ਲੋਕਾਂ ਨੂੰ "ਨਫਰਤ ਅਤੇ ਭੇਦਭਾਵ ਦੀਆਂ ਕਾਰਵਾਈਆਂ 'ਚ ਵਾਧੇ ਦਾ ਸਾਹਮਣਾ ਕਰਨਾ ਪਿਆ"। ਦਰਅਸਲ, ਦਿੱਲੀ ਪੁਲਿਸ ਨੇ ਦੋ ਸਾਲ ਪਹਿਲਾਂ ਸ਼ਿਕਾਇਤਾਂ ਲਈ ਟੋਲ ਫਰੀ ਨੰਬਰ ਸ਼ੁਰੂ ਕੀਤਾ ਸੀ ਪਰ ਕੀ ਪੀੜਤ ਸ਼ਿਕਾਇਤ ਕਰ ਸਕਦੇ ਹਨ? ਅਜਨਬੀ ਲੋਕ ਉਨ੍ਹਾਂ ਨੂੰ ਬੱਸਾਂ 'ਚ ਘੂਰ-ਘੂਰ ਦੇਖਦੇ ਹਨ? ਉਨ੍ਹਾਂ ਪ੍ਰਤੀ ਅਪਮਾਨਜਨਕ ਸ਼ਬਦ ਵਰਤੇ ਜਾਂਦੇ ਹਨ? ਮਕਾਨ ਮਾਲਕ ਜਾਂ ਤਾਂ ਉਨ੍ਹਾਂ ਨੂੰ ਕਿਰਾਏਦਾਰ ਰੱਖਣ ਤੋਂ ਸਾਫ ਨਾਂਹ ਕਰ ਦਿੰਦੇ ਹਨ ਜਾਂ ਜ਼ੋਰ ਫਿਰ ਇਹ ਇਕਰਾਰ ਕਰਨ ਲਈ ਜ਼ੋਰ ਪਾਉਂਦੇ ਹਨ ਕਿ ਉਹ ਰਾਤ ਨੂੰ ਜਲਦੀ ਆਉਣਗੇ ਅਤੇ ਆਪਣੇ ਘਰ 'ਚ ਪਾਰਟੀਆਂ ਨਹੀਂ ਕਰਨਗੇ ਜਾਂ ਵਿਰੋਧੀ ਲਿੰਗ ਦੇ ਮਹਿਮਾਨਾਂ ਨੂੰ ਆਪਣੇ ਘਰ ਨਹੀਂ ਸੱਦਣਗੇ? ਹੈਰਾਨੀ ਦੀ ਗੱਲ ਹੈ ਕਿ ਜ਼ਿਆਦਾ ਵੱਡੇ ਸ਼ਹਿਰ ਸਭ ਤੋਂ ਕੱਟੜ ਹਨ ਅਤੇ ਮੁੰਬਈ ਇਨ੍ਹਾਂ ਮਾਮਲਿਆਂ 'ਚ ਸਭ ਤੋਂ ਵੱਧ ਅਪਰਾਧੀ ਹੈ। ਇਸ ਤੋਂ ਬਾਅਦ ਚੇਨਈ, ਪੁਣੇ, ਦਿੱਲੀ, ਹੈਦਰਾਬਾਦ ਅਤੇ ਬੰਗਲੌਰ ਆਉਂਦੇ ਹਨ। ਜਾਪਦਾ ਹੈ ਕਿ ਇਸ ਸੂਚੀ ਵਿਚ ਕਲਕੱਤਾ ਸ਼ਾਮਿਲ ਨਹੀਂ ਹੈ ਪਰ ਭੇਦਭਾਵ ਦੀਆਂ ਜੜ੍ਹਾਂ ਐਨੀਆਂ ਡੂੰਘੀਆਂ ਹਨ ਕਿ ਇਨ੍ਹਾਂ ਨੂੰ ਪੁਲਿਸ ਦੀ ਨਿਗਰਾਨੀ ਨਾਲ ਹੱਲ ਨਹੀਂ ਕੀਤਾ ਜਾ ਸਕਦਾ ਜੋ ਖੁਦ ਤੰਗਨਜ਼ਰ ਸੋਚਾਂ ਤੋਂ ਉੱਪਰ ਨਹੀਂ ਹਨ।

ਹੋ ਸਕਦਾ ਹੈ ਕਿ ਮੌਨ ਕਤਲੇਆਮ ਦਾ ਬੇਕਾਇਦਗੀ ਵਾਲੇ ਸ਼ਾਂਤੀ ਅਮਲ ਉੱਪਰ ਸਿੱਧਾ ਅਸਰ ਨਾ ਪਵੇ ਜੋ ਇੰਨੇ ਲੰਬੇ ਸਮੇਂ ਤੋਂ ਲਮਕ ਰਿਹਾ ਹੈ ਕਿ ਬਹੁਤ ਘੱਟ ਲੋਕਾਂ ਨੂੰ ਚੇਤੇ ਹੋਵੇਗਾ ਕਿ ਇਹ ਕਦੋਂ ਸ਼ੁਰੂ ਹੋਇਆ ਸੀ ਜਾਂ ਇਸ ਵਿਚ ਕੀ-ਕੀ ਵਾਅਦਾ ਕੀਤਾ ਗਿਆ ਸੀ ਪਰ ਨਾਗਾਲੈਂਡ ਦੀ ਭਾਰਤੀ ਜਨਤਾ ਪਾਰਟੀ ਦੇ ਮੁਖੀ ਤੇਮਜੇਨ ਇਮਨਾ ਅਲੌਂਗ ਨੂੰ ਉਮੀਦ ਹੈ ਕਿ ਇਸ ਅਮਲ ਨੂੰ ਪਛਾੜ ਪਵੇਗੀ। ਇਹ ਕਤਲ ਮਾਹੌਲ ਨੂੰ ਹੋਰ ਜ਼ਹਿਰੀਲਾ ਕਰ ਦੇਣਗੇ ਅਤੇ ਜਦੋਂ ਤੱਕ ਤੁਰੰਤ ਅਤੇ ਠੋਸ ਕਾਰਵਾਈ ਨਹੀਂ ਕੀਤੀ ਜਾਂਦੀ, ਇਹ ਆਮ ਨਾਗਾ ਲੋਕਾਂ ਲਈ ਇਸੇ ਦੀ ਪੁਸ਼ਟੀ ਹੈ ਕਿ ਉਹ ਭਾਰਤੀ ਰਾਜ ਦੇ ਹੱਥੋਂ ਨਿਆਂ ਦੀ ਉਮੀਦ ਨਹੀਂ ਕਰ ਸਕਦੇ। "ਪਹਿਲਾਂ ਅੰਗਰੇਜ਼ ਆਏ ਅਤੇ ਅਸੀਂ ਵਫਾਦਾਰੀ ਨਾਲ ਉਨ੍ਹਾਂ ਦੀ ਸੇਵਾ ਕੀਤੀ", ਇਹ ਕਹਿਣਾ ਹੈ ਉਸ 'ਵਫਾਦਾਰ' ਪਿੰਡ ਗੋਂਬੂਰਾ (ਮੁਖੀਏ) ਦਾ ਜਿਸ ਨੂੰ ਮੈਂ ਇਕ ਵਾਰ ਜ਼ਿਲ੍ਹੇ ਦੇ ਇਕ ਅਫਸਰ ਨਾਲ ਮਿਲਿਆ ਸੀ। "ਫਿਰ ਭਾਰਤੀ ਆਏ ਅਤੇ ਅਸੀਂ ਉਨ੍ਹਾਂ ਦੀ ਵੀ ਵਫਾਦਾਰੀ ਨਾਲ ਸੇਵਾ ਕੀਤੀ ਪਰ ਭਾਰਤੀ ਇਮਾਨਦਾਰ ਨਹੀਂ ਹਨ।" ਰੈਣ-ਬਸੇਰਿਆਂ ਲਈ ਲੋਹੇ ਦੀਆਂ ਚਾਦਰਾਂ ਦੀ ਨਾਕਾਫੀ ਸਪਲਾਈ ਵਰਗੀਆਂ ਮਾਮੂਲੀ ਚੀਜ਼ਾਂ ਨੂੰ ਲੈ ਕੇ ਨਾਰਾਜ਼ਗੀ ਪਨਪਦੀ ਗਈ ਪਰ ਇਹ ਇਹ ਤੋੜ-ਫੋੜ, ਅਗਵਾ, ਬਲਾਤਕਾਰ ਅਤੇ ਕਤਲਾਂ ਤੱਕ ਜਾ ਪਹੁੰਚੀ। ਇੱਥੋਂ ਤੱਕ ਕਿ ਨਾਗਾਲੈਂਡ ਦਾ ਪਹਿਲਾ ਮੁੱਖ ਮੰਤਰੀ ਪੀ. ਸ਼ਿਲੂ ਏਓ ਜਿਸ ਨੇ ਸੰਵਿਧਾਨਕ ਹੱਲ ਨੂੰ ਸੰਭਵ ਬਣਾਉਣ ਲਈ ਬਹੁਤ ਕੁਝ ਕੀਤਾ, ਵੀ ਜ਼ਿਆਦਤੀਆਂ ਵਿਰੁੱਧ ਭੜਕ ਉੱਠਣ ਲਈ ਜਾਣਿਆ ਜਾਂਦਾ ਸੀ।

ਮੌਨ ਕਤਲੇਆਮ ਐਸੇ ਖੂਨੀ ਭੜਕਾਊ ਕਾਰਿਆਂ ਦੀ ਸੂਚੀ ਵਿਚ ਜੁੜ ਗਿਆ ਹੈ ਜੋ ਮਾਹੌਲ ਨੂੰ ਜ਼ਹਿਰੀਲਾ ਕਰਦੇ ਹਨ। ਜਦੋਂ 1995 ਵਿਚ ਦੀਮਾਪੁਰ ਦੀ ਸੜਕ 'ਤੇ ਰਾਸ਼ਟਰੀ ਰਾਈਫਲਜ਼ (ਭਾਰਤੀ ਫੌਜ) ਦੇ 63 ਵਾਹਨਾਂ ਦੇ ਕਾਫਲੇ ਦਾ ਟਾਇਰ ਫਟ ਗਿਆ ਤਾਂ ਮਾਮੂਲੀ ਜਿਹੀ ਗੱਲ 'ਤੇ ਘੋੜੇ ਦਬਾਉਣ ਦੇ ਸ਼ੁਕੀਨ ਫੌਜੀਆਂ ਨੇ ਇਕਦਮ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਨਾਲ ਸੱਤ ਵਿਅਕਤੀ ਮਾਰੇ ਗਏ ਅਤੇ 20 ਜ਼ਖਮੀ ਹੋ ਗਏ। ਪੰਜ ਸਾਲ ਬਾਅਦ ਇੰਫਾਲ ਨੇੜੇ ਮਾਲੋਮ ਬੱਸ ਅੱਡੇ ਉੱਪਰ ਬੱਸ ਉਡੀਕ ਰਹੇ 10 ਨਾਗਰਿਕ ਗੋਲੀਆਂ ਨਾਲ ਭੁੰਨ ਦਿੱਤੇ ਗਏ। ਇਸ ਤੋਂ ਪੰਜ ਦਿਨ ਬਾਅਦ 2004 ਵਿਚ, 32 ਸਾਲਾ ਥੰਗਜਾਮ ਮਨੋਰਮਾ ਦੀ ਉਸ ਦੇ ਘਰ ਤੋਂ ਤਿੰਨ ਕਿਲੋਮੀਟਰ ਦੂਰ ਬੁਰੀ ਤਰ੍ਹਾਂ ਕੋਹੀ ਲਾਸ਼ ਮਿਲੀ ਤਾਂ 30 ਅਧਖੜ ਉਮਰ ਦੀਆਂ ਮਨੀਪੁਰੀ ਔਰਤਾਂ ਨੇ ਨਿਰਵਸਤਰ ਹੋ ਕੇ ਅਸਾਮ ਰਾਈਫਲਜ਼ ਦੇ ਸਦਰ-ਮੁਕਾਮ ਸਾਹਮਣੇ ਰੋਹ ਪ੍ਰਗਟਾਉਂਦਿਆਂ ਕਿਹਾ: "ਭਾਰਤੀ ਫੌਜ ਵਾਲਿਓ, ਸਾਡੇ ਨਾਲ ਵੀ ਬਲਾਤਕਾਰ ਕਰੋ। ਅਸੀਂ ਸਭ ਮਨੋਰਮਾ ਦੀਆਂ ਮਾਵਾਂ ਹਾਂ!" ਸਰਕਾਰੀ ਕਰੂਰਤਾ ਨਵੰਬਰ ਦੇ ਲੁਕ-ਛਿਪ ਕੇ ਹਮਲੇ ਵਰਗੀਆਂ ਬਦਲਾ ਲਊ ਕਾਰਵਾਈਆਂ ਨੂੰ ਸੱਦਾ ਦਿੰਦੀ ਰਹੇਗੀ ਜਦੋਂ ਵਿਰੋਧੀਆਂ ਨੇ ਅਸਾਮ ਰਾਈਫਲਜ਼ ਦੇ ਚਾਰ ਸਿਪਾਹੀਆਂ, ਉਸ ਦੇ ਕਮਾਂਡਿੰਗ ਅਫਸਰ ਅਤੇ ਉਸ ਦੀ ਪਤਨੀ ਅਤੇ ਛੋਟੇ ਪੁੱਤਰ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਸੀ। ਇਕ ਹੋਰ ਖੂਨੀ ਘਟਨਾ ਹੁਣ ਕਤਲ ਅਤੇ ਬਦਲੇ ਦੇ ਇਸ ਦਰਦਨਾਕ ਗੇੜ ਨੂੰ ਹੋਰ ਤਕੜਾ ਕਰਦੀ ਹੈ।

ਬੇਸ਼ੱਕ, ਨਾਗਾ ਗੁਰੀਲਾ ਤਾਕਤਾਂ ਹੁਣ ਸੁਰੱਖਿਆ ਲਈ ਉਸ ਤਰ੍ਹਾਂ ਦਾ ਗੰਭੀਰ ਖਤਰਾ ਨਹੀਂ ਹਨ ਜੋ ਕਦੇ ਚੀਨ ਅਤੇ ਪੂਰਬੀ ਪਾਕਿਸਤਾਨ ਦੁਆਰਾ ਸਰਗਰਮੀ ਨਾਲ ਮਦਦ ਕਰਨ ਸਮੇਂ ਹੋਇਆ ਕਰਦੀਆਂ ਸਨ ਪਰ ਪ੍ਰਦੇਸ਼ ਭਾਜਪਾ ਦੇ ਮੁਖੀ ਨੇ ਵੀ ਇਸ ਕਤਲੇਆਮ ਨੂੰ "ਜੰਗੀ ਜੁਰਮ" ਅਤੇ "ਨਸਲਕੁਸ਼ੀ" ਕਰਾਰ ਦੇ ਕੇ ਇਸ ਦੀ ਨਿਖੇਧੀ ਕੀਤੀ ਹੈ। ਅਲੋਂਗ ਦਾ ਇਹ ਰੁਦਨ ਕਿ ਅਫਸਪਾ ਫੌਜ ਨੂੰ "ਸਾਡੇ ਲੋਕਾਂ ਦੀਆਂ ਜਾਨਾਂ ਲੈਣ" ਦੀ ਖੁੱਲ੍ਹ ਦਿੰਦਾ ਹੈ, ਅਫਸਪਾ ਅਤੇ ਯੂ.ਏ.ਪੀ.ਏ. ਦੋਨਾਂ ਨੂੰ ਖਤਮ ਕਰਨ ਦੀ ਦਲੀਲ ਨੂੰ ਹੋਰ ਮਜ਼ਬੂਤ ਕਰਦਾ ਹੈ, ਭਾਰਤ ਦੇ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਅਤੇ ਅਮਰੀਕਾ ਦੁਆਰਾ ਕਰਵਾਏ 'ਡੈਮੋਕਰੇਸੀ ਸਿਖਰ ਸੰਮੇਲਨ' ਵਿਚ ਮਾਣਮੱਤਾ ਹਿੱਸੇਦਾਰ ਹੋਣ ਦੀ ਸਾਖ ਬਣਾਉਣ ਲਈ ਇਹ ਜ਼ਰੂਰੀ ਹੈ। ਨਾਗਾਲੈਂਡ ਨੂੰ "ਦੁਨੀਆ ਦਾ ਇੱਕੋ-ਇੱਕ ਭਾਰੂ ਤੌਰ 'ਤੇ ਇਸਾਈ ਰਾਜ" ਬਣਾਉਣ 'ਚ ਲੋਂਗਰੀ ਏਓ ਦੀ ਪ੍ਰਾਪਤੀ ਲਈ ਮੌਜੂਦਾ ਭਾਰਤੀ ਹਕੂਮਤ ਭਾਵੇਂ ਕਿੰਨੀ ਵੀ ਉਦਾਸੀਨ ਕਿਉਂ ਨਾ ਹੋਵੇ, ਜੇ ਮੌਨ ਕਤਲੇਆਮ ਦੇ ਮ੍ਰਿਤਕਾਂ ਨੂੰ ਉਹੀ ਸਨਮਾਨ ਦਿੱਤਾ ਜਾਂਦਾ ਹੈ ਜੋ ਕੂਨੂਰ ਵਿਚ ਹੈਲੀਕਾਪਟਰ ਹਾਦਸੇ ਦਾ ਸ਼ਿਕਾਰ ਹੋਣ ਵਾਲੇ 13 ਜਣਿਆਂ ਪ੍ਰਤੀ ਦਿਖਾਇਆ ਗਿਆ ਸੀ ਤਾਂ ਇਹ ਸੋਗ 'ਚ ਡੁੱਬੇ ਨਾਗਿਆਂ ਨੂੰ ਵੀ ਸ਼ਾਂਤ ਕਰ ਸਕਦਾ ਹੈ।

# ਪੰਜਾਬੀ ਕਹਾਣੀ ਦੀ ਸੂਖ਼ਮਤਾ ਦਾ ਸ਼ੀਸ਼ਾ ਸੀ ਗੁਰਦੇਵ ਸਿੰਘ ਰੁਪਾਣਾ

**ਸੂਖਮ ਰਚਨਾਵਾਂ ਦਾ ਸਿਰਜਣਹਾਰ ਗੁਰਦੇਵ ਸਿੰਘ ਰੁਪਾਣਾ ਵੀ ਆਖਰਕਾਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਅਧਰੰਗ ਦੇ ਹਮਲੇ ਕਾਰਨ ਉਹ ਇਨੀਂ ਦਿਨੀਂ ਵਾਹਵਾ ਔਖਾ ਸੀ। ਉਸ ਦੇ ਸਮਕਾਲੀ ਲਿਖਾਰੀ ਅਤੇ ਮਿੱਤਰ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਅਤੇ ਪ੍ਰਿੰਸੀਪਲ ਸਰਵਣ ਸਿੰਘ ਨੇ ਉਸ ਦੀ ਯਾਦ ਵਿਚ ਇਹ ਲੇਖ ਭੇਜੇ ਹਨ, ਜਿਨ੍ਹਾਂ ਵਿਚ ਗੁਰਦੇਵ ਸਿੰਘ ਰੁਪਾਣਾ (13 ਅਪਰੈਲ 1937-5 ਦਸੰਬਰ 2021) ਦੀ ਜ਼ਿੰਦਾਦਿਲੀ ਅਤੇ ਬਰੀਕਬੀਨੀ ਦੇ ਦਰਸ਼ਨ ਹੁੰਦੇ ਹਨ। ਸੱਚਮੁੱਚ ਉਸ ਦੀਆਂ ਰਚਨਾਵਾਂ ਕਈ ਪੁਸ਼ਤਾਂ ਤੱਕ ਲੋਕਾਂ ਦੇ ਚੇਤਿਆਂ ਵਿਚ ਵਸੀਆਂ ਰਹਿਣਗੀਆਂ।**

'ਮੈਂ ਆਪਣੇ ਅਸਤਕਾਲ ਦੇ ਨੇੜੇ ਪਹੁੰਚਿਆ ਹੋਇਆ ਹਾਂ। ਹੁਣ ਮੇਰੀ ਰਚਨਾਕਾਰੀ ਵਿਚ ਮੌਤ ਦਾ ਅਕਸਰ ਜ਼ਿਕਰ ਆਉਂਦਾ ਹੈ। ਮਿੱਤਰ ਪਾਠਕ ਰੋਸ ਅਤੇ ਪਿਆਰ ਦੀ ਮਿਲੀ-ਜੁਲੀ ਪ੍ਰਤੀਕਿਰਿਆ ਵਜੋਂ ਮੈਨੂੰ ਪੁੱਛਦੇ ਹਨ ਕਿ ਮੈਂ ਏਦਾਂ ਕਿਉਂ ਕਰਦਾ ਹਾਂ।... ਯਕੀਨਨ, ਇਹ ਜੀਵਨ ਆਪਣੀਆਂ ਦੁਸ਼ਵਾਰੀਆਂ ਦੇ ਬਾਵਜੂਦ ਬਹੁਤ ਮੁੱਲਵਾਨ ਹੈ, ਜਿਊਣਯੋਗ ਹੈ ਪਰ ਮੁਸ਼ਕਿਲ ਇਹ ਹੈ ਕਿ ਮੇਰੇ ਆਸੇ-ਪਾਸੇ ਮੇਰੇ ਆਪਣੇ ਹੀ ਪਿਆਰੇ ਕਿਰਨ-ਮ-ਕਿਰਨੀ ਚਲੇ ਜਾ ਰਹੇ ਹਨ। ਉਨ੍ਹਾਂ ਦਾ ਵਿਛੋੜਾ ਮੇਰੇ ਅੰਦਰ ਮੌਤ ਦੀ ਤਿੱਖੀ ਚੇਤਨਾ ਜਗਾਉਂਦਾ ਹੈ। ਉਹ ਤਾਂ ਮਰ ਗਏ, ਪਰ ਮੇਰੇ ਅੰਦਰ ਉਨ੍ਹਾਂ ਦੀ ਮੌਤ ਜਿਉਂਦੀ ਰਹਿੰਦੀ ਹੈ।'

ਇਹ ਸ਼ਬਦ ਮੇਰੇ ਨਹੀਂ, ਡਾ. ਹਰਿਭਜਨ ਸਿੰਘ ਦੇ ਲਿਖੇ ਹੋਏ ਹਨ ਪਰ ਪਿਛਲੇ ਸਾਲ ਤੋਂ ਮੈਨੂੰ ਲੱਗ ਰਿਹਾ ਹੈ ਕਿ ਇਹ ਸ਼ਬਦ ਤਾਂ ਮੇਰੇ ਹਨ, ਲਿਖੇ ਡਾ. ਹਰਿਭਜਨ ਸਿੰਘ ਦੀ ਕਲਮ ਨੇ ਹਨ। ਕਿਸੇ ਮਨੁੱਖ ਦਾ ਚਲਾਣਾ ਕੋਈ ਅਨਹੋਣੀ ਗੱਲ ਨਹੀਂ ਹੁੰਦੀ, ਸੰਸਾਰ ਦਾ ਇਹੋ ਮਾਰਗ ਹੈ।

**ਗੁਰਬਚਨ ਸਿੰਘ ਭੁੱਲਰ**
ਫੋਨ: +91-80763-63058

ਲੋਕਬਾਣੀ ਹੈ, 'ਆਪੋ ਆਪਣੀ ਵਾਰੀ ਸਭ ਨੇ ਹੀ ਜਾਣਾ ਹੈ, ਭਾਈ!' ਤਾਂ ਵੀ ਇਹ ਸੱਚ ਕਿੰਨਾ ਵੀ ਸੱਚਾ ਕਿਉਂ ਨਾ ਹੋਵੇ, ਸਾਧਾਰਨ ਮਨੁੱਖ ਲਈ ਪਰਵਾਨ ਕਰਨਾ ਏਨਾ ਸੌਖਾ ਨਹੀਂ ਹੁੰਦਾ। ਸਮਕਾਲੀਆਂ ਨਾਲੋਂ ਵੱਡੇ ਪਹਿਲੀਆਂ ਪੀੜ੍ਹੀਆਂ ਦੇ ਪੰਜਾਬੀ ਲੇਖਕ ਇਸੇ ਰਾਹ ਗਏ ਪਰ ਜਿਸ ਗਿਣਤੀ ਵਿਚ ਇਨ੍ਹਾਂ ਦੋ ਕੁ ਸਾਲਾਂ ਵਿਚ ਇਹ ਸੂਚੀ ਲੰਮੀ ਹੁੰਦੀ ਗਈ ਹੈ, ਉਹ ਕੁਝ 'ਅਨਹੋਣੀ' ਜਿਹੀ ਹੀ ਲੱਗਦੀ ਹੈ! ਇਉਂ ਲੱਗਣ ਲੱਗ ਪਿਆ ਹੈ ਜਿਵੇਂ ਸਾਹਿਤ ਦੇ ਵਿਹੜੇ ਵਿਚ ਆਪਣੇ ਇਕ ਪਿਆਰੇ ਲੇਖਕ ਦੇ ਸੱਥਰ ਦਾ ਉਠਾਲਾ ਕਰਦੇ ਹੋਈਏ ਤੇ ਉਹ ਨਾਲ ਦੀ ਨਾਲ ਦੂਜੇ ਵਾਸਤੇ ਵਿਛਾਉਣਾ ਪੈ ਜਾਂਦਾ ਹੋਵੇ!

ਕਹਾਵਤ ਹੈ, ਪੱਤਾ ਟੁੱਟੇ ਤੋਂ ਵੀ ਪਾਣੀ ਸਿੰਮ ਆਉਂਦਾ ਹੈ। ਪੱਤੇ ਨਾਲ ਡਾਹਣੀ ਦਾ ਸਾਥ ਤਾਂ ਪਿਛਲੀ ਬਹਾਰ ਤੋਂ ਮਗਰੋਂ ਦੇ ਕੁਝ ਮਹੀਨਿਆਂ ਦਾ ਹੁੰਦਾ ਹੈ। ਸੱਠ-ਸੱਠ ਸਾਲਾਂ ਦੇ ਸਾਥ ਦਾ ਕੀ ਕਹੀਏ! ਕੌਣ ਲੇਖਾ ਲਾਵੇ, ਅੱਧੀ ਸਦੀ ਤੋਂ ਲੰਮੇਰਾ ਸਾਥ ਟੁੱਟਿਆਂ ਕਿੰਨਾ ਪਾਣੀ ਸਿੰਮਦਾ ਹੈ! ਮੋਹਨ ਭੰਡਾਰੀ ਦੀ ਸੁਣਾਉਣੀ ਆਈ ਤਾਂ ਉਸ ਵਿਚ ਥੋੜ੍ਹੀ ਜਿਹੀ ਅਚਾਨਕਤਾ ਸੀ। ਉਸ ਦੀ ਦੇਹ ਲੰਮੇ ਸਮੇਂ ਤੋਂ ਨਿਰਬਲ ਤੇ ਬੇਵੱਸ ਤਾਂ ਹੁੰਦੀ ਜਾਂਦੀ ਸੀ, ਇਹ ਅਹਿਸਾਸ ਨਹੀਂ ਸੀ ਹੋਇਆ ਕਿ ਇਸ ਲੰਮੇ ਅਮਲ ਦਾ ਅੰਤ ਹੁਣੇ ਹੋ ਜਾਵੇਗਾ ਪਰ ਗੁਰਦੇਵ ਮਹੀਨੇ ਕੁ ਤੋਂ ਜਿਸ ਸਰੀਰਕ-ਮਾਨਸਿਕ ਹਾਲਤ ਵਿਚ ਪਹੁੰਚ ਚੁੱਕਿਆ ਸੀ, ਉਹਦੀ ਚੰਦਰੀ ਖ਼ਬਰ ਕਿਸੇ ਵੀ ਵੇਲੇ ਆ ਜਾਣ ਦਾ ਡਰ ਬਣਿਆ ਹੋਇਆ ਸੀ। ਮੋਹਨ ਦੀ ਖ਼ਬਰ ਸੁਣ ਕੇ ਮੇਰਾ ਪਹਿਲਾ ਧਿਆਨ ਗੁਰਦੇਵ ਵੱਲ ਗਿਆ। ਮੈਂ ਸੁੱਖ ਸੁੱਖੀ, 'ਹੋਣੀਏ, ਹੁਣ ਬਹੁਤੀ ਕਾਹਲੀ ਨਾ ਕਰੀਂ, ਕੁਝ ਦਿਨ ਲੰਘ ਲੈਣ ਦੇਈਂ। ਵੈਣ ਪਾਉਂਦਿਆਂ ਵੀ ਸਾਹ ਲੈਣਾ ਤਾਂ ਜ਼ਰੂਰੀ ਹੈ, ਸਾਹ ਜੋਗੀ ਵਿੱਥ ਜ਼ਰੂਰ ਪਾਈਂ' ਪਰ ਮੇਰੀ ਸੁੱਖ ਨਿਹਫਲ ਗਈ। ਮੋਹਨ ਵਾਲਾ ਸੱਥਰ ਉਠਾਇਆ ਵੀ ਨਹੀਂ ਸੀ, ਉਹੋ ਗੁਰਦੇਵ ਲਈ ਵਿਛਿਆ ਰਹਿਣ ਦੇਣਾ ਪਿਆ।

ਗੁਰਦੇਵ ਪੰਜਾਬੀ ਕਹਾਣੀ ਦੀ ਸੂਖਮਤਾ ਦੀ ਮਿਸਾਲ ਤੇ ਮਸ਼ਾਲ ਸੀ। ਉਹ ਅਜਿਹਾ ਕਲਮਕਾਰ ਸੀ ਜਿਸ ਉੱਤੇ ਉਹਦੀ ਬੋਲੀ ਕਈ ਪੁਸ਼ਤਾਂ ਤਕ ਮਾਣ ਕਰਦੀ ਰਹੇਗੀ। ਜੀਵਨ ਲੁਕੇ ਹੋਏ ਦਾਣਿਆਂ ਵਾਲੇ ਤੂੜੀ ਦੇ ਢੇਰ ਵਾਂਗ ਹੁੰਦਾ ਹੈ। ਹਰ ਘਟਨਾ ਵੀ ਇਸੇ ਤਰ੍ਹਾਂ ਹੁੰਦੀ ਹੈ, ਬਹੁਤ ਕੁਝ ਵਾਧੂ ਵਿਚ ਲੁਕਿਆ ਹੋਇਆ ਸਾਰ-ਤੱਤ। ਉਹਨੂੰ ਤੂੜੀ ਤੋਂ ਦਾਣੇ ਵੱਖ ਕਰ ਲੈਣ ਦਾ ਪੁਸ਼ਤੈਨੀ ਕਸਬ ਸਾਹਿਤ ਦੇ ਸਬੰਧ ਵਿਚ ਵੀ ਖ਼ੂਬ ਆਉਂਦਾ ਸੀ ਤੇ ਉਹ ਘਟਨਾ ਦੇ ਵਾਧੂ ਬੋਲੋਤੇ ਅੰਸ਼ ਛਾਂਗ ਕੇ ਉਹਦਾ ਸਾਰ-ਤੱਤ ਆਪਣੀ ਕਹਾਣੀ ਵਿਚ ਸਮੋਅ ਸਕਣ ਦੇ ਵੀ ਸਮਰੱਥ ਸੀ। ਉਸ ਨੂੰ ਆਪਣੀ ਰਚਨਾ ਲਈ ਗੋਰੀ ਦੀ ਅੱਖ ਦਾ ਸੁਰਮਾ ਵੀ ਚੋਰੀ ਕਰਨਾ ਆਉਂਦਾ ਸੀ, ਦੀਵੇ ਦੀ ਲੋਅ ਵੀ ਤੇ ਫੁੱਲ ਦੀ ਖ਼ੁਸ਼ਬੋ ਵੀ!

ਲੇਖਕ ਵਜੋਂ ਤੇ ਆਮ ਜ਼ਿੰਦਗੀ ਵਿਚ ਵਿਚਰਦੇ ਮਨੁੱਖ ਵਜੋਂ ਉਹ ਦੋ ਬਹੁਤ ਵੱਖਰੀਆਂ ਸ਼ਖ਼ਸੀਅਤਾਂ ਦਾ ਮਾਲਕ ਸੀ। ਮਨੁੱਖ ਵਜੋਂ ਉਹ ਟਿੱਚਰੀ, ਬੇਲਿਹਾਜ਼ ਟਿੱਪਣੀਕਾਰ, ਬੇਪਰਵਾਹ ਸਗੋਂ ਲਾਪਰਵਾਹ ਸੀ, ਪਰ ਲੇਖਕ ਵਜੋਂ ਉਹ ਬਹੁਤ ਬਰੀਕਬੀਨ, ਕੋਮਲਭਾਵੀ ਤੇ ਸੂਝਵਾਨ ਸੀ। ਬਹੁਤੇ ਲੇਖਕਾਂ ਦੇ ਉਲਟ ਉਹਨੂੰ ਸਾਹਿਤ ਦੇ ਸਮਾਜਿਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਕ ਆਧਾਰਾਂ ਦੀ ਬਹੁਤ ਗਹਿਰੀ ਸਮਝ ਸੀ। ਇਸ ਦੇ ਨਾਲ ਹੀ ਉਸ ਨੂੰ ਇਹ ਵੀ ਸਮਝ ਸੀ ਕਿ ਇਨ੍ਹਾਂ ਆਧਾਰਾਂ ਦਾ ਰਚਨਾ ਨਾਲ ਕੀ, ਕਿਵੇਂ ਅਤੇ ਕਿੰਨਾ ਰਿਸ਼ਤਾ ਹੈ। ਇਹ ਸਮਰੱਥਾ ਉਹਦੀ ਪੜ੍ਹਨ ਦੀ ਆਦਤ ਦਾ ਫਲ ਸੀ। ਬਹੁਤ ਸਮਾਂ ਦੁਪਹਿਰੋਂ ਲੱਗਦੇ ਸਕੂਲ ਵਿਚ ਅਧਿਆਪਕ ਰਿਹਾ ਹੋਣ ਸਦਕਾ ਉਸ ਨੇ ਸਾਰੀ ਕਾਇਨਾਤ ਦੇ ਸੁੱਤਿਆਂ ਟਿਕੀ ਰਾਤ ਦੀ ਇਕਾਗਰਤਾ ਵਿਚ ਡੂੰਘੇ ਸਵੇਰੇ ਤਕ ਪੜ੍ਹਦਾ-ਲਿਖਦਾ ਰਹਿਣ ਦੀ ਆਦਤ ਪਾਈ ਹੋਈ ਸੀ। ਮੌਲਿਕ ਸਾਹਿਤ ਹੋਵੇ ਜਾਂ ਸਾਹਿਤ ਸਿਧਾਂਤ, ਦਰਸ਼ਨ ਸ਼ਾਸਤਰ, ਮਨੋਵਿਗਿਆਨ, ਸਮਾਜ ਵਿਗਿਆਨ, ਧਰਮ ਆਦਿ ਵਿਸ਼ਿਆਂ ਦੀਆਂ ਪੁਸਤਕਾਂ, ਪੜ੍ਹਦਾ ਉਹ ਚੁਣ-ਚੁਣ ਕੇ ਸੀ। ਕਮਜ਼ੋਰ ਰਚਨਾ ਉੱਤੇ ਉਹ ਸਮਾਂ ਖ਼ਰਾਬ ਨਹੀਂ ਸੀ ਕਰਦਾ। ਪੰਜ-ਸੱਤ ਪੰਨੇ ਪੜ੍ਹ ਕੇ ਉਹ ਫ਼ੈਸਲਾ ਕਰ ਲੈਂਦਾ ਸੀ, ਪੁਸਤਕ ਪੜ੍ਹਨ ਵਾਲੀ ਹੈ ਕਿ ਸੰਤੋਖਣ ਵਾਲੀ। ਇਸੇ ਕਰਕੇ ਜਦੋਂ ਕਦੀ ਉਸ ਨਾਲ ਸਾਹਿਤਕ ਚਰਚਾ ਹੁੰਦੀ ਜਾਂ ਉਹ ਕਿਸੇ ਸਾਹਿਤਕ ਸਭਾ ਵਿਚ ਆਪਣੀ ਰਾਇ ਸਾਂਝੀ ਕਰਦਾ, ਬੜੀਆਂ ਕੰਮ ਦੀਆਂ ਗੱਲਾਂ ਕਰਦਾ। ਮੈਂ ਅਕਸਰ ਉਸ ਨੂੰ ਆਪਣੇ ਇਹ ਵਿਚਾਰ ਲਿਖਣ ਲਈ ਪ੍ਰੇਰਦਾ, ਪਰ ਉਹ ਬਹਾਨਾ ਬਣਾਉਂਦਾ ਕਿ ਇਉਂ ਮੇਰਾ ਮਨ ਗਲਪ-ਰਚਨਾ ਤੋਂ ਲਾਂਭੇ ਪੈ ਜਾਵੇਗਾ।



ਇਹ ਜਾਣ ਕੇ ਸ਼ਾਇਦ ਬਹੁਤਿਆਂ ਨੂੰ ਹੈਰਾਨੀ ਹੋਵੇ ਕਿ ਹੋਰ ਤਾਂ ਹੋਰ, ਉਹ ਚਿੱਠੀ ਦਾ ਜਵਾਬ ਲਿਖਣ ਵਿਚ ਵੀ ਯਕੀਨ ਨਹੀਂ ਸੀ ਰੱਖਦਾ। ਉਹਦੀ ਕੋਈ ਕਹਾਣੀ ਕਿਤੇ ਛਾਪਣ ਦੀ ਆਗਿਆ ਲੈਣ ਵਾਲੇ ਜਾਂ ਉਸ ਸਬੰਧੀ ਕੁਝ ਜਾਣਕਾਰੀ ਲੈਣ ਵਾਲੇ ਉਹਨੂੰ ਲਿਖੀਆਂ ਕਈ-ਕਈ ਚਿੱਠੀਆਂ ਦਾ ਜਵਾਬ ਉਡੀਕ ਕੇ ਆਖ਼ਰ, ਸਾਡੇ ਜੋਟੇ ਭਰਾ ਹੋਣ ਦੀ ਅੱਲ ਪੰਜਾਬ ਤਕ ਪਹੁੰਚ ਗਈ ਹੋਣ ਸਦਕਾ, ਮੈਨੂੰ ਲਿਖਦੇ। ਮੈਂ ਖਿਝ ਕੇ ਆਖਦਾ, "ਉਹ ਤੈਥੋਂ ਕਹਾਣੀ ਛਾਪਣ ਦੀ ਆਗਿਆ ਚਾਹੁੰਦਾ ਹੈ, ਤੂੰ ਉਹਨੂੰ ਦੋ ਲਫ਼ਜ਼ ਲਿਖ ਕਿਉਂ ਨਹੀਂ ਦਿੰਦਾ?" ਉਹਦਾ ਇਕੋ ਜਵਾਬ ਹੁੰਦਾ, "ਓ ਯਾਰ, ਜਿੰਨੇ ਚਿਰ ਵਿਚ ਤੂੰ ਮੈਥੋਂ ਪੁੱਛਦਾ ਹੈਂ, ਉਹਨੂੰ ਮੇਰੇ ਵੱਲੋਂ ਆਗਿਆ ਲਿਖ ਕਿਉਂ ਨਹੀਂ ਦਿੰਦਾ। ਆਪੇ ਦੇ ਦਿਆ ਕਰ ਇਹੋ ਜਿਹੀਆਂ ਚਿੱਠੀਆਂ ਦੇ ਜਵਾਬ!" ਇਕ ਵਾਰ ਉਸ ਸਬੰਧੀ ਐਮ.ਫਿਲ. ਕਰਨ ਲੱਗੇ ਹੋਏ ਇਕ ਲੇਖਕ ਨੇ ਇਸ ਤਜਰਬੇ ਵਿਚੋਂ ਲੰਘ ਕੇ ਮੈਨੂੰ ਕਿਹਾ, "ਇਉਂ ਪਤਾ ਹੁੰਦਾ ਕਿ ਰੁਪਾਣੇ ਦੇ ਜਵਾਬ ਤੁਸੀਂ ਭੇਜਣੇ ਹਨ, ਮੈਂ ਖੋਜ ਹੀ ਤੁਹਾਡੇ ਬਾਰੇ ਕਰਦਾ!"

ਗੁਰਦੇਵ ਦਿੱਲੀ ਵਿਚ ਮੇਰਾ ਅਗੇਤਾ ਦੂਤ ਸੀ। ਉਹ ਮੈਥੋਂ ਚਾਰ ਕੁ ਸਾਲ ਪਹਿਲਾਂ ਦਿੱਲੀ ਪਹੁੰਚ ਗਿਆ ਸੀ ਤੇ ਪੰਜਾਬੀ ਅਧਿਆਪਕ ਲੱਗ ਗਿਆ ਸੀ। ਇਸ ਸਮੇਂ ਵਿਚ ਉਹਨੇ ਕਹਾਣੀਕਾਰ ਵਜੋਂ ਤੇ ਖੁੱਲ੍ਹੇ ਸੁਭਾਅ ਵਾਲੇ ਬੰਦੇ ਵਜੋਂ ਆਪਣੇ ਲਈ ਜੋ ਥਾਂ ਬਣਾਉਣੀ ਸੀ, ਉਹ ਤਾਂ ਬਣਾਈ ਹੀ, ਮੇਰੇ ਲਈ ਵੀ ਕੰਮ ਸੌਖਾ ਕਰ ਦਿੱਤਾ। ਉਹਨੇ ਦਿੱਲੀ ਦੇ ਸਾਹਿਤਕ ਹਲਕਿਆਂ ਦੀ ਪੂਰੀ ਗਰਦੌਰੀ ਕਰ ਰੱਖੀ ਸੀ ਤੇ ਜਿਹੜੀਆਂ ਗੱਲਾਂ ਮੈਂ ਮਹੀਨਿਆਂ-ਸਾਲਾਂ ਵਿਚ ਸਿੱਖਣੀਆਂ ਸਨ, ਉਹਨੇ ਉਨ੍ਹਾਂ ਦਾ ਵਹੀ-ਖਾਤਾ, ਉਹਦੇ ਫ਼ਾਇਦੇ ਦੇ ਪਾਤਰ ਦਾ ਕੋਈ ਅੰਦਾਜ਼ਾ ਨਾ ਹੋਣ ਦੇ ਬਾਵਜੂਦ, ਮੇਰੇ ਲਈ ਪੂਰੇ ਵੇਰਵੇ ਨਾਲ ਤਿਆਰ ਕਰ ਰੱਖਿਆ ਸੀ। ਸਬਬ ਨਾਲ ਸਾਡੀਆਂ ਰਿਹਾਇਸ਼ਾਂ ਵੀ ਦਿੱਲੀ ਦੇ ਇਕੋ ਪਾਸੇ ਨੇੜੇ-ਨੇੜੇ ਹੀ ਸਨ। ਅਸੀਂ ਸਾਹਿਤਕ ਮੁਹਿੰਮਾਂ ਉੱਤੇ ਇਕੱਠੇ ਹੀ ਚੜ੍ਹਦੇ।

ਉਹ ਮੈਨੂੰ ਲੇਖਕਾਂ ਤੇ ਕਲਾਕਾਰਾਂ ਦੀ ਸੱਥ, ਤੰਬੂ ਵਾਲੇ ਕੌਫ਼ੀ ਹਾਊਸ ਵਿਚ ਤੇ ਬੈਠਕਾਂ ਕਰਨ ਵਾਲੀਆਂ ਸਾਹਿਤਕ ਸਭਾਵਾਂ ਵਿਚ ਲੈ ਕੇ ਗਿਆ। ਪਹਿਲੀ ਮਿਲਣੀ ਵਿਚ ਉਹਨੇ ਮੈਨੂੰ ਆਉਂਦੇ ਐਤਵਾਰ 'ਨਾਗਮਣੀ ਸ਼ਾਮ' ਹੋਣ ਦੀ ਜਾਣਕਾਰੀ ਦਿੱਤੀ ਤੇ ਉਥੇ ਲੈ ਪਹੁੰਚਿਆ। ਉਹ ਇਕੱਲੇ-ਇਕੱਲੇ ਸਾਹਿਤਕਾਰ ਬਾਰੇ ਬਣਾਈ ਹੋਈ ਰਾਇ ਮੈਨੂੰ ਦੱਸਦਾ। ਕਿਸੇ ਬਾਰੇ ਆਖਦਾ, 'ਇਹ ਬੰਦਾ ਵੀ ਵਧੀਆ ਹੈ ਤੇ ਲੇਖਕ ਵੀ ਚੰਗਾ ਹੈ।' ਕਿਸੇ ਬਾਰੇ ਕਹਿੰਦਾ, 'ਬੰਦਾ ਤਾਂ ਗੁੱਡਮੈਨ ਦੀ ਲਾਲਟੈਣ ਹੈ ਪਰ ਵਿਚਾਰਾ ਲਿਖਦਾ ਸੂਤ-ਬਾਤ ਹੀ ਹੈ।' ਕਿਸੇ ਹੋਰ ਬਾਰੇ ਦੱਸਦਾ, 'ਇਹ ਟਾਈ-ਸ਼ਾਈ ਤੇ ਚੁੰਝੂ ਪੱਗ ਵਾਲਾ ਦਰਸ਼ਨੀ ਘੋੜਾ ਹੀ ਹੈ, ਦੌੜਨਾ ਨਹੀਂ ਜਾਣਦਾ।'

ਦਿੱਲੀ ਵਿਚ ਮੇਰੀ ਪਛਾਣ ਵਿਚ ਆਉਣ ਵਾਲਾ ਉਹ ਸਤਿਆਰਥੀ ਜੀ ਤੋਂ ਮਗਰੋਂ ਦੂਜਾ ਲੇਖਕ ਸੀ। ਸਤਿਆਰਥੀ ਜੀ ਵਾਂਗ ਮਿਲਾਇਆ ਵੀ ਉਹ ਭਾਪਾ ਪ੍ਰੀਤਮ ਸਿੰਘ ਨਵਯੁਗ ਨੇ ਹੀ। ਮੈਨੂੰ ਦਿੱਲੀ ਪਹੁੰਚੇ ਨੂੰ ਹਫ਼ਤਾ ਵੀ ਨਹੀਂ ਸੀ ਹੋਇਆ, ਇਕ ਦਿਨ ਉਨ੍ਹਾਂ ਨੇ ਇਕੋ ਇਲਾਕਾ ਤੇ ਦੋਵਾਂ ਦਾ ਕਹਾਣੀਕਾਰ ਹੋਣਾ ਚਿਤਾਰਦਿਆਂ ਉਥੇ ਪਹਿਲਾਂ ਤੋਂ ਬੈਠੇ ਹੋਏ ਇਕ ਨੌਜਵਾਨ ਨੂੰ ਮੇਰਾ ਭਵਿੱਖੀ ਯਾਰ ਆਖ ਕੇ ਜਾਣੂ ਕਰਵਾਇਆ ਤੇ ਜਦੋਂ ਉਨ੍ਹਾਂ ਦੀ ਭਵਿੱਖਬਾਣੀ ਸੱਚੀ ਸਿੱਧ ਹੋਈ, ਉਹ ਇਕ ਦਿਨ ਹੱਸੇ, 'ਮੈਂ ਤੇ ਯਾਰ ਹੀ ਆਖਿਆ ਸੀ, ਤੁਸੀਂ ਤੇ ਜੋਟੇ ਭਰਾ ਬਣ ਗਏ ਹੋ!' ਉਹ ਆਖਦੇ, 'ਜੰਮੇ ਦੂਰ-ਦੂਰ ਦੋ ਮਾਪਿਆਂ ਦੇ ਘਰ, ਪਰ ਹੋ ਜੌੜੇ!' ਉਨ੍ਹਾਂ ਨੇ ਹੀ ਸਾਡੇ ਪਹਿਲੇ ਕਹਾਣੀ ਸੰਗ੍ਰਹਿ, ਮੇਰਾ 'ਓਪਰਾ ਮਰਦ' ਅਤੇ ਗੁਰਦੇਵ ਦਾ 'ਇਕ ਟੋਟਾ ਔਰਤ' ਨਾਲੋ-ਨਾਲ ਛਾਪੇ। ਦੋਵਾਂ ਪੁਸਤਕਾਂ ਨੂੰ ਚੰਗੀ ਸਲਾਹੁਤਾ ਮਿਲੀ। ਨਤੀਜੇ ਵਜੋਂ ਦਿੱਲੀ ਦੇ ਲੇਖਕ ਸਾਨੂੰ ਜੌੜੇ ਭਾਈ ਆਖਣ ਲੱਗੇ। ਸਾਡੇ ਵਿਚੋਂ ਕਿਸੇ ਇਕ ਨੂੰ ਮਿਲਿਆ ਲੇਖਕ ਮਿੱਤਰ ਉਹਦਾ ਹਾਲ-ਚਾਲ ਪੁੱਛਣ ਦੇ ਨਾਲ-ਨਾਲ ਦੂਜੇ ਦਾ ਹਾਲ-ਚਾਲ ਵੀ ਜ਼ਰੂਰ ਪੁੱਛਦਾ। ਦਿੱਲੀ ਵਰਗੇ ਬੇਨਿਹਾਰੇ ਤੇ ਬੇਗੂਰੇ ਸ਼ਹਿਰ ਵਿਚ ਸਾਡੀ ਸਾਂਝ ਤੇ ਪਛਾਣ ਕਿੰਨੀ ਡੂੰਘੀ ਤੇ ਫ਼ੈਲਵੀਂ ਹੋਈ, ਅੱਜ ਵੀ ਸੋਚ ਕੇ ਹੈਰਾਨੀ ਹੁੰਦੀ ਹੈ। ਇਕ ਪੰਜਾਬੀ ਨੌਜਵਾਨ 'ਹਮਦਮ ਆਰਟਿਸਟ' ਹੁੰਦਾ ਸੀ। ਚੰਗਾ-ਵਾਹਵਾ ਹੋਣਹਾਰ ਚਿੱਤਰਕਾਰ ਸੀ ਪਰ ਜਵਾਨੀ ਵਿਚ ਹੀ ਗੁਜ਼ਰ ਗਿਆ ਸੀ। ਉਹ ਜਿੱਥੇ ਵੀ ਮਿਲਦਾ, ਇਕ ਨੂੰ ਦੂਜੇ ਦੇ ਨਾਂ ਨਾਲ ਬੁਲਾਉਂਦਾ। ਦੱਸੇ ਤੋਂ ਉਹ ਸਹੁੰ ਖਾਂਦਾ ਕਿ ਉਹ ਮਖੌਲ ਜਾਂ ਸ਼ਰਾਰਤ ਵਿਚ ਇਉਂ ਨਹੀਂ ਕਰ ਰਿਹਾ, ਕਿਸੇ ਨਿਸ਼ਾਨੀ ਦੇ ਸਹਾਰੇ ਨਿਖੇੜਾ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ ਪਰ ਫੇਰ ਭੁੱਲ ਜਾਂਦਾ ਹੈ।

ਦਿੱਲੀ ਰੇਡੀਓ ਦੇ ਪੰਜਾਬੀ ਸੈਕਸ਼ਨ ਦੀ ਬੀਬੀ ਸਤਿਆ ਸੇਠ ਮੇਰੇ ਕੋਲ ਗੁਰਦੇਵ ਦੀ ਕਿਸੇ ਕਹਾਣੀ ਨੂੰ ਮੇਰੀ ਕਹਿ ਕੇ ਤੇ ਗੁਰਦੇਵ ਕੋਲ ਮੇਰੀ ਕਿਸੇ ਕਹਾਣੀ ਨੂੰ ਉਹਦੀ ਕਹਿ ਕੇ ਤਾਰੀਫ਼ਾਂ ਕਰਦੀ। ਜੰਮੂ ਤੋਂ ਦਿੱਲੀ ਆ ਕੇ ਵਸੀ ਚੰਦਨ ਨੇਗੀ ਨੇ ਕਹਾਣੀਆਂ ਦੀ ਆਪਣੀ ਨਵੀਂ ਛਪੀ ਪੁਸਤਕ ਗੁਰਦੇਵ ਨੂੰ ਮੇਰਾ ਨਾਂ ਲਿਖ ਕੇ ਭੇਟ ਕਰ ਦਿੱਤੀ ਅਤੇ ਕੁਝ ਦਿਨਾਂ ਮਗਰੋਂ ਗੁਰਦੇਵ ਦਾ ਨਾਂ ਲਿਖ ਕੇ ਮੈਨੂੰ ਦੇ ਦਿੱਤੀ। ਅਸੀਂ ਉਹਨੂੰ ਕੁਝ ਕਹੇ ਬਿਨਾਂ ਪੁਸਤਕਾਂ ਆਪਸ ਵਿਚ ਵਟਾ ਲਈਆਂ। ਉਨ੍ਹਾਂ ਦਿਨਾਂ ਦੇ ਅਜਿਹੇ ਅਨੇਕ ਕਿੱਸੇ ਹਨ। ਇਕ ਤਾਂ ਬੇਪਰਵਾਹ ਵੀ ਤੇ ਲਾਪਰਵਾਹ ਵੀ, ਦੂਜਾ ਉਹਦਾ ਆਪਣੀਆਂ ਜੜ੍ਹਾਂ ਪਿੰਡ ਵਿਚ ਹੋਣ ਦਾ ਵਿਸ਼ਵਾਸ। ਮੈਂ ਆਖਦਾ, ਪਿੰਡ ਹੁਣ ਤੇਰੇ ਸੁਫ਼ਨਿਆਂ ਵਾਲੇ ਨਹੀਂ ਰਹੇ। ਆਖਣ-ਸਮਝਾਉਣ ਦੇ ਬਾਵਜੂਦ ਉਹਨੇ ਦਿੱਲੀ ਵਿਚ ਕੋਈ ਛੋਟਾ-ਮੋਟਾ ਫ਼ਲੈਟ ਵੀ ਨਾ ਲਿਆ। ਇਉਂ ਸੇਵਾ-ਮੁਕਤੀ ਮਗਰੋਂ, ਅੱਜ ਤੋਂ ਵੀਹ ਸਾਲ ਪਹਿਲਾਂ ਉਹ ਪਿੰਡ ਜਾ ਕੇ ਰਿਹਾ। ਪੀੜ੍ਹੀ ਬਦਲ ਗਈ ਤੇ ਗੁਰਦੇਵ ਹੌਲੀ-ਹੌਲੀ ਦਿੱਲੀ ਵਾਲਿਆਂ ਵਾਸਤੇ ਪੰਜਾਬ ਵਸਦਾ ਇਕ ਹੋਰ ਪੰਜਾਬੀ ਲੇਖਕ ਬਣ ਗਿਆ। ਨਵੀਂ ਪੀੜ੍ਹੀ ਦੇ ਬਹੁਤੇ ਲੇਖਕਾਂ ਨੂੰ ਸਾਡੇ ਰਿਸ਼ਤੇ ਦਾ ਵੀ ਪਤਾ ਨਾ ਰਿਹਾ।


ਫੇਰ ਪਿਛਲੇ ਦਿਨੀਂ ਇਕ ਕੁਝ ਵਧੇਰੇ ਹੀ ਅਜੀਬ ਘਟਨਾ ਵਾਪਰੀ। ਕੈਨੇਡਾ ਤੋਂ ਕਵਿੱਤਰੀ ਸੁਰਜੀਤ ਦਾ ਫ਼ੋਨ ਆਇਆ। ਉਹ ਕਦੀ-ਕਦੀ ਸੁੱਖ-ਸਾਂਦ ਪੁੱਛਦੀ ਰਹਿੰਦੀ ਹੈ। ਇਸ ਵਾਰ ਉਹ ਕੁਝ ਵਧੇਰੇ ਹੀ ਘੋਖਵੀਆਂ ਗੱਲਾਂ ਕਰ ਰਹੀ ਸੀ, "ਠੀਕ ਹੋ?... ਠੀਕ ਤੁਰੇ-ਫਿਰਦੇ ਹੋ?... ਆਪਣੇ ਕੰਮ ਆਪ ਕਰ ਲੈਂਦੇ ਹੋ?... ਸੈਰ ਨੂੰ ਜਾਂਦੇ ਹੋ?..."

ਮੈਨੂੰ ਕੁਝ ਸ਼ੱਕ ਜਿਹਾ ਪਿਆ। ਮੈਂ ਪੁੱਛਿਆ, "ਕੀ ਗੱਲ ਹੈ ਬੀਬੀ?"

ਉਹਨੇ ਉਥੇ ਹੀ ਰਹਿੰਦੀ ਇਕ ਪੰਜਾਬੀ ਲੇਖਿਕਾ ਦਾ ਨਾਂ ਲੈ ਕੇ ਕਿਹਾ ਕਿ ਉਹਨੇ ਦੱਸਿਆ ਹੈ ਕਿ ਭੁੱਲਰ ਜੀ ਨੂੰ ਅਧਰੰਗ ਹੋ ਗਿਆ ਹੈ। ਅਧਰੰਗ ਵਰਗੀ ਚੰਦਰੀ ਬਿਮਾਰੀ ਦਾ ਨਾਂ ਆਪਣੇ ਨਾਂ ਨਾਲ ਜੁੜਿਆ ਸੁਣ ਕੇ ਮੇਰਾ ਸੀਤ ਨਿੱਕਲ ਗਿਆ ਤੇ ਮੇਰੀ ਪ੍ਰੇਸ਼ਾਨੀ ਦੀ ਕੋਈ ਹੱਦ ਨਾ ਰਹੀ। ਸੁਰਜੀਤ ਨੂੰ ਆਪਣੀ ਤੰਦਰੁਸਤੀ ਦਾ ਭਰੋਸਾ ਦੇ ਕੇ ਮੈਂ ਸੋਚਿਆ, ਇਸ ਭੁਲੇਖੇ ਦੀ ਜੜ੍ਹ ਕਿਤੇ ਜ਼ਰੂਰ ਹੈ। ਮੈਂ ਪੰਜਾਬੀ ਸਾਹਿਤਕ ਪਰਿਵਾਰ ਉੱਤੇ ਨਜ਼ਰ ਮਾਰਨ ਲੱਗਿਆ। ਫੇਰ ਮੈਂ ਇਕਦਮ ਫ਼ੋਨ ਚੁੱਕਿਆ ਤੇ ਤਿੰਨ ਕੁ ਮਹੀਨਿਆਂ ਤੋਂ ਟੁੱਟੇ ਹੋਏ ਚੂਲੇ ਨਾਲ ਮੰਜਾ ਮੱਲੀ ਪਏ ਗੁਰਦੇਵ ਦੇ ਪੁੱਤਰ ਨੂੰ ਪੁੱਛਿਆ, "ਕੀ ਹਾਲ ਹੈ ਮੇਰੇ ਯਾਰ ਦਾ?"

ਜਵਾਬ ਸੁੰਨ ਕਰ ਦੇਣ ਵਾਲਾ ਸੀ, "ਅੰਕਲ, ਉਨ੍ਹਾਂ ਦੇ ਦੋਵੇਂ ਪਾਸੇ ਮਾਰੇ ਗਏ ਹਨ!"

ਅਜਿਹੀ ਨੇੜਤਾ ਦਾ ਅੰਤ ਪੱਤਾ ਟੁੱਟਣਾ ਨਹੀਂ, ਪੂਰੇ ਬਿਰਛ ਦਾ ਹੀ ਝੜ ਜਾਣਾ ਹੈ!



# ਮੇਰਾ ਭਾਰਤ ਮਹਾਨ !

ਸ਼ਹਿਰ ਦਾ ਵਿਅਸਤ ਚੌਕ। ਸਮਾਂ ਦੁਪਹਿਰ ਤਿੰਨ ਵਜੇ ਦਾ। ਇਕ ਪਾਸੇ ਜਿੱਥੇ ਬੱਸਾਂ ਖੜਦੀਆ ਹਨ, ਚਾਹ ਦਾ ਖੋਖਾ ਹੈ। ਇਸ ਲਾਗੇ ਕੁਝ ਰਿਕਸ਼ੇ ਵਾਲੇ ਅਤੇ ਮਜਦੂਰ ਖੜ੍ਹੇ ਬੈਠੇ ਹਨ। ਬੈਂਚ 'ਤੇ ਬੈਠੇ ਬੰਤੇ ਮਿਸਤਰੀ ਨੂੰ ਆਪਣੇ ਪਿੰਡ ਦਾ ਮੇਲੂ ਰਿਕਸ਼ੇ ਵਾਲਾ ਨਜਰ ਆਇਆ ਤਾਂ ਉਸ ਨੂੰ 'ਵਾਜ ਮਾਰ ਸੱਦ ਲਿਆ ਅਤੇ ਕਿਹਾ 'ਸੁਣਾ ਯਾਰ ਕਿਦੈਂ ਫੇਰ, ਆ ਚਾਹ ਪੀਏ'। ਮੇਲੂ ਲਾਗੇ ਆ ਖਲੋ ਗਿਆ ਤੇ ਬੋਲਿਆ 'ਕਾਹਦੀ ਚਾਹ ਯਾਰ ਅੱਜ ਤਾਂ ਹੁਣ ਤਾਂਈਂ ਸੌ ਰੁਪਈਏ ਵੀ ਨਹੀਂ ਬਣੇ, ਪੰਜੱਤਰ ਮਾਲਕ ਨੂੰ ਦੇ ਰੋਟੀ ਜੋਗੇ ਵੀ ਨਹੀਂ ਹੋਣੇ'। ਬੰਤੇ ਕਿਹਾ 'ਚੱਲ ਚਾਹ ਮੇਰੇ ਵੱਲੋਂ ਸਈ ਭਾਵੇਂ ਮੇਰੀਆਂ ਵੀ ਟੁਟਵੀਆਂ ਦਿਹਾੜੀਆਂ ਹੀ ਲੱਗ ਰਹੀਆਂ'। ਖੋਖੇ ਵਾਲੇ ਨੂੰ ਚਾਹ ਲਈ ਕਹਿ ਦੋਵੇਂ ਗੱਲਾਂ ਕਰਨ ਲੱਗੇ। ਚੌਕ ਵਿਚੋਂ ਧੂੜਾਂ ਉਡਾਉਂਦੀਆਂ ਕਿਸਾਨਾਂ ਦੀਆਂ ਭਰੀਆਂ ਟਰਾਲੀਆਂ 'ਬੋਲੇ ਸੋ ਨਿਹਾਲ' ਦੇ ਜੈਕਾਰੇ ਛੱਡਦੀਆਂ ਲੰਘ ਰਹੀਆਂ ਸਨ। ਬੰਤੇ ਕਿਹਾ 'ਮੇਲੂਆ ਆਖਰ ਜੱਟਾਂ ਸਰਕਾਰ ਝੁਕਾ ਹੀ ਲਈ ਸ਼ਾਬਾਸ਼ੇ ਇਨ੍ਹਾਂ ਦੇ'। ਮੇਲੂ ਚਾਹ ਦਾ ਸੜ੍ਹਕਾ ਮਾਰ ਕੁਝ ਚਿਰ ਸੋਚਦਾ ਰਿਹਾ ਫਿਰ ਬੋਲਿਆ 'ਬੰਤਿਆ ਜੋਰਾਵਰ ਦਾ ਸੱਤੀਂ ਵੀਹੀਂ ਸੌ ਹੁੰਦੈ। ਜਿਹਦੇ ਕੋਲ ਡਾਂਗ ਮੱਝ ਉਹਦੀ।' ਫਿਰ ਉਹ ਚਾਹ ਦਾ ਖਾਲੀ ਗਲਾਸ ਥੱਲੇ ਰੱਖਦਿਆਂ ਕਹਿਣ ਲੱਗਿਆ 'ਬੰਤਿਆ ਇਕ ਗੱਲ ਦੱਸ ਪਈ ਇਹ ਸਾਲ ਦਿੱਲੀ ਧਰਨਿਆਂ 'ਤੇ ਬੈਠੇ ਰਹੇ ਇਨ੍ਹਾਂ ਦੇ ਖੇਤ ਖਾਲੀ ਪਏ ਰਹੇ? ਫਸਲਾਂ ਬੀਜੀਆ ਗਈਆਂ ਵੱਢੀਆਂ ਗਈਆਂ, ਠੇਕੇ ਆਲਿਆਂ ਠੋਕ ਕੇ ਠੇਕੇ ਲੈ ਲੈਣੇ। ਤੂੰ ਤੇ ਮੈਂ ਧਰਨਾ ਲਾ ਕੇ ਦੇਖ ਲਈਏ ਦੋ ਕੁ ਦਿਨ ਕੀ ਬਣਦੈ, ਜੁਆਕ ਭੁੱਖੇ ਨਾ ਮਰ ਜਾਣ ਤਾਂ'। ਬੰਤਾ ਉਸ ਨਾਲ ਸਹਿਮਤ ਸੀ ਕਿਉਂਕਿ ਉਹ ਵੀ ਰੋਜ ਖੂਹ ਪੱਟ ਰੋਜ ਪਾਣੀ ਪੀਣ ਵਾਲਿਆਂ 'ਚ ਹੋਇਆ। ਮੇਲੂ ਖਲੋ ਗਿਆ 'ਤੇ ਬੱਸ ਵਿਚੋਂ ਉਤਰਦੀਆਂ ਸਵਾਰੀਆਂ ਵੱਲ ਆਸ ਨਾਲ ਦੇਖਦਾ ਰਿਹਾ, ਪਰ ਕੋਈ ਰਿਕਸ਼ੇ ਵਾਲੀ ਸਵਾਰੀ ਇਸ ਬੱਸ ਵਿਚੋਂ ਵੀ ਨਾ ਉਤਰੀ। ਉਹ ਨਿਰਾਸ਼ ਹੋ ਫੇਰ ਬੈਠ ਗਿਆ ਅਤੇ ਬੰਤੇ ਦੇ ਮੋਢੇ 'ਤੇ ਹੱਥ ਰੱਖ ਕਹਿਣ ਲੱਗਿਆ 'ਜੱਟਾਂ ਲੱਖਾਂ ਖਰਚ ਆਪਣੇ ਟਰੈਕਟਰ ਬੁਲਡੋਜਰ ਬਣਾ ਲਏ। ਉਨ੍ਹਾਂ ਲਈ ਵਾਧੂ ਰਾਸ਼ਨ ਪਾਣੀ ਬਾਹਰੋਂ ਵੀ ਆ ਗਿਆ। ਵਿਰੋਧੀ ਰਾਜਨੀਤਕ ਪਾਰਟੀਆਂ ਆਪਣਾ ਟਾਂਕਾ ਫਿਟ ਹੁੰਦਾ ਦੇਖ ਇਨ੍ਹਾਂ ਦੀ ਪਿੱਠ 'ਤੇ ਆ ਗਈਆਂ। ਦੇਸ਼ ਵਿਰੋਧੀ ਅਨਸਰ ਵੀ ਮੌਕਾ ਦੇਖ ਹਰਕਤ 'ਚ ਆ ਗਏ। ਭਰਾਵਾ ਸਭ ਦੇ ਆਪੋ ਆਪਣੇ ਸਵਾਰਥ ਨੇ। ਇਹ ਕਿਰਤੀਆਂ ਦਾ ਅੰਦੋਲਨ ਨਹੀਂ ਤਕੜਿਆਂ ਦਾ ਸੀ। ਤੂੰ 'ਤੇ ਮੈਂ ਕੀਹਦੇ ਪਾਣੀਹਾਰ ਹਾਂ। ਸਾਡੀ ਖੋਤੀ ਬੋਹੜ ਹੇਠਾਂ ਹੀ ਰਹਿਣੀ ਆ' ਬੰਤਾ ਅਨਪੜ੍ਹ ਮੇਲੂ ਦੀ ਸਹਿਜਬੁੱਧੀ 'ਤੇ ਹੈਰਾਨ ਹੋ ਰਿਹਾ ਸੀ। ਮੇਲੂ ਬੱਸ 'ਚੋਂ ਉਤਰੀ ਉਸ ਵੱਲ ਆਉਂਦੀ ਇੱਕ ਸਵਾਰੀ ਵੱਲ ਵਧਿਆ, ਪਰ ਉਸ ਤੋਂ ਪਹਿਲਾਂ ਹੀ ਇੱਕ ਬਖਈਏ ਰਿਕਸ਼ੇਵਾਲੇ ਨੇ ਉਹ ਸਵਾਰੀ ਵੀ ਬੋਚ ਲਈ। ਦਿਨ ਛਿਪੇ ਮੇਲੂ ਬੰਤੇ ਨੂੰ ਆਪਣੇ ਰਿਕਸ਼ੇ 'ਚ ਬਠਾਈ ਪਿੰਡ ਪਰਤ ਰਿਹਾ ਸੀ। ਉਸ ਦੀ ਜੇਬ ਵਿਚ ਰਿਕਸ਼ੇ ਦਾ ਕਿਰਾਇਆ ਦੇਣ ਬਾਦ 72 ਰੁਪਈਏ ਸਨ ਅਤੇ ਮਿਸਤਰੀ ਬੰਤ ਚਾਹ ਪਾਣੀ 'ਤੇ ਪੱਲਿਓਂ 30 ਰੁਪਈਏ ਖਰਚ ਆਇਆ ਸੀ। ਪਿੰਡ ਦੀ ਗਲੀ ਲੰਘਦਿਆਂ ਉਨ੍ਹਾਂ ਦੇਖਿਆ ਕਿ ਸਰਪੰਚ ਦੇ ਘਰੇ ਮੋਰਚਾ ਫਤਹਿ ਹੋਣ ਦੀ ਖੁਸ਼ੀ ਵਿਚ ਦਾਰੂ ਦੇ ਦੌਰ ਚੱਲ ਰਹੇ ਹਨ ਅਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਵੱਜ ਰਹੇ ਸਨ। ਕਿਉਂ, ਹੈ ਨਾ ਮੇਰਾ ਭਾਰਤ ਮਹਾਨ?

*-ਹਰਜੀਤ ਦਿਉਲ ਬਰੈਂਪਟਨ*

# ਤੁਰ ਗਿਆ ਯਾਰ ਗੁਰਦੇਵ ਰੁਪਾਣਾ

**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਹਫ਼ਤਾ ਕੁ ਪਹਿਲਾਂ 'ਮੂੰਨ ਦੀ ਅੱਖ' ਵਾਲਾ ਕਹਾਣੀਕਾਰ ਮੋਹਨ ਭੰਡਾਰੀ ਚਲਾ ਗਿਆ। ਹੁਣ 'ਸ਼ੀਸ਼ਾ' ਤੇ 'ਹਵਾ' ਵਰਗੀਆਂ ਕਹਾਣੀਆਂ ਲਿਖਣ ਵਾਲਾ ਗੁਰਦੇਵ ਰੁਪਾਣਾ ਵੀ ਤੁਰ ਗਿਐ। ਓਵੇਂ ਹੀ, ਜਿਵੇਂ ਦੋ ਕੁ ਸਾਲ ਪਹਿਲਾਂ ਦਲੀਪ ਕੌਰ ਟਿਵਾਣਾ ਤੇ ਜਸਵੰਤ ਸਿੰਘ ਕੰਵਲ ਅੱਗੜ-ਪਿੱਛੜ ਤੁਰ ਗਏ ਸਨ। ਸਿਆਣੇ ਸੱਚ ਕਹਿੰਦੇ ਹਨ, ਜੋ ਆਇਆ ਸੋ ਚੱਲਸੀ। ਹਰ ਇੱਕ ਨੇ ਕਿਸੇ ਦਿਨ ਤੁਰ ਹੀ ਜਾਣਾ ਹੈ। ਥਿਰ ਨਾ ਕੋਈ ਜੱਗ ਰਿਹਾ ਪਰ ਚਲੇ ਜਾਣ ਵਾਲੇ ਦਾ ਦੁੱਖ ਤਾਂ ਹੁੰਦਾ ਈ ਹੈ ਨਾ। ਰੁਪਾਣੇ ਦੇ ਜਾਣ ਦਾ ਵੀ ਬੜਾ ਦੁੱਖ ਹੋਇਆ। ਉਹਦੇ ਸੰਗ ਬਿਤਾਈਆਂ ਘੜੀਆਂ ਮੁੜ ਯਾਦ ਆ ਗਈਆਂ। ਯਾਦ ਕਰ ਕੇ ਅੱਖਾਂ ਭਰ ਆਈਆਂ, ਮਨ ਮਸੋਸਿਆ ਗਿਆ।



ਰੁਪਾਣਾ ਸਾਡਾ ਸ਼ੁਗਲੀ ਯਾਰ ਸੀ। ਸ਼ੁਗਲ ਕਰਦਿਆਂ ਨਾ ਅਗਲੇ ਨੂੰ ਬਖਸ਼ਦਾ ਸੀ, ਨਾ ਆਪਣੇ ਆਪ ਨੂੰ। ਲੱਗਦਾ ਨਹੀਂ ਸੀ, ਏਡੀ ਛੇਤੀ ਵਿਗੋਚਾ ਦੇ ਜਾਵੇਗਾ। ਨਾਲੇ ਹੁਣ ਹੀ ਤਾਂ ਉਸ ਨੂੰ ਮਾਣ-ਸਨਮਾਨ ਮਿਲਣ ਲੱਗੇ ਸਨ। ਆਏ ਸਾਲ ਵੱਡੇ ਅਵਾਰਡ! ਕਦੇ ਢਾਹਾਂ ਅਵਾਰਡ, ਕਦੇ ਸਾਹਿਤ ਅਕਾਡਮੀ ਅਵਾਰਡ ਤੇ ਕਦੇ ਸ਼੍ਰੋਮਣੀ ਸਾਹਿਤਕਾਰ ਅਵਾਰਡ। ਮੈਂ ਮੁਬਾਰਕਾਂ ਦਿੰਦਾ ਤਾਂ ਉਹ ਪੁੱਛਦਾ, 'ਭਲਾ ਦਸ ਹਜ਼ਾਰ ਡਾਲਰਾਂ ਦੇ ਕਿੰਨੇ ਰੁਪਈਏ ਬਣਨਗੇ?'

ਮੈਂ ਉਹਦੀ ਜ਼ਮੀਨ ਦੀ ਠੇਕੇ ਦੀ ਆਮਦਨ ਪੁੱਛ ਕੇ ਦੱਸਦਾ, 'ਜ਼ਮੀਨ ਦੇ ਠੇਕੇ ਤੋਂ ਦੁੱਗਣੇ!'

ਮਚਲਾ ਬਣ ਕੇ ਉਹ ਆਖਦਾ, 'ਮੈਂ ਤਾਂ ਅਵਾਰਡ ਦੇਣ ਆਲਿਆਂ ਨੂੰ ਜਵਾਬ ਦੇਣ ਲੱਗਾ ਸੀ ਬਈ ਪੱਚੀ ਹਜ਼ਾਰ ਡਾਲਰ ਦੀ ਥਾਂ ਦਸ ਹਜ਼ਾਰ ਕਿਉਂ? ਮੈਂ ਨੀ ਲੈਣੇ, ਮੈਂ ਕੀਹਤੋਂ ਮਾੜਾਂ?'

ਮੈਂ ਝੇਡ ਕਰਦਾ, 'ਹੋਰ ਤੂੰ ਵੰਝ ਭਾਲਦੈਂ? ਲੈ-ਲੈ ਚੁੱਪ ਕਰ ਕੇ ਜਿੰਨੇ ਮਿਲਦੇ ਐ। ਨਹੀਂ ਕੋਈ ਹੋਰ ਲੈ-ਜੂ। ਪੰਜ ਲੱਖ ਥੋੜ੍ਹੈ?'

ਉਹ ਮੁਸ਼ਕਣੀਏਂ ਹੱਸਦਾ, 'ਓਏ ਆਹੋ, ਏਥੇ ਤਾਂ ਅਵਾਰਡਾਂ ਨੂੰ ਬਥੇਰੇ ਜੁੱਤੀਆਂ ਲਾਹੀ ਖੜ੍ਹੇ ਆ। ਚੱਲ ਤੇਰੇ ਆਖੇ ਲੈ ਈ ਲੈਨਾਂ। ਭਲਾ ਜਹਾਜ਼ ਦਾ ਕਿਰਾਇਆ ਕਿੰਨਾ ਲੱਗੂ?'

'ਕਿਰਾਇਆ ਅਵਾਰਡ ਦੇਣ ਵਾਲੇ ਲਾਉਣਗੇ, ਤੈਨੂੰ ਘਰ ਰੱਖੂੰ ਮੈਂ ਆਪਣੇ ਕੋਲ। ਸੇਵਾ ਪੂਰੀ। ਤੈਨੂੰ ਸਿਰਫ਼ ਪਾਸਪੋਰਟ ਬਣਾਉਣਾ ਪਊ। ਵੀਜ਼ਾ ਲੱਗ-ਜੂ। ਮੁਫ਼ਤ ਦਾ ਸੈਰ ਸਪਾਟਾ।' ਪਰ ਉਹ ਅਵਾਰਡ ਲੈਣ ਨਹੀਂ ਸੀ ਪਹੁੰਚਿਆ। ਰਕਮ ਜ਼ਰੂਰ ਰੁਪਾਣੇ ਪਹੁੰਚ ਗਈ, ਜੀਹਦੀ ਉਹਨੂੰ ਤਲਬ ਵੀ ਸੀ।

ਕਦੇ-ਕਦੇ ਚਾਂਭਲਿਆ ਕਹਿ ਦਿੰਦਾ ਸੀ, 'ਕੀ ਪਤਾ ਮੈਂ ਕੰਵਲ ਤੇ ਗੁਰਦਿਆਲ ਤੋਂ ਵੀ ਵੱਧ ਅਵਾਰਡ ਭੋਟ-ਲਾਂ।' ਸ਼ਾਇਦ ਭੋਟ ਵੀ ਜਾਂਦਾ ਜੇ ਸਿਹਤ ਸੰਭਾਲੀ ਰੱਖਦਾ। ਖਾਣ-ਪੀਣ ਦਾ ਪਾਬੰਦ ਰਹਿੰਦਾ ਤੇ ਉਤੋਂ ਦੀ ਨਾ ਹੁੰਦਾ। ਪਰ ਜਿਵੇਂ ਕਹਿੰਦੇ ਹਨ, ਰੱਜ ਨਾ ਕੋਈ ਜੀਵਿਆ, ਉਹੀ ਗੱਲ ਰੁਪਾਣੇ ਨਾਲ ਹੋਈ। ਸੱਚੀ ਗੱਲ ਐ, ਦੁਨੀਆ ਚਲੋ-ਚੱਲੀ ਦਾ ਮੇਲਾ ਹੈ। ਕਿਹਾ ਕਰਦਾ ਸੀ, 'ਓੜਕ ਨੂੰ ਮਰ ਜਾਣੈ, ਚੱਲ ਮੇਲੇ ਚੱਲੀਏ।' ਮੈਨੂੰ ਉਹਦੇ ਪਿੰਡ ਨੇੜਲਾ ਮੁਕਤਸਰ ਦਾ ਮੇਲਾ ਯਾਦ ਆ ਜਾਂਦਾ। ਉਹ ਮੁਢਲੀ ਪੜ੍ਹਾਈ ਰੁਪਾਣੇ ਤੋਂ ਕਰ ਕੇ, ਖਾਲਸਾ ਹਾਈ ਸਕੂਲ ਮੁਕਤਸਰ 'ਚ ਪੜ੍ਹਿਆ ਜਿਥੇ ਫੁੱਟਬਾਲ ਵੀ ਖੇਡਿਆ। ਕਦੇ ਡਾ. ਮਹਿੰਦਰ ਸਿੰਘ ਰੰਧਾਵਾ ਵੀ ਉਸੇ ਸਕੂਲ ਵਿਚ ਪੜ੍ਹਿਆ ਸੀ। ਦਿੱਲੀ ਯੂਨੀਵਰਸਿਟੀ ਦੀ ਮਾਸਟਰ ਡਿਗਰੀ ਦਾ ਗੋਲਡ ਮੈਡਲਿਸਟ ਸਾਡਾ ਸਾਂਝਾ ਮਿੱਤਰ ਗਿਆਨ ਸਿੰਘ ਸੰਧੂ ਉਹਦਾ ਜਮਾਤੀ ਸੀ। ਉਸ ਨੇ 1953 ਵਿਚ ਮੈਟ੍ਰਿਕ ਕੀਤੀ। ਫਿਰ ਉਹ ਜੇ.ਬੀ.ਟੀ. ਕਰ ਕੇ ਬਾਅਦ ਵਿਚ ਬਣੇ ਸਰਕਾਰੀ ਕਾਲਜ ਮੁਕਤਸਰ 'ਚ ਪੜ੍ਹਿਆ ਤੇ ਚੰਡੀਗੜ੍ਹ ਤੋਂ ਬੀ.ਐਡ ਕੀਤੀ। ਮੈਂ ਉਸ ਤੋਂ ਤਿੰਨ-ਚਾਰ ਸਾਲ ਛੋਟਾ ਹੋਣ ਕਰਕੇ ਬਾਅਦ ਵਿਚ ਮੁਕਤਸਰ ਦੇ ਬੀ.ਐਡ ਕਾਲਜ ਵਿਚ ਪੜ੍ਹਿਆ ਪਰ ਉਥੇ ਸਾਡਾ ਮੇਲ ਨਹੀਂ ਹੋ ਸਕਿਆ।

ਮੇਲ ਸਾਡਾ ਦਿੱਲੀ ਜਾ ਕੇ ਹੋਇਆ, ਜਿੱਥੇ ਮੈਂ ਐਮ.ਏ. ਦਾ ਵਿਦਿਆਰਥੀ ਸਾਂ ਤੇ ਉਹ ਸਕੂਲ ਟੀਚਰ ਸੀ। ਦਿੱਲੀ 'ਚ ਪੰਜ ਸਾਲ ਸਾਡੀ ਜੋੜੀ ਬਣੀ ਰਹੀ। ਅਸੀਂ 'ਕੱਠੇ ਕਾਫੀ ਹਾਊਸ ਜਾਂਦੇ, 'ਕੱਠੇ ਸਾਹਿਤ ਸਭਾ ਵਿਚ ਕਹਾਣੀਆਂ ਸੁਣਾਉਂਦੇ ਤੇ 'ਕੱਠੇ ਖਾਂਦੇ-ਪੀਂਦੇ। ਰੱਜ ਕੇ ਹਾਸਾ-ਮਖੌਲ ਕਰਦੇ। ਉਹ ਰੌਣਕੀ ਤਾਂ ਸੀ ਪਰ ਪੰਗੇਹੱਥਾ ਵੀ ਪੂਰਾ ਸੀ। ਮੇਰੇ ਦਿੱਲੀ ਛੱਡਣ ਸਾਰ ਗੁਰਬਚਨ ਸਿੰਘ ਭੁੱਲਰ ਦਿੱਲੀ ਪੁੱਜਾ ਤਾਂ ਭੁੱਲਰ-ਰੁਪਾਣਾ ਜੋੜੀ ਬਣ ਗਈ, ਜੋ ਲੰਮਾ ਸਮਾਂ ਨਿਭੀ। ਅਸੀਂ ਤਿੰਨਾਂ ਨੇ 'ਆਰਸੀ' ਨੂੰ ਰੰਗ ਭਾਗ ਲਾਉਣੇ ਸ਼ੁਰੂ ਕੀਤੇ ਤਾਂ 'ਆਰਸੀ' ਨੇ ਸਾਨੂੰ ਵੀ ਰੰਗ ਭਾਗ ਲਾ ਦਿੱਤੇ। ਸਾਡੀਆਂ ਪਲੇਠੀਆਂ ਪੁਸਤਕਾਂ ਨਵਯੁੱਗ ਪਬਲਿਸ਼ਰ ਦੇ ਭਾਪਾ ਪ੍ਰੀਤਮ ਸਿੰਘ ਨੇ ਪ੍ਰਕਾਸ਼ਿਤ ਕੀਤੀਆਂ। ਰੁਪਾਣੇ ਦੀ ਪਲੇਠੀ ਪੁਸਤਕ 'ਇਕ ਟੋਟਾ ਔਰਤ' 1970 ਵਿਚ ਛਪੀ। ਫੇਰ ਕਹਾਣੀ ਸੰਗ੍ਰਹਿ 'ਆਪਣੀ ਅੱਖ ਦਾ ਜਾਦੂ', 'ਡਿਫੈਂਸ ਲਾਈਨ', 'ਸ਼ੀਸ਼ਾ ਤੇ ਹੋਰ ਕਹਾਣੀਆਂ', 'ਰਾਂਝਾ ਵਾਰਿਸ ਹੋਇਆ', 'ਤੇਲਗੂ ਕਹਾਣੀਆਂ', 'ਪਾਸਤੋਵਸਕੀ ਦੀਆਂ ਕਹਾਣੀਆਂ ਵੀਰਾਨੇ ਤੇ ਬਹਾਰਾਂ', 'ਆਮ-ਖ਼ਾਸ', ਨਾਵਲ 'ਜਲ ਦੇਵ', 'ਗੋਰੀ', 'ਆਸੋ ਦਾ ਟੱਬਰ', 'ਸ੍ਰੀ ਪਾਰਵਾ' ਤੇ ਨਿਬੰਧ 'ਟੁੱਟਦੇ ਬੰਧਨ' ਛਪਦੀਆਂ ਗਈਆਂ। 'ਬੁੱਢਾ ਤੇ ਸਮੁੰਦਰ' ਤੇ 'ਪਾਕਿਸਤਾਨ ਮੇਲ' ਵਾਂਗ ਨਿੱਕ-ਆਕਾਰੀ ਨਾਵਲ 'ਗੋਰੀ' ਦੇ ਪੱਚੀ ਐਡੀਸ਼ਨ ਛਪੇ ਜਿਸ ਦਾ ਮੁੱਖਬੰਦ ਜਸਵੰਤ ਸਿੰਘ ਕੰਵਲ ਨੇ ਲਿਖਿਆ, 'ਗੋਰੀ' ਇੱਕ ਸਾਹਿਤਕ ਵੰਨਗੀ:

ਸ਼ੱਕਰ ਭਰੀ ਪਰਾਤ ਕੀ, ਮਿਸ਼ਰੀ ਕੀ ਏਕ ਡਲ਼ੀ।

ਮੂਰਖ ਝਗੜੇ ਰਾਤ ਭਰ, ਚਤਰ ਕੀ ਏਕ ਘੜੀ।

ਗੁਰਦੇਵ ਰੁਪਾਣਾ ਗੁੱਝੀਆਂ ਆਰਾਂ ਲਾਉਣ ਵਾਲਾ ਖੁੰਧਕੀ ਬੰਦਾ ਸੀ। ਹਾਸ-ਵਿਅੰਗ ਤੇ ਟਿੱਚਰਾਂ-ਮਖੌਲਾਂ ਨਾਲ ਮੂੰਹੋਂ-ਮੂੰਹ ਭਰਿਆ ਹੋਇਆ। ਮੈਂ ਉਸ ਨੂੰ ਗਲਪ ਦਾ ਨੈਸ਼ਨਲ ਚੈਂਪੀਅਨ ਕਹਿੰਦਾ। ਵੇਖਣ ਨੂੰ ਤਾਂ ਅਮਲੀ ਜਿਹਾ



ਲੱਗਦਾ ਸੀ ਪਰ ਸੀਗਾ ਕਥਾ ਕਹਾਣੀਆਂ ਦਾ ਭਲਵਾਨ। ਖ਼ੁਸ਼ਵੰਤ ਸਿੰਘ ਵਾਂਗ ਅੰਗਰੇਜ਼ੀ 'ਚ ਲਿਖਦਾ ਹੁੰਦਾ ਤਾਂ ਸੰਭਵ ਸੀ ਇੰਟਰਨੈਸ਼ਨਲ ਚੈਂਪੀਅਨ ਬਣਦਾ ਪਰ ਨਿਮਨ ਕਿਸਾਨੀ ਦੇ ਜੰਮੇ ਜਾਏ ਤੋਂ ਨਿੱਕੇ ਕਦਮਾਂ ਨਾਲ ਵੱਡੀ ਛਾਲ ਨਾ ਵੱਜ ਸਕੀ। ਕੁੱਝ ਉਹਦੀ ਬੋਲ ਬਾਣੀ ਲੈ ਬੈਠੀ। ਕਿਸੇ ਨੂੰ ਬਖਸ਼ਦਾ ਜੁ ਨਹੀਂ ਸੀ। ਉਸ ਨੇ 'ਕਾਦਰਯਾਰ-ਇੱਕ ਅਧਿਐਨ' ਵਿਸ਼ੇ 'ਤੇ ਪੀ.ਐਚ.ਡੀ. ਕੀਤੀ ਸੀ। ਉਹਦੇ ਵਿਚ ਵਿਰਕਾਂ ਵਾਲੇ ਗੁਣ ਵੀ ਸਨ ਤੇ ਔਗੁਣ ਵੀ। ਬੋਲਬਾਣੀ ਐਸੀ ਕਿ ਬਣਦਾ ਕੰਮ ਵਿਗਾੜ ਬਹਿੰਦਾ ਸੀ। ਜੇਕਰ ਮਾੜਾ-ਮੋਟਾ ਖ਼ੁਸ਼ਾਮਦੀ ਹੁੰਦਾ ਤਾਂ ਆਹ ਅਵਾਰਡ-ਸ਼ਵਾਰਡ ਕਦੋਂ ਦੇ ਵੱਟ 'ਤੇ ਪਏ ਸਨ। 'ਹਵਾ' ਤੇ 'ਸ਼ੀਸ਼ਾ' ਵਰਗੀਆਂ ਕਲਾਸਿਕ ਕਹਾਣੀਆਂ ਕਦੋਂ ਦੀਆਂ ਲਿਖੀਆਂ ਜਾ ਚੁੱਕੀਆਂ ਸਨ। 'ਗੋਰੀ' ਨਾਵਲ ਦੇ ਪੱਚੀ ਐਡੀਸ਼ਨ ਛਪ ਚੁੱਕੇ ਸਨ।

ਉਹ ਆਮ ਵੀ ਸੀ ਤੇ ਖ਼ਾਸ ਵੀ। ਰੁਪਾਣੇ 'ਚ ਆਮ, ਦਿੱਲੀ 'ਚ ਖ਼ਾਸ। ਦੋਵੇਂ ਵੱਡੇ ਅਵਾਰਡ ਵੀ ਉਹਦੇ 'ਆਮ-ਖ਼ਾਸ' ਕਹਾਣੀ ਸੰਗ੍ਰਹਿ ਨੂੰ ਮਿਲੇ। ਆਪਣੇ ਨਾਂ ਨਾਲੋਂ ਵਿਰਕ ਉਸ ਨੇ ਇਸ ਕਰਕੇ ਹਟਾ ਲਿਆ ਸੀ ਕਿ ਉਹਦੀਆਂ ਚੰਗੀਆਂ ਕਹਾਣੀਆਂ ਕੁਲਵੰਤ ਸਿੰਘ ਵਿਰਕ ਦੇ ਖਾਤੇ 'ਚ ਨਾ ਪੈ ਜਾਣ ਤੇ ਵਿਰਕ ਦੀਆਂ ਮਾੜੀਆਂ ਉਹਦੇ ਖਾਤੇ ਨਾ ਚੜ੍ਹ ਜਾਣ! ਘਰ 'ਚ ਉਹਦਾ ਨਾਂ ਦੇਵ ਸੀ, ਹਾਣੀਆਂ ਦਾ ਦੇਬਾ, ਦਸਵੀਂ ਦਾ ਫਾਰਮ ਭਰਨ ਵੇਲੇ ਗੁਰਦੇਵ ਸਿੰਘ ਵਿਰਕ ਤੇ ਪੀ.ਐਚ.ਡੀ. ਕਰਨ ਪਿੱਛੋਂ ਡਾ. ਗੁਰਦੇਵ ਸਿੰਘ ਵਿਰਕ। ਉਸ ਨੂੰ ਕਲਮੀ ਨਾਂ ਗੁਰਦੇਵ ਰੁਪਾਣਾ ਇਸ ਲਈ ਰੱਖਣਾ ਪਿਆ ਕਿ ਸੱਤ ਗੁਰਦੇਵ ਤਾਂ ਉਹਦੇ ਸਕੂਲ 'ਚ ਹੀ ਪੜ੍ਹਦੇ ਸਨ। ਲਿਖਣ ਵਾਲੇ ਕੀ ਪਤਾ ਸਤਾਰਾਂ ਹੋਣ?

ਉਹਦੀ ਪਹਿਲੀ ਕਹਾਣੀ ਦਸਵੀਂ 'ਚ ਪੜ੍ਹਦਿਆਂ ਪ੍ਰੋ. ਮੋਹਨ ਸਿੰਘ ਦੇ 'ਪੰਜ ਦਰਿਆ' ਵਿਚ ਛਪੀ ਸੀ। ਉਹ ਉਸ ਨੇ ਗੁਰਦੇਵ ਸਿੰਘ ਵਿਰਕ ਦੇ ਨਾਮ ਹੇਠ ਭੇਜੀ ਸੀ। ਕੰਪੋਜ਼ੀਟਰ ਨੇ ਲੋਹੜਾ ਮਾਰਿਆ ਕਿ ਵਿਰਕ ਦਾ ਵਿਰਦੀ ਬਣਾ ਧਰਿਆ। ਜੱਟ ਤੋਂ ਰਾਮਗੜ੍ਹੀਆ। ਇਹ ਵੀ ਇੱਕ ਕਾਰਨ ਸੀ ਨਾਂ ਨਾਲੋਂ ਵਿਰਕ ਲਾਹੁਣ ਦਾ। ਉਦੋਂ ਪੰਜ ਦਰਿਆ ਦਾ ਸਾਲਾਨਾ ਚੰਦਾ ਛੇ ਰੁਪਏ ਸੀ। ਕਹਾਣੀ ਛਪਣ ਦੀ ਭੇਟਾ ਵਜੋਂ ਉਸ ਨੂੰ 'ਪੰਜ ਦਰਿਆ' ਦੋ ਸਾਲ ਮੁਫ਼ਤ ਮਿਲਿਆ। 'ਟ੍ਰਿਬਿਊਨ' ਉਹ ਖਰੀਦ ਕੇ ਪੜ੍ਹਦਾ ਜੋ ਢਾਈ ਆਨਿਆਂ ਦਾ ਆਉਂਦਾ। ਉਹ ਮੁਕਤਸਰੋਂ ਟਾਂਗੇ ਵਾਲਾ ਲਿਆਉਂਦਾ।

ਗੁਰਦੇਵ ਰੁਪਾਣਾ ਨਾਂ ਥਾਂ-ਥਾਂ ਛਪਣ ਪਿੱਛੋਂ ਵੀ ਪਿੰਡ ਰੁਪਾਣੇ ਦੇ ਸੌ 'ਚੋਂ ਨੱਬੇ ਬੰਦਿਆਂ ਨੂੰ ਨਹੀਂ ਪਤਾ ਕਿ ਸਾਹਿਤ ਅਕਾਡਮੀ ਅਵਾਰਡ ਹਾਸਲ ਕਰਨ ਵਾਲਾ ਗੁਰਦੇਵ ਰੁਪਾਣਾ ਉਨ੍ਹਾਂ ਦੇ ਪਿੰਡ ਦਾ ਹੀ ਹੈ! ਮੈਂ ਦੋ ਕੁ ਸਾਲ ਪਹਿਲਾਂ ਉਹਨੂੰ ਮਿਲਣ ਗਿਆ ਤਾਂ ਸੱਥ 'ਚ ਬੈਠੇ ਬੰਦਿਆਂ ਤੋਂ ਪੁੱਛਿਆ, 'ਭਾਈ ਸਾਹਿਬ, ਗੁਰਦੇਵ ਰੁਪਾਣੇ ਦਾ ਘਰ ਕਿਧਰ ਹੈ?' ਕਿਸੇ ਤੋਂ ਪਤਾ ਨਾ ਲੱਗੇ। ਵੇਰਵੇ ਦੇ ਕੇ ਮੈਂ ਉਹਦਾ ਘਰ ਮਸਾਂ ਲੱਭਿਆ। ਅਸਲ ਵਿਚ ਪਿੰਡ 'ਚ ਉਹ ਗੁਰਦੇਵ ਰੁਪਾਣਾ ਨਹੀਂ 'ਗੁਰਦੇਵ ਦਿੱਲੀ ਵਾਲਾ' ਵੱਜਦਾ ਸੀ! ਤਦੇ ਉਹਦੇ ਨੜੋਏ ਨਾਲ ਬੜੇ ਘੱਟ ਰੁਪਾਣੀਏਂ ਗਏ।

ਉਹਦੀ ਪੀ.ਐਚ.ਡੀ. ਦੀ ਗੱਲ ਵੀ ਸੁਣ ਲਓ। ਸਈਅਦ ਨਜ਼ਮ ਹੁਸੈਨ ਨੇ ਅੰਗਰੇਜ਼ੀ ਦੀ ਕਿਤਾਬ 'ਰਿਕਰੰਟ ਪੈਟਰਨ ਇਨ ਪੰਜਾਬੀ ਪੋਇਟਰੀ' ਅੰਮ੍ਰਿਤਾ ਪ੍ਰੀਤਮ ਨੂੰ ਭੇਜੀ। ਅੰਮ੍ਰਿਤਾ ਦਾ ਅੰਗਰੇਜ਼ੀ ਵਿਚ ਹੱਥ ਤੰਗ ਹੋਣ ਕਰਕੇ ਬੇਦੀ ਨੂੰ ਭੇਜ ਦਿੱਤੀ। ਉਹਦਾ ਹੱਥ ਓਦੂੰ ਵੀ ਤੰਗ। ਬੇਦੀ ਨੇ ਰੁਪਾਣੇ ਨੂੰ ਦੇ ਦਿੱਤੀ ਕਿ 'ਨਾਗਮਣੀ ਸ਼ਾਮ' 'ਚ ਅੰਮ੍ਰਿਤਾ ਨੂੰ ਮੋੜ ਦੇਈਂ। ਰੁਪਾਣੇ ਨੇ ਕਿਤਾਬ ਪੜ੍ਹ ਲਈ ਤੇ ਪ੍ਰੋ. ਅਤਰ ਸਿੰਘ ਨੂੰ ਜਾ ਪੜ੍ਹਾਈ। ਉਹ ਕਹਿੰਦਾ, 'ਤੂੰ ਇਸ ਪੈਟਰਨ 'ਤੇ ਪੀ.ਐਚਡੀ. ਕਰ ਸਕਦੈਂ। ਕਾਦਰਯਾਰ ਦੀ ਕਵਿਤਾ 'ਤੇ ਕਰ ਲੈ, ਮੈਂ ਤੇਰਾ ਗਾਈਡ ਬਣਜੂੰ।' ਰੁਪਾਣੇ ਅੰਦਰਲਾ ਦੇਬਾ ਫਿਰ ਜਾਗ ਪਿਆ, 'ਗਾਈਡ-ਗੂਡ ਨੀ ਮੈਂ ਤੈਨੂੰ ਬਣਾਉਣਾ। ਤਰਲੋਕ ਕੰਵਰ ਨੂੰ ਬਣਾਊਂ। ਚੱਲ ਗਾਈਡੈਂਸ ਤੈਥੋਂ ਈ ਲਈ ਜਾਊਂ।' ਅਤਰ ਸਿਓਂ ਦੂਰਅੰਦੇਸ਼ ਸੀ, ਰੁਪਾਣੇ ਦੀ ਰਮਜ਼ ਸਮਝਦਾ ਸੀ। ਇਉਂ ਹੋਈ ਉਹਦੀ ਪੀ.ਐਚਡੀ.। ਉਸ ਨੇ ਪ੍ਰਾਇਮਰੀ ਤੋਂ ਐਮਏ ਤਕ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ।

ਆਪਣੇ ਨਾਂ ਨਾਲ ਡਾਕਟਰ ਨਾ ਲਾਉਣ ਬਾਰੇ ਕੋਈ ਪੁੱਛਦਾ ਤਾਂ ਜਵਾਬ ਮਿਲਦਾ, 'ਪਹਿਲਾਂ ਈ ਸਾਹਿਤ ਦੇ ਡਾਕਟਰ ਬਹੁਤ ਨੇ। ਪਈ ਟਰ-ਟਰ ਹੋਈ ਜਾਂਦੀ ਐ! ਜੇ ਕੋਈ ਡਾ. ਗੁਰਦੇਵ ਰੁਪਾਣਾ ਕਹੂ ਤਾਂ ਲੱਗੂ ਜਿਵੇਂ ਮਰੀਜ਼ਾਂ ਦਾ ਡਾਕਟਰ ਹੋਊ। ਨਾਲੇ ਡਾਕਟਰ ਵੀ ਕਾਹਦਾ? ਅੱਖਾਂ ਦਾ? ਦੰਦਾਂ ਦਾ? ਡੰਗਰਾਂ ਦਾ? ਆਪਾਂ ਤੋਂ ਨੀ ਬਣ ਹੁੰਦਾ ਡੰਗਰ ਡਾਕਟਰ!'

ਸਰੀਰਕ ਮੌਤ ਭਾਵੇਂ ਬੰਦੇ ਦਾ ਬਹੁਤ ਕੁੱਝ ਲੈ ਜਾਂਦੀ ਹੈ ਪਰ ਸਾਰਾ ਕੁੱਝ ਨਹੀਂ। 5 ਦਸੰਬਰ, 2021 ਨੂੰ ਮੌਤ ਰੁਪਾਣੇ ਦੇ ਦਰ 'ਤੇ ਆਈ ਤੇ ਉਹਦੀ ਜਿੰਦ ਲੈ ਕੇ ਤੁਰਦੀ ਹੋਈ। ਪਿੱਛੇ ਮੁਰਦਾ ਦੇਹ ਛੱਡ ਗਈ। ਪਿੰਡ ਰੁਪਾਣੇ 'ਚ ਹੀ 13 ਅਪਰੈਲ, 1936 ਨੂੰ ਉਹਦਾ ਜਨਮ ਹੋਇਆ ਸੀ। ਕਿਹਾ ਜਾਂਦੈ ਕਿ ਮਨੁੱਖ ਨਾਸ਼ਵਾਨ ਹੈ। ਹਾਂ, ਨਾਸ਼ਵਾਨ ਹੈ, ਪਰ ਮਨੁੱਖ ਦਾ ਜੀਵਨ ਨਾਸ਼ਵਾਨ ਨਹੀਂ। ਬੰਦੇ ਦੀ ਮੁਰਦਾ ਦੇਹ ਭਾਵੇਂ ਦੱਬ/ਸਾੜ ਦਿੱਤੀ ਜਾਂਦੀ ਹੈ ਪਰ ਉਹਦੀ ਨੇਕੀ ਜਿਊਂਦੀ ਰਹਿੰਦੀ ਹੈ। ਘਾਲ-ਕਮਾਈਆਂ ਤੇ ਮਾਰੀਆਂ ਮੱਲਾਂ ਦੀ ਸ਼ੋਭਾ ਕਦੇ ਨਹੀਂ ਮਰਦੀ। ਰੁਪਾਣਾ ਭਾਵੇਂ ਓਥੇ ਤੁਰ ਗਿਐ ਜਿਥੋਂ ਕੋਈ ਮੁੜ ਕੇ ਨਹੀਂ ਪਰਤਦਾ ਪਰ ਉਹ ਕਹਾਣੀਆਂ ਤੇ ਨਾਵਲਾਂ ਨਾਲ ਸਦਾ ਸਾਡੇ ਵਿਚਕਾਰ ਰਹੇਗਾ। 14 ਦਸੰਬਰ ਨੂੰ ਗੁਰਦੇਵ ਸਿੰਘ ਦਾ ਰੁਪਾਣੇ ਦੇ ਗੁਰਦੁਆਰੇ 'ਚ ਭੋਗ ਪੈ ਜਾਣੈ ਤੇ ਸ਼ਰਧਾਂਜਲੀਆਂ ਦਿੱਤੀਆਂ ਜਾਣੀਆਂ ਹਨ। ਜਿਹੜਾ ਪਾਠਕ/ਲੇਖਕ ਪਹੁੰਚ ਸਕਦੈ ਜ਼ਰੂਰ ਪਹੁੰਚੇ ਤੇ ਸ਼ਰਧਾ ਦੇ ਫੁੱਲ ਭੇਟ ਕਰੇ।

---

# ਸਭ 'ਤੇ ਭਾਰੀ, ਈਰਖਾ ਦੀ ਬਿਮਾਰੀ!

ਈਰਖਾ ਕੋਈ ਸਰੀਰਕ ਬਿਮਾਰੀ ਤਾਂ ਨਹੀਂ ਹੈ, ਪਰ ਇਸ ਦੀ ਜ਼ਿਆਦਾ ਮਾਤਰਾ ਤੋਂ ਪੀੜ੍ਹਤ ਲੋਕ ਨਾਂ ਸਿਰਫ ਮਾਨਸਿਕ ਸਗੋਂ ਸਰੀਰਕ ਹੀਣਤਾ ਦਾ ਵੀ ਸ਼ਿਕਾਰ ਹੋ ਜਾਂਦੇ ਹਨ। ਵੈਸੇ ਤਾਂ 'ਈਰਖਾ' ਮਨੁੱਖੀ ਸੁਭਾਅ ਦਾ ਅਹਿਮ ਹਿੱਸਾ ਸੀ, ਹੁਣ ਵੀ ਹੈ ਅਤੇ ਹਮੇਸ਼ਾ ਰਹੇਗੀ। ਦਰਅਸਲ ਈਰਖਾ ਦੀ ਭਾਵਨਾ ਸਾਡੇ ਸਾਰਿਆਂ ਵਿੱਚ ਹੈ, ਪਰ ਤੁਹਾਡੇ ਵਿੱਚ ਇਸ ਬੀਮਾਰੀ ਦੀ ਮਾਤਰਾ ਕਿੰਨੀ ਕੁ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਨੈਤਿਕਤਾ ਦੇ ਪੈਮਾਨੇ ਤੇ ਕਿੱਥੇ ਖੜ੍ਹਦੇ ਹੋ। ਅਸਲ ਵਿੱਚ ਤੁਹਾਡਾ ਹੁਨਰ, ਯੋਗਤਾ, ਪ੍ਰਾਪਤੀਆਂ, ਪ੍ਰਸਿੱਧੀ, ਸਮਰੱਥਾ, ਕਾਬਲੀਅਤ, ਭਰੋਸੇਯੋਗਤਾ ਅਤੇ ਵਿਲੱਖਣਤਾ ਹੀ, ਤੁਹਾਡੇ ਨਾਲ ਹੁੰਦੀ ਈਰਖਾ ਦਾ ਪ੍ਰਮੁੱਖ ਕਾਰਨ ਹੈ। ਤੁਹਾਡੇ ਇਨ੍ਹਾਂ ਸਾਰੇ ਗੁਣਾਂ ਦਾ ਪਤਾ, ਪਹਿਲਾਂ ਤੁਹਾਡੇ ਨੇੜਲੇ ਸੱਜਣ-ਮਿੱਤਰਾਂ ਨੂੰ ਹੀ ਲੱਗਦਾ ਏ, ਇਸੇ ਕਰਕੇ ਉਹ ਲੋਕ ਜੋ ਸਾਡੇ ਨਾਲ ਈਰਖਾ ਕਰਦੇ ਹਨ, ਅਕਸਰ ਸਾਡੇ ਨਜ਼ਦੀਕੀ ਹੀ ਹੁੰਦੇ ਹਨ।

ਬਹੁਤੇ ਲੋਕ ਤਾਂ ਇਹ ਸੋਚਦੇ ਹਨ ਕਿ ਮੇਰਾ ਮਿੱਤਰ-ਦੋਸਤ ਕਿਸੇ ਵੀ ਖੇਤਰ ਵਿੱਚ ਚੰਗਾ ਪ੍ਰਦਰਸ਼ਨ ਭਾਵੇਂ ਕਰ ਲਵੇ, ਪਰ ਉਹ ਮੇਰੇ ਤੋਂ ਅੱਗੇ ਨਾਂ ਨਿਕਲ ਜਾਵੇ। ਉਹ ਲੋਕ ਜਿਨ੍ਹਾਂ ਵਿੱਚ ਤੁਹਾਡੇ ਪ੍ਰਤਿ ਬਹੁਤ ਜ਼ਿਆਦਾ ਈਰਖਾ ਹੁੰਦੀ ਹੈ, ਸ਼ੁਰੂ ਵਿੱਚ ਤੁਹਾਡੀ ਤਰੱਕੀ ਵੇਖ ਕੇ ਜਿਆਦਾ ਸਾੜਾ ਕਰਦੇ ਹਨ, ਪਰ ਜਦੋਂ ਤੁਹਾਡੀ ਤਰੱਕੀ ਦਿਨ ਪ੍ਰਤੀ ਦਿਨ ਵਧਦੀ ਰਹਿੰਦੀ ਹੈ, ਤਾਂ ਉਹ ਤੁਹਾਡੇ ਖਿਲਾਫ ਭੰਡੀਪ੍ਰਚਾਰ, ਚੁਗਲੀਆਂ ਤੇ ਫੇਰ ਸਾਜ਼ਿਸ਼ਾਂ ਕਰਨ ਤੱਕ ਵੀ ਜਾਂਦੇ ਹਨ। ਪਰ ਫਿਰ ਇੱਕ ਦਿਨ ਅਜਿਹਾ ਆਉਂਦਾ ਹੈ, ਕਿ ਤੁਸੀਂ ਆਪਣੀ ਸਖਤ ਮਿਹਨਤ ਤੇ ਕਾਬਲੀਅਤ ਨਾਲ ਇਨ੍ਹਾਂ ਈਰਖਾ ਦੇ ਪੁਤਲਿਆਂ ਤੋਂ ਬਹੁਤ ਅੱਗੇ ਲੰਘ ਜਾਂਦੇ ਹੋ, ਫਿਰ ਉਹ ਤੁਹਾਡੇ ਨਾਲ ਈਰਖਾ ਨਹੀਂ ਕਰਦੇ, ਸਗੋਂ ਲੋਕਾਂ 'ਚ ਪ੍ਰਚਾਰ ਕਰਦੇ ਹਨ ਕਿ ਤੁਹਾਡੀ ਸਫਲਤਾ ਵਿੱਚ ਉਨ੍ਹਾਂ ਦਾ ਵੀ ਬਹੁਤ ਮਹੱਤਵਪੂਰਣ ਯੋਗਦਾਨ ਹੈ।

ਆ''! ਇੱਕ ਸੱਚੀ ਕਹਾਣੀ ਸੁਣਾਉਂਦਾ ਹਾਂ, ਮੇਰਾ ਇੱਕ ਜਾਣਕਾਰ ਰਮੇਸ਼, ਜੋ ਕਿਸੇ ਪਿੰਡ ਦੇ ਇੱਕ ਆਮ ਘਰ ਦਾ ਹੋਣਹਾਰ ਮੁੰਡਾ ਹੈ, ਜੋ ਹਾਲ ਹੀ ਵਿੱਚ ਬਿਜਲੀ ਬੋਰਡ ਚ ਸਿੱਧਾ ਐਸ ਡੀ '' ਵਜੋਂ ਨਿਯੁਕਤ ਹੋਇਆ ਏ। ਉਸ ਦੇ ਪਿੰਡ ਦਾ ਅਖੌਤੀ ਚੌਧਰੀ, ਜਿਸਨੇ ਕਿਸੇ ਸਮੇਂ ਰਾਜਨੀਤਿਕ ਵੈਰ ਦੀ ਭਾਵਨਾ ਨਾਲ, ਰਮੇਸ਼ ਦੇ ਗਰੀਬ ਪਰਿਵਾਰ ਦਾ ਲਾਭਪਾਤਰੀ ਕਾਰਡ ਕੱਟਵਾ ਦਿੱਤਾ ਸੀ, ਕਿਸੇ ਕੰਮ ਲਈ ਉਸਦੇ ਦਫਤਰ ਆਇਆ ਪਰ ਅੱਗੇ ਰਮੇਸ਼ ਐਸ ਡੀ '' ਦੀ ਕੁਰਸੀ 'ਤੇ ਸੀ। ਈਰਖਾ ਦਾ ਮਾਰਿਆ ਪਹਿਲਾਂ ਤਾਂ ਉਹ ਰੁੱਕ ਗਿਆ, ਪਰ ਈਰਖਾਲੂ ਪ੍ਰਵਿਰਤੀਆਂ ਦੇ ਲੋਕਾਂ ਚ ਬੇਸ਼ਰਮੀ ਦਾ ਗੁਣ ਵੀ ਕਦੇ ਘੱਟ ਨਹੀਂ ਹੁੰਦਾ। ਬਣਾਉਟੀ ਖੁਸ਼ੀ ਦਿਖਾਉਂਦਾ, ਰਮੇਸ਼ ਨੂੰ ਧੱਕੇ ਨਾਲ ਅਸ਼ੀਰਵਾਦ ਦੇਣ ਦੀ ਓਵਰ ਐਕਟਿੰਗ ਦੇ ਨਾਲ ਹੀ ਰਮੇਸ਼ ਦੇ ਪਰਿਵਾਰ ਨਾਲ ਬੇਲੋੜੀ ਨੇੜਤਾ ਦੀਆਂ ਝੂਠੀਆਂ ਕਹਾਣੀਆਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ। ਰਮੇਸ਼ ਨੂੰ ਚੌਧਰੀ ਜਾਂਦਾ ਨਾ ਲੱਗਿਆ ਤਾਂ ਉਹਨੂੰ ਤੋਰਨ ਲਈ ਚਾਹ ਮੰਗਵਾਉਣੀ ਪਈ। ਚਾਹ ਪੀ ਕੇ ਚੌਧਰੀ ਰਮੇਸ਼ ਨੂੰ ਸਣਾਉਂਦਾ, ਕੋਲ ਬੈਠੇ ਸੋਢੀ ਨੂੰ ਕਹਿੰਦਾ, 'ਸੋਢੀ, ਹੁਣ ਸਾਡੇ ਪਿੰਡ ਦਾ ਮਾਣ, ਸਾਡਾ ਆਪਣਾ ਬੱਚਾ ਰਮੇਸ਼ ਅਫਸਰ ਬਣ ਗਿਆ ਹੈ, ਹੁਣ ਮੇਰੀ ਬਿਜਲੀ ਮੁਆਫੀ ਦੀ ਅਰਜ਼ੀ ਰੋਕ ਕੇ ਦਿਖਾਇਆ ਜੇ।' ਆਪਣੀ ਈਰਖਾ ਨੂੰ ਚਮਚਾਗਿਰੀ ਦੇ ਮੁਸ਼ਕੜੇ ਹਾਸੇ ਨਾਲ ਲੁਕਾਉਣ ਦੀ ਅਸਫਲ ਕੋਸ਼ਿਸ਼ ਕਰਦਾ ਚੌਧਰੀ ਜਾਂਦਾ ਹੋਇਆ ਕਹਿੰਦਾ, 'ਰਮੇਸ਼ ਪੁੱਤਰ, ਮੈਂ ਘੰਟੀ ਮਾਰ ਦਿੱਤੀ ਏ, ਮੇਰਾ ਨੰਬਰ ਸੇਵ ਕਰ ਲਈਂ, ਨਹੀਂ ਤਾਂ ਵਿਅਸਤ ਸਮੇਂ ਵਿੱਚ ਆਦਮੀ ਕਈ ਵਾਰ, ਅਣਜਾਣ ਨੰਬਰ ਤੋਂ ਫੋਨ ਨਹੀਂ ਚੁੱਕ ਪਾਉਂਦਾ।' ਰਮੇਸ਼ ਚੌਧਰੀ ਦੇ ਦੋਹਰੇ ਚਰਿੱਤਰ ਦੇ ਅਲਫ ਨੰਗੇ ਪ੍ਰਦਰਸ਼ਨ 'ਤੇ ਮੁਸਕਰਾਉਣ ਤੋਂ ਇਲਾਵਾ ਹੋਰ ਕਰ ਵੀ ਕੀ ਸਕਦਾ ਸੀ।

ਅੱਜ ਦੇ ਆਧੁਨਿਕ ਯੁੱਗ ਵਿੱਚ ਈਰਖਾ ਦਾ ਪੈਮਾਨਾ ਵੀ ਬਦਲ ਗਿਆ ਹੈ, ਸਿਰਫ ਤੁਹਾਡੀਆਂ ਵੱਡੀਆਂ ਸਫਲਤਾਵਾਂ ਦੇ ਕਾਰਨ ਨਹੀਂ ਸਗੋਂ ਹੁਣ ਤਾਂ ਈਰਖਾ ਦਾ ਭੂਤ ਬਹੁਤ ਛੋਟੀਆਂ ਚੀਜ਼ਾਂ ਵਿੱਚ ਪ੍ਰਗਟ ਹੋ ਜਾਂਦਾ ਏ।

ਜੇ ਤੁਸੀਂ ਆਪਣੇ ਖੇਤਰ ਵਿੱਚ ਇੱਕ ਮਸ਼ਹੂਰ ਹਸਤੀ ਬਣ ਗਏ ਹੋ, ਅਤੇ ਸੋਸ਼ਲ ਮੀਡੀਆ ਤੇ, ਤੁਹਾਡੀਆਂ ਪ੍ਰਾਪਤੀਆਂ ਬਾਰੇ ਜਾਂ ਤੁਹਾਡੀ ਕਿਸੇ ਨਿੱਜੀ ਪੋਸਟ ਤੇ, ਕਿਸੇ ਵੀ ਵਿਚਾਰ ਜਾਂ ਤਸਵੀਰ ਆਦਿ ਨਾਲ ਸਬੰਧਤ ਸਮੱਗਰੀ ਤੇ ਵਧੇਰੇ ਪ੍ਰਤੀਕਿਰਿਆਵਾਂ ਆ ਜਾਣ ਤਾਂ ਈਰਖਾ ਦੀ ਇਹ ਬੀਮਾਰੀ, ਤੁਹਾਡੇ ਬਹੁਤ ਸਾਰੇ ਨਜ਼ਦੀਕੀ ਸਾਥੀਆਂ ਵਿੱਚ ਆਪਣੇ ਆਪ ਵਿੱਚ ਇਕ ਵਿਸ਼ੇਸ਼ ਤਰ੍ਹਾਂ ਦੇ ਕਬਜ਼ ਦੇ ਰੂਪ ਵਿੱਚ ਪ੍ਰਗਟ ਹੋ ਜਾਂਦੀ ਏ। ਇਸਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਨੂੰ ਤੁਹਾਡੇ ਵਿਚਾਰ ਜਾਂ ਉਹ ਸਮੱਗਰੀ ਪਸੰਦ ਨਹੀਂ ਆਈ, ਅਸਲ ਵਿੱਚ ਉਹ ਤੁਹਾਡੇ ਵਧਦੇ ਕੱਦ ਨੂੰ ਵੇਖ ਕੇ ਆਪਣੇ ਆਪ ਨੂੰ ਬੋਣਾ ਮਹਿਸੂਸ ਕਰਦੇ ਹਨ, ਇਸੇ ਕਰਕੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੇ, ਉਹ ਕਦੇ ਵੀ ਤੁਹਾਨੂੰ ਕੋਈ ਪ੍ਰਤੀਕਿਰਿਆ ਨਹੀਂ ਦਿੰਦੇ।

ਜੇਕਰ ਤੁਹਾਡੇ ਨਾਲ ਕੋਈ ਵੀ ਈਰਖਾ ਨਹੀਂ ਕਰਦਾ ਤਾਂ ਇਹ ਵੀ ਡੂੰਘੀ ਚਿੰਤਾ ਦਾ ਵਿਸ਼ਾ ਹੈ। ਤੁਹਾਨੂੰ ਜ਼ਿੰਦਗੀ ਵਿੱਚ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਉਹ ਵਿਅਕਤੀ ਜਿਸ ਨਾਲ ਤੁਸੀਂ ਈਰਖਾ ਕਰਦੇ '', ਉਹ ਬਿਨਾਂ ਸ਼ੱਕ ਤੁਹਾਡੇ ਤੋਂ ਉਤਮ ਹੈ, ਪਰ ਕੀ ਤੁਸੀਂ ਸਿਰਫ ਈਰਖਾ ਕਰਕੇ ਜਾਂ ਉਸਦੇ ਵਿਰੁੱਧ ਝੂਠਾ ਪ੍ਰਚਾਰ ਕਰਕੇ ਉਸਦੀ ਪ੍ਰਤਿਭਾ ਨੂੰ ਮਾਰ ਸਕਦੇ ਹੋ? ਇੱਕ ਯੋਗ ਵਿਅਕਤੀ ਈਰਖਾ ਤੇ ਭੰਡੀ ਪ੍ਰਚਾਰ ਨਾਲ ਬਿਖਰ ਨਹੀਂ ਸਕਦਾ, ਉਲਟਾ ਨਿਖਰ ਜਾਂਦਾ ਏ। ਤੁਸੀਂ ਕਿਸੇ ਦੀ ਪ੍ਰਤਿਭਾ ਨੂੰ ਦਬਾ ਨਹੀਂ ਸਕਦੇ, ਯਾਦ ਰੱਖੋ, ਕੂੜੇ ਵਿੱਚ ਸੁੱਟਣ ਤੇ ਵੀ ਸੋਨਾ, ਸੋਨਾ ਹੀ ਰਹਿੰਦਾ ਹੈ ਅਤੇ ਲੋਹੇ ਨੂੰ ਜਿੰਨੀਆਂ ਮਰਜੀ ਪਾਲਸ਼ਾਂ ਮਾਰ ਭਾਵੇਂ ਸੁਨਿਆਰਿਆਂ ਦੀਆਂ ਤਿਜ਼ੋਰੀਆਂ 'ਚ ਮਖਮਲ 'ਚ ਰੱਖ ਲਵੋ, ਲੋਹਾ, ਲੋਹਾ ਈ ਰਹਿੰਦਾ ਏ, ਸੋਨਾ ਨ੍ਹੀਂ ਬਣ ਜਾਂਦਾ।

ਬਾਕੀ ਜੇਕਰ ਮੈਂ ਕਹਾਂ ਕਿ ਮੈਂ ਈਰਖਾ ਮੁਕਤ ਹੋ ਚੁੱਕਾ ਹਾਂ ਤਾਂ ਇਹ ਸੱਚ ਨਹੀਂ ਏ, ਪਰ ਇਹ ਸੱਚ ਏ ਕਿ ਮੈਂ ਆਪਣੇ ਆਪ ਵਿੱਚ ਇਸ ਬੀਮਾਰੀ ਦੀ ਮਾਤਰਾ ਘੱਟ ਕੀਤੀ ਏ ਤੇ ਹੋਰ ਘਟਾਉਣ ਲਈ ਯਤਨਸ਼ੀਲ ਆਂ, ਮੈਂ ਆਸ ਕਰਦਾ ਹਾਂ ਕਿ ਤੁਸੀਂ ਵੀ ਇਸ ਬੀਮਾਰੀ ਦੇ ਇਲਾਜ ਲਈ ਜੰਗੀ ਪੱਧਰ ਤੇ ਉਪਾਅ ਕਰੋਗੇ।

**-ਅਸ਼ੋਕ ਸੋਨੀ**
**ਖੂਈ ਖੇੜਾ, ਫਾਜ਼ਿਲਕਾ**
**ਫੋਨ: 98727-05078**

# ਖੇਤੀ ਕਾਨੂੰਨ ਵਾਪਸੀ ਅਤੇ ਪੰਜਾਬ ਦੀ ਖੁਸ਼ਹਾਲੀ ਦਾ ਸੁਪਨਾ

***ਕਿਸਾਨਾਂ ਨੇ ਖੇਤੀ ਕਾਨੂੰਨਾਂ ਖਿਲਾਫ ਲਾਇਆ ਮੋਰਚਾ ਜਿੱਤ ਲਿਆ ਹੈ ਪਰ ਖੇਤੀ ਸੰਕਟ ਦਾ ਮਸਲਾ ਅਜੇ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਇਹ ਗੱਲ ਸਹੀ ਹੈ ਕਿ ਨਵੇਂ ਖੇਤੀ ਕਾਨੂੰਨ ਰੱਦ ਹੋਣ ਅਤੇ ਐਮ.ਐਸ.ਪੀ. ਦੀ ਗਰੰਟੀ ਨਾਲ ਵੀ ਖੇਤੀ ਨਾਲ ਜੁੜੀਆਂ ਦੀਆਂ ਸਮੱਸਿਆਵਾਂ ਹੱਲ ਹੋਣ ਵਾਲੀਆਂ ਨਹੀਂ। ਇਸ ਬਾਰੇ ਵੱਖ-ਵੱਖ ਵਿਦਵਾਨ ਆਪੋ-ਆਪਣੇ ਵਿਚਾਰ ਰੱਖ ਰਹੇ ਹਨ। ਉਘੇ ਵਿਦਵਾਨ ਅਮਰਜੀਤ ਸਿੰਘ ਗਰੇਵਾਲ ਜੋ ਆਪਣੀ ਹਰ ਰਚਨਾ ਵਿਚ ਹਰ ਗੱਲ ਤਕਨੀਕ ਨਾਲ ਜੋੜ ਕੇ ਕਰਦੇ ਹਨ, ਨੇ ਇਸ ਲੇਖ ਵਿਚ ਮੌਜੂਦਾ ਸੰਕਟ ਦੇ ਹੱਲ ਲਈ ਕੁਝ ਹੱਲ ਸੁਝਾਏ ਹਨ। ਇਸ ਮਸਲੇ 'ਤੇ ਆਏ ਹੋਰ ਵਿਚਾਰਾਂ ਨੂੰ 'ਪੰਜਾਬ ਟਾਈਮਜ਼' ਵਿਚ ਬਣਦੀ ਥਾਂ ਦਿੱਤੀ ਜਾਵੇਗੀ।***



**ਅਮਰਜੀਤ ਸਿੰਘ ਗਰੇਵਾਲ**

ਕਿਸਾਨ ਸੰਘਰਸ਼ ਵਿਚ ਕੇਵਲ ਕਿਸਾਨਾਂ ਦਾ ਹੀ ਨਹੀਂ, ਹਰ ਵਰਗ ਦੇ ਲੋਕਾਂ ਦਾ ਬਰਾਬਰ ਯੋਗਦਾਨ ਰਿਹਾ ਹੈ। ਉਹ ਸਾਂਝਾ ਸੂਤਰ ਕੀ ਸੀ ਜਿਸ ਕਾਰਨ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਮੁੱਦੇ ਤੋਂ ਸ਼ੁਰੂ ਹੋਣ ਵਾਲਾ ਇਹ ਸੰਘਰਸ਼, ਸਰਬੱਤ ਦੇ ਭਲੇ ਲਈ, ਸਭ ਦਾ ਸਾਂਝਾ ਸੰਘਰਸ਼ ਬਣ ਗਿਆ। ਸਰਕਾਰ ਕਹਿ ਰਹੀ ਸੀ ਕਿ ਉਸ ਨੇ ਇਹ ਕਾਨੂੰਨ ਕਿਸਾਨਾਂ ਦੀ ਭਲਾਈ ਵਾਸਤੇ ਲਿਆਂਦੇ ਹਨ ਪਰ ਕਿਸਾਨਾਂ ਦਾ ਆਖਣਾ ਸੀ ਕਿ ਉਨ੍ਹਾਂ ਨੂੰ ਇਸ ਭਲਾਈ ਦੀ ਜ਼ਰੂਰਤ ਨਹੀਂ। ਕਿਸਾਨਾਂ ਦੀ ਭਲਾਈ ਕਿਸ ਗੱਲ ਵਿਚ ਹੈ, ਕੀ ਇਸ ਗੱਲ ਦਾ ਫੈਸਲਾ ਕਰਨ ਲਈ ਕਿਸਾਨਾਂ ਦੀ ਸਲਾਹ ਲੈਣੀ ਜ਼ਰੂਰੀ ਨਹੀਂ ਸੀ? ਕੀ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਕਿਸਾਨਾਂ ਨਾਲੋਂ ਅਫਸਰਸ਼ਾਹੀ ਨੂੰ ਵਧੇਰੇ ਪਤਾ ਹੈ? ਸਰਕਾਰ ਠੀਕ ਆਖ ਰਹੀ ਸੀ ਜਾਂ ਗਲਤ, ਮੁੱਦਾ ਇਹ ਨਹੀਂ ਸੀ, ਮੁੱਦਾ ਇਹ ਸੀ ਕਿ ਲੋਕਾਂ ਨੂੰ, ਉਨ੍ਹਾਂ ਨਾਲ ਸਲਾਹ ਕੀਤੇ ਬਿਨਾਂ, ਭੀਖ ਵਾਂਗ ਦਿੱਤੇ ਗਏ ਕਾਨੂੰਨ ਪ੍ਰਵਾਨ ਨਹੀਂ ਸਨ।

ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਉਸ ਫੈਸਲੇ ਰਾਹੀਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਸਲਾਹ ਲੈਣੀ ਹੀ ਜਮਹੂਰੀਅਤ ਦਾ ਪੈਮਾਨਾ ਹੈ। ਸਰਕਾਰ ਲੋਕਾਂ ਦੀ ਨੁਮਾਇੰਦਗੀ ਕਰਨ ਲਈ ਹੁੰਦੀ ਹੈ, ਨਾ ਕਿ ਅਫਸਰਸ਼ਾਹੀ ਵਿਵਸਥਾ ਦੀ। ਕਿਸਾਨੀ ਸੰਘਰਸ਼ ਨੂੰ ਕਿਸਾਨੀ ਹਿਤਾਂ ਲਈ ਲੜੇ ਜਾ ਰਹੇ ਸੰਘਰਸ਼ ਨਾਲੋਂ ਵੱਧ ਜਮਹੂਰੀ ਪ੍ਰੰਪਰਾਵਾਂ ਦੀ ਮਜ਼ਬੂਤੀ ਲਈ ਲੜੇ ਜਾ ਰਹੇ ਸੰਘਰਸ਼ ਦੇ ਰੂਪ ਵਿਚ ਦੇਖਣ ਦੀ ਲੋੜ ਸੀ।

ਇਹ ਨਹੀਂ ਕਿ ਮੁਲਕ ਨੂੰ ਖੇਤੀ ਸੁਧਾਰਾਂ ਦੀ ਲੋੜ ਨਹੀਂ ਸੀ; ਕਿਸਾਨਾਂ ਦੀਆਂ ਆਤਮ-ਹਤਿਆਵਾਂ ਤੋਂ ਇਸ ਲੋੜ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਕਿਸਾਨ ਸੰਘਰਸ਼ ਦੇ ਸ਼ੁਰੂ ਵਿਚ ਹੀ 25 ਸਤੰਬਰ 2020 ਨੂੰ ਆਪਣੇ ਲੇਖ ਰਾਹੀਂ ਮੈਂ ਇਹੋ ਸਵਾਲ ਕੀਤਾ ਸੀ ਕਿ "ਕੀ ਅਸੀਂ ਉਸ ਪ੍ਰਬੰਧ ਦੀ ਲੰਮੀ ਉਮਰ ਵਾਸਤੇ ਲੜ ਰਹੇ ਹਾਂ ਜਿਸ ਨੇ ਸਾਨੂੰ ਖੁਦਕੁਸ਼ੀਆਂ ਲਈ ਮਜਬੂਰ ਕੀਤਾ ਹੋਇਆ ਹੈ; ਜਿਸ ਨੇ ਪੰਜਾਬ, ਪੰਜਾਬ ਦੀ ਧਰਤੀ, ਪੰਜਾਬ ਦੇ ਪੌਣ ਪਾਣੀਆਂ, ਪੰਜਾਬ ਦੇ ਬੇਰੁਜ਼ਗਾਰ ਬੱਚੇ ਬੱਚੀਆਂ ਅਤੇ ਇਸ ਦੀਆਂ ਭਾਈਚਾਰਕ ਕਦਰਾਂ ਕੀਮਤਾਂ ਨੂੰ ਮਰਨੇ ਪਾਇਆ ਹੋਇਆ ਹੈ? ਸਾਡਾ ਵਰਤਮਾਨ ਸੰਘਰਸ਼ ਉਸ ਵਿਵਸਥਾ ਨੂੰ ਬਚਾਉਣ ਤੇ ਲੱਗਾ ਹੋਇਆ ਹੈ ਜੋ ਕੇਵਲ ਪੰਜਾਬ ਦੇ ਪੌਣ ਪਾਣੀਆਂ ਨੂੰ ਹੀ ਨਹੀਂ, ਇਸ ਦੇ ਭਾਈਚਾਰੇ, ਅਰਥਚਾਰੇ ਅਤੇ ਭਵਿਖਮਈ ਸੰਭਾਵਨਾਵਾਂ ਨੂੰ ਵੀ ਬਰਬਾਦ ਕਰ ਰਹੀ ਹੈ।"

ਅੱਜ ਇਸ ਸੰਘਰਸ਼ ਦੀ ਸਫਲਤਾ ਬਾਅਦ, ਕਿਸਾਨਾਂ ਨੂੰ ਵਧਾਈ ਦੇਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਨ ਉਪਰੰਤ ਮੇਰਾ ਉਹੋ ਸਵਾਲ ਹੈ: ਕੀ ਹੁਣ ਖੇਤੀ ਕਾਨੂੰਨ ਵਾਪਸ ਹੋਣ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਹੋ ਗਈਆਂ ਹਨ? ਇਸ ਤੋਂ ਵੀ ਵੱਧ, ਕੀ ਐਮ.ਐਸ.ਪੀ. ਦੀ ਗਰੰਟੀ ਮਿਲ ਜਾਣ ਬਾਅਦ ਵੱਡੇ ਕਿਸਾਨਾਂ ਦੇ ਨਾਲ-ਨਾਲ ਛੋਟੇ ਕਿਸਾਨਾਂ ਦੀ ਆਮਦਨ ਵਿਚ ਵੀ ਤਸੱਲੀਬਖਸ਼ ਵਾਧਾ ਹੋ ਜਾਵੇਗਾ? ਕੀ ਫਸਲਾਂ ਦੀ ਖਰੀਦ ਯਕੀਨੀ ਹੋਣ ਨਾਲ ਡੇਢ-ਦੋ ਏਕੜ ਦੀ ਖੇਤੀ ਕਰਨ ਵਾਲੇ ਕਿਸਾਨਾਂ ਦੀ ਆਮਦਨ ਵਿਚ ਵੀ ਤਸੱਲੀਬਖਸ਼ ਵਾਧਾ ਹੋ ਜਾਵੇਗਾ ਕਿ ਉਹ ਆਪਣੇ ਬੱਚਿਆਂ ਨੂੰ ਵਧੀਆ ਸਿਖਿਆ ਅਤੇ ਸਿਹਤ ਸਹੂਲਤਾਂ ਦੇ ਸਕਣ। ਵਾਤਾਵਰਨ ਸਾਫ ਸੁਥਰਾ ਰਹਿਣ ਲੱਗ ਪਵੇ ਅਤੇ ਆਰਥਕ ਪਾੜਾ ਘਟ ਜਾਵੇ।

ਇਕ ਗੱਲ ਪੰਜਾਬ ਨੂੰ ਪੰਜਾਬ ਦੇ ਕਿਸਾਨ ਪਰਿਵਾਰਾਂ ਨੂੰ, ਪੰਜਾਬ ਦੇ ਪੇਂਡੂ ਭਾਈਚਾਰੇ ਨੂੰ, ਪੰਜਾਬ ਦੇ ਅਰਥ ਸ਼ਾਸਤਰੀਆਂ ਨੂੰ ਅਤੇ ਸਾਨੂੰ ਸਭ ਨੂੰ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਐਮ.ਐਸ.ਪੀ. ਦੀ ਗਰੰਟੀ ਨਾਲ ਪੰਜਾਬ ਦੀਆਂ ਸਮੱਸਿਆਵਾਂ ਹੱਲ ਹੋਣ ਵਾਲੀਆਂ ਨਹੀਂ। ਹਰੇ ਇਨਕਲਾਬ ਵਾਲੇ ਪੁਰਾਣੇ ਮਾਡਲ ਦੇ ਅੰਤਰਗਤ ਉਸ ਨੂੰ ਮਜ਼ਬੂਤ ਕਰਨ ਨਾਲ ਪੰਜਾਬ ਦੀਆਂ ਸਮੱਸਿਆਵਾਂ ਹੱਲ ਨਹੀਂ, ਹੋਰ ਵੀ ਗੰਭੀਰ ਹੋਣ ਵਾਲੀਆਂ ਹਨ। ਪੰਜਾਬ ਵਿਚ ਹਰੇ ਇਨਕਲਾਬ ਦੀਆਂ ਨੀਤੀਆਂ ਨੂੰ ਜਾਰੀ ਰੱਖਣਾ ਕੇਵਲ ਭੁਲ ਹੀ ਨਹੀਂ, ਤਬਾਹਕੁਨ ਹੋਵੇਗਾ।

ਪੰਜਾਬ ਨੂੰ ਹੁਣ ਨਵੇਂ ਖੇਤੀ ਇਨਕਲਾਬ ਦੀ ਜ਼ਰੂਰਤ ਹੈ ਜੋ ਸਮਾਜਕ, ਆਰਥਕ ਅਤੇ ਵਾਤਾਵਰਨਕ ਤੌਰ ਤੇ ਟਿਕਾਊ ਹੋਣ ਦੇ ਨਾਲ-ਨਾਲ ਪੰਜਾਬੀ ਯੂਥ ਦੇ ਸੁਪਨਿਆਂ ਨੂੰ ਵੀ ਸਾਕਾਰ ਕਰ ਸਕੇ। ਹਰ ਕਿਸੇ ਲਈ ਸਨਮਾਨਯੋਗ ਰੁਜ਼ਗਾਰ, ਸਾਫ ਸੁਥਰੇ ਵਾਤਾਵਰਨ, ਭਾਈਚਾਰਕ ਮਿਲਵਰਤਣ ਅਤੇ ਮੱਧਵਰਗੀ ਖੁਸ਼ਹਾਲ ਜੀਵਨ ਦੀ ਵਿਵਸਥਾ ਪੈਦਾ ਕਰ ਸਕੇ। ਪੰਜਾਬ ਨੂੰ ਅਜਿਹੇ ਮਾਡਲ ਦੀ ਜ਼ਰੂਰਤ ਹੈ ਜਿਸ ਰਾਹੀਂ ਪੰਜਾਬੀ ਯੂਥ ਆਪਣੇ ਕੈਨੇਡੀਅਨ ਸੁਪਨਿਆਂ ਨੂੰ ਪੰਜਾਬ ਵਿਚ ਰਹਿ ਕੇ ਓਨੀ ਹੀ ਸ਼ਿਦਤ ਨਾਲ ਪੂਰੇ ਕਰ ਸਕੇ। ਇਸ ਖੇਤੀ ਮਾਡਲ ਨੂੰ ਆਪਾਂ 'ਹਰੀ ਕ੍ਰਾਂਤੀ 2.0' ਦਾ ਨਾਮ ਦੇ ਸਕਦੇ ਹਾਂ।

ਕਿਸਾਨ ਸੰਘਰਸ਼ ਦੀ ਜਿੱਤ ਨੂੰ ਹਰੇ ਇਨਕਲਾਬ ਦੀ ਮਜ਼ਬੂਤੀ ਦੀ ਜਿੱਤ ਦੇ ਤੌਰ ਤੇ ਨਹੀਂ, ਜਮਹੂਰੀਅਤ ਦੀ ਜਿੱਤ ਦੇ ਰੂਪ ਵਿਚ ਸਮਝਣ ਦੀ ਲੋੜ ਹੈ। ਇਸ ਸੰਘਰਸ਼ ਨੇ ਸਰਕਾਰਾਂ ਅਤੇ ਸਾਨੂੰ ਸਭ ਨੂੰ ਇਹੋ ਸਬਕ ਸਿਖਾਇਆ ਹੈ ਕਿ ਕਿਸੇ ਵੀ ਖੇਤਰ ਦੀਆਂ ਨੀਤੀਆਂ ਦੇ ਨਿਰਮਾਣ ਲਈ ਉਸ ਖੇਤਰ ਦੇ ਸਭੇ ਭਾਗੀਦਾਰਾਂ (ਸਟੇਕਹੋਲਡਰਜ਼) ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਨਾ ਜ਼ਰੂਰੀ ਹੈ।

ਇਹ ਜਾਣ ਲੈਣ ਉਪਰੰਤ ਕਿ ਹਰੇ ਇਨਕਲਾਬ ਦੀਆਂ ਨੀਤੀਆਂ ਅਤੇ ਵਿਵਸਥਾਵਾਂ ਰਾਹੀਂ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕੀਤਾ ਜਾ ਸਕਦਾ ਅਤੇ ਇਸ ਤੋਂ ਵੀ ਵੱਧ ਕਿ ਇਨ੍ਹਾਂ ਦਾ ਜਾਰੀ ਰਹਿਣਾ ਮੁਲਕ, ਵਾਤਾਵਰਨ ਅਤੇ ਕਿਸਾਨਾਂ ਲਈ ਬਹੁਤ ਨੁਕਸਾਨਦੇਹ ਹੋਵੇਗਾ, ਹਰੀ ਕ੍ਰਾਂਤੀ 2.0 ਨੀਤੀ ਨਿਰਮਾਣ ਵੱਲ ਵਧਣਾ ਜ਼ਰੂਰੀ ਹੋ ਗਿਆ ਹੈ। ਬਹੁਤ ਖੁਸ਼ੀ ਵਾਲੀ ਗੱਲ ਹੈ ਕਿ ਇਸ ਨੀਤੀ ਨਿਰਮਾਣ ਲਈ ਵਿਚਾਰ-ਵਟਾਂਦਰੇ ਵਿਚ ਪ੍ਰਧਾਨ ਮੰਤਰੀ ਨੇ ਰਾਜ ਸਰਕਾਰਾਂ, ਅਰਥ ਸ਼ਾਸਤਰੀਆਂ, ਖੇਤੀ ਮਾਹਿਰਾਂ ਆਦਿ ਸਭੇ ਸਟੇਕਹੋਲਡਰਾਂ ਨੂੰ ਸ਼ਾਮਲ ਕਰਨ ਦਾ ਭਰੋਸਾ ਦਿਵਾਇਆ ਹੈ। ਖੇਤੀ ਕਾਨੂੰਨਾਂ ਦੀ ਵਾਪਸੀ ਦਾ ਇਸ ਲਈ ਵੀ ਸੁਆਗਤ ਕਰਨਾ ਬਣਦਾ ਹੈ ਕਿ ਇਸ ਨੇ ਖੇਤੀ/ਕਿਸਾਨੀ ਸਮਸਿਆਵਾਂ ਨੂੰ ਨਵੇਂ ਸਿਰੇ ਤੋਂ ਨਵੀਂ ਤਰ੍ਹਾਂ ਨਾਲ ਵਿਚਾਰਨ ਅਤੇ ਉਨ੍ਹਾਂ ਦੇ ਨਵੇਂ ਹੱਲ ਢੂੰਡਣ ਦਾ ਮੌਕਾ ਦਿੱਤਾ ਹੈ।

ਸਿੱਖ ਐਜੂਕੇਸ਼ਨਲ ਸੁਸਾਇਟੀ, ਚੰਡੀਗੜ੍ਹ ਦੇ ਸਕੱਤਰ ਕਰਨਲ ਜਸਮੇਰ ਸਿੰਘ ਬਾਲਾ ਜਦੋਂ ਇਹ ਸਵਾਲ ਕੀਤਾ ਕਿ ਕਿਸਾਨਾਂ ਦਾ ਹੁਣ ਕੀ ਬਣੇਗਾ, ਤਾਂ ਮੇਰਾ ਤੁਰੰਤ ਜਵਾਬ ਸੀ ਕਿ ਕਿਸਾਨ ਦਾ ਉਹੋ ਬਣੂ ਜੋ ਪਿੰਡ ਦਾ ਬਣੇਗਾ। ਹਰੀ ਕ੍ਰਾਂਤੀ 2.0 ਦੇ ਨਿਰਮਾਣ ਨੂੰ ਇਸ ਪਰਿਪੇਖ ਵਿਚ ਰੱਖ ਕੇ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਕਿਸਾਨ ਨੂੰ ਪਿੰਡ ਤੋਂ ਅਲਹਿਦਾ ਕਰਕੇ ਨਹੀਂ ਦੇਖਿਆ ਜਾ ਸਕਦਾ। ਖੇਤੀਬਾੜੀ, ਪਸ਼ੂ ਪਾਲਣ ਅਤੇ ਸਹਾਇਕ ਧੰਦਿਆਂ ਰਾਹੀਂ ਕਿਸਾਨ ਜੋ ਕੁਝ ਵੀ ਪੈਦਾ ਕਰਦਾ, ਪਿੰਡ ਪਰਿਵਾਰ ਉਸ ਦੀ ਸਾਂਭ ਸੰਭਾਲ ਅਤੇ ਮੁਲ ਵਿਚ ਵਾਧੇ ਰਾਹੀਂ ਖਪਤ ਯੋਗ ਬਣਾ ਦਿੰਦਾ ਸੀ ਪਰ ਹਰੀ ਕ੍ਰਾਂਤੀ ਤੋਂ ਬਾਅਦ ਇਹ ਕੁਨੈਕਸ਼ਨ ਟੁਟ ਗਿਆ ਅਤੇ ਪੈਦਾਵਾਰ ਕੱਚੇ ਮਾਲ ਦੇ ਰੂਪ ਵਿਚ ਸਿੱਧੀ ਮੰਡੀ ਵਿਚ ਜਾਣ ਲੱਗ ਪਈ। ਪਿੰਡ ਦੀ ਥਾਂ ਇੰਡਸਟਰੀ ਅਤੇ ਕਈ ਕਿਸਮ ਦੇ ਵਿਚੋਲਿਆਂ ਨੇ ਲੈ ਲਈ। ਹਰੀ ਕ੍ਰਾਂਤੀ ਰਾਹੀਂ ਅਸੀਂ ਕਿਸਾਨ ਨੂੰ ਤਾਂ ਫਸਲ ਉਤਪਾਦਨ ਦੀ ਨਵੀਂ ਤਕਨਾਲੋਜੀ ਵਿਚ ਨਿਪੁੰਨ ਕਰ ਦਿੱਤਾ ਪਰ ਪਿੰਡ ਨੂੰ ਪੈਦਾਵਾਰ ਦੀ ਸਾਂਭ ਸੰਭਾਲ, ਵੈਲਯੂ ਅਡੀਸ਼ਨ, ਬਰੈਂਡ ਡਿਵੇਲਪਮੈਂਟ ਅਤੇ ਮੰਡੀਕਰਨ ਦੀਆਂ ਆਧੁਨਿਕ ਤਕਨੀਕਾਂ ਦੀ ਜਾਣਕਾਰੀ ਅਤੇ ਟਰੇਨਿੰਗ ਦੇਣਾ ਪਤਾ ਨਹੀ ਕਿਉਂ ਭੁਲ ਗਏ।

ਇਹ ਭੁੱਲ ਸੀ ਜਾਂ ਸਾਜ਼ਿਸ਼, ਇਹ ਜੋ ਵੀ ਸੀ, ਬੱਸ ਇਹ ਕਮੀ ਹੀ ਕਿਸਾਨ, ਪਿੰਡ ਅਤੇ ਪੰਜਾਬ ਦੇ ਸੰਕਟ ਦਾ ਕਾਰਨ ਬਣੀ। ਇਸ ਕਮੀ ਨੂੰ ਦੂਰ ਕਰ ਦਿਓ, ਸੰਕਟ ਆਪਣੇ ਆਪ ਹੱਲ ਹੋ ਜਾਵੇਗਾ।

ਪੈਦਾਵਾਰ ਵਿਚ ਵਾਧੇ ਲਈ ਹਰੀ ਕ੍ਰਾਂਤੀ ਦੇ ਰੂਪ ਵਿਚ ਕਿਸਾਨ ਨੂੰ ਦੋ ਚੀਜ਼ਾਂ ਮੁਹੱਈਆ ਕਰਵਾਈਆਂ ਗਈਆਂ: ਤਕਨਾਲੋਜੀ ਅਤੇ ਆਧਾਰ-ਢਾਂਚਾ। ਜੇਕਰ ਪੈਦਾਵਾਰ ਦੀ ਸਾਂਭ-ਸੰਭਾਲ ਅਤੇ ਉਸ ਦੇ ਮੁੱਲ ਵਿਚ ਵਾਧੇ ਲਈ ਇਹੋ ਦੋ ਚੀਜ਼ਾਂ ਪਿੰਡ ਨੂੰ ਵੀ ਮੁਹੱਈਆ ਕਰਵਾ ਦਿਤੀਆਂ ਜਾਂਦੀਆਂ ਤਾਂ ਸੰਕਟ ਨੇ ਪੈਦਾ ਹੀ ਨਹੀਂ ਸੀ ਹੋਣਾ। ਪਿੰਡ ਨੂੰ ਇਹ ਦੋ ਚੀਜ਼ਾਂ ਅੱਜ ਮੁਹੱਈਆ ਕਰਵਾ ਦਿਓ, ਸੰਕਟ ਅੱਜ ਹੀ ਹੱਲ ਹੋ ਜਾਵੇਗਾ। ਸੱਚ ਜਾਣਿਓ, ਇਹ ਗੱਲ ਏਨੀ ਹੀ ਸਾਧਾਰਨ ਹੈ।

---

ਇਹ ਸੰਕਟ ਹੈ ਕੀ? ਪਿੰਡ ਨੂੰ ਲੋੜੀਂਦਾ ਆਧਾਰ-ਢਾਂਚਾ ਅਤੇ ਤਕਨਾਲੋਜੀ ਮੁਹੱਈਆ ਕਰਵਾਉਣ ਨਾਲ ਇਹ ਕਿਵੇਂ ਹੱਲ ਹੋ ਜਾਵੇਗਾ?

***ਹਰੇ ਇਨਕਲਾਬ ਦੌਰਾਨ ਕਿਸਾਨੀ ਅਤੇ ਖਪਤਕਾਰਾਂ ਦੇ ਦੋਹਰੇ ਸ਼ੋਸ਼ਣ ਲਈ ਕੌਮੀ/ਬਹੁਕੌਮੀ ਸਰਮਾਏ ਨੇ ਪਿੰਡ ਪਰਿਵਾਰ ਨੂੰ ਬਾਹਰ ਕੱਢ ਕੇ ਕਿਸਾਨੀ ਤੇ ਖਪਤਕਾਰਾਂ ਵਿਚਕਾਰ, ਸਨਅਤੀ ਤੇ ਵਪਾਰਕ ਵਿਚੋਲਿਆਂ ਦੀ ਲੰਮੀ ਕਤਾਰ ਖੜ੍ਹੀ ਕਰ ਦਿਤੀ ਸੀ।...***

ਕਿਸਾਨ ਨੂੰ ਉਸ ਦੇ ਪਿੰਡ ਪਰਿਵਾਰ ਤੋਂ ਅਲਹਿਦਾ ਕਰਕੇ ਨਹੀਂ ਦੇਖਿਆ ਜਾ ਸਕਦਾ, ਇਸ ਲਈ ਇਹ ਸੰਕਟ ਵੀ ਕਿਸਾਨ ਅਤੇ ਉਸ ਦੇ ਪਿੰਡ ਪਰਿਵਾਰ ਦਾ ਸਾਂਝਾ ਹੀ ਹੈ। ਕਿਸਾਨਾਂ ਦੀ ਘਟ ਰਹੀ ਆਮਦਨ, ਵਧ ਰਹੇ ਕਰਜ਼ੇ, ਉਜੜ ਰਿਹਾ ਪਿੰਡ ਪਰਿਵਾਰ, ਖੁਰ ਰਹੀਆਂ ਸਮਾਜਕ ਕਦਰਾਂ ਕੀਮਤਾਂ, ਵਧ ਰਹੀ ਆਰਥਕ ਨਾ-ਬਰਾਬਰੀ, ਕੁਦਰਤੀ ਤੇ ਰਾਜਨੀਤਕ ਵਾਤਾਵਰਨ ਦਾ ਨਿਘਾਰ, ਯੂਥ ਵਿਚ ਲਗਾਤਾਰ ਵਧ ਰਹੀ ਬੇਰੁਜ਼ਗਾਰੀ, ਬੇਕਾਰੀ, ਨਸ਼ੇਖੋਰੀ, ਜੁਰਮ ਤੇ ਨਿਰਾਸ਼ਤਾ ਆਦਿ ਇਸ ਸੰਕਟ ਦੀਆਂ ਕੁਝ ਕੁ ਅਲਾਮਤਾਂ ਹਨ। ਇਸ ਕਿਸਾਨੀ ਸੰਕਟ ਦੇ ਪਿੰਡ ਵਿਚ ਪਏ ਹੱਲ ਨੂੰ ਢੂੰਡਣ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੋ ਜਾਂਦਾ ਹੈ ਕਿ ਕਿਸਾਨ ਕੌਣ ਹੈ? ਉਸ ਦਾ ਪਿੰਡ ਪਰਿਵਾਰ ਕੀ ਹੈ?

ਕਿਸਾਨ ਅਤੇ ਉਸ ਦਾ ਪਿੰਡ ਪਰਿਵਾਰ ਉਹ ਹਨ ਜੋ ਸਰਪਲੱਸ ਫੂਡ, ਫਾਈਬਰ, ਲੱਕੜ, ਪਾਣੀ ਤੇ ਊਰਜਾ ਪੈਦਾ ਕਰਕੇ ਸ਼ਹਿਰੀ ਕੰਮ-ਧੰਦਿਆਂ, ਉਦਯੋਗ, ਵਪਾਰ ਤੇ ਰਾਜਨੀਤੀ ਦੇ ਵਧਣ ਫੁਲਣ ਦੀਆਂ ਸੰਭਾਵਨਾਵਾਂ ਪੈਦਾ ਕਰਦੇ ਹਨ। ਕਰੋਨਾ ਸੰਕਟ ਨੇ ਦੱਸ ਦਿਤਾ ਕਿ ਜੇ ਕਿਸੇ ਕਾਰਨ ਉਦਯੋਗ ਤੇ ਵਪਾਰ ਦਾ ਪਹੀਆ ਘੁੰਮਣਾ ਬੰਦ ਹੋ ਜਾਵੇ, ਜ਼ਿੰਦਗੀ ਦਾ ਪਹੀਆ ਤਾਂ ਤਦ ਵੀ ਘੁੰਮਦਾ ਰਹਿੰਦਾ ਹੈ। ਬੱਸ ਇਕ ਕਿਸਾਨ ਅਤੇ ਉਸ ਦੇ ਪਿੰਡ ਪਰਿਵਾਰ ਦਾ ਪਹੀਆ ਘੁੰਮਦਾ ਰਹਿਣਾ ਚਾਹੀਦਾ ਹੈ।

ਕਿਸਾਨ ਅਨਾਜ, ਫਲ, ਸਬਜ਼ੀਆਂ, ਕਮਾਦ, ਤੇਲ-ਬੀਜ, ਦੁਧ ਜੋ ਵੀ ਪੈਦਾ ਕਰਦਾ, ਪਿੰਡ ਇਸ ਨੂੰ ਆਟੇ, ਬੇਸਣ, ਦਾਲਾਂ, ਸੇਵੀਆਂ, ਬੜੀਆਂ, ਪਾਪੜ, ਅਚਾਰ ਮੁਰੱਬੇ, ਗੁੜ, ਸ਼ੱਕਰ, ਤੇਲ, ਦਹੀਂ, ਪਨੀਰ, ਘਿਉ ਆਦਿ ਭੋਜਨ-ਪਦਾਰਥਾਂ ਵਿਚ ਤਬਦੀਲ ਕਰ ਦਿੰਦਾ ਸੀ। ਪਿੰਡ ਦੀਆਂ ਔਰਤਾਂ, ਜੁਲਾਹੇ, ਦਰਜੀ ਤੇ ਮੋਚੀ ਰਲ ਕੇ, ਕਿਸਾਨਾਂ ਤੇ ਪਸ਼ੂ ਪਾਲਕਾਂ ਦੁਆਰਾ ਪੈਦਾ ਕੀਤੇ ਕਪਾਹ, ਉੱਨ ਅਤੇ ਚਮੜੇ ਤੋਂ ਵਸਤਰ, ਖੇਸ, ਦਰੀਆਂ, ਫੁਲਕਾਰੀਆਂ, ਪਰਸ, ਜੁੱਤੀਆਂ ਆਦਿ ਤਿਆਰ ਕਰ ਦਿੰਦੇ ਸਨ। ਗੱਲ ਕੀ, ਕਿਸਾਨ ਜੋ ਵੀ ਪੈਦਾ ਕਰਦਾ ਸੀ, ਪਿੰਡ ਉਸ ਨੂੰ ਖਪਤ ਦੀਆਂ ਵਸਤੂਆਂ ਵਿਚ ਤਬਦੀਲ ਕਰ ਕੇ ਪਿੰਡ ਦੇ ਹਟਬਾਣੀਆਂ ਕੋਲ ਵੇਚ ਦਿੰਦਾ। ਜਿਵੇਂ ਨਵੀਂ ਤਕਨਾਲੋਜੀ, ਮੈਨੇਜਮੈਂਟ, ਮਸ਼ੀਨਰੀ ਆਦਿ ਦੀ ਸਹਾਇਤਾ ਨਾਲ ਖੇਤੀ ਵਿਚ ਕ੍ਰਾਂਤੀਕਾਰੀ ਤਬਦੀਲੀ ਆਈ, ਉਸੇ ਤਰ੍ਹਾਂ ਪ੍ਰੋਸੈਸਿੰਗ, ਵੈਲਯੂ ਅਡੀਸ਼ਨ ਅਤੇ ਮਾਰਕੀਟਿੰਗ ਵਿਚ ਆਈ ਨਵੀਂ ਤਕਨਾਲੋਜੀ ਦੀ ਸਹਾਇਤਾ ਨਾਲ ਪਿੰਡ ਵੀ ਆਪਣੇ ਰੋਲ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆ ਸਕਦਾ ਸੀ। ਪੰਜਾਬ ਦੇ ਆਰਥਕ, ਰਾਜਨੀਤਕ ਅਤੇ ਈਕਾਲੋਜੀਕਲੀ ਸਸਟੇਨੇਬਲ ਅਤੇ ਸਮਿਲਤ (ਇਨਕਲੂਸਿਵ) ਵਿਕਾਸ ਲਈ ਅਜਿਹਾ ਨਾ ਕਰ ਸਕਣ ਦੀ ਮਜਬੂਰੀ ਅਤੇ ਸਾਜ਼ਿਸ਼ ਹੀ ਪੰਜਾਬ ਸੰਕਟ ਦਾ ਦੂਸਰਾ ਨਾਮ ਹੈ।



ਮਿਲਕਫੈਡ ਦਾ ਨਿਰਮਾਣ ਸ਼ਾਇਦ ਇਸੇ ਉਦੇਸ਼ ਦੀ ਪੂਰਤੀ ਲਈ ਕੀਤਾ ਗਿਆ ਸੀ ਪਰ ਹੋ ਸਕਦਾ ਹੈ ਕਿ ਮਿਲਕ ਪ੍ਰੋਸੈਸਿੰਗ ਦੀ ਸਮਾਲ ਸਕੇਲ ਤਕਨਾਲੋਜੀ ਦੇ ਉਪਲਬਧ ਨਾ ਹੋਣ ਕਾਰਨ ਇਸ ਦਾ ਕੇਂਦਰੀਕਰਨ ਕਰਨਾ ਪਿਆ ਹੋਵੇ। ਇਸ ਨੇ ਪੇਂਡੂ ਭਾਈਚਾਰੇ ਨੂੰ ਮਿਲਕ ਪ੍ਰੋਸੈਸਿੰਗ ਦੇ ਕੰਮ ਨਾਲ ਜੋੜਨ ਦਾ ਨਹੀਂ, ਤੋੜਨ ਦਾ ਕੰਮ ਕੀਤਾ ਹੈ। ਦੁਧ ਦੀ ਸਾਂਭ-ਸੰਭਾਲ ਅਤੇ ਇਸ ਦੇ ਮੁੱਲ ਵਿਚ ਵਾਧੇ ਦਾ ਕੰਮ ਪਿੰਡਾਂ ਵਿਚੋਂ ਕੱਢ ਕੇ ਸ਼ਹਿਰਾਂ ਵਿਚ ਸਥਿਤ ਵੱਡੇ-ਵੱਡੇ ਮਿਲਕ ਪਲਾਂਟਾਂ ਦੇ ਹਵਾਲੇ ਕਰ ਦਿਤਾ। ਕਿਸਾਨਾਂ ਦੁਆਰਾ ਕੀਤੀ ਜਾ ਰਹੀ ਪੈਦਾਵਾਰ ਉਪਰ ਸਰਕਾਰ, ਅਫਸਰਸ਼ਾਹੀ ਅਤੇ ਭ੍ਰਿਸ਼ਟਾਚਾਰ ਹਾਵੀ ਹੋ ਗਏ। ਨਤੀਜੇ ਵਜੋਂ ਇਹ ਕਿਸਾਨੀ ਦੇ ਸ਼ਕਤੀਕਰਨ ਦੀ ਥਾਂ ਉਸ ਦੀ ਗੁਲਾਮੀ ਦਾ ਮਾਧਿਅਮ ਬਣ ਗਈ। ਪੰਜਾਬ ਦੀ ਸਮੁਚੀ ਕੋਆਪਰੇਟਿਵ ਲਹਿਰ ਇਸੇ ਸਥਿਤੀ ਵਿਚੋਂ ਗੁਜ਼ਰ ਰਹੀ ਹੈ। ਜਿਵੇਂ ਪ੍ਰਾਈਵੇਟ ਅਦਾਰੇ ਆਪਣੇ ਮੁਨਾਫੇ ਲਈ ਕਿਸਾਨਾਂ ਦਾ ਸ਼ੋਸ਼ਣ ਕਰਦੇ ਹਨ, ਉਸੇ ਤਰ੍ਹਾਂ ਨੌਕਰਸ਼ਾਹੀ ਅਦਾਰੇ ਆਪਣੀ ਨਾਲਾਇਕੀ ਅਤੇ ਭ੍ਰਿਸ਼ਟਾਚਾਰ ਰਾਹੀਂ ਕਿਸਾਨਾਂ ਦਾ ਲਹੂ ਚੂਸਦੇ ਹਨ ਪਰ ਉਸ ਦੇ ਪਿੰਡ ਪਰਿਵਾਰ ਕੋਲੋਂ ਉਸ ਦੀ ਪੈਦਾਵਾਰ ਦੀ ਸਾਂਭ-ਸੰਭਾਲ ਅਤੇ ਪ੍ਰੋਸੈਸਿੰਗ ਦਾ ਅਧਿਕਾਰ ਖੋਹ ਕੇ ਕਿਸਾਨੀ ਨੂੰ ਗੁਲਾਮ ਬਣਾਉਣ ਦਾ ਕੰਮ ਇਹ ਤਿੰਨੋ ਕਿਸਮ ਦੀਆਂ ਪ੍ਰਾਈਵੇਟ, ਸਰਕਾਰੀ ਅਤੇ ਸਹਿਕਾਰੀ ਸੰਸਥਾਵਾਂ ਇਕੋ ਜਿੰਨੀ ਕੁਸ਼ਲਤਾ ਨਾਲ ਕਰਦੀਆਂ ਹਨ। ਕਿਸਾਨ ਦੀ ਪੈਦਾਵਾਰ ਨੂੰ ਉਸ ਦੇ ਪਿੰਡ ਪਰਿਵਾਰ ਨਾਲੋਂ ਅਲਹਿਦਾ ਕਰਕੇ ਇਹ ਆਪਣੇ ਮੁਨਾਫੇ ਦੀ ਹਵਸ ਹੀ ਪੂਰੀ ਨਹੀਂ ਕਰਦੀਆਂ, ਪਿੰਡ ਪਰਿਵਾਰ ਦੀ ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਈਕਾਲੋਜੀ ਨੂੰ ਵੀ ਤਬਾਹ ਕਰ ਰਹੀਆਂ ਹਨ।

ਹਰੇ ਇਨਕਲਾਬ ਦੌਰਾਨ ਕਿਸਾਨੀ ਅਤੇ ਖਪਤਕਾਰਾਂ ਦੇ ਦੋਹਰੇ ਸ਼ੋਸ਼ਣ ਲਈ ਕੌਮੀ/ਬਹੁਕੌਮੀ ਸਰਮਾਏ ਨੇ ਪਿੰਡ ਪਰਿਵਾਰ ਨੂੰ ਬਾਹਰ ਕੱਢ ਕੇ ਕਿਸਾਨੀ ਤੇ ਖਪਤਕਾਰਾਂ ਵਿਚਕਾਰ, ਸਨਅਤੀ ਤੇ ਵਪਾਰਕ ਵਿਚੋਲਿਆਂ ਦੀ ਲੰਮੀ ਕਤਾਰ ਖੜ੍ਹੀ ਕਰ ਦਿਤੀ ਸੀ। ਕਿਸਾਨੀ ਅਤੇ ਖਪਤਕਾਰਾਂ ਦੇ ਇਸ ਸ਼ੋਸ਼ਣ ਨੂੰ ਰੋਕਣ ਵਾਸਤੇ ਹੁਣ ਲੋੜ ਹੈ ਕਿ ਸਮਾਲ ਸਕੇਲ ਪ੍ਰੋਸੈਸਿੰਗ ਮਸ਼ੀਨਰੀ, ਪਲੈਟਫਾਰਮ ਤਕਨਾਲੋਜੀ ਅਤੇ ਡਿਜੀਟਲ ਬੁਨਿਆਦੀ ਢਾਂਚੇ ਦੀ ਸਹਾਇਤਾ ਨਾਲ ਪਿੰਡ ਪਰਿਵਾਰ ਦੇ ਸ਼ਕਤੀਕਰਨ ਰਾਹੀਂ, ਸਨਅਤੀ ਅਤੇ ਵਪਾਰਕ ਵਿਚੋਲਿਆਂ ਦੇ ਢਾਂਚੇ ਨੂੰ ਖਦੇੜ ਕੇ ਉਸ ਦੀ ਥਾਂ ਪਿੰਡ ਪਰਿਵਾਰ ਦੇ ਵੇਗਵਾਨ ਰੋਲ ਨੂੰ ਨਵੇਂ ਰੂਪ ਵਿਚ ਸਥਾਪਿਤ ਕੀਤਾ ਜਾਵੇ।

--2--

ਕਿਰਸਾਣੀ ਦੇ ਕਈ ਹੋਰ ਮੁਦਿਆਂ ਬਾਰੇ ਵੀ ਵਿਚਾਰ ਕਰਨ ਦੀ ਲੋੜ ਹੈ ਜੋ ਪਿੰਡ ਪਰਿਵਾਰ ਦੇ ਰੋਲ ਨੂੰ ਪੁਨਰ-ਪਰਿਭਾਸ਼ਿਤ ਕਰ ਸਕਦੇ ਹਨ। ਦੇਖ ਰਹੇ ਹਾਂ ਕਿ ਅਨਾਜ ਦੇ ਮੁਕਾਬਲੇ ਫਲਾਂ, ਸਬਜ਼ੀਆਂ, ਡੇਅਰੀ ਉਤਪਾਦਾਂ, ਮੀਟ, ਆਂਡਿਆਂ, ਮੱਛੀ ਆਦਿ ਦੀ ਮੰਗ ਤੇਜ਼ੀ ਨਾਲ ਵਧ ਰਹੀ ਹੈ ਪਰ ਸਰਕਾਰੀ ਨੀਤੀ ਦੇ ਅਨਾਜ-ਕੇਂਦ੍ਰਿਤ ਹੋਣ ਕਾਰਨ ਅਸੀਂ ਹਾਲੇ ਅਨਾਜ ਉਤਪਾਦਨ 'ਤੇ ਹੀ ਟਿਕੇ ਹੋਏ ਹਾਂ। ਅਨਾਜ ਦੀ ਮੰਗ ਵਿਚ ਭਾਵੇਂ ਓਨਾ ਕੁ ਹੀ ਵਾਧਾ ਹੋ ਰਿਹਾ ਹੈ ਜਿੰਨਾ ਜਨਸੰਖਿਆ ਵਿਚ; ਇਸ ਲਈ ਅਨਾਜ ਉਤਪਾਦਨ ਵਿਚ 1.7 ਪ੍ਰਤੀਸ਼ਤ ਵਾਧੇ (1.3 ਪ੍ਰਤੀਸ਼ਤ ਜਨਸੰਖਿਆ ਦੇ ਅਤੇ 0.3 ਪ੍ਰਤੀਸ਼ਤ ਪਸ਼ੂ ਖੁਰਾਕ ਦੇ) ਤੋਂ ਇਲਾਵਾ ਜਿੰਨਾ ਹੋਰ ਵਾਧੂ ਅਨਾਜ ਪੈਦਾ ਕਰਾਂਗੇ, ਉਸ ਦੀ ਜੇਕਰ ਨਿਰਯਾਤ ਨਾ ਹੋ ਸਕੀ ਤਾਂ ਉਸ ਦਾ ਗੁਦਾਮਾਂ ਵਿਚ ਸੜਨਾ ਤੈਅ ਹੈ ਪਰ ਇਸ ਦੇ ਮੁਕਾਬਲੇ ਪੌਸ਼ਟਿਕ ਭੋਜਨ (ਫਲ ਸਬਜ਼ੀਆਂ, ਦੁਧ ਦਹੀਂ, ਮੀਟ ਮੱਛੀ ਆਦਿ) ਦੀ ਤੇਜ਼ੀ ਨਾਲ ਵਧ ਰਹੀ ਮੰਗ ਪੂਰੀ ਵੀ ਨਹੀਂ ਹੋ ਰਹੀ। ਜੇ ਅਸੀਂ ਖੇਤੀ ਵਿਕਾਸ ਵਿਚ 4.0 ਪ੍ਰਤੀਸ਼ਤ ਵਾਧੇ ਦੇ ਨਾਲ-ਨਾਲ ਖੇਤੀ ਆਮਦਨਾਂ ਵਿਚ ਵਾਧਾ ਕਰਨ ਦੇ ਇੱਛਕ ਹਾਂ ਤਾਂ ਸਾਨੂੰ ਆਪਣੀਆਂ ਖੇਤੀ ਨੀਤੀਆਂ ਵਿਚ ਪਹਿਲ ਦੇ ਆਧਾਰ 'ਤੇ ਹੇਠ ਦਿਤੀਆਂ ਤਬਦੀਲੀਆਂ ਕਰਨੀਆਂ ਹੋਣਗੀਆਂ:

ਨੰਬਰ ਇਕ, ਸਾਨੂੰ ਆਪਣਾ ਫੋਕਸ ਅਨਾਜ ਦੀ ਥਾਂ ਪੌਸ਼ਟਿਕ ਭੋਜਨ ਵੱਲ ਕਰਨਾ ਹੋਵੇਗਾ। ਪੰਜਾਬ ਖੇਤੀਬਾੜੀ ਯੂਨੀਵਰਸਟੀ, ਲੁਧਿਆਣਾ ਦੇ ਮਾਹਿਰਾਂ ਦੁਆਰਾ ਕੀਤੀ ਵਿਆਪਿਕ ਮੈਪਿੰਗ

(ਬਾਕੀ ਅਗਲੇ ਸਫੇ 'ਤੇ)

ਨੇ ਖੁਲਾਸਾ ਕਰ ਦਿਤਾ ਹੈ ਕਿ ਪੰਜਾਬ ਨੂੰ ਸਹਿਜੇ ਹੀ ਦੋ ਦਰਜਨ ਤੋਂ ਵੀ ਵਧੇਰੇ ਵਿਸ਼ੇਸ਼ (ਨਿਚ) ਖੇਤਰਾਂ ਵਿਚ ਵੰਡ ਕੇ ਨਵੀਆਂ ਮੰਡੀਆਂ ਵਿਕਸਤ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਸ਼ੇਸ਼ ਖੇਤਰਾਂ ਦੀ ਚੋਣ ਉਥੇ ਸੌਖਿਆਂ ਹੀ ਵਧੀਆ ਢੰਗ ਨਾਲ ਉਗਾਈਆਂ ਜਾ ਸਕਣ ਵਾਲੀਆਂ ਫਸਲਾਂ/ਉਤਪਾਦਾਂ ਦੇ ਆਧਾਰ 'ਤੇ ਕੀਤੀ ਗਈ ਹੈ। ਇਨ੍ਹਾਂ ਫਸਲਾਂ/ਉਤਪਾਦਾਂ ਵਿਚ ਮੁਖ ਤੌਰ ਤੇ ਜੈਵਿਕ ਖੇਤੀ, ਕਿੰਨੂ, ਅਮਰੂਦ, ਅੰਗੂਰ, ਬਾਸਮਤੀ, ਮੱਕੀ, ਦਾਲਾਂ, ਸਬਜ਼ੀਆਂ, ਫੁੱਲਾਂ ਦੀ ਖੇਤੀ, ਜੜ੍ਹੀ ਬੂਟੀਆਂ, ਚਿਕਿਤਸਕ ਪੌਦੇ, ਬੀਜ ਉਤਪਾਦਨ, ਗੁੜ, ਖੁੰਬਾਂ, ਮਧੂ ਮੱਖੀ ਪਾਲਣ, ਫਿਸ਼ਰੀ, ਪੋਲਟਰੀ, ਗੋਟਰੀ, ਡੇਅਰੀ ਕਣਕ ਅਤੇ ਹੋਰ ਸੀਰੀਅਲ ਸ਼ਾਮਲ ਹਨ।

ਨੰਬਰ ਦੋ, ਜੇਕਰ ਇਹ ਫੈਸਲਾ ਕੀਤਾ ਜਾਵੇ ਕਿ ਪਿੰਡ ਵਿਚ ਪੈਦਾ ਹੋਣ ਵਾਲੀ ਖੇਤੀ ਜਿਣਸ, ਭਾਵੇਂ ਉਹ ਹਾਈਡਰੋਪੌਨਿਕ/ਐਰੋਪੌਨਿਕ ਤਕਨੀਕ ਰਾਹੀਂ ਘਰਾਂ ਵਿਚ ਪੈਦਾ ਹੋ ਰਹੀਆਂ ਵਾਧੂ ਸਬਜ਼ੀਆਂ ਤੇ ਸਲਾਦ ਹੋਣ, ਭਾਵੇਂ ਪਿੰਡ ਦੀਆਂ ਸਾਂਝੀਆਂ ਥਾਵਾਂ ਉਪਰ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੇ ਭਾਵੇਂ ਖੇਤਾਂ ਵਿਚੋਂ ਆਉਣ ਵਾਲੀ ਜਿਣਸ, ਉਹ ਬਿਨਾ ਪਰਾਸੈਸ ਕੀਤਿਆਂ ਪਿੰਡ ਤੋਂ ਬਾਹਰ ਨਹੀਂ ਜਾਵੇਗੀ, ਤਾਂ ਨਾ ਕੇਵਲ ਪਿੰਡ ਵਿਚ ਵਧੀਆ ਰੁਜ਼ਗਾਰ ਦੀਆਂ ਸਹੂਲਤਾਂ ਪੈਦਾ ਹੋਣ ਦੇ ਨਾਲ-ਨਾਲ ਖੁਸ਼ਹਾਲੀ ਵਿਚ ਵੀ ਵਾਧਾ ਹੋਵੇਗਾ ਸਗੋਂ ਪਿੰਡਾਂ ਤੋਂ ਸ਼ਹਿਰਾਂ ਵੱਲ ਹੋਣ ਵਾਲੀ ਮਾਈਗਰੇਸ਼ਨ ਘਟੇਗੀ। ਇਹ ਸਭ ਕੁਝ ਪਹਿਲਾਂ ਸੰਭਵ ਨਹੀਂ ਸੀ। ਨਵੀਂ ਤਕਨਾਲੋਜੀ ਆਉਣ ਨਾਲ ਹੋਰ ਵੀ ਬਹੁਤ ਕੁਝ ਸੰਭਵ ਹੋ ਗਿਆ ਹੈ; ਮਸਲਨ, ਟੈਲੀ-ਮਾਈਗਰੇਸ਼ਨ ਰਾਹੀ ਪਿੰਡ ਵਿਚ ਘਰ ਬੈਠਿਆ ਹੀ ਰੀਮੋਟ ਜੌਬ ਉਪਲਬਧ ਹੋ ਸਕਦੀ ਹੈ। ਸਭ ਕੁਝ ਹੋ ਸਕਦਾ ਹੈ। ਇਕੋ ਸਮੱਸਿਆ ਹੈ। ਉਹ ਹੈ ਅਫਸਰਸ਼ਾਹੀ ਦਾ 'ਜੈਸੇ ਥੇ' ਦਾ ਕੰਮ ਲਟਕਾਊ ਅਤੇ ਭ੍ਰਿਸ਼ਟ ਰਵੱਈਆ ਜਿਸ ਨੂੰ ਲੋਕ ਸ਼ਕਤੀ ਦੇ ਦਬਾਅ ਹੇਠ ਕੇਵਲ ਸਿਆਸੀ ਇੱਛਾ ਸ਼ਕਤੀ ਹੀ ਲੀਹ 'ਤੇ ਲਿਆ ਸਕਦੀ ਹੈ।

ਨੰਬਰ ਤਿੰਨ, ਕਿਸਾਨਾਂ ਦੀ ਆਮਦਨ ਵਿਚ ਵਾਧੇ ਅਤੇ ਖਪਤਕਾਰਾਂ 'ਤੇ ਪੈ ਰਹੇ ਬੋਝ ਨੂੰ ਹਲਕਾ ਕਰਨ ਲਈ ਵੈਲਯੂ/ਸਪਲਾਈ ਚੇਨ ਨੂੰ ਤਰਤੀਬ ਦੇਣ (ਕੰਪਰੈਸ ਕਰਨ) ਦੀ ਲੋੜ ਹੈ। ਖੇਤੀ ਉਤਪਾਦਾਂ ਦੀ ਸਾਫ ਸਫਾਈ, ਧੁਲਾਈ, ਸੁਕਾਈ, ਪ੍ਰੋਸੈਸਿੰਗ, ਦਰਜਾਬੰਦੀ, ਬਾਰ ਕੋਡਿੰਗ, ਸਟੋਰੇਜ, ਠੰਢੇ ਟਰੱਕਾਂ ਰਾਹੀਂ ਢੋਆ ਢੁਆਈ ਆਦਿ ਸਾਰੇ ਕੰਮ ਪਿੰਡ ਪਰਿਵਾਰ ਨੂੰ ਆਪਣੀ ਪੱਧਰ 'ਤੇ ਕਰ ਕੇ ਵਿਚੋਲਿਆਂ ਦਾ ਰੋਲ ਖਤਮ ਕਰਨਾ ਹੋਵੇਗਾ। ਜੇ ਸਰਕਾਰ ਮਦਦ ਕਰੇ ਤਾਂ ਪੰਜਾਬ ਦੇ ਉਦਮੀ ਕਿਸਾਨਾਂ ਲਈ ਇਹ ਕੰਮ ਓਨਾ ਮੁਸ਼ਕਿਲ ਨਹੀਂ ਹੋਵੇਗਾ ਜਿੰਨਾ ਦਿਖਾਈ ਦੇ ਰਿਹਾ ਹੈ। ਅਸ਼ੋਕ ਗੁਲਾਟੀ ਵਰਗੇ ਨਵ-ਉਦਾਰਵਾਦ ਨੂੰ ਪ੍ਰਨਾਏ ਅਰਥ ਸ਼ਾਸਤਰੀ ਇਸ ਕੰਮ ਵਾਸਤੇ ਵੱਡੇ ਪੱਧਰ 'ਤੇ ਪ੍ਰਾਈਵੇਟ ਨਿਵੇਸ਼ ਦੀ ਲੋੜ ਉਪਰ ਇਸ ਲਈ ਜ਼ੋਰ ਦੇ ਰਹੇ ਹਨ, ਕਿਉਂਕਿ ਉਹ ਨਹੀਂ ਜਾਣਦੇ ਕਿ ਅਜਿਹੀ ਤਕਨਾਲੋਜੀ ਵਿਕਸਤ ਹੋ ਚੁਕੀ ਹੈ ਜਿਸ ਦੀ ਸਹਾਇਤਾ ਨਾਲ ਹਰ ਪਰਿਵਾਰ ਇਹ ਕੰਮ ਹੁਣ ਆਪਣੀ ਪੱਧਰ 'ਤੇ ਹੀ ਕਰ ਸਕਦਾ ਹੈ। ਮਲਟੀ ਸਾਈਡਿਡ ਪਲੈਟਫਾਰਮ ਤਕਨਾਲੋਜੀ ਨੇ ਘਰ-ਘਰ ਹੋਣ ਵਾਲੀ ਫੂਡ ਪ੍ਰੋਸੈਸਿੰਗ ਨੂੰ ਖਪਤਕਾਰਾਂ ਨਾਲ ਸਿਧਾ ਜੋੜ ਕੇ ਮੰਡੀਕਰਨ ਦੀ ਸਮੱਸਿਆ ਵੀ ਹੱਲ ਕਰ ਦਿੱਤੀ ਹੈ।

ਇਸ ਗੱਲ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਖੇਤੀ ਉਤਪਾਦਾਂ ਦੀ ਸਾਰੀ ਪਰਾਸੈਸਿੰਗ/ਵੈਲਯੂ ਅਡੀਸ਼ਨ ਪਿੰਡ ਵਿਚ ਹੀ ਹੋਵੇ। ਹੁਣ ਤੱਕ ਖੇਤੀ ਜਿਣਸਾਂ ਦੀ ਪ੍ਰਾਸੈਸਿੰਗ ਲਈ ਰਾਜ ਜਾਂ ਜ਼ਿਲ੍ਹਾ ਪੱਧਰ 'ਤੇ ਭਾਰੀ ਨਿਵੇਸ਼ ਵਾਲੇ ਵੱਡੇ ਪ੍ਰਾਜੈਕਟ ਹੀ ਲੱਗਦੇ ਸਨ। ਇਸ ਲਈ, ਇਨ੍ਹਾਂ ਨੂੰ ਲਗਾਉਣਾ ਜਾਂ ਨਾ ਲਗਾਉਣਾ ਪੂਰੀ ਤਰ੍ਹਾਂ ਨਾਲ ਸਰਕਾਰ ਜਾਂ ਕਾਰਪੋਰੇਟ ਉਪਰ ਨਿਰਭਰ ਕਰਦਾ ਸੀ ਪਰ ਹੁਣ ਇਹ ਨਿਰਭਰਤਾ ਖਤਮ ਹੋ ਚੁਕੀ ਹੈ। ਖੇਤੀਬਾੜੀ ਯੂਨੀਵਰਸਟੀ ਦੇ ਪ੍ਰੋਸੈਸਿੰਗ ਵਿਭਾਗ ਦੇ ਮਾਹਿਰਾਂ ਨੇ ਦੱਸਿਆ ਕਿ ਹੁਣ ਤਾਂ ਹਰ ਕਿਸਾਨ ਪਰਿਵਾਰ ਛੋਟੀ ਜਿਹੀ ਲਾਗਤ ਨਾਲ ਆਪਣੇ ਘਰੇ ਹੀ ਛੋਟੇ ਯੂਨਿਟ ਲਾ ਸਕਦਾ ਹੈ ਜੋ ਵੱਡੇ ਪ੍ਰਾਜੈਕਟਾਂ ਜਿੰਨੇ ਹੀ ਸਮਰੱਥ ਅਤੇ ਲਾਗਤ ਦੇ ਹਿਸਾਬ ਨਾਲ ਵੱਧ ਲਾਭ ਦੇਣ ਵਾਲੇ ਹੁੰਦੇ ਹਨ। ਜੇ ਛੋਟੇ ਦੁਕਾਨਦਾਰ ਇਹ ਕੰਮ ਆਪਣੀਆਂ ਦੁਕਾਨਾਂ ਵਿਚ ਕਰ ਰਹੇ ਹਨ ਤਾਂ ਕਿਸਾਨ ਕਿਉਂ ਨਹੀਂ ਕਰ ਸਕਦੇ? ਬਹੁਤ ਹੀ ਛੋਟੇ ਕਿਸਾਨ ਪਰਿਵਾਰ ਆਪਣੀ ਜਿਣਸ ਦੀ ਪ੍ਰਾਸੈਸਿੰਗ ਲਈ ਮੁਹੱਲੇ ਅਤੇ ਪਿੰਡ ਪੱਧਰ ਦੇ ਯੂਨਿਟਾਂ ਦੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

ਨੰਬਰ ਚਾਰ, ਖੇਤੀ ਉਤਪਾਦਾਂ ਦੀ ਘਰੇਲੂ, ਗੁਆਂਢ ਅਤੇ ਪਿੰਡ ਪੱਧਰ ਤੇ ਸਾਂਭ-ਸੰਭਾਲ ਅਤੇ ਵੈਲਯੂ ਅਡੀਸ਼ਨ ਲਈ ਕਿਸਾਨ ਪਰਿਵਾਰਾਂ ਨੂੰ ਪ੍ਰੋਸੈਸਿੰਗ ਮਸ਼ੀਨਰੀ/ਤਕਨਾਲਜੀ ਨੂੰ ਉਪਲਬਧ ਕਰਵਾਉਣ ਲਈ ਸਰਕਾਰ/ਵਿਤੀ ਅਦਾਰਿਆਂ ਨੂੰ ਅੱਗੇ ਆਉਣਾ ਪਵੇਗਾ। ਪੰਜਾਬ ਦੀਆਂ ਨਿਵੇਸ਼, ਤਕਨਾਲੋਜੀ ਅਤੇ ਆਧਾਰ ਢਾਂਚੇ ਸੰਬੰਧੀ ਲੋੜਾਂ ਬਿਲਕੁਲ ਬਦਲ ਚੁਕੀਆਂ ਹਨ। ਪੰਜਾਬ ਵਿਚ ਪੁਰਾਣੀ ਵਿਵਸਥਾ ਦਾ ਜਾਰੀ ਰਹਿਣਾ ਹੁਣ ਬੇਕਾਰ ਹੀ ਨਹੀਂ, ਨੁਕਸਾਨਦਾਇਕ ਹੋਵੇਗਾ।

ਨੰਬਰ ਪੰਜ, ਜਿਸ ਐਗਰੀ ਮਾਰਕੀਟਿੰਗ ਇੰਟੈਲੀਜੈਂਸ ਪਲੈਟਫਾਰਮ, ਪਰੋਟੋਕੋਲ ਅਤੇ ਈਕੋ-ਸਿਸਟਮ ਦੀ ਆਪਾਂ ਗੱਲ ਕਰ ਰਹੇ ਹਾਂ, ਉਸ ਦੇ ਰਾਜ ਪੱਧਰ ਤੇ ਨਿਰਮਾਣ ਲਈ ਤੁਰੰਤ ਕਦਮ ਉਠਾਉਣ ਦੀ ਲੋੜ ਹੈ। ਇਸ ਪਲੈਟਫਾਰਮ ਦੀ ਮਦਦ ਨਾਲ ਪਰਿਵਾਰ, ਮੁਹੱਲੇ ਅਤੇ ਪਿੰਡ



**ਹਰ ਪਿੰਡ ਵਿਚ ਉਤਸ਼ਾਹੀ ਅਤੇ ਸਿਰਜਣਾਤਮਿਕ ਸਭਿਆਚਾਰਕ ਸਨਅਤ ਵੀ ਵਿਕਸਤ ਕੀਤੀ ਜਾ ਸਕਦੀ ਹੈ। ਸਿਰਜਣਾਤਮਿਕ ਸਅਨਤ ਦਾ ਆਧਾਰ ਮਨੁੱਖਾਂ ਦੀ ਵਿਅਕਤੀਗਤ ਅਤੇ ਸਹਿਕਾਰੀ ਹੁਨਰ (ਕੋਆਪਰੇਟਿਵ ਸਕਿਲ) ਹੈ ਜਿਸ ਰਾਹੀਂ ਉਨ੍ਹਾਂ ਦੀ ਸਿਰਜਣਾ ਸ਼ਕਤੀ ਨੂੰ ਡਿਜੀਟਲ ਤਕਨੀਕਾਂ ਅਤੇ ਪ੍ਰਬੰਧਕੀ ਹੁਨਰ (ਮੈਨੇਜਰੀਅਲ ਸਕਿਲ) ਦੀ ਸਹਾਇਤਾ ਨਾਲ ਦੌਲਤ ਵਿਚ ਰੂਪਾਂਤ੍ਰਿਤ ਕੀਤਾ ਜਾ ਸਕਦਾ ਹੈ। ਸਿਰਜਣਾਤਮਿਕ ਸਅਨਤ ਉਥੇ ਹੀ ਜਾਵੇਗੀ ਜਿਥੇ ਸਿਰਜਣਾਤਮਿਕ ਵਰਕਰ ਹੋਣਗੇ, ਤੇ ਸਿਰਜਣਾਤਮਿਕ ਵਰਕਰ ਉਥੇ ਜਾਣਗੇ ਜਿਥੇ ਸਿਰਜਣਾਤਮਿਕ ਸਅਨਤ ਹੋਵੇਗੀ।**

ਪੱਧਰ ਦੇ ਯੂਨਿਟਾਂ ਨੂੰ ਸਥਾਨਕ, ਰਾਜ, ਕੌਮੀ ਤੇ ਸੰਸਾਰ ਪੱਧਰ ਦੀਆਂ ਮੰਡੀਆਂ ਨਾਲ ਜੋੜਿਆ ਜਾ ਸਕਦਾ ਹੈ। ਸਰਕਾਰ ਨੂੰ ਇਸ ਦਿਸ਼ਾ ਵਿਚ ਸੋਚਣਾ ਚਾਹੀਦਾ ਹੈ। ਕੇਂਦਰ ਸਰਕਾਰ ਦੀ ਵੀ ਲੋੜ ਨਹੀਂ, ਪੰਜਾਬ ਸਰਕਾਰ ਖੁਦ ਹੀ ਆਪਣੇ ਸੀਮਤ ਜਿਹੇ ਵਸੀਲਿਆਂ ਨਾਲ ਇਹ ਬਹੁਤ ਵੱਡਾ ਦਿਖਾਈ ਦੇਣ ਵਾਲਾ ਪ੍ਰੋਗਰਾਮ ਸੌਖਿਆਂ ਹੀ ਕਰ ਸਕਦੀ ਹੈ। ਇੰਟਰਨੈੱਟ ਵੀ ਇਕ ਪਲੈਟਫਾਰਮ ਹੈ ਜਿਸ ਉਪਰ ਹਜ਼ਾਰਾਂ ਨਹੀਂ, ਲੱਖਾਂ ਬਿਜ਼ਨਸ ਚੱਲ ਰਹੇ ਹਨ। ਗੱਲ ਨੂੰ ਸੌਖਿਆਂ ਸਮਝਣ ਲਈ ਊਬਰ ਅਤੇ ਏਅਰ ਬੀ.ਐਨ.ਬੀ. ਦੀ ਉਦਾਹਰਨ ਲੈ ਸਕਦੇ ਹਾਂ ਜਿਨ੍ਹਾਂ ਦੇ ਸਿਰ 'ਤੇ ਕ੍ਰਮਵਾਰ ਟੈਕਸੀ ਚਾਲਕਾਂ ਅਤੇ ਸੈਲਾਨੀਆਂ ਲਈ ਕਮਰੇ ਕਿਰਾਏ ਤੇ ਦੇਣ ਵਾਲੇ ਅਣਗਿਣਤ ਲੋਕਾਂ ਦੀ ਰੋਜ਼ੀ ਰੋਟੀ ਚੱਲ ਰਹੀ ਹੈ। ਅਸੀਂ ਵੀ ਪੰਜਾਬ ਲਈ ਇਕ ਅਜਿਹੇ ਪਲੈਟਫਾਰਮ ਦੇ ਨਿਰਮਾਣ ਦੀ ਲੋੜ ਉਪਰ ਜ਼ੋਰ ਦੇ ਰਹੇ ਹਾਂ ਜੋ ਹਰ ਕਿਸੇ ਲਈ ਖੁਸ਼ਹਾਲੀ ਦਾ ਪੈਗਾਮ ਲੈ ਕੇ ਆਵੇ। ਜਿਨ੍ਹਾਂ ਲੋਕਾਂ ਨੂੰ ਸਰਕਾਰ ਖੈਰਾਤ ਵੰਡਣ ਦੀਆਂ ਸਕੀਮਾਂ ਬਣਾ ਰਹੀ ਹੈ, ਉਹ ਆਪਣੀ ਕਿਰਤ ਕਮਾਈ ਰਾਹੀਂ ਸਭ ਦੀ ਝੋਲੀ ਭਰਨ।

ਇਸ ਸਕੀਮ ਦੇ ਲਾਗੂ ਹੋ ਜਾਣ ਨਾਲ ਪੰਜਾਬ ਦੇ ਕਿਸੇ ਵੀ ਪਿੰਡ ਦਾ ਕੋਈ ਵੀ ਮੁੰਡਾ ਕੁੜੀ ਜਾਂ ਕੰਮ ਕਰਨ ਦੇ ਯੋਗ ਵਿਅਕਤੀ ਵਿਹਲਾ ਨਹੀਂ ਰਹੇਗਾ। ਕੋਈ ਬੇਕਾਰ ਨਹੀਂ ਹੋਵੇਗਾ। ਇਹ ਸਕੀਮ ਹਰ ਪੰਜਾਬੀ ਨੂੰ ਉਦਮੀ ਇੰਟਰਪ੍ਰੀਨਿਓਰ) ਬਣਾਉਣ ਦੀ ਸਮਰੱਥਾ ਰੱਖਦੀ ਹੈ। ਸਭੇ ਉਤਸ਼ਾਹੀ ਵਰਕਰ ਹੋਣਗੇ। ਆਪਣੇ ਹੁਨਰ 'ਤੇ ਮਾਣ ਅਤੇ ਦੂਜਿਆਂ ਦੇ ਹੁਨਰ ਦੀ ਕਦਰ ਜਾਣਨ ਵਾਲੇ ਵਰਕਰ। ਇਹ ਗੱਲ ਪੱਕੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਰਥਕ ਤਰੱਕੀ ਅਤੇ ਖੁਸ਼ਹਾਲੀ ਇਕੋ ਚੀਜ਼ ਨਹੀਂ ਹੁੰਦੀਆਂ। ਖੁਸ਼ਹਾਲੀ ਵਿਚ ਆਰਥਕ ਤਰੱਕੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਮਾਜ-ਸਭਿਆਚਾਰਕ ਪੱਖ ਸ਼ਾਮਲ ਹੁੰਦੇ ਹਨ।

ਇਸ ਪਲੈਟਫਾਰਮ ਦੀਆਂ ਸੇਵਾਵਾਂ ਨੂੰ ਹਰ ਪਿੰਡ ਅਤੇ ਪਰਿਵਾਰ ਤੱਕ ਪਚਾਉਣ ਲਈ ਸ਼ਕਤੀਸ਼ਾਲੀ ਐਕਸਟੈਂਸ਼ਨ ਨੈਟਵਰਕ ਦੀ ਵੀ ਲੋੜ ਰਹੇਗੀ। ਇਨ੍ਹਾਂ ਸਾਰੇ ਕੰਮਾਂ ਨੂੰ ਮਿਥੇ ਸਮੇਂ ਵਿਚ ਨੇਪਰੇ ਚਾੜ੍ਹਨ ਲਈ ਪਾਲਿਸੀ ਫਰੇਮਵਰਕ ਦੇ ਨਾਲ-ਨਾਲ ਰੋਡਮੈਪ ਵੀ ਤਿਆਰ ਕਰਨ ਦੀ ਜ਼ਰੂਰਤ ਹੈ। ਜੇਕਰ ਇਕ ਸਾਲ ਦੇ ਅੰਦਰ-ਅੰਦਰ ਪਾਲਿਸੀ ਫਰੇਮਵਰਕ ਅਤੇ ਰੋਡਮੈਪ ਤਿਆਰ ਕਰਕੇ ਪਲੈਟਫਾਰਮ ਦੇ ਨਿਰਮਾਣ ਦਾ ਕੰਮ ਸ਼ੁਰੂ ਨਾ ਕੀਤਾ ਤਾਂ ਬਹੁਤ ਦੇਰ ਹੋ ਚੁਕੀ ਹੋਵੇਗੀ। ਭਾਰਤ ਦੇ ਬਾਕੀ ਰਾਜ ਤਾਂ ਸਾਲ ਦੋ ਸਾਲ ਲਈ ਇੰਤਜ਼ਾਰ ਵੀ ਕਰ ਸਕਦੇ ਹਨ ਪਰ ਪੰਜਾਬ ਨਹੀਂ।

ਪੰਜਾਬ ਤਾਂ ਕਦੋਂ ਦਾ ਹਰੇ ਇਨਕਲਾਬ ਦੀਆਂ ਤਮਾਮ ਸੰਭਾਵਨਾਵਾਂ ਮੁਕਾ ਕੇ ਆਪਣੇ ਆਪ ਦੀ ਅਤੇ ਆਪਣੇ ਵਾਤਾਵਰਨ ਦੀ ਬਰਬਾਦੀ ਵੱਲ ਵਧ ਚੁਕਾ ਹੈ।

ਨੰਬਰ ਛੇ, ਉਪਰੋਕਤ ਧਾਰਨਾ ਮੂਲ ਰੂਪ ਵਿਚ ਇਸ ਆਧਾਰ 'ਤੇ ਟਿਕੀ ਹੋਈ ਕਿ ਹਰ ਕਿਸਾਨ ਨੂੰ ਇਕ ਉਦਮੀ ਵਜੋਂ, ਹਰ ਪੇਂਡੂ ਪਰਿਵਾਰ ਨੂੰ ਇਕ ਕਾਰੋਬਾਰੀ ਘਰ ਵਜੋਂ ਅਤੇ ਹਰ ਪਿੰਡ ਨੂੰ ਇਕ ਬ੍ਰੈਂਡ ਵਜੋਂ ਵਿਕਸਤ ਕੀਤਾ ਜਾਵੇ। ਦੁਖਾਂਤ ਇਹ ਹੈ ਕਿ ਇਸ ਨਵੇਂ ਵਿਕਾਸ ਤੋਂ ਅਨਜਾਣ ਅਫਸਰਸ਼ਾਹੀ ਅਤੇ ਅਰਥ ਸ਼ਾਸਤਰੀਆਂ ਨੇ ਖੇਤੀ ਉਪਜ ਦੀ ਪ੍ਰਾਸੈਸਿੰਗ ਨੂੰ ਉਤਸ਼ਾਹਿਤ ਕਰਨ ਅਤੇ ਉਸ ਦੇ ਸੰਸਾਰ ਪੱਧਰ 'ਤੇ ਮੰਡੀਕਰਨ ਲਈ ਸਰਕਾਰ ਨੂੰ ਇਹ ਕੰਮ ਕਾਰਪੋਰੇਟ ਦੇ ਹਵਾਲੇ ਕਰਨ ਦੀ ਸਲਾਹ ਦੇ ਦਿੱਤੀ ਜਦਕਿ ਸਰਕਾਰ ਦੀ ਥੋੜ੍ਹੀ ਜਿਹੀ ਸਹਾਇਤਾ ਨਾਲ ਇਹ ਕੰਮ ਕਿਸਾਨ ਖੁਦ ਹੀ ਕਰ ਸਕਦੇ ਸਨ। ਨਵੀਂ ਤਕਨਾਲੋਜੀ ਦੀ ਆਮਦ ਨਾਲ ਖੇਤੀ ਉਤਪਾਦਨ ਦੇ ਨਾਲ-ਨਾਲ ਖੇਤੀ ਉਤਪਾਦਾਂ ਦੀ ਪ੍ਰਾਸੈਸਿੰਗ ਦਾ ਕੰਮ-ਕਾਰ ਵੀ ਕਿਸਾਨਾਂ ਦੀ ਪਹੁੰਚ ਵਿਚ ਆ ਗਿਆ ਹੈ। ਇਹ ਕੰਮ ਜੋ ਕਾਰਪੋਰੇਟ ਕਰਦਾ ਸੀ, ਹੁਣ ਕਿਸਾਨ ਪਰਿਵਾਰ ਖੁਦ ਕਰਿਆ ਕਰਨਗੇ। ਫੂਡ ਚੇਨ ਵਿਚ ਕਿਸਾਨ ਦੀ ਹਿੱਸੇਦਾਰੀ ਵਧੇਗੀ। ਜਿਵੇਂ ਗਿਆਨ ਦੇ ਖੇਤਰ ਵਿਚ ਐਨਸਾਈਕਲੋਪੀਡੀਆ ਬ੍ਰਿਟੈਨਿਕਾ, (ਕਾਰਪੋਰੇਟ) ਵਿਕੀਪੀਡੀਆ ਸਾਹਮਣੇ ਟਿਕ ਨਹੀਂ ਸਕਿਆ, ਬਿਲਕੁਲ ਉਸੇ ਤਰ੍ਹਾਂ ਖੇਤੀਬਾੜੀ ਦਾ ਬਿਜ਼ਨਸ ਵੀ ਹੁਣ ਕਾਰਪੋਰੇਟ ਨਹੀਂ, ਕਿਸਾਨਾਂ ਖੁਦ ਹੀ ਸੰਭਾਲਣਗੇ। ਕਿਸਾਨ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਸੰਘਰਸ਼ ਦੇ ਨਾਲ-ਨਾਲ ਹਕੀਕਤ ਬਣ ਰਹੀਆਂ ਇਨ੍ਹਾਂ ਸੰਭਾਵਨਾਵਾਂ ਵੱਲ ਵੀ ਧਿਆਨ ਦੇਣ।

ਨੰਬਰ ਸੱਤ, ਖੇਤੀ ਉਤਪਾਦਾਂ ਦੀ ਪ੍ਰਾਸੈਸਿੰਗ ਨਾਲ ਤਿਆਰ ਹੋਣ ਵਾਲੀਆਂ ਖੇਤੀ ਵਸਤਾਂ ਦੀ ਟਰਾਂਸਪੋਰਟ ਦਾ ਮਸਲਾ ਵੀ ਇਸੇ ਨਾਲ ਜੁੜਿਆ ਹੋਇਆ ਹੈ। ਇਸ ਸਮੇਂ ਪੰਜਾਬ ਦੀ ਬਹੁਤ ਸਾਰੀ ਟਰਾਂਸਪੋਰਟ ਕਿਸਾਨ/ਪੇਂਡੂ ਪਰਿਵਾਰਾਂ ਕੋਲ ਹੈ ਪਰ ਇਹ ਡਰ ਰਹੇ ਹਨ ਕਿ ਜੇ ਕਿਤੇ ਟਰਾਂਸਪੋਰਟ ਦਾ ਕਾਰੋਬਾਰ ਵੀ ਕਾਰਪੋਰੇਟ ਕੋਲ ਹੀ ਚਲਿਆ ਗਿਆ ਤਾਂ ਉਹ ਕੀ ਕਰਨਗੇ। ਇਕੋ ਜਵਾਬ ਹੈ: ਕੀ ਊਬਰ ਦੇ

**ਸਰਕਾਰ ਨੇ ਤਾਂ ਇਸ ਨੂੰ ਆਪਣੀਆਂ ਲੋੜਾਂ ਅਨੁਸਾਰ ਵਰਤੋਂ ਵਿਚ ਲਿਆਉਣ ਵਾਸਤੇ ਲੋੜੀਦੇ ਪ੍ਰਬੰਧ ਅਤੇ ਲਿੰਕ ਹੀ ਸਥਾਪਤ ਕਰਨੇ ਹੋਣਗੇ ਪਰ ਸਮੱਸਿਆ ਤਾਂ ਇਹ ਹੈ ਕਿ ਅਸੀਂ ਅਜੇ ਅਰਥਚਾਰੇ ਨੂੰ ਪੁਨਰ-ਸੁਰਜੀਤ ਕਰਨ ਬਾਰੇ ਹੀ ਸੋਚ ਰਹੇ ਹਾਂ, ਉਹ ਵੀ ਪ੍ਰੰਪਰਾਗਤ ਤਕਨਾਲੋਜੀ ਨਾਲ, ਪ੍ਰੰਪਰਾਗਤ ਤਰੀਕਿਆਂ ਰਾਹੀਂ। ਇਹ ਪਹੁੰਚ ਸੰਕਟ ਦੇ ਹੱਲ ਵੱਲ ਨਹੀਂ, ਇਸ ਨੂੰ ਹੋਰ ਡੂੰਘਾ ਕਰਨ ਵੱਲ ਲਿਜਾ ਰਹੀ ਹੈ। ਅਫਸਰਸ਼ਾਹੀ ਨੂੰ ਵਿਧੀਆਂ ਦੀ ਥਾਂ ਉਤਸ਼ਾਹੀ ਅਤੇ ਸਿਰਜਣਾਤਮਿਕ ਪਹੁੰਚ ਦੀ ਜ਼ਰੂਰਤ ਹੈ।**

ਆਉਣ ਨਾਲ ਟੈਕਸੀ ਡਰਾਈਵਰਾਂ/ਮਾਲਕਾਂ ਦਾ ਕੰਮ ਖਤਮ ਹੋ ਗਿਆ ਹੈ। ਟਰਾਂਸਪੋਰਟ ਦਾ ਕੇਂਦਰੀਕਰਨ ਨਹੀਂ, ਵਿਕੇਂਦਰੀਕਰਨ ਅਤੇ ਵਿਸਤਾਰ ਹੋਵੇਗਾ।

ਢੋਆ ਢੁਆਈ ਦਾ ਇਹ ਕੰਮ ਆਪ ਸਾਂਭਣ ਦੀ ਥਾਂ, ਛੋਟੀਆਂ-ਛੋਟੀਆਂ ਟਰਾਂਸਪੋਰਟ ਕੰਪਨੀਆਂ ਨੂੰ ਆਊਟਸੋਰਸ ਕਰਨਾ ਕਾਰਪੋਰੇਟ ਦੀ ਮਜਬੂਰੀ ਹੋਵੇਗੀ। ਗੂਗਲ ਐਂਡਰਾਇਡ ਨੈਟਵਰਕ ਚਲਾਉਂਦਾ ਹੈ ਪਰ ਉਸ ਨੈਟਵਰਕ 'ਤੇ ਚੱਲਣ ਵਾਲੀਆਂ ਐਪਸ ਖੁਦ ਨਹੀਂ ਬਣਾਉਂਦਾ, ਆਊਟਸੋਰਸ ਕਰਦਾ ਹੈ। ਕਰਾਊਡ ਸੋਰਸਿੰਗ ਆਖ ਲਵੋ, ਬਿਹਤਰ ਹੋਵੇਗਾ। ਨੈਟਵਰਕਾਂ ਦੇ ਉਭਰ ਰਹੇ ਨਵੇਂ ਬਿਜ਼ਨਸ ਮਾਡਲ ਨੂੰ ਸਮਝਣ ਦੀ ਜ਼ਰੂਰਤ ਹੈ। ਖੇਤੀ ਧੰਦੇ ਵਿਚ ਕਿਸਾਨਾਂ/ਪੇਂਡੂ ਭਾਈਚਾਰੇ ਦਾ ਰੋਲ ਚਾਰ ਗੁਣਾ ਨਹੀਂ, ਘੱਟੋ-ਘੱਟ ਦਸ ਗੁਣਾ ਵਧਣ ਵਾਲਾ ਹੈ। ਨੌਕਰੀਆਂ (ਜੌਬਜ਼) ਘਟਣਗੀਆਂ ਪਰ ਆਧੁਨਿਕ ਕੰਮ ਧੰਦੇ (ਛੋਟੇ-ਛੋਟੇ ਬਿਜ਼ਨਸ) ਭਾਰੀ ਗਿਣਤੀ ਵਿਚ ਆਉਣਗੇ। ਯੂਨੀਵਰਸਟੀਆਂ ਦੀ ਜ਼ਿੰਮੇਵਾਰੀ ਹੁਣ ਵਰਕਰ/ਮੈਨੇਜਰ ਪੈਦਾ ਕਰਨ ਦੀ ਨਹੀਂ, ਉਦਮੀ ਪੈਦਾ ਕਰਨ ਦੀ ਹੋਵੇਗੀ।

ਨੰਬਰ ਅੱਠ, ਜਿਥੋਂ ਤੱਕ ਭੋਜਨ ਜਾਂ ਕਲਾ ਅਤੇ ਸ਼ਿਲਪ ਦਾ ਸਵਾਲ ਹੈ, ਇਨ੍ਹਾਂ ਖੇਤਰਾਂ ਵਿਚ ਪੰਜਾਬ ਤੋਂ ਵਧੀਆ ਬਰੈਂਡ ਕੋਈ ਹੋਰ ਹੋ ਹੀ ਨਹੀਂ ਸਕਦਾ। ਬਰੈਂਡ ਵਿਕਾਸ ਦੀ ਜ਼ਰੂਰਤ ਰਹੇਗੀ। ਬਰੈਂਡ ਵਿਕਾਸ ਵਿਚ ਹੀ ਕਿੰਨੇ ਨਵੇਂ ਬਿਜ਼ਨਸ ਸ਼ੁਰੂ ਹੋ ਸਕਦੇ ਹਨ। ਹਰ ਨਵੀਂ ਸਮੱਸਿਆ ਨਾਲ ਇਕ ਨਵਾਂ ਕੰਮ-ਧੰਦਾ, ਭਾਵ ਨਵੀਂ ਮਾਰਕਿਟ ਖੜ੍ਹੀ ਹੋ ਜਾਂਦੀ ਹੈ। ਬਿਜ਼ਨਸ ਬਾਰੇ ਸੋਚ ਬਦਲਣੀ ਪਵੇਗੀ। ਪੰਜਾਬ ਹਮੇਸ਼ਾ ਤੋਂ ਹੀ ਬਿਜ਼ਨਸ ਨੂੰ ਸੋਸ਼ਲ ਬਿਜ਼ਨਸ ਦੇ ਰੂਪ ਵਿਚ ਦੇਖਦਾ ਆਇਆ ਹੈ। ਸਮਾਜ ਦੀਆਂ ਸਮੱਸਿਆਵਾਂ ਨੂੰ, ਸਮਾਜ ਦੀ ਭਲਾਈ ਵਾਸਤੇ ਬਿਜ਼ਨਸ ਦੇ ਤਰੀਕਿਆ ਰਾਹੀਂ ਹੱਲ ਕਰਨ ਦਾ ਨਾਮ ਹੀ ਸੋਸ਼ਲ ਬਿਜ਼ਨਸ ਹੈ। ਸਰਬੱਤ ਦੇ ਭਲੇ ਦੀ ਸੋਚ ਨੂੰ ਮਨ ਵਿਚ ਵਸਾ ਕੇ ਇਸ ਦਿਸ਼ਾ ਵਿਚ ਚੱਲਾਂਗੇ, ਤਾਂ ਕਿਰਤ ਕਮਾਈ ਦੀ ਵੀ ਕੋਈ ਘਾਟ ਨਹੀਂ ਰਹੇਗੀ। ਖੁਸ਼ਹਾਲੀ ਦਾ ਹਰ ਰਸਤਾ ਪੰਜਾਬ ਵੱਲ ਆਵੇਗਾ।

ਨੰਬਰ ਨੌਂ, ਇਸੇ ਡਿਜੀਟਲ ਪਲੈਟਫਾਰਮ ਦੀ ਸਹਾਇਤਾ ਨਾਲ, ਪੇਂਡੂ ਸ਼ਿਲਪਕਾਰਾਂ, ਕਲਾਕਾਰਾਂ, ਕਾਰੀਗਰਾਂ ਤੇ ਖਾਸ ਕਰਕੇ ਘਰੇਲੂ ਸ਼ਿਲਪਕਾਰੀ ਵਿਚ ਨਿਪੁੰਨ ਪੇਂਡੂ ਔਰਤਾਂ ਲਈ ਸ਼ਿਲਪਕਾਰੀ ਦੇ ਧੰਦਿਆਂ ਨੂੰ ਸਹਿਜੇ ਹੀ ਵਿਕਸਤ ਕੀਤਾ ਜਾ ਸਕਦਾ ਹੈ। ਗੈਰ ਕਾਸ਼ਤਕਾਰ ਅਤੇ ਬੇਜ਼ਮੀਨੇ ਕਿਸਾਨ ਪਰਿਵਾਰਾਂ ਲਈ ਇਹ ਸਕੀਮ ਵੱਡੀ ਖਿੱਚ ਦਾ ਕਾਰਨ ਬਣੇਗੀ। ਹਰ ਪਿੰਡ ਵਿਚ ਉਤਸ਼ਾਹੀ ਅਤੇ ਸਿਰਜਣਾਤਮਿਕ ਸਭਿਆਚਾਰਕ ਸਨਅਤ ਵੀ ਵਿਕਸਤ ਕੀਤੀ ਜਾ ਸਕਦੀ ਹੈ। ਸਿਰਜਣਾਤਮਿਕ ਸਅਨਤ ਦਾ ਆਧਾਰ ਮਨੁੱਖਾਂ ਦੀ ਵਿਅਕਤੀਗਤ ਅਤੇ ਸਹਿਕਾਰੀ ਹੁਨਰ (ਕੋਆਪਰੇਟਿਵ ਸਕਿਲ) ਹੈ ਜਿਸ ਰਾਹੀਂ ਉਨ੍ਹਾਂ ਦੀ ਸਿਰਜਣਾ ਸ਼ਕਤੀ ਨੂੰ ਡਿਜੀਟਲ ਤਕਨੀਕਾਂ ਅਤੇ ਪ੍ਰਬੰਧਕੀ ਹੁਨਰ (ਮੈਨੇਜਰੀਅਲ ਸਕਿਲ) ਦੀ ਸਹਾਇਤਾ ਨਾਲ ਦੌਲਤ ਵਿਚ ਰੂਪਾਂਤ੍ਰਿਤ ਕੀਤਾ ਜਾ ਸਕਦਾ ਹੈ।

ਸਿਰਜਣਾਤਮਿਕ ਸਅਨਤ ਕਿਉਂਕਿ ਉਥੇ ਹੀ ਜਾਵੇਗੀ ਜਿਥੇ ਸਿਰਜਣਾਤਮਿਕ ਵਰਕਰ ਹੋਣਗੇ, ਤੇ ਸਿਰਜਣਾਤਮਿਕ ਵਰਕਰ ਉਥੇ ਜਾਣਗੇ ਜਿਥੇ ਸਿਰਜਣਾਤਮਿਕ ਸਅਨਤ (ਕਰੀਏਟਿਵ ਇੰਡਸਟਰੀ) ਹੋਵੇਗੀ। ਇਸ ਲਈ ਕਰੀਏਟਿਵ ਇੰਡਸਟਰੀ ਦੀ ਸਥਾਪਨਾ ਦੇ ਨਾਲ ਨਾਲ ਕਰੀਏਟਿਵ ਵਰਕਰਜ਼ ਦੀ ਟਰੇਨਿੰਗ ਲਈ ਵਿਦਿਅਕ ਸੰਸਥਾਵਾਂ ਲਈ ਸਕਿਲ, ਡਿਜ਼ਾਈਨ ਅਤੇ ਇੰਟਰਪ੍ਰੀਨਿਓਰਸ਼ਿਪ ਸੈਂਟਰ ਖੋਲ੍ਹਣ ਦੀਆਂ ਸੰਭਾਵਨਾਵਾਂ ਬਣਨਗੀਆਂ। ਸੰਗੀਤ, ਨਾਟਕ, ਲਲਿਤ ਕਲਾਵਾਂ, ਸਾਹਿਤ ਸਿਰਜਣਾ, ਸਿਨੇਮਾ ਅਤੇ ਡਿਜੀਟਲ ਮੀਡੀਆ ਵਿਚ ਸਿਖਿਆ ਤੇ ਖੋਜ ਕਾਰਜਾਂ ਲਈ ਉਚ ਸਿਖਿਆ ਸੰਸਥਾਵਾਂ ਦੀ ਸਥਾਪਨਾ ਵੀ ਏਜੰਡੇ 'ਤੇ ਰਹੇਗੀ। ਇਹ ਕਰੀਏਟਿਵ ਇੰਡਸਟਰੀ, ਕਰੀਏਟਿਵ ਵਰਕਰ, ਕਰੀਏਟਿਵ ਵਰਕਸ਼ਾਪਾਂ, ਕਰੀਏਟਿਵ ਉਤਸਵ, ਕਰੀਏਟਿਵ ਲੈਂਡ ਯੂਜ਼ ਪਲੈਨਿੰਗ, ਕਰੀਏਟਿਵ ਲੈਂਡਸਕੇਪਿੰਗ ਅਤੇ ਸਮੁੱਚਾ ਕਰੀਏਟਿਵ ਮਾਹੌਲ ਰਲ ਕੇ ਹੀ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲੀ ਦੇ ਨਾਲ-ਨਾਲ ਸਿਰਜਣਾ ਦਾ ਆਨੰਦ ਵੀ ਦੇਵੇਗਾ।

ਸ਼ੁਰੂਆਤ ਸੰਗੀਤ, ਸੌਫਟਵੇਅਰ, ਸਿਨੇਮਾ (ਵੀਡੀਓ), ਆਰਟ, ਕਰਾਫਟ, ਡਿਜ਼ਾਈਨ, ਡਿਜੀਟਲ ਗੇਮਜ਼, ਆਰਕੀਟੈਕਚਰ ਆਦਿ ਨਾਲ ਸਬੰਧਤ ਕਰੀਏਟਿਵ ਇੰਡਸਟਰੀ ਅਤੇ ਟਰੇਨਿੰਗ, ਸਿਖਿਆ, ਇੰਟਰਪ੍ਰੀਨਿਓਰਸ਼ਿਪ ਸੈਂਟਰਾਂ ਦੀ ਸਥਾਪਨਾ ਨਾਲ ਹੋ ਸਕਦੀ ਹੈ। ਕਰੀਏਟਿਵ ਇੰਡਸਟਰੀ ਮੂਲ ਰੂਪ ਵਿਚ ਸਿੰਬੌਲਿਕ ਵੈਲਯੂ ਦੇ ਉਤਪਾਦਨ, ਸਰਕੂਲੇਸ਼ਨ ਅਤੇ ਖਪਤ ਨਾਲ ਜੁੜੀ ਹੋਣ ਕਾਰਨ ਸੁਸਾਇਟੀ ਦੀ ਸਮਾਜ-ਸਭਿਆਚਾਰਕ, ਆਰਥਕ-ਰਾਜਨੀਤਕ, ਅਰਬਨ ਲੈਂਡਯੂਜ਼ ਟਰਾਂਸਫਰਮੇਸ਼ਨ ਅਤੇ ਐਥੀਕੋ-ਪੁਲਿਟੀਕਲ ਫੈਸਲੇ ਕਰਨ ਦੇ ਅਮਲ ਵਿਚ ਬਹੁਤ ਮਹੱਤਵਪੂਰਨ ਰੋਲ ਅਦਾ ਕਰਦੀ ਹੈ।

ਕਰੀਏਟਿਵ ਇੰਡਟਰੀਜ਼ ਦਾ ਜਿੰਨਾ ਸੰਬੰਧ ਨਵੀਂ ਤਕਨਾਲੋਜੀ ਅਤੇ ਨਵੀਂ ਸਿਰਜਣਾ ਨਾਲ ਹੈ, ਓਨਾ ਹੀ ਆਰਟ ਐਂਡ ਕਰਾਫਟ ਦੀਆਂ ਲੋਕਧਾਰਾਈ ਪਰੰਪਰਾਵਾਂ ਨਾਲ ਵੀ ਹੈ। ਪੰਜਾਬ ਦੇ ਸੁਆਦੀ ਖਾਣਿਆਂ, ਤੰਤੀ ਸਾਜ਼ਾਂ, ਗਹਿਣਿਆਂ, ਫਰਨੀਚਰ, ਲੱਕੜੀ ਦੇ ਹੋਰ ਸਾਜ਼ੋ-ਸਮਾਨ, ਪੌਟਰੀ, ਫੁਲਕਾਰੀ, ਦਰੀ, ਕਰੋਸ਼ੀਏ ਆਦਿ ਦੇ ਕਾਰੋਬਾਰਾਂ ਨੂੰ ਇਹ ਡਿਜੀਟਲ ਪਲੈਟਫਾਰਮ/ਨੈਟਵਰਕ ਸਹਿਜੇ ਹੀ ਮੁਨਾਫੇ ਵਾਲੇ ਧੰਦਿਆ ਵਿਚ ਤਬਦੀਲ ਕਰ ਦੇਵੇਗਾ। ਇਹ ਲੋਕਧਾਰਾ ਔਰਤਾਂ ਦੇ ਸ਼ਕਤੀਕਰਨ ਦੇ ਨਾਲ ਨਾਲ ਇਕ ਵੱਡੀ ਕਲਚਰਲ ਇੰਡਸਟਰੀ ਦਾ ਰੂਪ ਧਾਰ ਸਕਦੀ ਹੈ।

ਇਸ ਸਵਾਲ, ਕਿ ਪੰਜਾਬ ਇਸ ਕ੍ਰਾਂਤੀਕਾਰੀ ਸੰਭਾਵਨਾ ਦਾ ਲਾਭ ਉਠਾਉਣ ਲਈ ਲੋੜੀਂਦਾ ਡਿਜੀਟਲ ਬੁਨਿਆਦੀ ਢਾਂਚਾ ਖੜ੍ਹਾ ਕਰਨ ਦੇ ਸਮਰੱਥ ਵੀ ਹੈ ਜਾਂ ਨਹੀਂ?, ਅਸੀਂ ਜਾਣਦੇ ਹਾਂ ਕਿ ਇਹ ਆਧਾਰ ਢਾਂਚਾ ਪੰਜਾਬ ਪੱਧਰ 'ਤੇ ਨਹੀਂ, ਕੌਮੀ ਅਤੇ ਸੰਸਾਰ ਪੱਧਰ 'ਤੇ ਬੜੀ ਤੇਜ਼ੀ ਨਾਲ ਉਸਰ ਰਿਹਾ ਹੈ। ਪੰਜਾਬ ਦੀ ਜ਼ਿੰਮੇਵਾਰੀ ਤਾਂ ਕੇਵਲ ਇਸ ਆਧਾਰ ਢਾਂਚੇ ਨੂੰ ਪੰਜਾਬ ਦੇ ਪੁਨਰ-ਨਿਰਮਾਣ ਲਈ ਵਰਤੋਂ ਵਿਚ ਲਿਆਉਣ ਵਾਸਤੇ ਰੋਡਮੈਪ ਤਿਆਰ ਕਰਨ ਦੀ ਹੈ। ਬਾਕੀ ਸਭ ਕੁਝ ਤਾਂ ਪੰਜਾਬ ਦੇ ਉਦਮੀ ਲੋਕਾਂ ਨੇ ਗੁਰੂ ਦੀ ਕਿਰਪਾ ਨਾਲ ਆਪ ਹੀ ਕਰ ਲੈਣਾ ਹੈ।

ਸਰਕਾਰ ਨੇ ਤਾਂ ਇਸ ਨੂੰ ਆਪਣੀਆਂ ਲੋੜਾਂ ਅਨੁਸਾਰ ਵਰਤੋਂ ਵਿਚ ਲਿਆਉਣ ਵਾਸਤੇ ਲੋੜੀਦੇ ਪ੍ਰਬੰਧ ਅਤੇ ਲਿੰਕ ਹੀ ਸਥਾਪਤ ਕਰਨੇ ਹੋਣਗੇ ਪਰ ਸਮੱਸਿਆ ਤਾਂ ਇਹ ਹੈ ਕਿ ਅਸੀਂ ਅਜੇ ਅਰਥਚਾਰੇ ਨੂੰ ਪੁਨਰ-ਸੁਰਜੀਤ ਕਰਨ ਬਾਰੇ ਹੀ ਸੋਚ ਰਹੇ ਹਾਂ, ਉਹ ਵੀ ਪ੍ਰੰਪਰਾਗਤ ਤਕਨਾਲੋਜੀ ਨਾਲ, ਪ੍ਰੰਪਰਾਗਤ ਤਰੀਕਿਆਂ ਰਾਹੀਂ। ਇਹ ਪਹੁੰਚ ਸੰਕਟ ਦੇ ਹੱਲ ਵੱਲ ਨਹੀਂ, ਇਸ ਨੂੰ ਹੋਰ ਡੂੰਘਾ ਕਰਨ ਵੱਲ ਲਿਜਾ ਰਹੀ ਹੈ। ਅਫਸਰਸ਼ਾਹੀ ਨੂੰ ਵਿਧੀਆਂ ਦੀ ਥਾਂ ਉਤਸ਼ਾਹੀ ਅਤੇ ਸਿਰਜਣਾਤਮਿਕ ਪਹੁੰਚ ਦੀ ਜ਼ਰੂਰਤ ਹੈ। ਵਿਕਾਸ ਦੇ ਕੰਮ ਸਕੱਤਰੇਤ ਦੀ ਥਾਂ ਇੰਨੋਵੇਸ਼ਨ ਅਤੇ ਖੋਜ ਨਾਲ ਪ੍ਰਤੀਬੱਧ ਸੰਸਥਾਵਾਂ ਤੋਂ ਹੀ ਤੁਰਨੇ ਚਾਹੀਦੇ ਹਨ। ਪਹਿਲੇ ਹਰੇ ਇਨਕਲਾਬ ਦੀ ਰੂਪ ਰੇਖਾ ਅਤੇ ਲਾਗੂ ਕਰਨ ਦੀ ਯੋਜਨਾ ਪੰਜਾਬ ਖੇਤੀਬਾੜੀ ਯੂਨੀਵਰਸਟੀ ਦੇ ਨਿਰਦੇਸ਼ਨ ਅਧੀਨ ਸਰਕਾਰੀ ਮਹਿਕਮਿਆਂ, ਕਾਰਪੋਰੇਸ਼ਨਾਂ, ਪ੍ਰਾਈਵੇਟ ਅਦਾਰਿਆਂ, ਕੌਮਾਂਤਰੀ ਖੋਜ ਸੰਸਥਾਵਾਂ, ਭਾਰਤ ਸਰਕਾਰ ਅਤੇ ਮੀਡੀਆ ਦੇ ਸਹਿਯੋਗ ਨਾਲ ਹੀ ਸਿਰੇ ਚੜ੍ਹੀ ਸੀ ਪਰ ਹੁਣ ਦੂਜੇ ਹਰੇ ਇਨਕਲਾਬ ਦਾ ਸੰਬੰਧ ਕੇਵਲ ਖੇਤੀਬਾੜੀ ਨਾਲ ਹੀ ਨਹੀਂ, ਉਸ ਤੋਂ ਵੀ ਵੱਧ ਨਵੀਂ ਤਕਨਾਲੋਜੀ ਜਿਵੇਂ ਮਸ਼ੀਨ ਲਰਨਿੰਗ, ਬਿਗ ਡੇਟਾ ਐਨਾਲਿਟਕਸ, ਨਿਊਰਲ ਨੈਟਵਰਕਸ, ਇੰਟਰਨੈਟ ਆਫ ਥਿੰਗਜ਼, ਰੋਬੌਟਿਕਸ, ਬਲੌਕ ਚੇਨ, 3-ਡੀ ਪ੍ਰਿੰਟਿੰਗ, ਬਾਇਓ-ਟੈਕਨਾਲੋਜੀ ਦੀਆਂ ਉਭਰ ਰਹੀਆਂ ਨਵੀਆਂ ਤਕਨੀਕਾਂ, ਨੈਤਿਕਤਾ, ਸਿਰਜਣਾ ਆਦਿ ਹੋਰ ਵੀ ਬਹੁਤ ਸਾਰੇ ਖੇਤਰਾਂ ਜਿਨ੍ਹਾਂ ਦਾ ਮੈਂ ਨਾਮ ਨਹੀਂ ਲੈ ਸਕਿਆ ਜਾਂ ਜੋ ਹਾਲੇ ਬੀਜ ਰੂਪ ਵਿਚ ਹੀ ਹਨ, ਨਾਲ ਗਹਿਰੀ ਤਰ੍ਹਾਂ ਜੁੜਿਆ ਹੋਇਆ ਹੈ।

# ਫਰਾਜ਼ ਦੀ ਪਰਵਾਜ਼

ਕਲਾ ਪਰਿਕਰਮਾ

ਅਗਸਤ 2008 ਦੇ ਅਖੀਰਲੇ ਦਿਨਾਂ ਦੀ ਗੱਲ ਹੈ। ਮੈਂ ਡੀ.ਏ.ਵੀ. ਕਾਲਜ ਜਲੰਧਰ ਵਿਚ ਪੰਜਾਬੀ ਪੜ੍ਹਾਉਂਦਾ ਸਾਂ। ਪੱਕੇ ਪ੍ਰੋਫੈਸਰ ਆਪਣਾ ਟਾਈਮ ਟੇਬਲ ਇਸ ਹਿਸਾਬ ਨਾਲ ਵਿਉਂਤਦੇ ਕਿ ਬੀਵੀਆਂ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਕੇ 10 ਕੁ ਵਜੇ ਕਾਲਜ ਆਉਂਦੇ ਤੇ ਬੀਵੀਆਂ ਬੱਚਿਆਂ ਦੇ ਘਰ ਆਉਣ ਤਕ 2 ਕੁ ਵਜੇ ਘਰ ਹਾਜ਼ਰ ਹੋ ਜਾਂਦੇ। ਸਾਡੇ ਵਰਗੇ ਸਵਾ ਅੱਠ ਵਜੇ ਤੋਂ, ਜਿਸ ਨੂੰ ਜ਼ੀਰੋ ਪੀਰੀਅਡ ਕਹਿੰਦੇ ਸਨ, ਲੈ ਕੇ ਦਸਵੇਂ ਪੀਰੀਅਡ ਤਕ ਫਸੇ ਰਹਿੰਦੇ ਜੋ ਸਾਢੇ ਚਾਰ ਮੁੱਕਦਾ ਸੀ। 'ਪੱਕਿਆਂ' ਨੂੰ ਉਨ੍ਹਾਂ ਦੀ ਕੱਚੀ ਨੌਕਰੀ ਦੇ ਅਰਸੇ ਨੇ ਏਨਾ ਕੁ ਤਾਂ ਕਰੜੇ ਕਰ ਹੀ ਦਿੱਤਾ ਸੀ ਕਿ ਕੁਝ ਲੋਕਾਂ ਦੇ ਦਰਦ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕੇ।

**ਜਗਵਿੰਦਰ ਜੋਧਾ**
**ਫੋਨ: +91-94654-64502**


ਉਸ ਦਿਨ ਸਵੇਰ ਤੋਂ ਹੀ ਬਹੁਤ ਹੁੱਸੜ ਸੀ। ਦੁਪਹਿਰ ਤੋਂ ਬਾਅਦ ਚੰਗਾ ਛਰਾਟਾ ਵਰ੍ਹਿਆ। ਮੈਂ ਕਲਾਸ ਖਤਮ ਕਰ ਕੇ ਨਿਕਲਿਆ ਹੀ ਸਾਂ ਕਿ ਮੇਰੇ ਦੋਸਤ ਕੁਨਾਲ ਮਹਿਤਾ ਨੇ ਦੱਸਿਆ- 'ਅਹਿਮਦ ਫਰਾਜ਼ ਨਹੀਂ ਰਿਹਾ'। ਕੁਨਾਲ ਮੇਰੀਆਂ ਸ਼ਿਅਰੀ ਦਿਲਚਸਪੀਆਂ ਤੋਂ ਵਾਕਿਫ ਸੀ। ਉਸ ਨੇ ਇਹ ਖਬਰ ਕਿਤੋਂ ਇੰਟਰਨੈੱਟ ਤੋਂ ਦੇਖੀ ਸੀ ਤੇ ਸਮਝਿਆ ਸ਼ਾਇਦ ਮੇਰੇ ਕੰਮ ਦੀ ਹੋਵੇ, ਤਾਂ ਸਾਂਝੀ ਕੀਤੀ।

ਮੇਰੀ ਅਹਿਮਦ ਫਰਾਜ਼ ਨਾਲ ਕੋਈ ਰਿਸ਼ਤੇਦਾਰੀ ਥੋੜ੍ਹੀ ਸੀ ਪਰ ਮੇਰੇ ਅੰਦਰ ਤੜੱਕ ਕਰ ਕੇ ਕੁਝ ਟੁੱਟਿਆ। ਫਰਾਜ਼ ਨੂੰ ਜਾਣਨ ਸਮਝਣ ਦਾ ਮੇਰੇ ਕੋਲ ਇਕ ਪੂਰਾ ਮਾਹੌਲ ਸੀ ਜੋ ਉਸ ਦੀ ਸ਼ਾਇਰੀ ਦੇ ਰਸਤੇ ਅੱਗੇ ਤੁਰਦਾ ਸੀ। ਮੈਂ ਫਰਾਜ਼ ਨੂੰ ਬਹੁਤ ਬਾਰੀਕੀ ਨਾਲ ਪੜ੍ਹਨ ਦਾ ਦਾਅਵਾ ਕਰਦਾ ਰਿਹਾ ਸਾਂ। ਮੇਰੇ ਬਹੁਤੇ ਦੋਸਤ ਇਸ ਗੱਲ ਨੂੰ ਸਿਫਤ ਜਾਂ ਮਜ਼ਾਕ ਉਡਾਉਣ ਦੇ ਨੁਕਤੇ ਤੋਂ ਪੇਸ਼ ਕਰਦੇ ਰਹੇ ਸਨ। ਫਰਾਜ਼ ਗਾਲਿਬ ਤੋਂ ਬਾਅਦ ਦੱਖਣ ਏਸ਼ਿਆਈ ਖਿੱਤੇ ਦਾ ਸਭ ਤੋਂ ਮਕਬੂਲ ਸ਼ਾਇਰ ਸੀ। ਉਸ ਨੂੰ ਸਿਰਫ ਪਾਕਿਸਤਾਨ ਵਿਚ ਹੀ ਨਹੀਂ ਸਗੋਂ ਭਾਰਤ ਵਿਚ ਵੀ ਪੀੜ੍ਹੀਆਂ ਨੇ ਪੜ੍ਹਿਆ/ ਮਾਣਿਆ। ਗਾਲਿਬ ਤੇ ਅਹਿਮਦ ਫਰਾਜ਼ ਦੇ ਨਾਂ ਹੇਠ ਸੋਸ਼ਲ ਮੀਡੀਆ ਯੁਗ ਨੇ ਬਹੁਤ ਸਾਰੀ ਕੱਚੀ ਸ਼ਾਇਰੀ ਜੋੜ ਰੱਖੀ ਹੈ। ਫਰਾਜ਼ ਪਾਕਿਸਤਾਨ ਦੇ ਸੂਬਾ-ਏ-ਸਰਹੱਦ ਵਿਚ ਜੰਮਿਆ ਪਰ ਕੋਈ ਸਰਹੱਦ ਉਸ ਦੀ ਸ਼ਾਇਰੀ ਨੂੰ ਰੋਕ ਨਹੀਂ ਸਕੀ। ਸ਼ਾਇਰੀ ਫਰਾਜ਼ ਦੇ ਹੱਥਾਂ ਵਿਚ ਬਹੁਤ ਸੁਭਾਵਿਕ ਵਰਤਾਰਾ ਜਾਪਦੀ ਹੈ।

ਮੈਂ ਬਹੁਤ ਮੁੱਢਲੇ ਦੌਰ 'ਚ ਇਕ ਉਸਤਾਦ ਕੋਲੋਂ ਅਰੂਜ਼ ਦੇ ਗੁਰ ਸਿੱਖਦਾ ਸਾਂ। ਮੇਰੇ ਨਾਲ ਐਮ.ਏ. ਕਰਦੀ ਇਕ ਕੁੜੀ ਨੇ ਮੈਨੂੰ ਦੇਵਨਾਗਰੀ ਵਿਚ ਫਰਾਜ਼ ਦੀਆਂ ਗਜ਼ਲਾਂ ਦੀ ਕਿਤਾਬ ਦਿੱਤੀ। ਉਸ ਕਿਤਾਬ ਨੂੰ ਪੜ੍ਹਨ ਤੋਂ ਬਾਅਦ ਮੈਂ ਇਸ ਖਰੜ ਗਿਆਨ ਤੋਂ ਤੌਬਾ ਕਰ ਲਈ ਤੇ ਉਸਤਾਦ ਸਾਹਿਬ ਨੂੰ ਫਤਹਿ ਬੁਲਾ ਦਿੱਤੀ।

ਸਾਡੀ ਮਧਲੀ ਜਮਾਤ ਕਲਾਸੀਕਲ ਸੰਗੀਤ ਸੁਣਨ ਦੇ ਫੈਸ਼ਨ ਤੋਂ ਪੀੜਤ ਹੈ, ਭਾਵੇਂ ਸਮਝ ਕੱਖ ਨਹੀਂ ਆਉਂਦਾ ਹੁੰਦਾ। ਮੇਰਾ ਇਕ ਮਿੱਤਰ ਕਲਾਸੀਕਲ ਵਰਗੀ ਕੋਈ ਵੀ ਚੀਜ਼ ਸੁਣ ਕੇ ਏਨੀ ਜ਼ੋਰ ਦੀ ਮੂੰਹ ਵਿੰਗਾ ਜਿਹਾ ਕਰ ਕੇ 'ਆਏ ਹਾਏ' ਕਹਿੰਦਾ, ਲੱਗਦਾ ਜਿਵੇਂ ਉਹ ਭੁਲੇਖੇ ਨਾਲ ਬੱਸ ਦੀ ਉਲਟੀ ਵਾਲੀ ਸੀਟ ਉੱਪਰ ਬਹਿ ਗਿਆ ਹੋਵੇ। ਇਕ ਵਾਰ ਇਕ ਮਸ਼ਹੂਰ ਸੰਗੀਤਕਾਰ ਨੇ ਕਿਹਾ, ਜੇ ਤੁਸੀਂ ਸੰਗੀਤ ਮਾਨਣਾ ਹੈ ਤਾਂ ਆਰ.ਡੀ. ਬਰਮਨ ਨੂੰ ਸੁਣੋ। ਉਸ ਨੇ ਸੰਗੀਤ ਵਿਚ ਏਨੇ ਤਜਰਬੇ ਕੀਤੇ ਕਿ ਉਸ ਨੂੰ ਧਿਆਨ ਨਾਲ ਸੁਣਨ ਵਾਲਾ ਸੰਗੀਤ ਦੀ ਤਾਸੀਰ ਤੋਂ ਵਾਕਿਫ ਹੋ ਹੀ ਜਾਂਦਾ। ਇਹੋ ਗੱਲ ਸ਼ਾਇਰੀ ਬਾਰੇ ਅਹਿਮਦ ਫਰਾਜ਼ ਉੱਪਰ ਢੁੱਕਦੀ ਹੈ। ਉਸ ਨੂੰ ਧਿਆਨ ਨਾਲ ਪੜ੍ਹਨ ਵਾਲਾ ਸ਼ਾਇਰ ਨਾ ਵੀ ਬਣੇ ਪਰ ਮਾੜੀ ਸ਼ਾਇਰੀ ਤੋਂ ਸੁਚੇਤ ਜ਼ਰੂਰ ਹੋ ਜਾਂਦਾ ਹੈ। ਪਤਾ ਲੱਗ ਜਾਂਦਾ, ਸ਼ਾਇਰੀ ਹੈਪਨ ਕਿਵੇਂ ਹੁੰਦੀ (ਵਰਤੀਂਦੀ ਕਿਵੇਂ ਹੈ)।





*ਅਹਿਮਦ ਫਰਾਜ਼ ਦੀਆਂ ਦੋ ਤਸਵੀਰਾਂ।*

ਫਰਾਜ਼ ਬਾਰੇ ਉਰਦੂ ਜਗਤ ਵਿਚ ਕਿੱਸਿਆਂ ਦੀ ਭਰਮਾਰ ਹੈ। ਕਿਹਾ ਜਾਂਦਾ ਹੈ ਕਿ ਉਸ ਦਾ ਪਿਤਾ ਵੀ ਸ਼ਾਇਰ ਸੀ ਪਰ ਫਰਾਜ਼ ਨਾਲ ਉਸ ਦੀ ਨਹੀਂ ਸੀ ਬਣਦੀ। ਦੋਵੇਂ ਚਿੜੀਆਂ ਵਾਂਗ ਫਸੇ ਰਹਿੰਦੇ। ਫਰਾਜ਼ ਦੀ ਅੰਮੀ ਸਮਝੌਤਾ ਕਰਾਉਂਦੀ ਤਾਂ ਮੁੰਡੇ ਵੱਲ ਝੁਕਦੀ। ਇਕ ਦਿਨ ਉਸ ਦੇ ਖਾਵੰਦ ਨੇ ਪੁੱਛਿਆ, "ਤੂੰ ਇਹਦਾ ਸਾਥ ਬਿਨਾ ਵਜ੍ਹਾ ਕਿਉਂ ਦਿੰਨੀ ਏਂ?"

"ਬਿਨਾ ਵਜ੍ਹਾ ਨਹੀਂ, ਉਨ੍ਹਾਂ ਨੂੰ ਸ਼ਾਇਰੀ ਦੇ ਮਿਆਰ ਦੀ ਸਮਝ ਹੈ।"

ਇਸੇ ਤਰ੍ਹਾਂ ਇਕ ਵਾਰ ਵਿਦੇਸ਼ ਵਿਚ ਕੋਈ ਕੁੜੀ ਆਟੋਗ੍ਰਾਫ ਲੈਣ ਆਈ ਤਾਂ ਫਰਾਜ਼ ਨੇ ਉਸ ਦਾ ਨਾਂ ਪੁੱਛਿਆ। ਕੁੜੀ ਨੇ ਦੱਸਿਆ, ਉਹਦਾ ਨਾਂ 'ਫਰਾਜ਼ਾ' ਹੈ। ਜਦੋਂ ਉਹ ਪੈਦਾ ਹੋਣ ਵਾਲੀ ਸੀ, ਮਾਂ-ਬਾਪ ਨੇ ਸੋਚ ਲਿਆ ਸੀ ਕਿ ਜੇ ਮੁੰਡਾ ਹੋਇਆ, ਉਸ ਦਾ ਨਾਂ ਫਰਾਜ਼ ਰੱਖਾਂਗੇ, ਕੁੜੀ ਹੋਈ ਤਾਂ ਫਰਾਜ਼ਾ ਰੱਖ ਦਿੱਤਾ। ਫਰਾਜ਼ ਨੇ ਅਜਿਹੇ ਹੀ ਕਿਸੇ ਸਮੇਂ ਲਿਖਿਆ ਹੋਣਾ:

ਔਰ ਫਰਾਜ਼ ਚਾਹੀਏਂ ਕਿਤਨੀ ਮੁਹੱਬਤੇਂ ਤੁਝੇ,
ਮਾਓਂ ਨੇ ਤੇਰੇ ਨਾਮ ਪਰ ਬੱਚੋਂ ਕਾ ਨਾਮ ਰਖ ਦੀਆ॥

ਫਰਾਜ਼ ਦੀ ਸ਼ੁਰੂਆਤ ਫੈਜ਼ ਦੇ ਅਸਰ ਹੇਠ ਤਰੱਕੀਪਸੰਦ ਲੇਖਣੀ ਨਾਲ ਹੋਈ। ਉਸ ਨੂੰ ਸਰਕਾਰ ਵਿਰੋਧੀ ਲਿਖਣ ਲਈ ਮੁਲਕ-ਬਦਰ ਵੀ ਕੀਤਾ ਗਿਆ। ਉਹ ਨਿਊਯਾਰਕ ਵਿਚ ਗੁੰਮਨਾਮੀ ਹੰਢਾਉਂਦਾ ਹੀ ਦੁਨੀਆ ਤੋਂ ਵਿਦਾ ਹੋਇਆ। ਉਸ ਨੇ ਜੋ ਵੀ ਲਿਖਿਆ, ਵੱਡੀ ਪੱਧਰ 'ਤੇ ਪੜ੍ਹਿਆ ਗਿਆ। ਲੋਕਾਂ ਨੇ ਉਸ ਦੀ ਸ਼ਾਇਰੀ ਅਨੁਸਾਰ ਸੋਚਣ ਦੇ ਤਰੀਕੇ ਧਾਰਨ ਕੀਤੇ। 'ਰੰਜਿਸ਼ ਹੀ ਸਹੀ' ਗ਼ਜ਼ਲ ਤਾਂ ਮਹਿਦੀ ਹਸਨ ਦੀ ਪਛਾਣ ਹੀ ਬਣ ਗਈ ਹੈ। ਕਾਲਜਾਂ ਦੇ ਮੁੰਡਿਆਂ ਕੁੜੀਆਂ ਦੀਆਂ ਕਈ ਪੀੜ੍ਹੀਆਂ ਨੇ 'ਸੁਨਾ ਹੈ ਲੋਗ ਉਸੇ ਆਂਖ ਭਰ ਕੇ ਦੇਖਤੇ ਹੈਂ' ਨੂੰ ਆਪਣੇ ਜਜ਼ਬਿਆਂ ਦੇ ਇਜ਼ਹਾਰ ਲਈ ਵਰਤਿਆ। ਇਸ ਸ਼ਾਇਰ ਦੀ ਸ਼ਾਇਰੀ ਵਿਚ ਰੂਮਾਨੀਅਤ ਦੇ ਨਾਲ-ਨਾਲ ਮਨੁੱਖੀ ਹੋਂਦ, ਕਲਪਨਾ ਤੇ ਵਿਚਾਰ ਦਾ ਕੋਈ ਪੱਖ ਅਣਛੂਹਿਆ ਨਹੀਂ ਦਿਸਦਾ। ਫਰਾਜ਼ ਦੀਆਂ ਨਜ਼ਮਾਂ ਰਾਜਸੀ ਤੌਰ 'ਤੇ ਵਧੇਰੇ ਤਿੱਖੀਆਂ ਹਨ। ਫੌਜੀ ਸ਼ਾਸਨ ਦੌਰ ਦੇ ਪਾਕਿਸਤਾਨੀ ਸ਼ਾਇਰਾਂ ਨੇ ਆਪਣੀ ਸ਼ਾਇਰੀ ਵਿਚ ਜਾਂ ਤਾਂ ਸੂਚਨਾ ਵਿਧੀ ਦੀ ਵਰਤੋਂ ਕਰ ਕੇ ਬਹੁਤ ਹਲਕੀ ਕਾਵਿਕਤਾ ਸਿਰਜੀ ਜਾਂ ਫਿਰ ਪ੍ਰਤੀਕ ਏਨੇ ਗਾੜ੍ਹੇ ਕਰ ਦਿੱਤੇ ਕਿ ਉਥੋਂ ਤਕ ਪਹੁੰਚ ਸਾਧਾਰਨ-ਬੋਧ ਪਾਠਕ ਲਈ ਅਸੰਭਵ ਜਿਹੀ ਸੀ। ਇਸ ਦੇ ਸਮਾਨਾਂਤਰ ਫਰਾਜ਼ ਨੇ ਮਨੁੱਖੀ ਬੇਵਸੀ ਤੇ ਛਟਪਟਾਹਟ ਦੀ ਤਰਜਮਾਨੀ ਲਈ ਹਾਲਾਤ ਦੇ ਸੁਹਜ ਨੂੰ ਦੇਖਿਆ। ਉਸ ਦੀ ਸ਼ਾਇਰੀ ਦੀਆਂ ਤਰਕੀਬਾਂ ਵਿਚ ਵਿਰੋਧ-ਜੁੱਟਾਂ ਦਾ ਬਣਿਆ ਬਣਾਇਆ ਰੂਪ ਨਹੀਂ ਸਗੋਂ ਵਿਚਾਰਕ ਲਿਬਰੇਸ਼ਨ ਹੈ। ਉਸ ਦੀਆਂ ਕਿਤਾਬਾਂ ਦੇ ਨਾਮ ਵੀ ਬੜੇ ਦਿਲਚਸਪ ਹਨ, ਖ੍ਵਾਬੇ ਗੁਲ ਪਰੇਸ਼ਾਂ ਹੈਂ, ਤਨਹਾ ਤਨਹਾ, ਜਾਨਾਂ ਜਾਨਾਂ, ਪਸੇ ਅੰਦਾਜ਼ ਮੌਸਮ, ਐ ਇਸ਼ਕ ਜੁਨੂੰ ਪੇਸ਼ਾ ਆਦਿ। ਫਰਾਜ਼ ਦੇ ਕੁਝ ਸ਼ਿਅਰਾਂ ਨਾਲ ਉਸ ਨੂੰ ਬਹੁਤ ਮਿੱਠੀ ਯਾਦ...

ਕਿਸੀ ਕੋ ਘਰ ਸੇ ਨਿਕਲਤੇ ਹੀ ਮਿਲ ਗਈ ਮੰਜ਼ਿਲ,
ਕੋਈ ਹਮਾਰੀ ਤਰਹ ਉਮਰ ਭਰ ਸਫਰ ਮੇਂ ਰਹਾ॥

ਕਿਤਨਾ ਆਸਾਂ ਥਾ ਤੇਰੇ ਹਿਜਰ ਮੇਂ ਮਰਨਾ ਜਾਨਾਂ,
ਫਿਰ ਭੀ ਇਕ ਉਮਰ ਲਗੀ ਜਾਨ ਸੇ ਜਾਤੇ ਜਾਤੇ॥

ਕਿਤਨੇ ਗਮ ਥੇ ਕਿ ਜ਼ਮਾਨੇ ਸੇ ਛੁਪਾ ਰੱਖੇ ਥੇ,
ਇਸ ਤਰਹ ਸੇ ਕਿ ਹਮੇਂ ਯਾਦ ਨਾ ਆਏ ਖੁਦ ਭੀ॥

ਆਸ਼ਿਕੀ ਮੇਂ ਮੀਰ ਜੈਸੇ ਖਾਬ ਮਤ ਦੇਖਾ ਕਰੋ,
ਬਾਵਲੇ ਹੋ ਜਾਓਗੇ ਮਹਤਾਬ ਮਤ ਦੇਖਾ ਕਰੋ॥

ਹਮਕੋ ਅੱਛਾ ਨਹੀਂ ਲਗਤਾ ਕੋਈ ਹਮਨਾਮ ਤੇਰਾ,
ਕੋਈ ਤੁਝਸਾ ਹੋ ਤੋ ਫਿਰ ਨਾਮ ਭੀ ਤੁਝਸਾ ਰੱਖੇ॥

## ਸ਼ਾਇਰ ਅਹਿਮਦ ਫਰਾਜ਼ ਦੇ ਰੰਗ

*ਉਮਦਾ ਸ਼ਾਇਰ ਅਹਿਮਦ ਫਰਾਜ਼ (12 ਜਨਵਰੀ 1931-27 ਅਗਸਤ 2008) ਦਾ ਅਸਲ ਨਾਂ ਸਈਦ ਅਹਿਮਦ ਸ਼ਾਹ ਸੀ। ਕਾਲਜ ਦੇ ਦਿਨਾਂ ਦੌਰਾਨ ਉਸ ਉਤੇ ਦੋ ਸ਼ਖਸੀਅਤਾਂ ਦਾ ਬਹੁਤ ਵੱਡਾ ਅਸਰ ਪਿਆ। ਇਹ ਦੋਵੇਂ ਸ਼ਖਸੀਅਤਾਂ ਸ਼ਾਇਰ ਸਨ: ਫੈਜ਼ ਅਹਿਮਸ ਫੈਜ਼ ਅਤੇ ਅਲੀ ਸਰਦਾਰ ਜਾਫਰੀ। ਕਾਲਜ ਦੀ ਪੜ੍ਹਾਈ ਦੌਰਾਨ ਹੀ ਉਸ ਨੇ ਸ਼ਾਇਰੀ ਆਰੰਭ ਕਰ ਦਿੱਤੀ ਸੀ। ਉਸ ਦਾ ਗਜ਼ਲ ਸੰਗ੍ਰਹਿ 'ਤਨਹਾ ਤਨਹਾ' ਉਸ ਸਮੇਂ ਦੌਰਾਨ ਹੀ ਛਪਿਆ। ਮਹਿਦੀ ਹਸਨ, ਗੁਲਾਮ ਅਲੀ, ਨੂਰ ਜਹਾਂ, ਜਗਜੀਤ ਸਿੰਘ, ਰੂਨਾ ਲੈਲਾ ਵਰਗੀਆਂ ਸ਼ਖਸੀਅਤਾਂ ਨੇ ਉਸ ਦੀ ਰਚਨਾਵਾਂ ਨੂੰ ਆਵਾਜ਼ ਦਿੱਤੀ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਦਸੰਬਰ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-513



ਹਰ ਹਰ ਮਹਾਂਦੇਵ ਹੈ ਜਿੱਤਿਆ, ਜਿੱਤਿਆ ਹੈ ਅੱਲ੍ਹਾ ਹੂ ਅਕਬਰ,
ਕਾਮਾ ਕਿਰਸਾਨ ਹੈ ਜਿੱਤਿਆ, ਜਿੱਤਿਆ ਹੈ ਈਮਾਨ ਤੇ ਸਬਰ।
ਸਰਬ ਧਰਮ ਸਾਂਝੀਵਾਲਤਾ, ਜਿੱਤਿਆ ਬੋਲੇ ਸੋ ਨਿਹਾਲ,
ਹਾਰਿਆ ਠੇਕੇਦਾਰ ਪਤੰਦਰ, ਜਿੱਤਿਆ ਸਤਿ ਸ੍ਰੀ ਅਕਾਲ।

## ਕੈਪਸ਼ਨ ਮੁਕਾਬਲਾ-511



ਸ਼ਾਹੀ ਉਮਰ ਦੀਆਂ ਸ਼ਾਹੀ ਖੇਡਾਂ
ਰਲ਼-ਮਿਲ ਮੌਜ ਮਨਾਈਏ।
ਰੇਤੇ ਉੱਪਰ ਮਾਰ ਪਲਾਥੀ,
ਰੇਤਾ ਸਿਰ ਵਿਚ ਪਾਈਏ।
ਸਾਡੀ ਤਾਂ ਇਹ ਖੇਡ ਨਿਰਾਲੀ
ਮਨ ਦੀ ਮਰਜ਼ੀ ਅਸੀਂ ਪੁਗਾਈਏ।
ਗਰਮੀਂ ਸਰਦੀ ਨੇੜ ਨਾ ਆਵੇ
ਬਿਮਾਰੀ ਨੂੰ ਵੀ ਦੂਰ ਭਜਾਈਏ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਯਾਦਾਂ ਫੁੱਲ ਹੁੰਦੀਆਂ
ਜੋ ਕਦੇ ਨਹੀਂ ਮੁਰਝਾਉਂਦੀਆਂ,
ਖੇਲਣਾ-ਮੱਲਣਾ ਹੋ ਪੁੱਠਾ-ਸਿੱਧਾ
ਨੰਗ-ਧੜੰਗੇ ਬਰਸਾਤੀ ਪਾਣੀ ਤਾਰੀਆਂ।
ਇਕ ਦੂਜੇ 'ਤੇ ਚਿੱਕੜ ਸੁੱਟਣਾ
ਟਾਟਾਂ 'ਤੇ ਬਹਿ ਸਕੂਲਾਂ 'ਚ ਪੜ੍ਹਨਾ
ਗੁੱਲੀ ਡੰਡਾ, ਬੰਟੇ ਖੁੱਤੀ 'ਚ ਪੇਲਣੇ
ਡੱਟਾਂ 'ਚ ਲੁੱਕ ਭਰ ਖੇਲਣਾ।
ਬਣਾ ਗਧਾ ਛੈਂਟੇ ਨਾਲ ਹੱਕਣਾ,
ਮਾਰ ਖੁੱਦੋ ਭੱਜ,
ਠੀਕਰੀ 'ਤੇ ਠੀਕਰੀ ਰੱਖ
ਗੁੰਬਦ ਪੂਰਾ ਕਰਨਾ
ਨਾ ਸੂਲਾਂ ਦੀਆਂ ਚੋਭਾਂ, ਨਾ ਸਿਰ ਦਰਦ
ਜਾਂ ਤਾਂ ਬਿਮਾਰੀ ਵੀ ਲੱਗ ਜਾਵੇ
ਫੈਲੀ ਕੁਦਰਤ ਚਾਰ-ਚੁਫੇਰੇ
ਰੱਖਿਆ ਕਰਦੀ।
***-ਦਰਸ਼ਨ ਪਾਲ ਦੁਸਾਂਝ***

---

ਰਲ-ਮਿਲ, ਘੁਲ-ਮਿਲ
ਖੇਡਣਾ ਬਚਪਨ ਦਾ,
ਰੇਤ-ਮਿੱਟੀ 'ਚ ਰੁਲਣਾ ਸਿੱਖਿਆ ਦੇ ਜਾਂਦਾ।
ਵੱਡੇ ਹੋ ਕੇ ਇੱਕ-ਮਿੱਕ ਹੋ ਰਹਿਣਾ,
ਦੁਨਿਆਵੀ ਲਾਲਚ 'ਚ ਸਭ ਭੁੱਲ ਜਾਂਦਾ।
ਹੱਸ-ਖੇਡ ਲੰਘਾਓ ਜ਼ਿੰਦਗੀ
ਬੱਚਿਆਂ ਵਰਗੀ,
ਨਾਲ ਕਿਸੇ ਨ੍ਹੀਂ ਕੁਝ ਲੈ ਜਾਣਾ।
ਖੁਸ਼ੀਆਂ ਵੰਡੋ, ਖੁਸ਼ੀਆਂ ਲਵੋ,
ਦੌਲਤਾਂ ਦੀਆਂ ਪੰਡਾਂ
ਇੱਥੇ ਹੀ ਰਹਿ ਜਾਣਾ।
***-ਅਮਰਜੀਤ ਸਿੰਘ***

---

ਸੰਗ ਕਾਦਰ ਦੇ ਘੁਲ਼ੇ-ਮਿਲ਼ੇ ਨੇ,
ਬਚਪਨ ਕਿੰਨਾ ਬੇਪਰਵਾਹ ਹੈ।
ਭਾਵੇਂ ਸਿਰ ਵਿਚ ਪਾਉਂਦੇ ਰੇਤਾ,
ਪਰ ਫਿਰ ਵੀ ਖੁਸ਼ੀ ਅਥਾਹ ਹੈ।
***-ਸੇਵਾ ਸਿੰਘ ਨੂਰਪੁਰ***

---

ਜੋ ਲਮਹਾ ਨਾਲ ਹੈ,
ਇਸ ਨੂੰ ਜੀ ਭਰ ਕੇ ਜੀਅ ਲੈਣਾ।
ਉਂਜ ਤਾਂ ਜ਼ਿੰਦਗੀ
ਭਰੋਸੇ ਦੇ ਕਾਬਿਲ ਨਹੀਂ ਹੈ,
ਘਮੰਡ ਕਿਸ ਗੱਲ ਦਾ ਕਰੀਏ,
ਅੱਜ ਮਿੱਟੀ ਦੇ ਉੱਪਰ ਹੈ,
ਤੇ ਕੱਲ੍ਹ ਮਿੱਟੀ ਦੇ ਥੱਲੇ।
***-ਬੱਲਾ ਲਬਾਣਾ।***
***848-235-8344***

---

ਬੇਪ੍ਰਵਾਹ ਬਚਪਨ,
ਲਾਪ੍ਰਵਾਹ ਬਚਪਨ,
ਮਿੱਟੀ ਦੇ ਵਿਚ ਮਿੱਟੀ ਹੁੰਦਿਆਂ,
ਝੱਟ ਲੰਘ ਗਿਆ ਬਚਪਨ।
ਸੀ ਮੌਜਾਂ ਕਰਦੇ,
ਛੇਤੀ ਘਰ ਨਾ ਵੜਦੇ,
ਸਾਡੇ ਸ਼ਰਾਰਤੀ ਹੋਣ ਦਾ
ਗਵਾਹ ਬਚਪਨ,
ਝੱਟ ਉਹ ਲੰਘ ਗਿਆ ਬਚਪਨ।
ਦੋਸਤਾਂ ਨਾਲ ਲੜਦੇ,
ਫੇਰ ਮੰਨ ਜਾਂਦੇ,
ਖਾਂਦਾ ਨਾ ਸੀ ਜੋ,
ਮਾਂ ਦਾ ਵਸਾਹ ਬਚਪਨ,
ਖੌਰੇ ਉਹ ਕਿੱਥੇ ਗਿਆ ਬਚਪਨ,
ਝੱਟ ਹੀ ਲੰਘ ਗਿਆ ਬਚਪਨ।
***-ਅੰਮ੍ਰਿਤ ਰੰਧਾਵਾ***

# ਕਿਸਾਨ ਸੰਘਰਸ਼ ਦੇ ਸਬਕ

ਭਾਰਤ ਦੇ ਕਿਸਾਨਾਂ ਨੇ ਦਿੱਲੀ ਦੇ ਬਾਰਡਰਾਂ 'ਤੇ ਇਕ ਸਾਲ ਤੋਂ ਵੱਧ ਸਮਾਂ ਬੈਠ ਕੇ ਸੰਘਰਸ਼ ਲੜਿਆ ਅਤੇ ਜਿੱਤਿਆ ਹੈ। ਰਹਿੰਦੀਆਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਮੁਲਤਵੀ ਕਰ ਕੇ ਕਿਸਾਨ ਘਰਾਂ ਨੂੰ ਜਾ ਚੁੱਕੇ ਹਨ। ਇਹ ਸੰਘਰਸ਼ ਦੁਨੀਆ ਭਰ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ ਅਤੇ ਲੋਕਾਂ ਨੇ ਬੜੀ ਨੀਝ ਅਤੇ ਦਿਲਚਸਪੀ ਨਾਲ ਇਸ ਨੂੰ ਵੇਖਿਆ ਹੈ। ਅਮਰੀਕਾ, ਕੈਨੇਡਾ, ਯੂ.ਕੇ., ਆਸਟਰੇਲੀਆ, ਨਿਊਜ਼ੀਲੈਂਡ, ਫਰਾਂਸ ਆਦਿ ਦੇਸ਼ਾਂ ਵਿਚ ਭਾਰਤੀ ਮੂਲ ਦੇ ਲੋਕਾਂ ਨੇ ਇਸ ਸੰਘਰਸ਼ ਦੀ ਹਮਾਇਤ ਵਿਚ ਕਰੋਨਾ ਪਾਬੰਦੀਆਂ ਦੇ ਹੁੰਦਿਆਂ ਵੀ ਵੱਡੇ-ਵੱਡੇ ਇਕੱਠ ਅਤੇ ਮੁਜ਼ਾਹਰੇ ਕੀਤੇ। ਕੈਨੇਡਾ ਦੇ ਸ਼ਹਿਰਾਂ ਵਿਚ ਵੀ ਕਿਸਾਨਾਂ ਦੀ ਹਮਾਇਤ ਵਿਚ ਪ੍ਰਦਰਸ਼ਨ ਕੀਤੇ ਗਏ। ਕੈਨੇਡਾ ਵਿਚ ਕੁਝ ਕੁ ਅਖੌਤੀ ਹਿੰਦੂ ਜਥੇਬੰਦੀਆਂ ਨੇ ਨਰਿੰਦਰ ਮੋਦੀ ਦੀ ਹਮਾਇਤ ਵਿਚ ਆਵਾਜ਼ ਚੁੱਕਣ ਦਾ ਯਤਨ ਕੀਤਾ ਅਤੇ ਭਾਰਤੀ ਮੂਲ ਦੇ ਲੋਕਾਂ ਨੂੰ ਫ਼ਿਰਕੂ ਆਧਾਰ 'ਤੇ ਵੰਡਣ ਦੀ ਅਸਫ਼ਲ ਕੋਸ਼ਿਸ਼ ਵੀ ਕੀਤੀ।

ਖੇਤੀ, ਰਾਜਾਂ ਦਾ ਵਿਸ਼ਾ ਹੋਣ ਕਰਕੇ ਕੇਂਦਰ ਸਰਕਾਰ ਨੂੰ ਇਹ ਕਾਨੂੰਨ ਬਣਾਉਣ ਦਾ ਅਧਿਕਾਰ ਹੀ ਨਹੀਂ ਸੀ, ਜਿਸ ਨੂੰ ਕਿਸਾਨ ਜਥੇਬੰਦੀਆਂ ਨੇ

**ਨਰਿੰਦਰ ਸਿੰਘ ਢਿੱਲੋਂ**
**ਫੋਨ: 587-436-4032**

ਸੰਘਵਾਦ ਉੱਤੇ ਹਮਲਾ ਕਰਾਰ ਦਿੱਤਾ ਸੀ। ਕੇਂਦਰ ਸਰਕਾਰ ਵਲੋਂ ਸੰਘਵਾਦ ਉਤੇ ਇਹ ਹਮਲਾ ਜਿੱਥੇ ਰੋਕ ਲਿਆ ਗਿਆ ਹੈ, ਉੱਥੇ ਹੀ ਇਹ ਸੰਘਰਸ਼ ਬਹੁਤ ਸਾਰੇ ਸਬਕ ਵੀ ਦੇ ਗਿਆ ਹੈ। ਇਸ ਸੰਘਰਸ਼ ਨੇ ਇਸ ਗੱਲ 'ਤੇ ਮੋਹਰ ਲਾ ਦਿੱਤੀ ਹੈ ਕਿ ਮੰਗਾਂ ਜਾਇਜ਼ ਹੋਣ, ਲੀਡਰਸ਼ਿਪ ਇਕਸੁਰ ਹੋਵੇ ਤੇ ਦਾਅਪੇਚ ਠੀਕ ਹੋਣ ਤਾਂ ਹਰ ਸੰਘਰਸ਼ ਜਿੱਤਿਆ ਜਾ ਸਕਦਾ ਹੈ। ਕਿਸੇ ਵੀ ਸੰਘਰਸ਼ ਨੂੰ ਕੁਚਲਣ ਲਈ ਸਰਕਾਰ, ਅਫ਼ਸਰਸ਼ਾਹੀ ਜਾਂ ਕੋਈ ਵੀ ਮੈਨੇਜਮੈਂਟ ਵੱਖ-ਵੱਖ ਤਰ੍ਹਾਂ ਦੇ ਢੰਗ ਵਰਤਦੀ ਹੈ। ਇਸ ਸੰਘਰਸ਼ ਨੂੰ ਫੇਲ੍ਹ ਕਰਨ ਲਈ ਪਹਿਲੇ ਪੜਾਅ ਵਿਚ ਕੇਂਦਰ ਸਰਕਾਰ ਅਤੇ ਭਾਜਪਾ ਨੇ ਇਹ ਪ੍ਰਚਾਰ ਕੀਤਾ ਕਿ ਖੇਤੀ ਕਾਨੂੰਨ ਬਹੁਤ ਵਧੀਆ ਹਨ। ਇਸ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਇਹ ਵੀ ਕਿਹਾ ਗਿਆ ਕਿ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਇਨ੍ਹਾਂ ਕਾਨੂੰਨਾਂ ਦੀ ਸਮਝ ਨਹੀਂ ਆਈ, ਆਦਿ। ਪਰ ਜਦੋਂ ਖੇਤੀ ਮੰਤਰੀ ਨਰੇਂਦਰ ਤੋਮਰ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਨਾਲ ਪਹਿਲੀਆਂ ਦੋ-ਤਿੰਨ ਮੀਟਿੰਗਾਂ ਵਿਚ ਕਿਸਾਨ ਆਗੂਆਂ ਨੇ ਸਰਕਾਰੀ ਧਿਰ ਨੂੰ ਕਾਨੂੰਨਾਂ ਸਬੰਧੀ ਬਹਿਸ ਵਿਚ ਠਿੱਠ ਕਰ ਦਿੱਤਾ ਤਾਂ ਉਹ ਸੋਧਾਂ ਕਰਨ ਲਈ ਤਿਆਰ ਹੋ ਗਏ। ਇੱਕ ਮੀਟਿੰਗ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ੁਦ ਹਾਜ਼ਰ ਹੋਏ ਤੇ ਉਨ੍ਹਾਂ ਨੇ ਕਿਸਾਨ ਆਗੂਆਂ ਨੂੰ ਪੇਸ਼ਕਸ਼ ਕੀਤੀ ਕਿ ਸੋਧਾਂ ਜਿੰਨੀਆਂ ਮਰਜ਼ੀ ਕਰਵਾ ਲੈਣ ਪਰ ਕਾਨੂੰਨ ਰੱਦ ਕਰਾਉਣ ਵਾਲੀ ਮੰਗ ਛੱਡ ਦੇਣ। ਕਿਸਾਨਾਂ ਨੇ ਸਰਕਾਰ ਦੀ ਇਹ ਤਜਵੀਜ਼ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਾਨੂੰਨ ਰੱਦ ਕਰਾਉਣ ਦੀ ਮੰਗ ਸਬੰਧੀ ਆਪਣਾ ਸਟੈਂਡ ਸਪੱਸ਼ਟ ਕਰ ਦਿੱਤਾ। ਇਸ ਤੋਂ ਬਾਅਦ ਕੇਂਦਰ ਸਰਕਾਰ ਅਤੇ ਭਾਜਪਾ ਨੇ ਅਗਲਾ ਹਥਿਆਰ ਵਰਤਦਿਆਂ ਲੋਕਾਂ ਵਿਚ ਭੁਲੇਖੇ ਖੜ੍ਹੇ ਕਰਨ ਲਈ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਕਿਸਾਨਾਂ ਨੂੰ ਖ਼ਾਲਿਸਤਾਨੀ, ਪਾਕਿਸਤਾਨ ਅਤੇ ਚੀਨ ਤੋਂ ਸ਼ਹਿ ਪ੍ਰਾਪਤ ਲੋਕ, ਮਾਓਵਾਦੀ, ਕਾਮਰੇਡ, ਨਕਸਲੀ ਤੇ ਵਿਰੋਧੀ ਪਾਰਟੀਆਂ ਦੇ ਚੁੱਕੇ ਚੁਕਾਏ ਲੋਕ ਕਹਿਣਾ ਸ਼ੁਰੂ ਕਰ ਦਿੱਤਾ, ਪਰ ਸੰਯੁਕਤ ਕਿਸਾਨ ਮੋਰਚੇ ਅਧੀਨ ਕੰਮ ਕਰ ਰਹੇ ਕਿਸਾਨ ਆਗੂਆਂ ਨੇ ਇਸ ਕੂੜ ਤੇ ਭੜਕਾਊ ਪ੍ਰਚਾਰ ਦਾ ਸ਼ਾਂਤ ਰਹਿ ਕੇ ਮੁਕਾਬਲਾ ਕੀਤਾ। ਲੋਕਾਂ 'ਤੇ ਵੀ ਇਸ ਪ੍ਰਚਾਰ ਦਾ ਕੋਈ ਅਸਰ ਨਾ ਹੋਇਆ।

26 ਜਨਵਰੀ, 2021 ਨੂੰ ਦਿੱਲੀ ਪੁਲੀਸ ਦੀ ਸ਼ਹਿ 'ਤੇ ਜਾਂ ਉਨ੍ਹਾਂ ਦੇ ਜਾਲ ਵਿਚ ਫਸ ਕੇ ਕੁਝ ਲੋਕਾਂ ਨੇ ਲਾਲ ਕਿਲ੍ਹੇ ਦੀ ਜਿਸ ਘਟਨਾ ਨੂੰ ਅੰਜਾਮ ਦਿੱਤਾ, ਉਸ ਨਾਲ ਉਸ ਦਿਨ ਕੀਤੇ ਜਾਣ ਵਾਲੇ ਲਾ-ਮਿਸਾਲ ਟਰੈਕਟਰ ਮਾਰਚ ਨੂੰ ਭਾਰੀ ਸੱਟ ਵੱਜੀ, ਜਿਸ ਨੂੰ ਮੀਡੀਆ ਦੇ ਇਕ ਹਿੱਸੇ ਨੇ ਖ਼ੂਬ ਪ੍ਰਚਾਰਿਆ। ਅਸਲ ਵਿਚ ਇਹ ਦਿੱਲੀ ਪੁਲੀਸ ਦੇ ਸਹਿਯੋਗ ਨਾਲ ਅਤੇ ਭਾਜਪਾ ਦੇ ਭਾਈਵਾਲ ਕੁਝ ਲੋਕਾਂ ਵੱਲੋਂ ਸੰਘਰਸ਼ ਨੂੰ ਲੀਹੋਂ ਲਾਹੁਣ ਦੀ ਸਾਜ਼ਿਸ਼ ਸੀ, ਜੋ ਅਸਫ਼ਲ ਹੋਈ ਤੇ ਮੋਰਚਾ ਮੁੜ ਪੈਰਾਂ ਸਿਰ ਹੋ ਗਿਆ। ਭਾਜਪਾ ਵੱਲੋਂ ਉਕਸਾਏ ਗਏ ਕੁਝ ਲੋਕਾਂ ਨੇ ਸਿੰਘੂ ਬਾਰਡਰ 'ਤੇ ਕਿਸਾਨਾਂ ਉੱਤੇ ਪੁਲੀਸ ਦੀ ਹਾਜ਼ਰੀ ਵਿਚ ਹਮਲਾ ਵੀ ਕੀਤਾ ਪਰ ਪੁਲੀਸ ਉਨ੍ਹਾਂ ਨੂੰ ਰੋਕਣ ਦੀ ਥਾਂ ਕਿਸਾਨਾਂ ਉੱਤੇ ਹਮਲਾਵਰ ਰਹੀ। ਕਿਸਾਨ ਫਿਰ ਵੀ ਭੜਕਾਹਟ ਵਿਚ ਨਹੀਂ ਆਏ, ਜਿਸ ਕਰਕੇ ਸੰਘਰਸ਼ ਦੋਖੀਆਂ ਦਾ ਇਹ ਵਾਰ ਵੀ ਖਾਲੀ ਗਿਆ।

ਦੂਜੇ ਪਾਸੇ ਕਿਸਾਨ ਹੋਣ ਦਾ ਦਾਅਵਾ ਕਰਨ ਵਾਲੇ ਕੁਝ ਲੋਕ ਕਿਸਾਨ ਸੰਘਰਸ਼ ਨੂੰ ਸਿੱਖ ਸੰਘਰਸ਼ ਦਾ ਨਾਂ ਦੇਣਾ ਚਾਹੁੰਦੇ ਸਨ ਪਰ ਜਦੋਂ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਇਹ ਅੰਦੋਲਨ ਕਿਸੇ ਇਕ ਧਰਮ ਦੇ ਲੋਕਾਂ ਦਾ ਨਹੀਂ, ਸਗੋਂ ਦੇਸ਼ ਦੇ ਕਿਸਾਨਾਂ ਦਾ ਹੈ ਤਾਂ ਅਜਿਹੇ ਲੋਕਾਂ ਨੇ ਬਲਬੀਰ ਸਿੰਘ ਰਾਜੇਵਾਲ ਨੂੰ ਵੀ ਬੁਰਾ ਭਲਾ ਕਿਹਾ। ਲਾਲ ਕਿਲ੍ਹੇ ਦੀ ਘਟਨਾ ਤੋਂ ਬਾਅਦ ਇਨ੍ਹਾਂ ਲੋਕਾਂ ਦੀ ਸਚਾਈ ਉਦੋਂ ਸਾਹਮਣੇ ਆ ਗਈ, ਜਦ ਉਨ੍ਹਾਂ ਦੇ ਇਕ 'ਐਕਟਰ ਜਰਨੈਲ' ਦੀਆਂ ਫੋਟੋਆਂ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨਾਲ ਮੀਡੀਆ ਵਿਚ ਆ ਗਈਆਂ। ਲੋਕਾਂ ਵਲੋਂ ਤ੍ਰਿਸਕਾਰੇ ਜਾਣ ਤੋਂ ਬਾਅਦ ਉਹ ਮੁੜ ਨਜ਼ਰ ਨਹੀਂ ਆਏ ਅਤੇ 'ਫੇਸਬੁੱਕੀ ਸੂਰਮੇ' ਬਣ ਗਏ। ਇਨ੍ਹਾਂ ਸੰਘਰਸ਼ ਵਿਰੋਧੀ ਲੋਕਾਂ ਦੇ ਰਾਹਨੁਮਾ ਇਕ ਅਖੌਤੀ ਸਿੱਖ ਚਿੰਤਕ ਅਤੇ ਇਕ ਪ੍ਰਚਾਰਕ, ਜੋ ਸਿੱਖੀ ਦੇ ਨਾਂ 'ਤੇ ਨੌਜਵਾਨਾਂ ਨੂੰ ਭੜਕਾ ਕੇ ਬਲਦੀ ਦੇ ਬੂਥੇ ਡਾਹੁਣਾ ਚਾਹੁੰਦੇ ਸਨ, ਆਪਣੇ ਮਨਸੂਬਿਆਂ ਵਿਚ ਫੇਲ੍ਹ ਹੋਣ ਤੋਂ ਬਾਅਦ ਛੂ-ਮੰਤਰ ਹੋ ਗਏ। ਸੰਯੁਕਤ ਕਿਸਾਨ ਮੋਰਚੇ ਦੀ ਹੀ ਸਟੇਜ ਤੋਂ ਕਿਸਾਨ ਲੀਡਰਸ਼ਿਪ ਵਿਰੁੱਧ ਇਨ੍ਹਾਂ ਦੀਆਂ ਵੀਡੀਓ ਅੱਜ ਵੀ ਵੇਖੀਆਂ ਅਤੇ ਸੁਣੀਆਂ ਜਾ ਸਕਦੀਆਂ ਹਨ। ਇਨ੍ਹਾਂ ਲੋਕਾਂ ਵਲੋਂ ਸੰਘਰਸ਼ ਨੂੰ ਲੀਹੋਂ ਲਾਹੁਣ ਲਈ ਕਿਸਾਨ ਲੀਡਰਸ਼ਿਪ ਬਾਰੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਕਿ 'ਇਨ੍ਹਾਂ ਬੁੱਢਿਆਂ ਦੀਆਂ ਲੱਤਾਂ ਭਾਰ ਨਹੀਂ ਝੱਲਦੀਆਂ, ਇਹ ਵਿਕ ਜਾਣੇ ਨੇ, ਇਹ ਸੰਘਰਸ਼ ਨਹੀਂ ਚਲਾ ਸਕਦੇ'।



ਭਾਜਪਾ ਦਾ ਇਹ ਪ੍ਰਚਾਰ ਵੀ ਲੋਕਾਂ ਨੇ ਸਵੀਕਾਰ ਨਾ ਕੀਤਾ ਕਿ ਇਹ ਕੇਵਲ ਪੰਜਾਬ ਦੇ ਕਿਸਾਨ ਹਨ। ਅਸਲ ਵਿਚ ਉਹ ਇਸ ਨੂੰ ਕੇਵਲ ਸਿੱਖਾਂ ਦਾ ਸੰਘਰਸ਼ ਕਹਿ ਕੇ ਫ਼ਿਰਕੂ ਪੱਤਾ ਖੇਡਣਾ ਚਾਹੁੰਦੇ ਸਨ। ਪੰਜਾਬ, ਹਰਿਆਣਾ, ਰਾਜਸਥਾਨ, ਉਤਰਾਖੰਡ, ਯੂਪੀ, ਮੱਧ ਪ੍ਰਦੇਸ਼ ਤੋਂ ਇਲਾਵਾ ਦੇਸ਼ ਦੇ ਦੂਰ ਦੁਰੇਡੇ ਸੂਬਿਆਂ ਦੇ ਕਿਸਾਨਾਂ ਦੇ ਜਥੇ ਵੀ ਦਿੱਲੀ ਹਾਜ਼ਰੀ ਭਰਨ ਆਉਂਦੇ ਰਹੇ, ਜਿਸ ਕਰਕੇ ਭਾਜਪਾ ਦਾ ਇਹ ਪ੍ਰਚਾਰ ਵੀ ਮਿੱਟੀ 'ਚ ਰੁਲ ਗਿਆ। ਸੰਯੁਕਤ ਕਿਸਾਨ ਮੋਰਚੇ ਨੇ ਕਿਸੇ ਵੀ ਸਿਆਸੀ ਪਾਰਟੀ ਨਾਲ ਆਪਣੀ ਸਟੇਜ ਸਾਂਝੀ ਨਹੀਂ ਕੀਤੀ, ਜਿਸ ਕਰਕੇ ਸੰਘਰਸ਼ ਦਾ ਸਿਆਸੀਕਰਨ ਨਹੀਂ ਹੋਇਆ ਅਤੇ ਸੰਘਰਸ਼ ਦੀ ਦਿੱਖ ਕਿਸਾਨਾਂ ਦੀ ਹੀ ਰਹੀ, ਜਿਸ ਕਰਕੇ ਇਹ ਪ੍ਰਚਾਰ ਵੀ ਖੋਖਲਾ ਸਾਬਤ ਹੋਇਆ ਕਿ ਕਿਸਾਨ ਵਿਰੋਧੀ ਪਾਰਟੀਆਂ ਦੇ ਚੁੱਕੇ-ਚੁਕਾਏ ਇੱਥੇ ਬੈਠੇ ਹਨ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵਲੋਂ ਪੰਜਾਬ ਅਤੇ ਹਰਿਆਣਾ ਦੇ ਪਾਣੀ ਵਿਵਾਦ ਦਾ ਮੁੱਦਾ ਉਠਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਜਿਸ ਦੇ ਉੱਤਰ ਵਿਚ ਹਰਿਆਣਾ ਦੇ ਕਿਸਾਨਾਂ ਨੇ ਇਹ ਜਵਾਬ ਦਿਤਾ ਕਿ 'ਪੰਜਾਬ ਸਾਡਾ ਵੱਡਾ ਭਰਾ ਹੈ। ਪਹਿਲਾਂ ਰਲ ਕੇ ਜ਼ਮੀਨਾਂ ਬਚਾ ਲਈਏ, ਜੇ ਜ਼ਮੀਨਾਂ ਹੀ ਨਾ ਬਚੀਆਂ ਤਾਂ ਪਾਣੀ ਦਾ ਕੀ ਕਰਨੈ।' ਮਨੋਹਰ ਲਾਲ ਖੱਟਰ ਵਲੋਂ ਕਿਸਾਨਾਂ ਵਿਰੁੱਧ ਕੀਤੀ ਬਦਜ਼ੁਬਾਨੀ ਦਾ ਹੀ ਸਿੱਟਾ ਸੀ ਕਿ ਹਰਿਆਣਾ ਦੇ ਕਿਸਾਨਾਂ ਨੇ ਉਸ ਨੂੰ ਉਸ ਦੇ ਹਲਕੇ ਵਿਚ ਹੀ ਵਿਚਰਨ ਤੋਂ ਰੋਕ ਦਿੱਤਾ। ਕਰਨਾਲ ਜਲਸੇ ਵਿਚ ਉਸ ਦਾ ਹੈਲੀਕਾਪਟਰ ਹੀ ਨਾ ਉਤਰਨ ਦਿੱਤਾ ਗਿਆ ਅਤੇ ਉਸ ਦੀ ਸਟੇਜ ਉਖਾੜ ਦਿੱਤੀ ਗਈ। ਹਰਿਆਣੇ ਦੇ ਮੁੱਖ ਮੰਤਰੀ ਅਤੇ ਇਕ ਐਸ.ਡੀ.ਐਮ. ਵਲੋਂ ਕਿਸਾਨਾਂ ਦੇ ਸਿਰ ਭੰਨਣ ਵਾਲੇ ਬਿਆਨ ਦੇ ਵਿਰੋਧ ਕਾਰਨ ਮੁੱਖ ਮੰਤਰੀ ਨੂੰ ਆਪਣਾ ਬਿਆਨ ਵਾਪਸ ਲੈਣਾ ਪਿਆ ਅਤੇ ਐਸ.ਡੀ.ਐਮ. ਵਿਰੁੱਧ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਿਆ।

ਖੱਟਰ ਅਤੇ ਐਸ.ਡੀ.ਐਮ. ਦਾ ਇਹ ਬਿਆਨ ਉਨ੍ਹਾਂ ਦੇ ਡਿੱਗ ਚੁੱਕੇ ਸਿਆਸੀ/ ਪ੍ਰਸ਼ਾਸਨਿਕ ਕਿਰਦਾਰ ਅਤੇ ਬੌਧਿਕ ਦੀਵਾਲੀਆਪਨ ਦੀ ਨਿਸ਼ਾਨੀ ਸੀ। ਵੱਖ-ਵੱਖ ਸਿਆਸੀ ਵਿਚਾਰ ਰੱਖਦਿਆਂ ਕਿਸਾਨ ਜਥੇਬੰਦੀਆਂ ਦਾ ਕਿਸਾਨ ਮੁੱਦਿਆਂ ਉੱਤੇ ਇੱਕਸੁਰ ਰਹਿਣਾ, ਭਾਜਪਾ ਅਤੇ ਗੋਦੀ ਮੀਡੀਆ ਦੀਆਂ ਭੜਕਾਊ ਕਾਰਵਾਈਆਂ ਅਤੇ ਬਿਆਨਬਾਜ਼ੀ ਦੇ ਬਾਵਜੂਦ ਕਿਸਾਨ ਸੰਘਰਸ਼ ਦਾ ਪੁਰਅਮਨ ਰਹਿਣਾ, ਜਿੱਤ ਦੀ ਕੂੰਜੀ ਸਾਬਤ ਹੋਇਆ। ਖੇਤੀ ਮੰਤਰੀ ਨੇ ਕਈ ਜਥੇਬੰਦੀਆਂ ਦੇ ਨਾਂ 'ਤੇ ਪ੍ਰਚਾਰ ਵੀ ਸ਼ੁਰੂ ਕੀਤਾ ਕਿ ਬਹੁਤ ਸਾਰੀਆਂ ਜਥੇਬੰਦੀਆਂ ਇਨ੍ਹਾਂ ਕਾਨੂੰਨਾਂ ਨੂੰ ਪਸੰਦ ਕਰਦੀਆਂ ਹਨ ਅਤੇ ਰੱਦ ਨਾ ਕਰਨ ਦੀ ਮੰਗ ਕਰਦੀਆਂ ਹਨ ਪਰ ਕਿਸਾਨ ਸੰਘਰਸ਼ ਦੇ ਸਾਹਮਣੇ ਇਨ੍ਹਾਂ ਸਾਰਿਆਂ ਦੀ ਫੂਕ ਨਿਕਲ ਗਈ।

ਆਜ਼ਾਦ ਭਾਰਤ ਦੇ ਇਤਿਹਾਸ ਵਿਚ ਅਸੀਂ ਪਹਿਲੀ ਵਾਰ ਵੇਖ ਰਹੇ ਹਾਂ ਕਿ ਕਿਸੇ ਦੇਸ਼ ਦੇ ਪ੍ਰਧਾਨ ਮੰਤਰੀ ਬਾਰੇ ਲੋਕਾਂ ਵਿਚ ਏਨੀ ਬੇਭਰੋਸਗੀ ਹੋਵੇ, ਜਿੰਨੀ ਭਾਰਤ ਦੇ ਪ੍ਰਧਾਨ ਮੰਤਰੀ ਬਾਰੇ ਪੈਦਾ ਹੋਈ ਹੈ। ਕੌਮਾਂਤਰੀ ਪੱਧਰ 'ਤੇ ਵੀ ਲੋਕਾਂ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਦੀ ਛਵੀ ਖ਼ਰਾਬ ਅਤੇ ਬੇਭਰੋਸਗੀ ਵਾਲੀ ਹੋਈ ਹੈ। ਚੋਣਾਂ ਵਿਚ ਕੀਤੇ ਵਾਅਦਿਆਂ ਨੂੰ ਜੁਮਲੇ ਕਹਿਣਾ ਅਤੇ ਖੇਤੀ ਕਾਨੂੰਨਾਂ ਬਾਰੇ ਉਸ ਉਤੇ ਝੂਠ ਬੋਲਣ ਦੇ ਇਲਜ਼ਾਮ ਲੱਗਦੇ ਰਹੇ ਹਨ। ਕਿਸਾਨ ਅੰਦੋਲਨ ਵਿਚ ਸੱਤ ਸੌ ਤੋਂ ਵੱਧ ਕਿਸਾਨ ਸ਼ਹੀਦ ਹੋਏ ਹੋਣ ਤੇ ਪ੍ਰਧਾਨ ਮੰਤਰੀ ਅਫ਼ਸੋਸ ਦਾ ਇਕ ਲਫਜ਼ ਨਾ ਬੋਲੇ, ਇਹ ਸ਼ੋਭਾ ਨਹੀਂ ਦਿੰਦਾ। ਭਾਜਪਾ ਲੀਡਰਾਂ ਨੇ ਕਿਸਾਨਾਂ ਵਿਰੁੱਧ ਜੋ ਮੂੰਹ ਆਇਆ ਕਹਿ ਦਿੱਤਾ ਪਰ ਉਨ੍ਹਾਂ ਨੂੰ ਕਿਸੇ ਨੇ ਰੋਕਿਆ ਨਹੀਂ। ਮਨੁੱਖੀ ਨੈਤਿਕਤਾ ਦੇ ਪੱਖ ਤੋਂ ਇਹ ਅਨੈਤਿਕ ਵਿਹਾਰ ਸੀ।

ਇਸ ਸੰਘਰਸ਼ ਵਿਚ ਲੰਗਰ ਦੀ ਪ੍ਰਥਾ ਨੇ ਵੀ ਅਹਿਮ ਰੋਲ ਅਦਾ ਕੀਤਾ। ਕਿਉਂਕਿ ਇਹ ਅੰਦੋਲਨ ਪੰਜਾਬ ਤੋਂ ਸ਼ੁਰੂ ਹੋਇਆ ਸੀ, ਇਸ ਕਰਕੇ ਦੇਸ਼ ਭਰ ਦੇ ਕਿਸਾਨਾਂ ਵਿਚ ਪੰਜਾਬ ਦੇ ਕਿਸਾਨਾਂ ਦੀ ਸੰਘਰਸ਼ ਵਿਚ ਜੂਝਣ, ਸ਼ਾਂਤ ਰਹਿਣ ਅਤੇ ਦ੍ਰਿੜ੍ਹ ਅਤੇ ਵਿਸ਼ਾਲ ਇਰਾਦੇ ਨੂੰ ਅਸ਼-ਅਸ਼ ਕੀਤਾ ਗਿਆ। ਕੜਾਕੇ ਦੀ ਠੰਢ, ਗਰਮੀ ਅਤੇ ਬਾਰਸ਼ ਨੂੰ ਖਿੜੇ ਮੱਥੇ ਝੱਲਿਆ ਗਿਆ। ਕੋਈ ਗੈਰ ਸਮਾਜੀ ਅਨਸਰ ਖ਼ੁਦ ਜਾਂ ਸਰਕਾਰੀ ਸ਼ਹਿ 'ਤੇ ਮੋਰਚਿਆਂ 'ਤੇ ਬੈਠੇ ਕਿਸਾਨਾਂ ਵਿਰੁੱਧ ਹਮਲਾ ਜਾਂ ਭੰਨਤੋੜ ਨਾ ਕਰੇ, ਇਸ ਵਾਸਤੇ ਵਾਲੰਟੀਅਰਾਂ ਨੇ ਸਖ਼ਤ ਪਹਿਰਾ ਰੱਖਿਆ। ਪੁਲੀਸ ਵੱਲੋਂ ਕਿਸਾਨਾਂ ਦੀ ਬੈਰੀਕੇਡਿੰਗ ਅਤੇ ਸੜਕਾਂ ਵਿਚ ਵੱਡੇ ਵੱਡੇ ਕਿੱਲ ਲਾ ਕੇ ਨਾਕਾਬੰਦੀ ਕੀਤੀ ਗਈ ਪਰ ਇਸ 'ਤੇ ਵੀ ਉਨ੍ਹਾਂ ਦੇ ਹੌਸਲੇ ਡਿੱਗੇ ਨਹੀਂ। ਲਖੀਮਪੁਰ ਖੀਰੀ ਘਟਨਾ ਵਿਚ ਇਕ ਕੇਂਦਰੀ ਮੰਤਰੀ ਦੇ ਲੜਕੇ ਦੀ ਕਥਿਤ ਸ਼ਮੂਲੀਅਤ ਨੇ ਅਤੇ ਮੰਤਰੀ ਅਜੈ ਮਿਸ਼ਰਾ ਦੀ ਇਕ ਸਟੇਜ ਤੋਂ ਭੜਕਾਊ ਤਕਰੀਰ ਨੇ ਵੀ ਭਾਜਪਾ ਦੇ ਕਿਸਾਨ ਹਿਤੈਸ਼ੀ ਹੋਣ ਦੇ ਦਾਅਵਿਆਂ ਨੂੰ ਲੀਰੋ-ਲੀਰ ਕਰ ਦਿੱਤਾ। ਵੱਖ ਵੱਖ ਰਾਜਾਂ ਵਿਚ ਭਾਜਪਾ ਆਗੂਆਂ ਦੀ ਭੜਕਾਊ ਬਿਆਨਬਾਜ਼ੀ ਕਰਕੇ ਕਿਸਾਨਾਂ ਨੇ ਭਾਜਪਾ ਆਗੂਆਂ ਦਾ ਘਰਾਂ 'ਚੋਂ ਨਿਕਲਣਾ ਔਖਾ ਕਰ ਦਿੱਤਾ। ਕਿਸਾਨਾਂ ਨੇ ਆਪਣੇ ਕੈਂਪਾਂ ਵਿਚ ਕਿਸਾਨਾਂ ਅਤੇ ਆਮ ਲੋਕਾਂ ਲਈ ਮੈਡੀਕਲ ਸਹਾਇਤਾ ਅਤੇ ਸਫ਼ਾਈ ਦਾ ਵੀ ਸ਼ਲਾਘਾਯੋਗ ਪ੍ਰਬੰਧ ਕੀਤਾ।

ਕਿਸਾਨਾਂ ਨੂੰ ਵੱਖ-ਵੱਖ ਰਾਜਾਂ ਤੋਂ ਨਾਟਕਕਾਰਾਂ, ਗਾਇਕਾਂ, ਕਲਾਕਾਰਾਂ, ਮੁਲਾਜ਼ਮ ਜਥੇਬੰਦੀਆਂ, ਸੇਵਾਮੁਕਤ ਅਧਿਕਾਰੀਆਂ ਦੀਆਂ ਜਥੇਬੰਦੀਆਂ, ਮਜ਼ਦੂਰ ਜਥੇਬੰਦੀਆਂ, ਵਿਦਿਆਰਥੀ, ਕੇਂਦਰੀ ਮਜ਼ਦੂਰ ਜਥੇਬੰਦੀਆਂ, ਸਾਬਕਾ ਫ਼ੌਜੀਆਂ, ਦੁਕਾਨਦਾਰਾਂ, ਵਪਾਰੀਆਂ, ਆੜ੍ਹਤੀਆਂ ਸਣੇ ਹਰ ਵਰਗ ਦੇ ਲੋਕਾਂ ਦਾ ਸਹਿਯੋਗ ਮਿਲਿਆ।

ਕਿਸੇ ਵੀ ਸੰਘਰਸ਼ ਨੂੰ ਦਬਾਉਣ ਲਈ ਸਰਕਾਰ ਜਾਂ ਮੈਨੇਜਮੈਂਟ ਕੋਲ ਆਖਰੀ ਹਥਿਆਰ ਜਬਰ ਹੁੰਦਾ ਹੈ ਪਰ ਇਹ ਸੰਘਰਸ਼ ਹੀ ਏਨਾ ਤਕੜਾ ਅਤੇ ਲੋਕਾਂ ਦਾ ਸੰਘਰਸ਼ ਸੀ, ਜਿਸ ਕਰਕੇ ਸਰਕਾਰ ਦੀ ਜਬਰ ਕਰਨ ਦੀ ਹਿੰਮਤ ਨਹੀਂ ਪਈ। ਗੋਦੀ ਮੀਡੀਆ ਅਤੇ ਭਾਜਪਾ ਦੇ ਆਈ.ਟੀ. ਸੈੱਲ ਦਾ ਮੁਕਾਬਲਾ ਕਰਨ ਲਈ ਕਿਸਾਨਾਂ ਨੇ ਵੀ ਆਪਣਾ ਆਈ.ਟੀ. ਸੈੱਲ ਕਾਇਮ ਕੀਤਾ ਅਤੇ ਦੁਸ਼ਟ ਪ੍ਰਚਾਰ ਦਾ ਮੁਕਾਬਲਾ ਕੀਤਾ। ਭਾਵੇਂ ਅੱਗ, ਪਾਣੀ, ਬਿਜਲੀ ਆਦਿ ਸਬੰਧੀ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਲੇਕਿਨ ਕਿਸਾਨਾਂ ਵੱਲੋਂ ਕਾਇਮ ਕੀਤੀਆਂ ਟੀਮਾਂ ਨੇ ਸ਼ਲਾਘਾਯੋਗ ਕੰਮ ਕਰਦਿਆਂ ਇਨ੍ਹਾਂ ਮੁਸ਼ਕਲਾਂ ਦਾ ਵੀ ਹੱਲ ਕੀਤਾ।

ਦੇਸ਼ ਵਿਚ ਭਾਜਪਾ ਪ੍ਰਤੀ ਵਿਗੜ ਰਹੇ ਹਾਲਾਤ ਅਤੇ ਉੱਤੋਂ ਆ ਰਹੀਆਂ ਪੰਜ ਰਾਜਾਂ ਦੀਆਂ ਅਸੈਂਬਲੀ ਚੋਣਾਂ ਕਰਕੇ ਜਦ ਭਾਜਪਾ ਦੀ ਸਰਕਾਰੀ ਕੁਰਸੀ ਦੇ ਪਾਵੇ ਹਿੱਲਣੇ ਸ਼ੁਰੂ ਹੋ ਗਏ ਤਾਂ ਪ੍ਰਧਾਨ ਮੰਤਰੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਦਿਨ ਜਿੱਥੇ ਖੇਤੀ ਕਾਨੂੰਨ ਰੱਦ ਕਰਨ ਦਾ ਐਲਾਨ ਕੀਤਾ, ਉਥੇ ਹੀ ਦੇਸ਼ ਦੇ ਲੋਕਾਂ ਤੋਂ ਮੁਆਫੀ ਵੀ ਮੰਗੀ। ਖੇਤੀ ਕਾਨੂੰਨ ਵਾਪਸ ਲੈਣ ਅਤੇ ਕਿਸਾਨਾਂ ਦੀਆਂ ਬਾਕੀ ਮੰਗਾਂ ਮੰਨਣ 'ਤੇ ਇਹ ਸਾਬਤ ਹੋ ਗਿਆ ਹੈ ਕਿ ਜਿਸ ਵਿਅਕਤੀ ਬਾਰੇ ਟਾਹਰਾਂ ਮਾਰੀਆਂ ਜਾਂਦੀਆਂ ਸਨ ਕਿ ਉਹ ਝੁਕਦਾ ਨਹੀਂ, ਜੋ ਕਰ ਲਿਆ ਉਹ ਵਾਪਸ ਨਹੀਂ ਲੈਂਦਾ, ਉਸ ਨੇ ਜਿਨ੍ਹਾਂ ਹੱਥਾਂ ਨਾਲ ਗੰਢਾਂ ਦਿੱਤੀਆਂ ਸਨ, ਉਨ੍ਹਾਂ ਨਾਲ ਹੀ ਖੋਲ੍ਹਣੀਆਂ ਪਈਆਂ। ਕਿਸਾਨਾਂ ਦੀ ਜਿੱਤ ਨਾਲ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਵਿਰੁੱਧ ਲੜਨ ਲਈ ਲੋਕਾਂ ਵਿਚ ਭਰੋਸਾ ਜਾਗਿਆ ਹੈ ਅਤੇ ਉਨ੍ਹਾਂ ਵਿਚ ਚੇਤਨਤਾ ਆਈ ਹੈ। ਇਸੇ ਕਰਕੇ ਹੁਣ ਆ ਰਹੀਆਂ ਚੋਣਾਂ ਦੇ ਸਬੰਧ ਵਿਚ ਲੋਕ ਲੀਡਰਾਂ ਤੋਂ ਸੁਆਲ ਪੁੱਛਣ ਲੱਗੇ ਹਨ। ਜਿਨ੍ਹਾਂ ਮੰਗਾਂ ਨੂੰ ਪੂਰਾ ਕਰਨ ਲਈ ਸਰਕਾਰ ਨੇ ਲਿਖਤੀ ਭਰੋਸਾ ਦਿੱਤਾ ਹੈ, ਜੇਕਰ ਸਰਕਾਰ ਫਿਰ ਕੋਈ ਟਾਲ-ਮਟੋਲ ਦੀ ਖੇਡ ਖੇਡਣ ਦਾ ਯਤਨ ਕਰਦੀ ਹੈ ਤਾਂ 15 ਜਨਵਰੀ, 2022 ਨੂੰ ਹੋਣ ਵਾਲੀ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿਚ ਕੋਈ ਐਕਸ਼ਨ ਐਲਾਨਿਆ ਜਾ ਸਕਦਾ ਹੈ। ਸੰਯੁਕਤ ਕਿਸਾਨ ਮੋਰਚੇ ਨੂੰ ਇਸ ਉੱਤੇ ਚੌਕਸ ਰਹਿਣਾ ਪਵੇਗਾ। ਭਾਰਤ ਤੋਂ ਇਲਾਵਾ ਦੁਨੀਆ ਭਰ ਵਿਚ ਲੋਕਾਂ ਦੀ ਇਸ ਗੱਲ 'ਤੇ ਨਜ਼ਰ ਹੈ ਕਿ ਸਰਕਾਰ ਹੁਣ ਕੀ ਨਜ਼ਰੀਆ ਅਖਤਿਆਰ ਕਰਦੀ ਹੈ।

ਦੇਸ਼ ਵਿਚ ਆਪਣੇ ਹੱਕਾਂ ਲਈ ਲੜਨ ਵਾਲੇ ਲੋਕਾਂ ਵਾਸਤੇ ਕਿਸਾਨਾਂ ਦਾ ਇਹ ਸੰਘਰਸ਼ ਬਹੁਤ ਸਾਰੇ ਸਬਕ ਛੱਡ ਗਿਆ ਹੈ। ਲੀਡਰਸ਼ਿਪ ਦਾ ਇੱਕਸੁਰ ਰਹਿਣਾ, ਮੰਗਾਂ ਬਾਰੇ ਸਪੱਸ਼ਟ ਹੋਣਾ ਅਤੇ ਧਿਆਨ ਮੰਗਾਂ 'ਤੇ ਹੀ ਕੇਂਦਰਤ ਕਰਨਾ, ਸਮੁੱਚੇ ਲੋਕਾਂ ਨਾਲ ਮੰਗਾਂ ਜੋੜ ਕੇ ਉਨ੍ਹਾਂ ਦਾ ਸਮਰਥਨ ਲੈਣਾ, ਲੀਡਰਸ਼ਿਪ ਦੇ ਫ਼ੈਸਲਿਆਂ ਅਨੁਸਾਰ ਚੱਲਣਾ, ਪੁਰਅਮਨ ਰਹਿਣਾ, ਕੇਡਰ ਦਾ ਅਨੁਸ਼ਾਸਨ ਵਿਚ ਰਹਿਣਾ, ਸੰਘਰਸ਼ ਨੂੰ ਧਰਮ, ਜਾਤ ਅਤੇ ਇਲਾਕੇ ਦੇ ਵਖਰੇਵਿਆਂ ਤੋਂ ਵੱਖ ਰੱਖਣਾ, ਸੰਘਰਸ਼ ਦਾ ਸਿਆਸੀਕਰਨ ਨਾ ਕਰਨਾ ਅਤੇ ਸੰਘਰਸ਼ ਵਿਚ ਮਿਲੇ ਫੰਡ ਦਾ ਹਿਸਾਬ ਰੱਖਣਾ ਅਤੇ ਲੋਕਾਂ ਨਾਲ ਸਾਂਝਾ ਕਰਨਾ ਆਦਿ ਐਸੇ ਸਬਕ ਹਨ, ਜੋ ਸੰਘਰਸ਼ ਕਰਦੇ ਲੋਕਾਂ ਦਾ ਮਾਰਗ-ਦਰਸ਼ਨ ਕਰ ਸਕਦੇ ਹਨ।

ਸੰਯੁਕਤ ਕਿਸਾਨ ਮੋਰਚੇ ਦਾ ਵਜੂਦ ਕਾਇਮ ਰੱਖਣ ਦਾ ਫ਼ੈਸਲਾ ਸ਼ਲਾਘਾਯੋਗ ਹੈ ਤੇ ਇਸੇ ਆਧਾਰ 'ਤੇ ਕਿਸਾਨ ਜਥੇਬੰਦੀਆਂ ਨੂੰ ਆਪਣਾ ਏਕਾ ਕਾਇਮ ਰੱਖਣਾ ਚਾਹੀਦਾ ਹੈ। ਸੰਘਰਸ਼ ਉੱਤੇ ਅਨੇਕਾਂ ਝੱਖੜ ਝੁੱਲਣ ਦੇ ਬਾਵਜੂਦ ਕਿਸਾਨ ਲੀਡਰਸ਼ਿਪ ਨੇ ਆਪਣਾ ਰਾਹ ਨਹੀਂ ਛੱਡਿਆ, ਜਿਸ ਕਰਕੇ ਉਹ ਜਿੱਤ ਕੇ ਨਿਕਲੇ ਹਨ ਅਤੇ ਵਧਾਈ ਦੇ ਪਾਤਰ ਹਨ।

## ਦਿੱਲੀ ਅਜੇ ਦੂਰ ਏ

ਮੰਨਿਆ ਕਿ ਹਰ ਪਾਸੇ
ਜਿੱਤ ਦਾ ਸਰੂਰ ਏ,
ਕਿਸਾਨ-ਮਜ਼ਦੂਰ ਲਈ ਤਾਂ
ਦਿੱਲੀ ਅਜੇ ਦੂਰ ਏ।

ਐਮ.ਐਸ.ਪੀ. ਦੀ ਗੱਲ
ਵਾਅਦਿਆਂ ਦੇ ਗੋਚਰੇ
ਨਾਅਰੇ ਤੇ ਜੈਕਾਰ ਭਾਵੇਂ
ਵੱਜਦੇ ਨੇ ਹੋਕਰੇ।
ਮੰਨਿਆ ਪੰਜਾਬ ਬੜਾ
ਬੇਪਰਵਾਹਾ ਏ,
ਸਾਡੇ ਕਿਰਸਾਨ ਗਲ੍ਹ
ਕਰਜ਼ੇ ਦਾ ਫਾਹਾ ਏ।
ਝੂਠੇ ਵਾਅਦਿਆਂ ਲਈ
ਮੋਦੀ ਬੜਾ ਮਸ਼ਹੂਰ ਏ,
ਕਿਸਾਨ-ਮਜ਼ਦੂਰ ਲਈ ਤਾਂ
ਦਿੱਲੀ ਅਜੇ ਦੂਰ ਏ।

ਦੋਹਰੀ ਲੁੱਟ ਮੰਡੀ ਦੀ ਤਾਂ ਦੇਖੋ
ਅਜੇ ਰੁਕੀ ਨਹੀਂ,
ਪੂੰਜੀਪਤੀਆਂ ਦੀ ਨੀਅਤ ਵੀ
ਤਾਂ ਲੁਕੀ-ਛੁਪੀ ਨਹੀਂ।
ਅਡਾਨੀਆਂ-ਅੰਬਾਨੀਆਂ ਦੀ
ਤੂਤੀ ਪਈ ਏ ਬੋਲਦੀ,
ਜਨਤਾ ਗਰੀਬ ਬੜੇ
ਦੁੱਖੜੇ ਹੈ ਫੋਲਦੀ।
ਫਿਰਕੂ ਨਸ਼ੇ ਦੇ ਵਿਚ
ਰਾਜਧਾਨੀ ਚੂਰ ਏ,
ਕਿਸਾਨ-ਮਜ਼ਦੂਰ ਲਈ ਤਾਂ
ਦਿੱਲੀ ਅਜੇ ਦੂਰ ਏ।

ਤਵਾਰੀਖ ਤੌਰ 'ਤੇ ਨਾ
ਝੁਕਦਾ ਪੰਜਾਬ ਏ,
ਦਿਨੋ-ਦਿਨ ਜਾਂਦਾ ਪਰ
ਸੁੱਕਦਾ ਪੰਜਾਬ ਏ।
ਮੰਨੋ ਜਾਂ ਨਾ ਮੰਨੋ
ਪਰ ਗੱਲ ਕੁਝ ਖਾਸ ਏ,
ਰਾਂਗਲਾ ਪੰਜਾਬ ਜੋਗਾ
ਰਹਿ ਗਿਆ ਪ੍ਰਵਾਸ ਦੇ।
ਝੂਠੀਆਂ ਤਸੱਲੀਆਂ ਤੇ
ਝੂਠਾ ਈ ਗਰੂਰ ਏ
ਕਿਸਾਨ-ਮਜ਼ਦੂਰ ਲਈ ਤਾਂ
ਦਿੱਲੀ ਅਜੇ ਦੂਰ ਏ।

ਮਘਦਾ ਰਹੇ ਚੁੱਲ੍ਹਾ ਸਦਾ
ਕਿਰਤੀ ਕਿਸਾਨ ਦਾ,
ਹੋਵੇ ਨਾ ਹੈਵਾਨੀ
ਕਦੇ ਲਹਿਜ਼ਾ ਇਨਸਾਨ ਦਾ।
ਹੱਕਾਂ ਦੇ ਲਈ ਘੋਲ ਅਜੇ,
ਉਵੇਂ ਕਿਵੇਂ ਜਾਰੀ ਏ,
ਦੇਸ਼ ਭਰ ਵਿਚ ਵੋਟ ਯੁੱਧ
ਦੀ ਤਿਆਰੀ ਏ।
ਚੇਤਨਾ ਜਮਾਤੀ 'ਢੇਸੀ'
ਰੱਖਣੀ ਜ਼ਰੂਰ ਏ,
ਕਿਸਾਨ-ਮਜ਼ਦੂਰ ਲਈ ਤਾਂ
ਦਿੱਲੀ ਅਜੇ ਦੂਰ ਏ।

ਮੰਨਿਆ ਕਿ ਹਰ ਪਾਸੇ
ਜਿੱਤ ਦਾ ਸਰੂਰ ਏ,
ਕਿਸਾਨ-ਮਜ਼ਦੂਰ ਲਈ ਤਾਂ
ਦਿੱਲੀ ਅਜੇ ਦੂਰ ਏ।

***-ਕੁਲਵੰਤ ਸਿੰਘ ਢੇਸੀ***

# ਮਨ ਦਾ ਮੌਸਮ

**ਡਾ. ਗੁਰਬਖ਼ਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖ਼ੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਮਨ ਦੀ ਹਾਲਤ ਨੂੰ ਬਿਆਨ ਕੀਤਾ ਹੈ, ਜੋ ਪ੍ਰਸਥਿਤੀਆਂ ਦੇ ਹਿਸਾਬ ਨਾਲ ਹਮੇਸ਼ਾ ਬਦਲਦਾ ਰਹਿੰਦਾ ਹੈ , ਜਿਸ ਕਾਰਨ ਮਨੁੱਖ ਕਦੇ ਵੀ ਚੈਨ ਨਾਲ ਜੀਅ ਨਹੀਂ ਸਕਦਾ।**

## ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਮਨ ਦਾ ਮੌਸਮ ਬਹੁਤ ਤਰਲ, ਬਹੁਤ ਅਸਥਿਰ, ਬਹੁਤ ਜਲਦੀ ਬਦਲਦਾ ਹੈ। ਇਸ ਦੀ ਤਾਸੀਰ, ਤਰੰਗਤਾ, ਤਬੀਅਤ ਅਤੇ ਤਰਬੀਅਤ ਬਹੁਤ ਜਲਦੀ ਬਦਲਣਯੋਗ ਹੈ। ਨਿੱਕੀ ਜਿਹੀ ਹਰਕਤ, ਆਵਾਜ਼, ਕਿਰਿਆ ਜਾਂ ਆਲੇ-ਦੁਆਲੇ ਵਿਚ ਕੁਝ ਵੀ ਵਾਪਰਦਾ ਹੈ ਤਾਂ ਇਸ ਦਾ ਸਿੱਧਾ ਅਸਰ ਮਨ 'ਤੇ ਪੈਂਦਾ ਹੈ ਅਤੇ ਮਨ ਹੀ ਸਾਡੇ ਸਮੁੱਚ ਨੂੰ ਚਲਾਉਂਦਾ ਹੈ।

ਮਨ ਦਾ ਮੌਸਮ ਬੇ-ਇਤਬਾਰਾ, ਬੇ-ਤਰਤੀਬਾ, ਬੇ-ਵਿਸ਼ਵਾਸਾ ਅਤੇ ਬੇ-ਮੌਸਮਾ। ਪਤਾ ਹੀ ਨਹੀਂ ਲੱਗਦਾ ਕਿ ਕਿਸ ਵੇਲੇ ਕੀ ਵਾਪਰਦਾ ਅਤੇ ਮਨ ਬਦਲ ਜਾਂਦਾ। ਮਨ ਦਾ ਮੌਸਮ ਹਰ ਰੰਗ ਵਿਚ ਪੂਰਨ ਰੂਪ ਵਿਚ ਰੰਗਿਆ ਜਾਂਦਾ। ਕਦੇ ਖੇੜਿਆਂ ਦਾ ਲਾਲ ਸੂਹਾ ਰੰਗ, ਕਦੇ ਪੱਤਝੜ ਦੀ ਪਲੱਤਣ, ਕਦੇ ਮੌਹਲੇਧਾਰ ਬਾਰਸ਼ ਤੇ ਕਦੇ ਮਾਰੂਥਲੀ ਸੋਕਾ। ਕਦੇ ਹਾੜ ਜੇਠ ਦੀਆਂ ਤਿਖੇਰੀਆਂ ਧੁੱਪਾਂ ਅਤੇ ਕਦੇ ਪੋਹ ਮਾਘ ਦੀ ਹੱਡ-ਚੀਰਵੀਂ ਠੰਢ। ਕਦੇ ਤੱਤੀਆਂ ਲੂਆਂ ਅਤੇ ਕਦੇ ਹੱਡ-ਕੜਕਾਵੀਂ ਸੀਤ ਹੰਢਾਉਂਦਿਆਂ, ਇਨ੍ਹਾਂ ਹੀ ਰੰਗਾਂ ਵਿਚ ਖ਼ੁਦ ਨੂੰ ਰੰਗਦਾ ਹੈ।

ਬਾਹਰੀ ਮੌਸਮਾਂ ਦਾ ਮਨ ਦੇ ਮੌਸਮ 'ਤੇ ਬਹੁਤ ਡੂੰਘਾ ਅਸਰ ਪੈਂਦਾ ਹੈ। ਚੌਗਿਰਦਾ ਵੀ ਅਸਰ-ਅੰਦਾਜ਼ ਕਰਦਾ। ਸਾਡਾ ਖਾਣਾ, ਆਦਤਾਂ ਅਤੇ ਮਨੁੱਖੀ ਕਿਰਆਵਾਂ ਵੀ ਇਸ ਨੂੰ ਸੁਚੱਜੇ ਜਾਂ ਕੁਚੱਜੇ ਰੂਪ ਵਿਚ ਪ੍ਰਭਾਵਿਤ ਕਰਦੀਆਂ ਹਨ। ਮਨ ਦਾ ਮੌਸਮ ਬਹੁਤ ਚੰਚਲ, ਸਦਾ ਬੱਚੇ ਵਰਗਾ ਅਤੇ ਮਾਸੂਮੀਅਤ ਨਾਲ ਉੱਛਲਦਾ ਹੈ ਪਰ ਕਈ ਵਾਰ ਇਹੀ ਮਾਸੂਮੀਅਤ ਮਨ ਦੇ ਮੌਸਮ ਲਈ ਮਾਰੂ ਸਾਬਤ ਹੁੰਦੀ ਹੈ।

ਮਨੁੱਖ, ਮਨ ਦਾ ਗੁਲਾਮ ਹੈ। ਇਸ ਦੀਆਂ ਮੁਹਾਰਾਂ ਨੂੰ ਕਿਸ ਪਾਸੇ ਮੋੜਨਾ ਅਤੇ ਕਿਹੜੀ ਦਿਸ਼ਾ ਅਤੇ ਸੇਧ ਦੇਣਾ, ਇਹ ਮਨ ਦੀਆਂ ਬਹੁ-ਪ੍ਰਤੀਤੀਆਂ ਹਨ। ਮਨ ਦਾ ਮੌਸਮ ਕਦੇ ਵੀ ਬੰਦੇ ਨੂੰ ਚੈਨ ਨਾਲ ਜੀਣ ਨਹੀਂ ਦਿੰਦਾ। ਪਲ-ਪਲ ਬਦਲੇ ਮਨ ਦੇ ਮੌਸਮਾਂ ਦਾ ਕੋਈ ਕੀ ਕਰੇ? ਕਿਵੇਂ ਇਸ ਦੀਆਂ ਬੇਤਰਤੀਬੀਆਂ ਵਿਚੋਂ ਖ਼ੁਦ ਨੂੰ ਜਿਊਣ ਜੋਗਾ ਕਰੇ? ਕਿਉਂ ਕੋਈ ਹੱਸਦਿਆਂ ਹੀ ਹਾਉਕਾ ਭਰੇ? ਕਿਸ ਲਈ ਕੋਈ ਜ਼ਿੰਦਗੀ ਦਾ ਉਹ ਪਾਠ ਪੜ੍ਹੇ, ਜਿਸ ਕਾਰਨ ਕੋਈ ਜਿਊਂਦੇ ਜੀਅ ਸੂਲੀ 'ਤੇ ਚੜ੍ਹੇ?

ਮਨ ਦੇ ਮੌਸਮਾਂ ਦਾ ਕੇਹਾ ਮਿਜ਼ਾਜ ਕਿ ਕਦੇ ਬੰਦਾ ਔਲਾਦ ਨਾ ਹੋਣ 'ਤੇ ਦੁਖੀ ਹੁੰਦਾ ਅਤੇ ਫਿਰ ਉਹੀ ਔਲਾਦ ਦਾ ਸਤਾਇਆ ਔਲਾਦ ਤੋਂ ਹੀ ਪੀੜਤ ਹੁੰਦਾ। ਕਦੇ ਮਨ ਦੁਖੀ ਕਰਦਾ ਕਿ ਉਹ ਕਿਉਂ ਨਹੀਂ ਪੜ੍ਹ ਸਕਦਾ? ਕਿਉਂ ਨਹੀਂ ਕਿਸੇ ਸਕੂਲ 'ਚ ਦਾਖਲ ਹੁੰਦਾ ਅਤੇ ਪੜ੍ਹਾਈ ਕਰ ਕੇ ਕਿਸੇ ਮੁਕਾਮ 'ਤੇ ਪਹੁੰਚਦਾ? ਪਰ ਉਹੀ ਮਨ ਜਦ ਸਕੂਲ ਵਿਚ ਹੁੰਦਾ ਤਾਂ ਉਹ ਪੜ੍ਹਾਈ ਤੋਂ ਹੀ ਦੁਖੀ ਹੋ ਕੇ ਇਸ ਤੋਂ ਨਿਜ਼ਾਤ ਪਾਉਣ ਲਈ ਤਰਕੀਬਾਂ ਘੜਦਾ। ਕਦੇ ਜਵਾਨ ਮਨ ਦੁਖੀ ਹੁੰਦਾ ਕਿ ਉਸ ਨੂੰ ਤਨ ਢੱਕਣ ਲਈ ਕੱਪੜੇ ਨਹੀਂ ਮਿਲਦੇ ਪਰ ਇਹੀ ਮਨ ਨੂੰ ਜਦ ਕੱਪੜਿਆਂ ਦੀ ਬਹੁਲਤ ਹੁੰਦੀ ਤਾਂ ਦੁਖੀ ਹੁੰਦਾ ਕਿ ਕਿਸ ਸਮਾਗਮ ਜਾਂ ਮੌਕੇ 'ਤੇ ਕਿਹੜੇ ਕੱਪੜੇ ਪਾਵੇ? ਕੱਪੜੇ ਨਾ ਹੋਣ ਤੋਂ ਕੱਪੜਿਆਂ ਦੀ ਚੋਣ ਕਰਨ ਤੀਕ ਮਨ ਦੁਖੀ ਹੀ ਦੁਖੀ।

ਮਨ ਦੀ ਚੰਚਲਤਾ ਦਾ ਇਹ ਕੇਹਾ ਇਲਹਾਮ ਹੈ ਕਿ ਉਹ ਸਦਾ ਦੁਖੀ ਰਹਿਣਾ ਹੀ ਸਿੱਖਦਾ। ਕਦੇ ਵਿਅਕਤੀ ਭੁੱਖਾ ਹੁੰਦਾ ਤਾਂ ਮਨ ਬਹੁਤ ਦੁਖੀ ਹੁੰਦਾ ਅਤੇ ਜਦ ਖਾਣ ਨੂੰ ਬਹੁਤ ਕੁਝ ਹੁੰਦਾ ਤਾਂ ਸੋਚਦਾ ਕਿ ਕੀ ਖਾਵੇ ਤੇ ਕੀ ਨਾ ਖਾਵੇ ਜਾਂ ਡਾਕਟਰ ਹੀ ਖਾਣ ਤੋਂ ਪ੍ਰਹੇਜ਼ ਦੱਸ ਦਿੰਦੇ।

ਸਿਰ 'ਤੇ ਛੱਤ ਨਾ ਹੋਵੇ ਤਾਂ ਮਨ ਆਪਣਾ ਘਰ ਅਤੇ ਸਿਰ ਦੀ ਛੱਤ ਲਈ ਤਾਂਘਦਾ ਅਤੇ ਜਦ ਮਹਿਲੀ ਛੱਤ ਹੇਠ ਕਿਲੇ ਵਰਗੀਆਂ ਦੀਵਾਰਾਂ ਨਾਲ ਘਿਰਿਆ ਹੁੰਦਾ ਤਾਂ ਉਹ ਤਾਰਿਆਂ ਭਰੀ ਰਾਤ ਲਈ ਤਾਂਘਦਾ। ਕਦੇ ਉਸ ਦਾ ਮਨ ਨੀਂਦ ਲਈ ਅਵਾਜਾਰ ਹੁੰਦਾ ਅਤੇ ਕਦੇ ਨੀਂਦ ਨਾ ਆਉਣ ਕਾਰਨ ਨੀਂਦ ਦੀਆਂ ਗੋਲੀਆਂ ਦਾ ਆਸਰਾ ਲੈਣਾ ਪੈਂਦਾ।

ਇਹ ਮਨ ਦਾ ਕੇਹਾ ਵਰਤਾਰਾ ਹੈ ਕਿ ਉਹ ਗਰੀਬੀ ਤੋਂ ਵੀ ਦੁਖੀ ਤੇ ਅਮੀਰੀ ਤੋਂ ਵੀ। ਕੁਆਰਾ ਵੀ ਦੁਖੀ ਤੇ ਵਿਆਹਿਆ ਵੀ। 'ਕੱਲਾ ਵੀ ਤੇ ਮਿੱਤਰ ਪਿਆਰਿਆਂ ਦੀ ਸੰਗਤ ਵਿਚ ਵੀ। ਰਿਸ਼ਤਿਆਂ ਵਿਚ ਬੱਝਾ ਵੀ ਅਤੇ ਰਿਸ਼ਤਿਆਂ ਤੋਂ ਟੁੱਟਿਆ ਵੀ। ਦੋਸਤੀਆਂ ਨਿਭਾਉਂਦਾ ਵੀ ਅਤੇ ਦੋਸਤੀਆਂ ਤੋੜਦਾ ਵੀ।

ਦਰਅਸਲ ਮਨੁੱਖੀ ਜੀਵਨ ਬਾਹਰ ਤੋਂ ਅੰਤਰੀਵ ਵੱਲ ਦੀ ਯਾਤਰਾ ਹੈ ਅਤੇ ਇਸ ਸਫ਼ਰ ਵਿਚ ਮਨ ਦਾ ਸਾਥ ਸਭ ਤੋਂ ਪ੍ਰਮੁੱਖ ਹੈ। ਮਨ ਦੇ ਬਦਲੇ ਮੌਸਮਾਂ ਵੀ ਜੀਵਨੀ ਵਿਗਾੜਾਂ ਜਾਂ ਸੁਧਾਰਾਂ ਦੇ ਸਬੱਬ, ਮਨੁੱਖ ਬਾਹਰੀ ਸੰਸਾਰ ਨੂੰ ਸਮੁੱਚੇ ਰੂਪ ਵਿਚ ਬਦਲ ਨਹੀਂ ਸਕਦਾ ਪਰ ਖ਼ੁਦ ਨੂੰ ਤਾਂ ਬਦਲ ਸਕਦਾ ਹੈ। ਮਨ ਦੇ ਮੌਸਮ ਤਾਂ ਉਸ ਦੇ ਹੱਥ-ਵਸ ਹਨ। ਮਨ ਦੀ ਸਥਿਰਤਾ ਅਤੇ ਸਮਰੁਪਤਾ ਹੀ ਮਨੁੱਖੀ ਜੀਵਨ ਦੇ ਸਰੋਕਾਰਾਂ ਅਤੇ ਸਾਰਥਿਕਤਾਵਾਂ ਨੂੰ ਪਰਿਭਾਸ਼ਤ ਕਰਨ ਵਿਚ ਸਭ ਤੋਂ ਅਹਿਮ ਹੈ।

ਮਨ ਬਹੁਤ ਬੇਲਗਾਮ ਹੈ। ਇਸ ਦੀ ਪੈੜਚਾਲ ਤੇ ਪਾਕੀਜ਼ਗੀ ਦੀ ਪ੍ਰਪੱਕਤਾ ਅਤੇ ਪ੍ਰਮੁੱਖਤਾ ਲਈ ਜ਼ਰੂਰੀ ਹੈ ਕਿ ਮਨ ਨੂੰ ਸਮਝਿਆ, ਸਮਝਾਇਆ ਜਾਵੇ ਅਤੇ ਇਸ ਦੀ ਸਮਝ ਵਿਚ ਖ਼ੁਦ ਨੂੰ ਉਤਾਰਿਆ ਜਾਵੇ। ਜਦ ਅਸੀਂ ਬਾਹਰੀ ਬਦਲਾਅ ਪੈਦਾ ਹੀ ਨਹੀਂ ਕਰ ਸਕਦੇ, ਫਿਰ ਬਾਹਰੀ ਪਰਿਵਰਤਨ ਨੂੰ ਛੱਡ ਕੇ ਸਾਨੂੰ ਆਪਣੇ ਪਰਿਵਰਤਨ ਅਤੇ ਮਨ 'ਤੇ ਆਪਣੀ ਪਕੜ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਪੀਰਾਂ, ਫ਼ਕੀਰਾਂ, ਗੁਰੂਆਂ ਅਤੇ ਰਿਸ਼ੀਆਂ-ਮੁਨੀਆਂ ਦਾ ਪਲੇਠਾ ਪੈਗ਼ਾਮ ਹੀ ਮਨ ਨੂੰ ਸਾਧਣਾ ਏ। ਇਸ ਲਈ ਉਨ੍ਹਾਂ 'ਤੇ ਬਦਲਦੇ ਮੌਸਮਾਂ, ਹਾਲਾਤ, ਸਥਿਤੀਆਂ ਜਾਂ ਸਮਾਜਿਕ ਖਿੱਚੋਤਾਣ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਉਹ ਆਪਣੇ ਆਵੇਸ਼ ਵਿਚ ਜ਼ਿੰਦਗੀ ਦੇ ਸੁੱਚਮ ਦਾ ਉਚਤਮ ਰੂਪ ਵਿਚ ਰੰਗ ਮਾਣਦੇ ਨੇ। ਮਾਇਕ ਲਾਲਸਾਵਾਂ, ਪਰਿਵਾਰਕ ਮਜਬੂਰੀਆਂ ਜਾਂ ਮਾਨਤਾਵਾਂ ਵਿਚੋਂ ਮਨੁੱਖਤਾ ਨੂੰ ਕਿਵੇਂ ਵਿਸਥਾਰ ਦਿੱਤਾ ਜਾ ਸਕਦਾ? ਉਹ ਖ਼ੁਸ਼ੀ ਅਤੇ ਗ਼ਮੀ ਨੂੰ ਸਮ ਕਰ ਕੇ ਜਾਣਦੇ ਅਤੇ ਕੁਦਰਤ ਦੇ ਭਾਣੇ ਵਿਚ ਜ਼ਿੰਦਗੀ ਨੂੰ ਉਸ ਦੇ ਉਸ ਰੰਗ ਵਿਚ ਹੀ ਮਾਣਦੇ ਸਨ, ਜਿਵੇਂ ਇਹ ਜ਼ਿੰਦਗੀ ਰੂਪੀ ਵਰਤਾਰਾ ਉਨ੍ਹਾਂ ਦੀ ਝੋਲੀ ਵਿਚ ਪੈਂਦਾ ਸੀ।



ਸਾਡੇ ਬਜ਼ੁਰਗ ਮਾਨਸਿਕ ਤੌਰ 'ਤੇ ਬਹੁਤ ਤਕੜੇ ਸਨ। ਉਹ ਸੀਮਤ ਸਾਧਨਾਂ ਵਿਚੋਂ ਵੀ ਜ਼ਿੰਦਗੀ ਨੂੰ ਸਮੁੱਚ ਵਿਚ ਜਿਊਂਦੇ ਸਨ। ਕੋਈ ਮਾਨਸਿਕ ਭਟਕਣਾ ਨਹੀਂ ਸੀ। ਕੁਦਰਤੀ ਵਰਤਾਰਿਆਂ ਵਿਚੋਂ ਹੀ ਖ਼ੁਸ਼ੀਆਂ ਤੇ ਖੇੜਿਆਂ ਨੂੰ ਜੀਵਨ ਦਾ ਹਿੱਸਾ ਬਣਾ ਕੇ ਇਸ ਨੂੰ ਜੀਵਨ-ਜਾਚ ਬਣਾ ਲੈਂਦੇ ਸਨ। ਉਨ੍ਹਾਂ ਦਾ ਸਮੁੱਚਾ ਜੀਵਨ ਹੀ ਕੁਦਰਤੀ ਮੌਸਮਾਂ ਅਨੁਸਾਰ ਮਨ ਦੇ ਮੌਸਮ ਨੂੰ ਕੁਦਰਤ ਦੇ ਰੰਗ ਵਿਚ ਰਾਜ਼ੀ ਰਹਿਣ ਹੀ ਸਭ ਤੋਂ ਉਤਮ ਫਿਲਾਸਫੀ ਸੀ। ਅਜੋਕੇ ਸਮਿਆਂ ਵਿਚ ਅਸੀਂ ਸੁਵਿਧਾਵਾਂ ਪੈਦਾ ਕਰ ਲਈਆਂ ਹਨ, ਸਾਧਨਾਂ ਦੀ ਬਹੁਲਤਾ ਹੈ। ਹਰ ਤਰ੍ਹਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਦੇ ਬਾਵਜੂਦ ਅਸੀਂ ਸਕੂਨ ਅਤੇ ਸਿਦਕ-ਸਬੂਰੀ ਤੋਂ ਵਿਰਵੇ ਹਾਂ। ਅਸੀਂ ਸਿਰਫ਼ ਸਾਹ ਪੂਰੇ ਕਰਨ ਲਈ ਜਿਊਂਦੇ ਹਾਂ। ਜ਼ਿੰਦਗੀ ਤਾਂ ਜਸ਼ਨ ਦਾ ਨਾਮ ਹੈ। ਬਹੁਤ ਘੱਟ ਲੋਕ ਮਾਨਣ ਲਈ ਜਿਉਂਦੇ ਨੇ। ਯਾਦ ਰਹੇ ਕਿ ਸਾਲਾਂ ਦੀ ਗਿਣਤੀ ਕਦੇ ਜ਼ਿੰਦਗੀ ਨਹੀਂ ਹੁੰਦੀ। ਜ਼ਿੰਦਗੀ ਹੁੰਦੀ ਹੈ ਕਿ ਤੁਸੀਂ ਖ਼ੁਦ ਲਈ ਕਿੰਨਾ ਕੁ ਜੀਵੇ ਹੋ? ਤੁਹਾਡੀ ਜੀਵਨ-ਜਾਚ ਵਿਚੋਂ ਸਮਾਜ ਨੂੰ ਕੀ ਮਿਲਿਆ ਹੈ ਅਤੇ ਕਿਹੜੀਆਂ ਪ੍ਰਾਪਤੀਆਂ ਨੇ ਸਮਾਜ ਨੂੰ ਹੋਰ ਖ਼ੂਬਸੂਰਤ ਅਤੇ ਸੁਹੰਢਣਾ ਬਣਾਇਆ ਹੈ? ਸਿਹਤਮੰਦ ਸਮਾਜ ਵਿਚੋਂ ਹੀ ਸਿਹਤਮੰਦ ਮਨ ਨੇ ਜਨਮ ਲੈਣਾ ਹੁੰਦਾ ਹੈ ਅਤੇ ਜਦ ਸਮਾਜ ਬਿਮਾਰ ਮਾਨਸਿਕਤਾ ਨਾਲ ਭਰਿਆ ਹੋਵੇ ਤਾਂ ਸਮਾਜਿਕ ਦਿੱਖ ਨੂੰ ਚਮਕਾਉਣ ਦਾ ਜ਼ਿੰਮਾ ਕੌਣ ਲਵੇਗਾ?

ਇਹ ਮਨ ਦੀਆਂ ਮੌਸਮਾਂ ਦੀਆ ਕੇਹੀਆਂ ਅਲਾਮਤਾਂ ਹਨ ਕਿ ਮਨੁੱਖ ਹੀ ਮਨੁੱਖ ਦਾ ਵੈਰੀ ਬਣ ਜਾਂਦਾਹੈ। ਧਰਮ ਹੀ ਧਰਮ ਦੇ ਸੀਰਮੇ ਪੀਣ ਲਈ ਕਾਹਲਾ ਹੈ। ਭਰਾ ਹੀ ਭਰਾ ਲਈ ਕਬਰ ਪੁੱਟਦਾ, ਭੈਣ ਹੀ ਵੀਰੇ ਦਾ ਸਿਵਾ ਸੇਕਦੀ, ਮਿੱਤਰ ਹੀ ਮਿੱਤਰ ਮਾਰ ਕਰਦਾ ਅਤੇ ਸੰਗੀ ਸਾਥੀ ਹੀ ਰਾਹਾਂ ਵਿਚ ਕੰਡੇ ਬੀਜਦੇ ਹਨ। ਹਮਰਾਹੀ ਹੀ ਖੱਡਿਆਂ, ਖਾਈਆਂ ਅਤੇ ਟੋਏ ਪੁੱਟਣ ਵਿਚ ਸ਼ਾਮਲ ਹਨ।

ਮਨ ਦੀ ਕੇਹੀ ਕਮੀਨਗੀ ਕਿ ਸ਼ੱਕ, ਸੰਦੇਹ ਅਤੇ ਸਨਕੀਪੁਣੇ ਨੇ ਮਨੁੱਖੀ ਸਕਾਰਾਤਮਿਕਤਾ ਨੂੰ ਨਕਾਰਾਤਮਿਕਤਾ ਵੱਲ ਮੋੜਿਆ ਏ। ਉਸਾਰੂ ਕਾਰਜਾਂ ਦੀ ਬਜਾਏ ਮਨੁੱਖ ਮਾਰੂ ਧੰਦਿਆਂ ਵਿਚ ਗ਼ਲਤਾਨ ਹੈ। ਨਸ਼ਿਆਂ, ਹਥਿਆਰਾਂ ਅਤੇ ਮਨੁੱਖੀ ਤਸਕਰੀ ਦਰਅਸਲ ਮਨੁੱਖੀ ਮਨ ਦੀ ਅਜਿਹੀ ਕਰਤੂਤ ਹੈ, ਜਿਸ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਏ। ਇਹ ਸ਼ਰਮਸਾਰ ਹੋਏ ਵਿਅਕਤੀ ਹੀ ਅਜੋਕੇ ਸਮਾਜ ਦੇ ਪ੍ਰਮੁੱਖ ਬਣੇ, ਕਿਸੇ ਕੌਮ, ਦੇਸ਼ ਜਾਂ ਸਮਾਜ ਦੀ ਕਿਸਮਤ-ਪੱਟੀ 'ਤੇ ਉਕਰੇ ਅੱਖਰਾਂ ਨੂੰ ਮਿਟਾਉਣ ਲਈ ਕਾਹਲੇ ਹਨ।

ਮਨ ਨੂੰ ਸਾਧਣਾ ਆਸਾਨ ਵੀ ਹੈ ਤੇ ਕਠਿਨ ਵੀ। ਲੋੜ ਹੈ ਕਿ ਅਸੀਂ ਖ਼ੁਦ ਨੂੰ ਉਹੀ ਸਮਝੀਏ, ਜੋ ਅਸੀਂ ਹਾਂ। ਉਹ ਕੁਝ ਨਾ ਸਮਝੀਏ, ਜੋ ਅਸੀਂ ਨਹੀਂ ਹਾਂ। ਆਪਣੀ ਔਕਾਤ ਦੇ ਹਮੇਸ਼ਾ ਰੂਬਰੂ ਰਹੀਏ। ਆਪਣੀ ਅਸਲੀਅਤ ਤੋਂ ਕਦੇ ਮੁਨਕਰ ਨਾ ਹੋਈਏ। ਆਪਣੀਆਂ ਕਮੀਆਂ ਤੇ ਕੁਤਾਹੀਆਂ ਨੂੰ ਸੁਧਾਰੀਏ ਅਤੇ ਪੂਰਨਤਾ ਦੇ ਮਾਰਗ ਦੇ ਪਾਂਧੀ ਬਣੇ ਰਹੀਏ ਪਰ ਕਦੇ ਵੀ ਖ਼ੁਦ ਨੂੰ ਪੂਰਨ ਨਾ ਸਮਝੀਏ ਕਿਉਂਕਿ ਕੋਈ ਵੀ ਵਿਅਕਤੀ ਕਦੇ ਵੀ ਪੂਰਨ ਨਹੀਂ ਹੁੰਦਾ। ਅਸੀਂ ਸਦਾ ਅਪੂਰਨ ਹੀ ਰਹਿਣਾ ਹੈ।

ਮਾਂਗਵੇਂ ਮਨ ਦੇ ਮੌਸਮ ਵਿਚੋਂ ਕਦੇ ਵੀ ਸਕੂਨ, ਸਬਰ ਜਾਂ ਸੁਖਨ ਨੇ ਦਸਤਕ ਨਹੀਂ ਦੇਣੀ। ਇਸ ਨੇ ਤਾਂ ਸਗੋਂ ਮਨ ਦੀਆਂ ਲਾਲਸਾਵਾਂ, ਇੱਛਾਵਾਂ ਅਤੇ ਮਨੋਕਾਮਨਾਵਾਂ ਨੂੰ ਹੋਰ ਭੜਕਾਉਣਾ, ਲਲਸਾਉਣਾ ਅਤੇ ਲਰਜ਼ਾਉਣਾ ਹੁੰਦਾ ਹੈ।

ਮਨ ਦਾ ਮੌਸਮ ਮੁੱਲ ਵੀ ਨਹੀਂ ਮਿਲਦਾ ਅਤੇ ਨਾ ਹੀ ਕਿਸੇ ਦੀ ਮਿੰਨਤ ਜਾਂ ਮੰਨਤ ਨਾਲ ਮਿਲਦਾ। ਇਹ ਮੌਸਮ ਤਾਂ ਖ਼ੁਦ ਵਿਚੋਂ ਖ਼ੁਦ ਨੂੰ ਪ੍ਰਗਟਾਉਣਾ ਹੁੰਦਾ ਅਤੇ ਫਿਰ ਇਸ ਦੇ ਅਜ਼ੀਮ ਤੇ ਅਨੂਠੇ ਰੰਗਾਂ ਵਿਚ ਖ਼ੁਦ ਨੂੰ ਲਬਰੇਜ਼ ਕਰਨਾ। ਇਸ ਦੀ ਅਲਮਸਤਾ ਵਿਚ ਜਿਊਣ ਦਾ ਜਸ਼ਨ ਮਨਾਉਣਾ ਚਾਹੀਦਾ ਹੈ।

ਮਨ ਦਾ ਮੌਸਮ ਮ੍ਰਿਗ-ਤ੍ਰਿਸ਼ਨਾ ਹੈ। ਬਹੁਤ ਕੁਝ ਖ਼ਿਆਲਾਂ ਵਿਚ ਵਾਪਰਦਾ, ਕਿਆਸਿਆ ਜਾਂਦਾ ਅਤੇ ਇਸ ਵਿਚ ਕਲਪਿਤ ਵਿਚਾਰਾਂ ਦੀ ਆਮਦ ਹੁੰਦੀ ਪਰ ਸੱਚ ਕਦੀ ਵੀ ਕਲਪਿਤ ਨਹੀਂ ਹੁੰਦਾ। ਸੱਚ ਵਿਚ ਜਿਊਣਾ ਸਿੱਖੋ। ਵਰਤਮਾਨ ਵਿਚ ਜਿਊਣ ਵਾਲਿਆਂ ਨੂੰ ਕਦੇ ਵੀ ਬੀਤੇ 'ਤੇ ਅਫਸੋਸ ਨਹੀਂ ਹੁੰਦਾ ਅਤੇ ਆਉਣ ਵਾਲੇ ਕੱਲ੍ਹ ਦਾ ਡਰ ਨਹੀਂ ਸਤਾਉਂਦਾ। ਉਹ ਤਾਂ ਜ਼ਿੰਦਗੀ ਦੇ ਹਰ ਪਲ ਨੂੰ ਮੌਜੂਦਾ ਪਲ ਵਿਚ ਜਿਊਣ ਦੇ ਆਦੀ ਹੁੰਦੇ ਹਨ। ਉਹ ਆਪਣੇ ਜੀਵਨ-ਰਾਹ ਦੇ ਸਦਾ ਧੰਨਵਾਦੀ ਕਿਉਂਕਿ ਇਹ ਉਨ੍ਹਾਂ ਦੀ ਅਜਿਹੀ ਵਾਦੀ, ਜਿਸ ਨੇ ਬਖ਼ਸ਼ੀ ਮਨ ਦੇ ਮਸਨੂਈ ਮੌਸਮਾਂ ਤੋਂ ਆਜ਼ਾਦੀ।

ਮਨ ਦੇ ਅੰਦਰ ਬੈਠੇ ਉਸ ਮਨ ਨੂੰ ਮਾਰਨ ਦੀ ਲੋੜ ਹੈ ਤਾਂ ਕਿ ਮਨ ਦਾ ਮੋਰ ਆਪਣੀ ਮਸਤੀ ਵਿਚ ਪੈਲਾਂ ਪਾਉਂਦਾ ਜੀਵਨ ਨੂੰ ਆਨੰਦਿਤ ਅਤੇ ਖ਼ੁਸ਼ਬੂਦਾਰ ਬਣਾਵੇ ਤਾਂ ਹੀ ਗੁਰਬਾਣੀ ਦਾ ਫੁਰਮਾਨ ਹੈ;

**'ਮਨ ਮੋਹ ਮਨਆ ਜੇ ਮਰੈ ਤਾ ਪਿਰੁ ਰਾਵੈ ਨਾਰਿ'**

ਮਨ ਬਹੁਤ ਹੀ ਕੋਮਲ ਤੇ ਸੋਹਲ। ਇਸ 'ਤੇ ਆਈ ਨਿੱਕੀ ਜਿਹੀ ਝਰੀਟ ਵੀ ਸਦੀਵ ਰਹਿੰਦੀ ਹੈ। ਇਸ ਦੇ ਜ਼ਖ਼ਮ ਕਦੇ ਨਹੀਂ ਭਰਦੇ। ਵਕਤ-ਬੇਵਕਤ ਇਹ ਚਸਕਦੇ, ਰਿਸਦੇ ਅਤੇ ਇਸ ਦੀ ਪੀੜਾ ਵਿਚ ਬੰਦਾ ਪੀੜ-ਪੀੜ ਹੋ ਜਾਂਦਾ ਪਰ ਇਸ ਪੀੜ ਨੂੰ ਜਰਨ ਅਤੇ ਇਸ ਤੋਂ ਸੁਰਖ਼ਰੂ ਹੋਣ ਅਤੇ ਪੀੜ ਵਿਚੋਂ ਪ੍ਰੇਮ-ਭਾਵਨਾ ਦਾ ਪੈਦਾ ਹੋਣਾ ਹੀ ਪ੍ਰਾਪਤੀਆਂ ਅਤੇ ਪੇਸ਼ਕਦਮੀਆਂ ਨੂੰ ਜਾਂਦਾ ਉਹ ਮਾਰਗ ਹੈ, ਜਿਸ ਤੋਂ ਥਿੜਕਾਉਣ ਲਈ ਲੋਕ ਤੁਹਾਡੇ ਮਨ 'ਤੇ ਜ਼ਖ਼ਮ ਲਾਉਂਦੇ ਹਨ। ਲੋਕਾਂ ਨੇ ਦਰਦ ਦਿੰਦੇ ਰਹਿਣਾ ਪਰ ਇਹ ਤੁਹਾਡੇ 'ਤੇ ਨਿਰਭਰ ਹੈ ਕਿ ਤੁਸੀਂ ਇਸ ਦਰਦ ਨੂੰ ਦਵਾ ਕਿਵੇਂ ਬਣਾਉਣਾ ਅਤੇ ਕਿਸੇ ਦੀ ਦਿੱਤੀ ਪੀੜ ਵਿਚੋਂ ਉਸ ਦੀ ਨਕਾਰਾਤਮਿਕਤਾ ਨੂੰ ਕਿਵੇਂ ਠੁਕਰਾਉਣਾ? ਇਹ ਹੀ ਬੰਦਿਆਈ ਨੂੰ ਜਾਂਦਾ ਮਾਰਗ ਹੈ ਅਤੇ ਸਭ ਲਈ ਇਸ ਦੇ ਰਾਹੀ ਬਣਨਾ ਜ਼ਰੂਰੀ ਹੈ।

ਪੱਤਝੜ ਮਨ ਦੇ ਮੌਸਮ ਦਾ ਅਜੇਹਾ ਹਿੱਸਾ ਹੈ, ਜਿੱਥੇ ਰਿਸ਼ਤੇ ਤੇ ਸਬੰਧ ਸੁੱਕ ਕੇ ਝੜ ਜਾਂਦੇ ਹਨ ਅਤੇ ਬੰਦੇ ਨੂੰ ਚੁਣੌਤੀਆਂ ਅਤੇ ਮੁਸ਼ਕਲਾਂ ਵਿਚੋਂ ਖ਼ੁਦ ਹੀ ਉਭਰਨਾ ਹੁੰਦਾ ਹੈ। ਕੁਦਰਤ ਵਿਚ ਵੀ ਜਦ ਪੱਤੇ ਝੜਦੇ ਤਾਂ ਬਿਰਖ ਸਰਦ ਰੁੱਤ ਦਾ ਕਹਿਰ ਨੰਗੇ ਪਿੰਡੇ ਹੰਢਾਉਂਦਾ ਹੈ।

ਮਨ ਦੇ ਮੌਸਮ ਨੂੰ ਆਪਣੀ ਪਛਾਣ ਨਾ ਬਣਾਓ ਕਿਉਂਕਿ ਇਹ ਤਾਂ ਪਲ-ਪਲ ਬਦਲਦਾ ਹੈ ਅਤੇ ਬਦਲਣ ਵਾਲੀ ਪਛਾਣ ਨੂੰ ਲੋਕ ਕਦੇ ਪਸੰਦ ਨਹੀਂ ਕਰਦੇ। ਆਪਣੇ ਆਪ ਨੂੰ ਦਿੱਤੀ ਹੋਈ ਪਛਾਣ ਸਦਾ ਚਿਰੰਜੀਵ ਰਹੇਗੀ ਕਿਉਂਕਿ ਇਹ ਪਛਾਣ ਹੀ ਤੁਹਾਡੇ ਅੰਦਰ ਨਾਲ ਇਕਸੁਰ ਜੁ ਹੁੰਦੀ ਏ।

ਮਨ ਦਾ ਮੌਸਮ, ਇਸ 'ਚ ਵੱਸਦੀਆਂ ਮਨੋ-ਭਾਵਨਾਵਾਂ ਅਤੇ ਮਨੁੱਖੀ ਬਿਰਤੀ ਹੀ ਨਿਰਧਾਰਤ ਕਰਦੀ ਹੈ ਕਿ ਮਨੁੱਖ ਕੀ ਏ, ਕੀ ਬਣਨਾ ਚਾਹੁੰਦਾ ਏ ਅਤੇ ਉਹ ਕੀ ਬਣ ਸਕਦਾ ਏ?

ਮਨ-ਮੰਜ਼ਿਲ ਦੀ ਪ੍ਰਾਪਤੀ ਲਈ ਸਭ ਤੋਂ ਜ਼ਰੂਰੀ ਹੈ ਮਨ ਨੂੰ ਸਾਧਨਾ, ਤੁਹਾਡੇ ਸੁਪਨੇ, ਸਾਧਨ, ਸਫ਼ਲਤਾਵਾਂ ਖ਼ੁਦ-ਬ-ਖ਼ੁਦ ਹੀ ਸਿਰਜੀਆਂ ਜਾਣਗੀਆਂ।

ਮਨ ਦੇ ਮੌਸਮ ਵਿਚ ਜਵਾਰਭਾਟਾ ਆ ਜਾਵੇ ਤਾਂ ਸਹਿਜ ਰਹੋ ਕਿਉਂਕਿ ਜਵਾਰਭਾਟੇ ਵਿਚ ਕੁਝ ਦਿਖਾਈ ਨਹੀਂ ਦਿੰਦਾ ਪਰ ਜਦ ਮਨ ਵਿਚੋਂ ਲਹਿਰਾਂ ਉਠਣ ਤਾਂ ਇਨ੍ਹਾਂ ਦੀ ਅਸਵਾਰੀ ਕਰਨ ਦੀ ਆਦਤ ਪਾਓ ਪਰ ਸਭ ਤੋਂ ਚੰਗਾ ਹੁੰਦਾ ਏ ਕਿ ਮਨ ਸ਼ਾਂਤ ਹੋ ਕੇ ਆਪਣੀਆਂ ਰਾਹਾਂ ਤੈਅ ਕਰੇ, ਜ਼ਿੰਦਗੀ ਦਾ ਆਨੰਦ ਤੁਹਾਨੂੰ ਅਸਲੀ ਖ਼ੁਸ਼ੀ ਨਾਲ ਭਰ ਦੇਵੇਗਾ।

ਮਨ ਜ਼ਿੰਦਗੀ ਦੀਆਂ ਸਮੂਹ ਖ਼ੁਸ਼ੀਆਂ ਦਾ ਖ਼ਜ਼ਾਨਾ ਹੈ ਪਰ ਅਜੋਕੇ ਸਮਿਆਂ ਦੀ ਕੇਹੀ ਤਰਾਸਦੀ ਹੈ ਕਿ ਇਹ ਮਨ ਹੀ ਮਨੁੱਖ ਦੀਆਂ ਮੂਲ ਸਮੱਸਿਆਵਾਂ ਦਾ ਕਾਰਨ ਬਣ ਗਿਆ ਹੈ ਕਿਉਂਕਿ ਅਸੀਂ ਸਿਰਫ਼ ਮਨ ਦੀ ਤਾਬਿਆਦਾਰੀ ਵਿਚ ਹੀ ਖ਼ੁਦ ਨੂੰ ਖ਼ਚਿੱਤ ਕਰ ਬੈਠੇ ਹਾਂ। ਸੰਸਾਰ ਵਿਚ ਜਿੰਨੀਆਂ ਵੀ ਸਮੱਸਿਆਵਾਂ ਜਾਂ ਦੁਸ਼ਵਾਰੀਆਂ ਹਨ, ਇਹ ਮਨ ਦੀਆਂ ਚੁਸਤੀਆਂ, ਚਲਾਕੀਆਂ, ਵਰਗਲਾਉਣ ਜਾਂ ਕਿਸੇ ਨੂੰ ਮਾਨਸਿਕ ਤੌਰ 'ਤੇ ਬਲੈਕ ਮੇਲ ਕਰਨ ਦੀਆਂ ਘਟਿੱਤਾਂ ਹੀ ਹਨ, ਜਿਨ੍ਹਾਂ ਨੇ ਦੁਨੀਆ ਨੂੰ ਤਬਾਹੀ ਦੇ ਕੰਢੇ ਲਿਆ ਖਲਾਰਿਆ ਏ। ਮਨ ਨੂੰ ਸੰਤੁਲਿਤ, ਸਹੀ ਅਤੇ ਸੰਭਾਲ ਕੇ ਵਰਤੋ, ਵਰਨਾ ਤੁਹਾਡੇ ਮਨ ਨੂੰ ਆਪਣੇ ਮੁਫ਼ਾਦ ਲਈ ਵਰਤਣ ਵਾਸਤੇ ਬਹੁਤ ਸਾਰੇ ਲੋਕ ਕਾਹਲੇ ਨੇ।

ਯਾਦ ਰੱਖਣਾ ਕਿ ਕਮਜ਼ੋਰ ਮਨ ਸਿਰਫ਼ ਲੋਕਾਂ ਬਾਰੇ ਹੀ ਸੋਚੇਗਾ, ਸਾਧਾਰਨ ਮਨ ਆਲੇ-ਦੁਆਲੇ ਵਿਚ ਵਾਪਰ ਰਹੀਆਂ ਘਟਨਾਵਾਂ ਦੀਆਂ ਤਹਿਆਂ ਫਰੋਲਣ ਤੀਕ ਹੀ ਸੀਮਤ ਹੋਵੇਗਾ ਪਰ ਸਭ ਤੋਂ ਤੇਜ਼-ਤਰਾਰ ਮਨ ਨਵੇਂ ਵਿਚਾਰਾਂ, ਖ਼ਿਆਲਾਂ, ਸੋਚਾਂ ਅਤੇ ਸੁਪਨਿਆਂ ਨੂੰ ਆਪਣੀ ਦਰਗਾਹ ਵਿਚ ਨਤਮਸਤਕ ਹੋਣ ਦੇਵੇਗਾ ਕਿਉਂਕਿ ਉਹ ਜਾਣਦਾ ਹੈ ਕਿ ਨਵੇਂ ਖ਼ਿਆਲ ਹੀ ਨਵੀਆਂ ਅਤੇ ਨਰੋਈਆਂ ਸੰਭਾਵਨਾਵਾਂ ਦੇ ਸੂਰਜੀ ਪੱਖ ਹੁੰਦੇ ਹਨ।

ਮਨ ਦਾ ਮੌਸਮ, ਰੂਹ-ਅੰਤਰੀਵਤਾ ਅਤੇ ਸਰੀਰ ਇਕਸੁਰ, ਇਕਸਾਰ, ਇਕਸੀਰਤ ਅਤੇ ਇਕਮਿਕ ਹੁੰਦੇ ਤਾਂ ਅੰਤਰੀਵ ਵਿਚੋਂ ਖ਼ੁਸ਼ੀਆਂ ਦੇ ਝਰਨੇ ਵਗਦੇ, ਜਿਹੜੇ ਮਨੁੱਖ ਨੂੰ ਵੀ ਭਿਉਂਦੇ ਅਤੇ ਆਲੇ-ਦੁਆਲੇ ਨੂੰ ਵੀ ਤਰ ਕਰਦੇ।

ਮਨ ਤੋਂ ਮਨ ਤੀਕ ਦੇ ਸਫ਼ਰ ਦੇ ਰਾਹੀ ਬਹੁਤ ਹੀ ਵਿਰਲੇ ਹੁੰਦੇ। ਉਹ ਮਨ ਦੀਆਂ ਤਹਿਆਂ ਨੂੰ ਫ਼ਰੋਲਦੇ। ਇਨ੍ਹਾਂ ਦੇ ਸੁੱਚਮ ਨੂੰ ਆਪਣੀਆਂ ਤਰਜੀਹਾਂ ਬਣਾਉਂਦੇ। ਇਨ੍ਹਾਂ ਦੀਆਂ ਕਾਲਖਾਂ ਨੂੰ ਨਕਾਰਦੇ। ਇਸ ਵਿਚ ਉਤਰੀ ਪੱਤਝੜ ਨੂੰ ਪੈਰ ਨਹੀਂ ਧਰਨ ਦੇਂਦੇ ਸਗੋਂ ਇਸ ਦੀਆਂ ਬਰੂਹਾਂ ਵਿਚ ਬਹਾਰਾਂ ਦੀ ਆਮਦ ਲਈ ਤੇਲ ਚੋਂਦੇ। ਮਨ ਦੀਆਂ ਗੁੰਝਲਾਂ ਨੂੰ ਆਪਣੀ ਜੀਵਨ ਸ਼ੈਲੀ ਨਹੀਂ ਬਣਾਉਂਦੇ ਸਗੋਂ ਸਧਾਰਨਤਾ, ਸੰਖੇਪਤਾ, ਸਮਤਾ, ਸਾਦਗੀ ਅਤੇ ਸਹਿਜਤਾ ਵਿਚੋਂ ਮਨ ਦੀ ਪਾਰਦਰਸ਼ਤਾ ਨੂੰ ਦੁਨੀਆ ਦੇ ਸਾਹਵੇਂ ਉਜਾਗਰ ਕਰਦੇ।

ਮਨ ਦੇ ਦਰਾਂ 'ਤੇ ਸਰਬੱਤ ਦੇ ਭਲੇ ਦੀਆਂ ਮੰਨਤਾਂ ਮੰਗੋ। ਮਨੁੱਖ ਵਿਚ ਪਨਪੀ ਮਾਨਵਤਾ ਨੂੰ ਸ਼ੁੱਭ-ਆਮਦੀਦ ਕਹੋ। ਇਸ ਦੀਆਂ ਜੂਹਾਂ ਵਿਚ ਪੈ ਰਹੇ ਤਰੇਲ ਤੁਪਕਿਆਂ ਵਿਚੋਂ ਧੁੱਪ ਦੀ ਲਿਸ਼ਕੋਰ ਨਾਲ ਅੰਤਰੀਵ ਨੂੰ ਰੁਸ਼ਨਾਵੋ ਅਤੇ ਸੱਤਰੰਗੀ ਦੀ ਕਲਾ-ਨਕਾਸ਼ੀ ਕਰੋ। ਇਹ ਰੰਗ ਤੁਹਾਡੇ ਅੰਤਰੀਵ ਵਿਚੋਂ ਜਦੋਂ ਬਾਹਰ ਦੇ ਸਫ਼ਰ ਨੂੰ ਤੁਰਨਗੇ ਤਾਂ ਤੁਹਾਡੀਆਂ ਤਰਜੀਹਾਂ ਅਤੇ ਤਦਬੀਰਾਂ ਵਿਚ ਮਾਨਮੱਤੀ ਤਬਦੀਲੀ ਹੋਵੇਗੀ ਅਤੇ ਇਹੀ ਬਦਲਾਅ ਤੁਹਾਡੀ ਤਕਦੀਰ ਦਾ ਸਿਰਜਣਹਾਰਾ ਬਣੇਗਾ।

# ਪੰਜਾਬ ਚੋਣਾਂ ਵਾਸਤੇ ਗੁੱਛੀ-ਮਾਰ ਦਾਅ ਉੱਤੇ ਬੈਠੀ ਭਾਜਪਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਇਸ ਵੇਲੇ ਵਿਧਾਨ ਸਭਾ ਚੋਣਾਂ ਵੱਲ ਵਧ ਰਿਹਾ ਹੈ। ਦਿਨੋ-ਦਿਨ ਉਹ ਘੜੀ ਨੇੜੇ ਆਈ ਜਾਂਦੀ ਹੈ, ਜਦੋਂ ਲੋਕਾਂ ਨੇ ਵੋਟਾਂ ਪਾਉਣੀਆਂ ਅਤੇ ਆਗੂ ਚੁਣਨੇ ਹਨ, ਜਿਹੜੇ ਅਗਲੇ ਪੰਜ ਸਾਲਾਂ ਲਈ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧ ਵਜੋਂ ਭਵਿੱਖ ਨਕਸ਼ਾ ਸੁਧਾਰਨ ਦੇ ਜ਼ਿੰਮੇਵਾਰ ਹੋਣਗੇ, ਪਰ ਅਮਲ ਵਿਚ ਜਿੱਦਾਂ ਅੱਗੇ ਹੁੰਦਾ ਰਿਹਾ ਹੈ, ਉਸ ਕਾਰਨ ਆਸ ਰੱਖਣੀ ਫਜ਼ੂਲ ਹੈ ਕਿ ਉਹ ਮਾਣ-ਸਨਮਾਨ ਬਖਸ਼ਣ ਵਾਲੇ ਵੋਟਰਾਂ ਦਾ ਚੇਤਾ ਵੀ ਰੱਖਣਗੇ। ਬਿਨਾਂ ਸਿਧਾਂਤ ਤੋਂ ਕੁਰਸੀਆਂ ਦੀ ਝਾਕ ਵਿਚ ਜਣਾ-ਖਣਾ ਆਗੂ ਬਣਨ ਤੁਰ ਪੈਂਦਾ ਹੈ ਤੇ ਆਗੂ ਬਣਨਾ ਵੀ ਔਖਾ ਨਹੀਂ, ਬੰਦੇ ਕੋਲ ਥੋੜ੍ਹਾ ਜਿਹਾ ਪੈਸਾ ਹੋਵੇ, ਲੋਕਾਂ ਦੀ ਨਜ਼ਰ ਵਿਚ ਲੀਡਰ ਬਣਾ ਕੇ ਪੇਸ਼ ਕਰਨ ਵਾਲਿਆਂ ਦੀ ਲਾਈਨ ਲੱਗ ਜਾਂਦੀ ਹੈ। ਕਿਸੇ ਵੱਡੇ ਰਾਜਸੀ ਆਗੂ ਨਾਲ ਕਿਸੇ ਤਰ੍ਹਾਂ ਦਾ ਉਸ ਦਾ ਰਿਸ਼ਤਾ ਹੋਵੇ ਤੇ ਉਹ ਉਸ ਰਿਸ਼ਤੇ ਨੂੰ ਵਰਤਣਾ ਜਾਣਦਾ ਹੋਵੇ ਤਾਂ ਆਪਣੇ ਲਈ ਮੈਦਾਨ ਬਣਾ ਲੈਣ ਵਿਚ ਉਸ ਨੂੰ ਉਂਜ ਹੀ ਦੇਰ ਨਹੀਂ ਲੱਗਦੀ। ਚਾਰ ਥਾਈਂ ਆਪਣੇ ਰਿਸ਼ਤੇਦਾਰ ਲੀਡਰ ਦੇ ਸਮਾਗਮ ਕਰਵਾਉਣ ਦਾ ਨਾਟਕ ਕਰ ਲਏ, ਫਿਰ ਚਾਰ ਥਾਈਂ ਉਸ ਲੀਡਰ ਨਾਲ ਜਾਂਦਿਆਂ ਸਟੇਜ ਸੈਕਟਰੀ ਨੂੰ ਕਹਿ ਕੇ ਭਾਸ਼ਣ ਕਰਨ ਲਈ ਵਕਤ ਕਢਵਾ ਲਵੇ ਤੇ ਉਸ ਭਾਸ਼ਣ ਵਾਲੀਆਂ ਫੋਟੋਆਂ ਚਾਰ ਅਖਬਾਰਾਂ ਵਿਚ ਛਪਵਾ ਲਵੇ ਤਾਂ ਉਹ 'ਸੀਨੀਅਰ ਲੀਡਰ' ਬਣ ਜਾਂਦਾ ਹੈ।

ਹੁਣ ਜਦੋਂ ਪੰਜਾਬ ਵਿਚ ਮੁੜ ਚੋਣਾਂ ਦਾ ਮਾਹੌਲ ਬਣਿਆ ਹੋਇਆ ਹੈ, ਉਦੋਂ ਕਈ ਆਗੂਆਂ ਦੇ ਕਾਕੇ ਅਤੇ ਚਹੇਤੇ ਰਿਸ਼ਤੇਦਾਰ ਰਾਤੋ-ਰਾਤ ਲੀਡਰ ਬਣਨ ਅਤੇ ਇੱਕ ਜਾਂ ਦੂਸਰੇ 'ਹਲਕੇ ਦੇ ਲੋਕਾਂ ਦੀ ਮੰਗ' ਦੱਸ ਕੇ ਟਿਕਟਾਂ ਵਾਸਤੇ ਦਾਅਵੇਦਾਰ ਬਣਦੇ ਆਮ ਮਿਲ ਜਾਂਦੇ ਹਨ। ਇਨ੍ਹਾਂ ਵਿਚੋਂ ਕਈਆਂ ਨੂੰ ਟਿਕਟਾਂ ਮਿਲ ਵੀ ਜਾਣੀਆਂ ਹਨ। ਪੰਜਾਬ ਦੀਆਂ ਸਾਰੀਆਂ ਪਾਰਟੀਆਂ ਵਿਚ ਅਜਿਹਾ ਹੀ ਕਲਚਰ ਹੈ, ਜਿਸ ਕਰਕੇ ਕਿਸੇ ਇੱਕ ਜਾਂ ਦੂਸਰੀ ਪਾਰਟੀ ਦਾ ਨਾਂਅ ਲੈਣ ਦੀ ਲੋੜ ਨਹੀਂ। ਸਰਕਾਰ ਚਲਾ ਰਹੀ ਪਾਰਟੀ ਵਿਚ ਅਜਿਹੇ ਲੋਕ ਵੱਧ ਹਨ। ਇਸ ਦਾ ਕਾਰਨ ਇਹ ਹੈ ਕਿ ਰਾਜ ਕਰਦਿਆਂ ਜਿਹੋ ਜਿਹੀ ਕਮਾਈ ਰਾਤ-ਦਿਨ ਦੋਵੇਂ ਹੱਥੀਂ ਕੀਤੀ ਜਾਂਦੀਹੈ ਤੇ ਉਸ ਕਮਾਈ ਨੂੰ ਸੰਭਾਲਣ ਵਾਲਿਆਂ ਦੀ ਪਲਟਣ ਵੀ ਓਡੀ ਹੀ ਵੱਡੀ ਚਾਹੀਦੀ ਹੈ। ਜਿਹੜੇ ਲੋਕ ਇਨ੍ਹਾਂ ਕੰਮਾਂ ਲਈ ਵਰਤੇ ਜਾਂਦੇ ਹਨ, ਉਹ ਏਨੇ ਰਾਜ਼ ਜਾਣ ਜਾਂਦੇ ਹਨ ਕਿ ਟਿਕਟ ਮੰਗਣ ਤਾਂ ਉਨ੍ਹਾਂ ਨੂੰ ਇਨਕਾਰ ਕਰਨ ਦਾ ਮਤਲਬ ਆਪਣੇ ਭੇਦਾਂ ਦੀ ਖੇਹ ਉਡਾਉਣ ਦਾ ਰਿਸਕ ਲੈਣਾ ਹੁੰਦਾ ਹੈ। ਇਸ ਕਾਰਨ ਲੀਡਰਾਂ ਨਾਲ ਲੱਗੇ ਹੋਏ ਅਜਿਹੇ ਬੰਦਿਆਂ ਦੀ ਗਿਣਤੀ ਰਾਜ ਕਰਦੀ ਪਾਰਟੀ ਦੇ ਲੀਡਰਾਂ ਵੱਲ ਵੱਧ ਹੋ ਸਕਦੀ ਹੈ, ਪਰ ਵਿਰੋਧੀ ਧਿਰ ਵਿਚ ਬੈਠਦੇ ਆਗੂਆਂ ਦੇ ਨਾਲ ਵੀ ਅਜਿਹੇ ਲੋਕਾਂ ਦੀ ਛੋਟੀ ਗਿਣਤੀ ਨਹੀਂ ਹੁੰਦੀ।

ਜਿਹੜੇ ਲੋਕ ਪਹਿਲਾਂ ਕਿਸੇ ਨਾ ਕਿਸੇ ਰੁਤਬੇ ਉੱਤੇ ਜਾ ਚੁੱਕੇ ਹੁੰਦੇ ਹਨ ਅਤੇ ਫਿਰ ਉਹ ਰੁਤਬਾ ਬਚਾਉਣਾ ਜਾਂ ਹੋਰ ਵੱਡਾ ਰੁਤਬਾ ਹਾਸਲ ਕਰਨਾ ਚਾਹੁੰਦੇ ਹਨ, ਉਨ੍ਹਾਂ ਵਿਚੋਂ ਵੱਡੀ ਗਿਣਤੀ ਲੋਕ ਹਰ ਵਾਰ ਚੋਣਾਂ ਨੇੜੇ ਆਉਣ 'ਤੇ ਬੇਸ਼ਰਮ ਹੋਣ ਦੇ ਰਿਕਾਰਡ ਤੋੜਨ ਲੱਗਦੇ ਹਨ। ਅਸੀਂ ਜਦੋਂ ਪੰਜਾਬ ਦੇ ਮੌਜੂਦਾ ਵਿਧਾਨ ਸਭਾ ਮੈਂਬਰਾਂ ਦਾ ਪਿਛੋਕੜ ਫਰੋਲਣਾ ਸ਼ੁਰੂ ਕੀਤਾ ਤਾਂ ਪਤਾ ਲੱਗਾ ਕਿ ਇਨ੍ਹਾਂ ਵਿਚੋਂ ਦੋ ਦਰਜਨ ਤੋਂ ਵੱਧ ਆਪਣੇ ਬਾਪ-ਦਾਦੇ ਜਾਂ ਰਿਸ਼ਤੇ ਵਿਚ ਕਿਸੇ ਆਗੂ ਨਾਲ ਨੇੜਲੇ ਸਬੰਧਾਂ ਕਰਕੇ ਵਿਧਾਇਕ ਬਣੇ ਸਨ। ਕਰੀਬ ਸੱਤਵਾਂ ਹਿੱਸਾ ਉਹ ਲੋਕ ਇਸ ਵਿਧਾਨ ਸਭਾ ਦੇ ਮੈਂਬਰ ਹਨ, ਜਿਹੜੇ ਕਦੇ ਨਾ ਕਦੇ ਇੱਕ ਪਾਰਟੀ ਤੋਂ ਦੂਸਰੀ ਵੱਲ ਛੜੱਪੇ ਮਾਰ ਚੁੱਕੇ ਹਨ ਅਤੇ ਕੁਝ ਲੋਕ ਤਾਂ ਤੀਸਰੀ ਜਾਂ ਚੌਥੀ ਪਾਰਟੀ ਤਕ ਦੇ ਛੜੱਪੇ ਮਾਰਨ ਪਿੱਛੋਂ ਵੀ ਆਗੂ ਮੰਨੇ ਜਾਂਦੇ ਹਨ। ਅਜਿਹੇ ਲੋਕ ਮੌਜੂਦਾ ਵਿਧਾਨ ਸਭਾ ਵਿਚ ਹੀ ਨਹੀਂ ਹਨ, ਸਗੋਂ ਅਗਲੀ ਵਾਰ ਜਿਹੜੇ ਚੁਣ ਕੇ ਆਉਣੇ ਹਨ, ਉਹ ਵੀ ਵਧੇਰੇ ਏਦਾਂ ਦੇ ਹੀ ਹੋਣਗੇ।



ਕੁਝ ਹਫਤੇ ਪਹਿਲਾਂ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਮੰਤਰੀ ਇਹ ਕੁਰਸੀ ਛੱਡਣ ਲਈ ਮਜਬੂਰ ਹੋਇਆ ਤਾਂ ਉਹ ਆਪਣੀ ਪਾਰਟੀ ਵੀ ਛੱਡ ਗਿਆ। ਫਿਰ ਉਸ ਨੇ ਇੱਕ ਨਵੀਂ ਕਾਂਗਰਸ ਪਾਰਟੀ ਬਣਾਈ ਅਤੇ ਇਹ ਆਸ ਰੱਖੀ ਬੈਠਾ ਹੈ ਕਿ ਜਿਸ ਦਿਨ ਅਗਲੀਆਂ ਚੋਣਾਂ ਲਈ ਤਰੀਕਾਂ ਦਾ ਐਲਾਨ ਹੋਣਾ ਤੇ ਚੋਣ ਜ਼ਾਬਤਾ ਲਾਇਆ ਜਾਣਾ ਹੈ, ਉਸ ਦਿਨ ਦੂਸਰੀਆਂ ਪਾਰਟੀਆਂ ਵਿਚੋਂ ਤੇ ਖਾਸ ਕਰ ਕੇ ਕਾਂਗਰਸ ਵਿਚੋਂ ਕਈ ਮੌਜੂਦਾ ਵਿਧਾਇਕ ਤੇ ਸ਼ਾਇਦ ਕੁਝ ਮੰਤਰੀ ਵੀ ਉਸ ਨਾਲ ਆ ਜੁੜਨਗੇ। ਸਾਫ ਹੈ ਕਿ ਖੁਦ ਤਿੰਨ ਪਾਰਟੀਆਂ ਬਦਲ ਚੁੱਕਾ ਆਗੂ ਇਸ ਨਵੀਂ ਪਾਰਟੀ ਦਾ ਮੁੱਢ ਹੀ ਏਦਾਂ ਦੇ ਦਲ-ਬਦਲੂਆਂ ਨਾਲ ਬੰਨ੍ਹਣ ਦੀ ਤਾਕ ਵਿਚ ਹੈ, ਜਿਹੜੇ ਕਾਂਗਰਸ ਵੱਲੋਂ ਟਿਕਟ ਨਾ ਮਿਲਣ ਕਾਰਨ ਕਬੂਤਰ ਵਾਂਗ ਉਡਾਰੀ ਮਾਰ ਕੇ ਇਸ ਲੀਡਰ ਦੇ ਚੁਬਾਰੇ ਉੱਤੇ ਆ ਬੈਠਣਗੇ। ਆਮ ਆਦਮੀ ਪਾਰਟੀ ਇਹ ਕਹਿੰਦੀ ਹੈ ਕਿ ਕਾਂਗਰਸ ਦੇ 25 ਦੇ ਕਰੀਬ ਵਿਧਾਇਕ ਉਸ ਨਾਲ ਜੁੜਨ ਨੂੰ ਤਿਆਰ ਹਨ, ਪਰ ਉਹ ਅਜਿਹੇ ਦਲ-ਬਦਲੂਆਂ ਲਈ ਆਪਣੇ ਦਰਵਾਜ਼ੇ ਨਹੀਂ ਖੋਲ੍ਹਣਾ ਚਾਹੁੰਦੀ। ਇਹ ਗੱਲ ਹੋ ਵੀ ਸਕਦੀ ਹੈ ਅਤੇ ਹਵਾ ਬੰਨ੍ਹਣ ਲਈ ਯੱਕੜ ਮਾਰਿਆ ਵੀ ਹੋਵੇ ਤਾਂ ਹੈਰਾਨੀ ਵਾਲੀ ਕੋਈ ਗੱਲ ਨਹੀਂ। ਏਦਾਂ ਦਾ ਦਾਅਵਾ ਹੀ ਇਸ ਪਾਰਟੀ ਨੇ ਅਕਾਲੀ ਦਲ ਬਾਰੇ ਵੀ ਕੀਤਾ ਹੈ। ਅਕਾਲੀ ਆਗੂ ਵੀ ਅਜਿਹੀ ਗੱਲ ਕਈ ਵਾਰ ਕਹਿ ਚੁੱਕੇ ਹਨ ਕਿ ਕਾਂਗਰਸ ਹੀ ਨਹੀਂ, ਆਮ ਆਦਮੀ ਪਾਰਟੀ ਦੇ ਕਈ ਵਿਧਾਇਕ ਅਗਲੇ ਦਿਨਾਂ ਵਿਚ ਉਨ੍ਹਾਂ ਵੱਲ ਆ ਸਕਦੇ ਹਨ। ਜਦੋਂ ਆਇਆ ਤੇ ਜਿਹੜਾ ਕੋਈ ਵੀ ਉਨ੍ਹਾਂ ਕੋਲ ਆ ਗਿਆ, ਨਾ ਆਮ ਆਦਮੀ ਪਾਰਟੀ ਨੇ ਕਦੀ ਮੋੜਨ ਦੀ ਲੋੜ ਸਮਝੀ ਹੈ, ਨਾ ਅਕਾਲੀ ਦਲ ਨੇ ਮੋੜਨਾ ਹੈ ਅਤੇ ਨਾ ਉਸ ਕਾਂਗਰਸ ਪਾਰਟੀ ਨੇ, ਜਿਸ ਨੇ ਇਸੇ ਸਾਲ ਅੱਠ ਜਣੇ ਆਮ ਆਦਮੀ ਪਾਰਟੀ ਵਿਚੋਂ ਖਿੱਚ ਕੇ ਆਪਣੇ ਵਿਚ ਮਿਲਾਏ ਹਨ। ਇਨ੍ਹਾਂ ਵਿਚੋਂ ਤਿੰਨ ਜਣੇ ਕੈਪਟਨ ਅਮਰਿੰਦਰ ਸਿੰਘ ਦੇ ਕਹੇ ਉੱਤੇ ਏਧਰ ਆਏ ਸਨ ਤੇ ਉਸ ਵੱਲੋਂ ਪਾਰਟੀ ਛੱਡਣ ਪਿੱਛੋਂ ਕੋਈ ਕਦਰ ਨਾ ਪੈਂਦੀ ਵੇਖ ਕੇ ਅਸੈਂਬਲੀ ਮੈਂਬਰੀ ਤੋਂ ਹੀ ਅਸਤੀਫੇ ਦੇ ਗਏ ਹਨ। ਇੱਕ ਜਣਾ ਵਿਧਾਨ ਸਭਾ ਮੈਂਬਰੀ ਤੋਂ ਅਯੋਗ ਕਰਾਰ ਦਿੱਤੇ ਜਾਣ ਦੇ ਬਾਅਦ ਟਿਕਟ ਦੀ ਝਾਕ ਵਿਚ ਏਧਰ ਆਇਆ ਤੇ ਇੱਕ ਬੀਬੀ ਇਸ ਲਈ ਕਾਂਗਰਸ ਵਿਚ ਆਈ ਹੈ ਕਿ ਆਮ ਆਦਮੀ ਪਾਰਟੀ ਨੇ ਉਸ ਨੂੰ ਟਿਕਟ ਨਾ ਦੇਣ ਦਾ ਇਸ਼ਾਰਾ ਅਗੇਤਾ ਹੀ ਕਰ ਦਿੱਤਾ ਸੀ। ਇਸ ਤੋਂ ਕਾਂਗਰਸ ਵਾਲੇ ਇਹ ਸਮਝਦੇ ਹਨ ਕਿ ਉਨ੍ਹਾਂ ਵੱਲ ਲੋਕ ਆਈ ਜਾਂਦੇ ਹਨ, ਪਰ ਉਹ ਚੇਤਾ ਭੁਲਾ ਦੇਂਦੇ ਹਨ ਕਿ ਲੋਕ ਉਨ੍ਹਾਂ ਵੱਲ ਨਹੀਂ, ਸੱਤਾ ਵੱਲ ਆਏ ਹਨ, ਜਦੋਂ ਹਵਾ ਦਾ ਰੁਖ ਬਦਲ ਰਿਹਾ ਦਿਸੇਗਾ ਤਾਂ ਰਾਤੋ-ਰਾਤ ਕਿਸੇ ਹੋਰ ਪਾਸੇ ਜਾਣ ਵਿਚ ਵੀ ਪਲ ਨਹੀਂ ਲਾਉਣਗੇ। ਬਿਨਾਂ ਕਿਸੇ ਸਿਧਾਂਤ ਤੋਂ ਸੱਤਾ ਸੁਖ ਲਈ ਜਿਨ੍ਹਾਂ ਲੋਕਾਂ ਨੇ ਪਹਿਲਾਂ ਛੜੱਪੇ ਮਾਰਦਿਆਂ ਸ਼ਰਮ ਨਹੀਂ ਸੀ ਕੀਤੀ, ਅਗੋਂ ਵੀ ਕਦੇ ਨਹੀਂ ਕਰਨਗੇ।

ਅਕਾਲੀ ਦਲ ਨੇ ਪਿਛਲੇ ਦਿਨਾਂ ਵਿਚ ਅਜਿਹੇ ਕੁਝ ਲੋਕ ਨਾਲ ਮਿਲਾਏ ਹਨ, ਪਰ ਕਾਂਗਰਸੀਆਂ ਤੋਂ ਉਲਟ ਇਸ ਪਾਸੇ ਮੌਜੂਦਾ ਦੀ ਬਜਾਏ ਸਾਬਕਾ ਵਿਧਾਇਕਾਂ ਦੀ ਲਾਈਨ ਹੀ ਲੱਗਦੀ ਦਿਸੀ ਹੈ। ਉਨ੍ਹਾਂ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਵਾਰੀ 'ਅਭੀ ਨਹੀਂ ਤੋਂ ਕਭੀ ਨਹੀਂ' ਵਾਲੀ ਸੋਚ ਨਾਲ ਚੋਣਾਂ ਦੇ ਮੈਦਾਨ ਵਿਚ ਹੈ। ਉਸ ਦੇ ਸਾਹਮਣੇ ਵੱਡੀ ਚੁਣੌਤੀ ਹੈ ਕਿ ਜੇ ਇਸ ਵਾਰ ਆਪਣੀ ਪਾਰਟੀ ਨੂੰ ਰਾਜ-ਗੱਦੀਆਂ ਤਕ ਨਾ ਪਹੁੰਚਾ ਸਕਿਆ ਤਾਂ ਅਗਲੀ ਵਾਰ ਪਾਰਟੀ ਦੀ ਅਗਵਾਈ ਵੀ ਉਸ ਦੇ ਹੱਥੋਂ ਨਿਕਲ ਸਕਦੀ ਹੈ। ਪਿਛਲੀ ਵਾਰ ਦੀਆਂ ਚੋਣਾਂ ਵਿਚ ਪਾਰਟੀ ਦੀ ਸਿਰਫ ਹਾਰ ਨਹੀਂ ਸੀ ਹੋਈ, ਪਾਰਟੀ ਦੀ ਹੈਸੀਅਤ ਏਨੀ ਪਾਣੀਉਂ ਪਤਲੀ ਹੋ ਗਈ ਸੀ ਕਿ ਜਦੋਂ ਚੋਣਾਂ ਦਾ ਰਿਵੀਊ ਕਰਨ ਲਈ ਸੀਨੀਅਰ ਲੀਡਰ ਬੈਠੇ ਸਨ ਤਾਂ ਉਸ ਦੀ ਪ੍ਰਧਾਨਗੀ ਨੂੰ ਚੁਣੌਤੀ ਦੇ ਦਿੱਤੀ ਗਈ ਸੀ। ਉਸ ਵੇਲੇ ਕਈ ਵੱਡੇ ਲੀਡਰ ਸਿੱਧੇ ਉਸ ਦੇ ਨਾਲ ਖੜੋਤੇ ਸਨ ਜਾਂ ਉਸ ਦੇ ਪਿਤਾ ਦੀ ਸ਼ਰਮ ਕਾਰਨ ਨਾਲ ਖੜੋਤੇ ਸਨ, ਪਰ ਉਸ ਵੇਲੇ ਉਹ ਚੁਣੌਤੀ ਟਲ ਗਈ ਸੀ, ਇਹੋ ਜਿਹੀ ਹਾਰ ਜੇ ਐਤਕੀਂ ਵੀ ਹੋ ਗਈ ਤਾਂ ਚੁਣੌਤੀ ਦੇਣ ਵਾਲਿਆਂ ਦੀ ਗਿਣਤੀ ਤੇ ਦਬਾਅ ਦੋਵੇਂ ਵਧਣ ਦਾ ਡਰ ਹੈ। ਆਮ ਆਦਮੀ ਪਾਰਟੀ ਜਦੋਂ ਪਿਛਲੀ ਵਾਰੀ ਜਿੱਤ ਦੀ ਵੱਡੀ ਆਸ ਲਾਈ ਬੈਠੀ ਸੀ ਤੇ ਸੌ ਸੀਟਾਂ ਜਿੱਤਣ ਦੇ ਦਾਅਵੇ ਕਰਦੀ ਮਸਾਂ ਵੀਹ ਕੁ ਸੀਟਾਂ ਉੱਤੇ ਸਿਮਟ ਗਈ ਸੀ, ਉਸ ਦੇ ਬਾਅਦ ਉਸ ਦੇ ਆਗੂ ਮੰਨਦੇ ਸਨ ਕਿ ਅਸੀਂ 'ਜਿੱਤੀ ਹੋਈ ਚੋਣ ਕਿੱਦਾਂ ਹਾਰੀਏ' ਵਾਲੀ ਕਿਤਾਬ ਲਿਖ ਸਕਦੇ ਹਾਂ। ਪਿਛਲੇ ਦਿਨੀਂ ਉਨ੍ਹਾਂ ਦੇ ਆਗੂਆਂ ਨਾਲ ਮਿਲਣ ਦਾ ਸਬੱਬ ਬਣਿਆ ਤਾਂ ਅਸੀਂ ਹਾਸੇ ਵਿਚ ਕਿਹਾ ਸੀ ਕਿ ਜਿਹੜੀ ਕਿਤਾਬ ਤੁਸੀਂ ਪਿਛਲੀ ਵਾਰੀ ਲਿਖ ਸਕਦੇ ਸੀ, ਪਰ ਉਦੋਂ ਲਿਖੀ ਨਹੀਂ ਸੀ, ਜੇ ਤੁਹਾਡੀ ਨੀਤੀ ਦਾ ਚੱਕਾ ਏਦਾਂ ਹੀ ਚੱਲਦਾ ਰਿਹਾ ਤਾਂ ਤੁਸੀਂ ਉਸੇ ਕਿਤਾਬ ਦੀ ਦੂਸਰੀ ਐਡੀਸ਼ਨ ਵੀ ਨਾਲ ਹੀ ਲਿਖਣ ਜੋਗੇ ਹੋ ਜਾਓਗੇ। ਇੱਕ ਪਾਰਟੀ ਦਾ ਜ਼ਿਕਰ ਅਸੀਂ ਇਸ ਲਿਖਤ ਵਿਚ ਨਹੀਂ ਕੀਤਾ ਅਤੇ ਦੇਸ਼ ਉੱਤੇ ਰਾਜ ਕਰਦੀ ਉਸ ਪਾਰਟੀ ਬਾਰੇ ਜ਼ਿਕਰ ਇਸ ਲਈ ਨਹੀਂ ਕੀਤਾ ਕਿ ਉਹ ਕਿਸੇ ਵੱਡੀ ਤਾਕ ਵਿਚ ਅਜੇ ਪੱਤੇ ਨਹੀਂ ਖੋਲ੍ਹ ਰਹੀ। ਅਗਲੇ ਦਿਨੀਂ ਜਿਹੜੇ ਦਾਅ ਵਰਤਣ ਦੇ ਸੰਕੇਤ ਉਸ ਵੱਲੋਂ ਮਿਲ ਰਹੇ ਹਨ, ਉਨ੍ਹਾਂ ਬਾਰੇ ਅਗੇਤਾ ਕੁਝ ਕਹਿਣਾ ਔਖਾ ਹੈ। ਉਨ੍ਹਾਂ ਦੇ ਇਹ ਸੰਕੇਤ ਵੇਖਣੇ ਸ਼ੁਰੂ ਕਰੀਏ ਤਾਂ ਵਿਧਾਨ ਸਭਾ ਚੋਣਾਂ ਦੀ ਇਸ ਵਕਤ ਚੱਲਦੀ ਸਾਰੀ ਮੁਹਿੰਮ ਦਾ ਰੁਖ਼ ਹੀ ਪਲਟ ਸਕਦਾ ਹੈ। ਉਹ ਸੰਕੇਤ ਅਸਲੋਂ ਚੁੱਪ-ਚੁਪੀਤੇ ਦਾਅ ਖੇਡਣ ਵਾਲੇ ਸੁਣੇ ਜਾਂਦੇ ਹਨ। ਪੰਜਾਬ ਦੀ ਰਾਜਨੀਤੀ ਲਈ ਇਹੀ ਦਾਅ ਹੋਰ ਸਾਰੇ ਪੱਖਾਂ ਉੱਤੇ ਭਾਰੂ ਹੋਣ ਦਾ ਯਤਨ ਬਣ ਸਕਦਾ ਹੈ, ਏਨਾ ਭਾਰੂ ਕਿ ਕਈ ਧਨੰਤਰ ਵੀ ਚੱਕਰ ਵਿਚ ਪੈ ਸਕਦੇ ਹਨ।

# ਖੁੰਝਿਆ ਵੇਲਾ ਮੁੜ ਹੱਥ ਨਾ ਆਇਆ



ਡਾ. ਉਪਿੰਦਰ ਸਿੰਘ ਲਾਂਬਾ
ਫੋਨ: 97800-36136

ਸਾਲ 2019 ਦੀਆਂ ਗਰਮੀਆਂ ਦੀ ਗੱਲ ਹੈ। ਮੇਰੇ ਬਚਪਨ ਦਾ ਲੰਗੋਟੀਆ ਯਾਰ ਫੁੱਮਣ ਸਿੰਘ ਜੋ ਦੱਸਵੀਂ ਤੱਕ ਮੇਰਾ ਜਮਾਤੀ ਰਿਹਾ ਸੀ, ਆਪਣੇ ਬੇਟੇ ਨੂੰ ਆਈਲੈਟਸ ਕਰਾਉਣ ਲਈ ਮੇਰੇ ਕੋਲ ਲੈ ਕੇ ਮੋਹਾਲੀ ਆਇਆ। ਮੈਂ ਉਸ ਨੂੰ ਸਬੱਬੀ ਪੁੱਛਿਆ, 'ਫੁੱਮਣਾ, ਜੇ ਮੈਂ ਗਲਤ ਨਹੀਂ ਤਾਂ ਤੇਰਾ ਮੁੰਡਾ ਇੰਜੀਨੀਅਰਿੰਗ ਨਹੀਂ ਸੀ ਕਰਦਾ ਹੁੰਦਾ?' ਉਹ ਕਹਿਣ ਲੱਗਾ, 'ਮੇਰੀ ਤਾਂ ਕਿਸਮਤ ਈ ਮਾੜੀ ਆ, ਬੜਾ ਔਖਾ ਦਾਖ਼ਲਾ ਦਿਵਾਇਆ ਸੀ ਇਹਨੂੰ ਇੰਜੀਨੀਅਰਿੰਗ 'ਚ ਲੋਕਾਂ ਦੇ ਤਰਲੇ-ਮਿੰਨਤਾਂ ਕਰਕੇ, ਪਰ ਪਤੰਦਰ ਨੇ ਹੁਣ ਪੜ੍ਹਾਈ ਵਿਚਾਲੇ ਛੱਡ ਕੇ ਕੈਨੇਡਾ ਜਾਣ ਦੀ ਜਿੱਦ ਫੜੀ ਹੋਈ ਐ।' ਬਥੇਰਾ ਸਮਝਾਇਐ ਇਹਨੂੰ ਇਹਦੇ ਫੁੱਫੜ ਨੇ, ਜੋ ਬਿਜਲੀ ਬੋਰਡ 'ਚ ਐਕਸੀਅਨ ਲੱਗੈ। ਆਪਾਂ ਤਾਂ ਮਹਾਤੜ ਹੀ ਆਂ ਬਾਈ, ਕੋਈ ਬਾਹਲੀ ਸਮਝ-ਸੁਮਝ ਹੈ ਨਹੀਂ ਅੱਜ ਦੀਆਂ ਪੜ੍ਹਾਈਆਂ ਦੀ, ਪਿੰਡ ਵਿਚ ਆਪਣੇ ਹਿੱਸੇ ਆਈ ਮਾੜੀ-ਮੋਟੀ ਜ਼ਮੀਨ 'ਤੇ ਗੁਜ਼ਾਰੇ ਜੋਗੀ ਖੇਤੀਬਾੜੀ ਕਰੀ ਜਾਨੇ ਆਂ। ਵਾਹਿਗੁਰੂ ਦਾ ਸ਼ੁਕਰ ਆ, ਪਿਛਲੇ ਸਾਲ ਚੰਗਾ ਸਾਕ ਤੇ ਘਰ-ਬਾਰ ਮਿਲਦਿਆਂ ਈ ਕੁੜੀ ਦਾ ਵਿਆਹ ਕਰ ਦਿੱਤਾ ਸੀ। ਜਵਾਈ ਆਪਣਾ ਸ਼ਹਿਰ ਲਾਗੇ ਮਾਸਟਰ ਹੈ ਤੇ ਕੁੜੀ ਵੀ ਸ਼ਹਿਰ ਦੇ ਸਰਕਾਰੀ ਸਕੂਲ 'ਚ ਹੀ ਪੜ੍ਹਾਉਂਦੀ ਹੈ। ਬਸ ਹੁਣ ਤਾਂ ਮੈਨੂੰ ਇਹਦਾ ਹੀ ਫਿਕਰ ਖਾਈ ਜਾਂਦੈ, ਕੁਝ ਬਣ ਜਾਏ ਇਹਦਾ। ਪਿੰਡ ਰਹਿਣੈ ਇਹਦੀ ਮਰਜ਼ੀ, ਆਪਣਾ ਮਕਾਨ, ਗੁਜ਼ਾਰੇ ਜੋਗੀ ਜ਼ਮੀਨ ਤੇ ਮਿਹਨਤ-ਮੁਸ਼ੱਕਤ ਕਰ ਕੇ ਜੋੜੇ ਚਾਰ ਪੈਸੇ ਵੀ ਨੇ। ਠੰਡਾ ਹਉਕਾ ਭਰਦਿਆਂ ਉਹ ਕਹਿਣ ਲੱਗਾ, 'ਲਾ ਦਿਆਂਗੇ ਇਹਦੇ 'ਤੇ। ਜੇ ਇਹਨੇ ਕਨੇਡੇ ਜਾਣੈ, ਜਾਵੇ। ਜੋ ਕੁਝ ਸਾਡੈ ਉਹ ਜਿਉਂਦਿਆਂ ਵੀ ਇਹਦੈ ਤੇ ਮੋਇਆਂ ਵੀ ਇਹਨੇ ਹੀ ਸਾਂਭਣੈ।' ਖੈਰ, ਫੁੱਮਣ ਦੀਆਂ ਗੱਲਾਂ ਸੁਣ ਕੇ ਮੈਨੂੰ ਇੰਝ ਜਾਪਿਆ ਕਿ ਉਹ ਪੁੱਤਰ ਮੋਹ 'ਚ ਬੇਵੱਸ ਹੋਇਆ ਚਿਰਾਂ ਤੋਂ ਸਾਂਭੀ ਬੈਠਾ ਗੁਬਾਰ ਮੇਰੇ ਮੂਹਰੇ ਕੱਢ ਰਿਹਾ ਹੋਵੇ। ਹੌਂਸਲਾ ਦਿੰਦਿਆਂ ਮੈਂ ਕਿਹਾ, 'ਹਿੰਮਤ ਰੱਖ ਫੁੱਮਣ ਸਿਆਂ, ਦਿਨ ਬਦਲਦਿਆਂ ਦੇਰ ਨਹੀਂ ਲਗਦੀ। ਉਹਦੇ ਘਰੇ ਦੇਰ ਐ ਅੰਧੇਰ ਨਹੀਂ। ਬਾਈ ਤੂੰ ਤਾਂ ਸੱਚਾ-ਸੁੱਚਾ ਦਰਵੇਸ਼ ਇਨਸਾਨ ਐਂ। ਮਾਲਕ ਤੇਰੇ ਨਾਲ ਕਿਉਂ ਮਾੜੀ ਕਰੂ। ਰੱਬ ਦੇ ਰੰਗ ਤਾਂ ਉਹੀ ਜਾਣਦੈ।' ਗੱਲਾਂ ਮਾਰਦਿਆਂ ਸਮੇਂ ਦਾ ਪਤਾ ਨਾ ਲੱਗਾ ਤੇ ਮੈਂ ਘਰਵਾਲੀ ਨੂੰ ਰੋਟੀ ਮੇਜ਼ 'ਤੇ ਲਾਉਣ ਲਈ ਆਖਿਆ। ਮੈਂ, ਫੁੱਮਣ ਤੇ ਉਹਦਾ ਮੁੰਡਾ ਦਲਜੀਤ ਜਿਸ ਨੂੰ ਅਸੀਂ ਮੋਹ ਨਾਲ ਜੀਤੀ ਸੱਦਦੇ ਸਾਂ, ਰੋਟੀ ਖਾਣ ਲਈ ਬਹਿ ਗਏ। ਮੈਂ ਜੀਤੀ ਨੂੰ ਸਮਝਾਇਆ, 'ਪੁੱਤ ਜੇ ਮੇਰੀ ਮੰਨੇ ਤੂੰ ਆਪਣੀ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਪੂਰੀ ਕਰ ਲੈ। ਸਿਵਲ ਦੀਆਂ ਅਸਾਮੀਆਂ ਬਥੇਰੀਆਂ ਹੋਣ ਕਰਕੇ ਤੇਰਾ ਵੀ ਸਰਕਾਰੀ ਨੌਕਰੀ ਦਾ ਦਾਅ ਲੱਗ ਸਕਦੈ।' ਪਰ ਉਹਨੇ ਮੇਰੀ ਗੱਲ 'ਤੇ ਬਿਨਾ ਕੰਨ ਧਰਦਿਆਂ ਕੋਈ ਹੂੰ-ਹਾਂ ਨਾ ਕੀਤੀ ਤੇ ਇਹੀ ਕਹੀ ਜਾਵੇ, 'ਅੰਕਲ! ਮੈਂ ਕੈਨੇਡਾ ਜਾਣ ਦਾ ਪੱਕਾ ਮਨ ਬਣਾ ਲਿਐ। ਹੁਣ ਤਾਂ ਉਥੇ ਈ ਜਾ ਕੇ ਪੜ੍ਹਾਈ ਕਰਾਂਗਾ।' ਮੈਂ ਹਾਸੇ 'ਚ ਕਿਹਾ, 'ਫੁੱਮਣਾ, ਹੁਣ ਤਾਂ ਇਹ ਆਪਣੀ ਮਾਂ ਦਾ ਫੁੱਮਣ ਇੱਥੇ ਨਹੀਂ ਟਿਕਣ ਆਲਾ, ਜਾਣ ਦੇ ਇਹਨੂੰ, ਭੋਰਾ ਨਾ ਰੋਕੀਂ, ਖਬਰੇ ਇਹਦੀ ਕਿਸਮਤ 'ਚ ਕੀ ਲਿਖਿਐ।' ਮੈਨੂੰ ਵਿਚਾਲੇ ਟੋਕਦਿਆਂ ਜੀਤੀ ਬੋਲਿਆ, 'ਅੰਕਲ ਜੀ, ਤੁਸੀਂ ਤਾਂ ਵੱਡੇ ਸਰਕਾਰੀ ਅਫਸਰ ਹੋ, ਜੇਕਰ ਮੈਂ ਤੁਹਾਡੀ ਗੱਲ ਮੰਨ ਵੀ ਲਵਾਂ ਇਹ ਕੀ ਗਰੰਟੀ ਆ ਕਿ ਮੈਨੂੰ ਇੱਥੇ ਨੌਕਰੀ ਮਿਲ ਹੀ ਜਾਊ। ਉਹ ਅੱਗੋਂ ਬਾ-ਕਮਾਲ ਤਰਕ ਦਿੰਦਿਆਂ ਕਹਿਣ ਲੱਗਾ, 'ਮੇਰੇ ਕਾਲਜ ਦੇ ਕਈ ਸੀਨੀਅਰ ਸਾਥੀ ਠੇਕੇਦਾਰਾਂ ਕੋਲ ਹੁਣ ਤੱਕ ਸੱਤ-ਅੱਠ ਹਜ਼ਾਰ ਰੁਪਏ ਮਹੀਨੇ 'ਤੇ ਲੱਗੇ ਹੋਏ ਨੇ। ਉਨ੍ਹਾਂ ਨੂੰ ਤਾਂ ਬਾਰ-ਐਤਵਾਰ ਅਤੇ ਦਿਨ-ਤਿਉਹਾਰ ਦੀ ਵੀ ਕੋਈ ਛੁੱਟੀ ਨਹੀਂ ਹੁੰਦੀ। ਕੋਹਲੂ ਦੇ ਬੈਲ ਵਾਂਗਰਾਂ ਦਿਨ-ਰਾਤ ਕੰਮ 'ਚ ਲੱਗੇ ਹੋਏ ਨੇ ਪਾਪੀ ਪੇਟ ਖਾਤਰ। ਉਨਾਂ ਨੂੰ ਤਾਂ 5-7 ਸਾਲ ਦਾ ਤਜੁਰਬਾ ਹੋਣ 'ਤੇ ਵੀ ਹੁਣ ਤੱਕ ਸਰਕਾਰੀ ਨੌਕਰੀ ਨਹੀਂ ਮਿਲੀ। ਦੱਸੋ, ਮੈਨੂੰ ਕੀਹਨੇ ਨੌਕਰੀ ਦੇ ਦੇਣੀ ਐ? ਆਪਣੇ ਕੋਲ ਤਾਂ ਨਾ ਕੋਈ ਤਜੁਰਬਾ ਤੇ ਨਾ ਹੀ ਕੋਈ ਸਿਫਾਰਿਸ਼ ਜਾਂ ਰਿਸ਼ਵਤ ਦੇਣ ਜੋਗੇ ਪੈਸੇ। ਮੈਂ ਉਸ ਨੂੰ ਢਾਰਸ ਦਿੰਦਿਆਂ ਕਿਹਾ, 'ਕਾਕਾ, ਤੂੰ ਕੋਸ਼ਿਸ਼ ਕਰ ਕੇ ਤਾਂ ਵੇਖ, ਹੁਣ ਤਾਂ ਨਿਰੋਲ ਮੈਰਿਟ 'ਤੇ ਹੀ ਨੌਕਰੀ ਮਿਲਦੀ ਹੈ, ਲੋਕ ਤਾਂ ਐਵੇਂ ਈ ਸਰਕਾਰਾਂ ਦੀ ਬਦਖੋਈ ਕਰੀ ਜਾਂਦੇ ਨੇ।' ਰਾਤ ਚੋਖੀ ਹੋ ਗਈ ਸੀ ਤੇ ਅਸੀਂ ਆਪੋ-ਆਪਣੇ ਕਮਰਿਆਂ 'ਚ ਅਰਾਮ ਕਰਨ ਲਈ ਚਲੇ ਗਏ। ਸਵੇਰੇ ਨਾਸ਼ਤੇ ਮਗਰੋਂ ਮੈਂ, ਫੁੱਮਣ ਤੇ ਜੀਤੀ ਮੋਹਾਲੀ ਦੇ ਇਕ ਆਈਲੈਟਸ ਸੈਂਟਰ 'ਤੇ ਜਾ ਕੇ ਕੋਚਿੰਗ ਲਈ 30 ਹਜ਼ਾਰ ਰੁਪਏ ਜਮਾਂ ਕਰਾ ਕੇ ਵਾਪਿਸ ਪਰਤ ਆਏ। ਮੇਰੇ ਬਥੇਰਾ ਕਹਿਣ 'ਤੇ ਕਿ ਮਹੀਨੇ ਦੀ ਤਾਂ ਸਾਰੀ ਗੱਲ ਹੈ, ਜੀਤੀ ਮੇਰੇ ਕੋਲ ਹੀ ਰਹਿ ਕੇ ਆਈਲੈਟਸ ਦੀ ਤਿਆਰੀ ਕਰ ਲਏਗਾ। ਪਰ ਖ਼ੁਦਾਰ ਸੁਭਾਅ ਦਾ ਮਾਲਕ ਹੋਣ ਕਰਕੇ ਫੁੱਮਣ ਨਾ ਮੰਨਿਆ ਤੇ ਉਸ ਨੇ ਜੀਤੀ ਨੂੰ ਸੈਂਟਰ ਦੇ ਨੇੜੇ ਹੀ 20 ਹਜ਼ਾਰ ਮਹੀਨੇ 'ਤੇ ਪੀ.ਜੀ. ਲੈ ਦਿੱਤਾ। ਖੈਰ, ਜੀਤੀ ਨੇ ਆਪਣੀ ਧੁਨ ਦਾ ਪੱਕਾ ਹੋਣ 'ਤੇ ਕਰੜੀ ਮਿਹਨਤ ਸਦਕਾ ਸਾਢੇ ਸੱਤ ਬੈਂਡ ਲੈ ਲਏ ਜਿਸ ਨਾਲ ਹੁਣ ਉਸ ਦੀ ਕੈਨੇਡਾ ਜਾਣ ਦੀ ਨੀਂਹ ਬੱਝ ਗਈ ਸੀ।

ਅਗਲੇ ਹਫ਼ਤੇ ਫੁੱਮਣ ਨੇ ਇਮੀਗ੍ਰੇਸ਼ਨ ਏਜੰਟ ਕੋਲ ਬਣਦੀ ਰਾਸ਼ੀ ਜਮਾਂ ਕਰਵਾ ਕੇ ਵੀਜ਼ੇ ਲਈ ਪੜ੍ਹਾਈ ਦੇ ਆਧਾਰ 'ਤੇ ਕੈਨੇਡਾ ਜਾਣ ਲਈ ਫਾਈਲ ਵੀ ਲਾ ਦਿੱਤੀ। ਮਹੀਨੇ 'ਚ ਵੀਜ਼ਾ ਆ ਗਿਆ ਤੇ ਜੀਤੀ ਆਪਣੇ ਪਿਓ ਦਾ 15 ਲੱਖ ਰੁਪੱਈਆ ਲੁਆ ਕੇ ਪੜ੍ਹਾਈ ਕਰਨ ਲਈ ਕੈਨੇਡਾ ਤੁਰ ਗਿਆ। ਉਥੇ ਵੀ ਉਹਨੇ ਸਿਵਲ ਇੰਜੀਨੀਅਰਿੰਗ ਦਾ ਹੀ ਐਡਵਾਂਸਡ ਡਿਪਲੋਮਾ ਕੀਤਾ ਤੇ ਨਾਲ ਹੀ ਪੀਜ਼ਾ ਡਲਿਵਰੀ ਦਾ ਕੰਮ ਕਰਕੇ ਆਪਣੇ ਰਹਿਣ-ਸਹਿਣ ਦਾ ਖਰਚਾ ਕੱਢਦਾ ਰਿਹਾ। ਕਦੇ-ਕਦਾਈਂ ਫੁੱਮਣ ਆਪਣੀ ਘਰਵਾਲੀ ਨੂੰ ਪੀ.ਜੀ.ਆਈ. 'ਚ ਇਲਾਜ ਲਈ ਲਿਆਉਂਦਾ ਤਾਂ ਮੈਨੂੰ ਮਿਲ ਕੇ ਆਪਣਾ ਦਿਲ ਹੌਲਾ ਕਰ ਜਾਂਦਾ। ਇਕ ਦਿਨ ਉਹ ਮੈਨੂੰ ਉਚੇਚਾ ਮਿਲਣ ਆਇਆ ਤੇ ਕਹਿਣ ਲੱਗਾ, 'ਬਸ ਜੀਤੀ ਦੀ ਅਗਲੇ ਮਹੀਨੇ ਕਨਵੋਕੇਸ਼ਨ ਐ। ਉਹਨੂੰ ਡਿਗਰੀ ਮਿਲ ਜਾਣੀ ਐ। ਮੈਂ ਸੋਚਦਾਂ ਪੈਸਾ ਤਾਂ ਹੱਥਾਂ ਦੀ ਮੈਲ ਐ। ਮਸਾਂ ਡੇਢ ਕੁ ਲੱਖ ਦੀ ਆਉਣ-ਜਾਣ ਦੀ ਟਿਕਟ ਦੀ ਹੀ ਗੱਲ ਐ, ਪਾਸਪੋਰਟ ਤੇ ਮੇਰਾ ਬਣਿਆ ਈ ਐ। ਜੇ ਵੀਜ਼ਾ ਲੱਗ'ਜੇ ਤਾਂ ਮੈਂ ਗੇੜਾ ਕੱਢ ਆਵਾਂ। ਬਾਪ ਦੀ ਹਾਜ਼ਰੀ ਨਾਲ ਬੱਚੇ ਦੀ ਹੌਂਸਲਾ ਅਫਜ਼ਾਈ ਹੋ ਜਾਂਦੀ ਐ। ਕੀ ਖਿਆਲ ਐ ਤੇਰਾ?' ਮੈਂ ਕਿਹਾ, 'ਪਾਂਧਾ ਨਾ ਪੁੱਛ ਆਪਾਂ ਸਵੇਰੇ ਈ ਤੇਰਾ ਵੀਜ਼ੇ ਲਈ ਅਰਜ਼ੀ ਲਾ ਦਿੰਦੇ ਆਂ, ਬਸ ਜੀਤੀ ਤੋਂ ਯੂਨੀਵਰਸਿਟੀ ਵੱਲੋਂ ਕਨਵੋਕੇਸ਼ਨ ਦਾ ਸੱਦਾ ਪੱਤਰ ਈਮੇਲ 'ਤੇ ਮੰਗਵਾ ਲੈ।'

ਕੈਨੇਡਾ ਤੇ ਇੱਥੋਂ ਦਾ ਰਾਤ-ਦਿਨ ਦਾ ਫਰਕ ਹੋਣ ਕਰਕੇ ਜੀਤੀ ਨੇ ਸਾਨੂੰ ਤੜਕਸਾਰ ਈ-ਮੇਲ 'ਤੇ ਆਪਣੇ ਪਿਤਾ ਜੀ ਦੇ ਨਾਂ ਪੱਤਰ ਭੇਜ ਦਿੱਤਾ। ਅਸੀਂ ਸਵੇਰੇ ਕੈਨੇਡਾ ਦੇ ਇਮੀਗ੍ਰੇਸ਼ਨ ਆਫਿਸ ਪੁੱਜ ਕੇ ਫਾਈਲ ਜਮਾਂ ਕਰਾ ਦਿੱਤੀ। ਉਨ੍ਹਾਂ ਨੇ ਵੀਜ਼ੇ ਲਈ 15 ਦਿਨ ਦਾ ਸਮਾਂ ਦਿੱਤਾ। ਮੈਂ ਦਿਲੋ-ਦਿਲ ਸੋਚੀ ਜਾ ਰਿਹਾ ਸੀ ਕਿ ਘੱਟ ਪੜ੍ਹਾਈ ਕਰਨ ਦੇ ਬਾਵਜੂਦ ਕਿੰਨਾ ਸਿਆਣਾ ਤੇ ਸੂਝਵਾਨ ਹੈ ਮੇਰਾ ਜਿਗਰੀ ਦੋਸਤ ਫੁੱਮਣ, ਜਿਸ ਨੇ ਘੱਟ ਵਸੀਲੇ ਹੁੰਦਿਆਂ ਵੀ ਆਪਣੇ ਪੁੱਤ ਦੀ ਕਨਵੋਕੇਸ਼ਨ 'ਤੇ ਜਾਣ ਦਾ ਫੌਰੀ ਤੇ ਆਜ਼ਾਦ ਫੈਸਲਾ ਲਿਆ। ਦੂਜੇ ਪਾਸੇ ਮੈਂ ਆਪਣੇ ਆਪ ਨੂੰ ਕੋਸ ਰਿਹਾ ਸੀ ਕਿ 99 ਦੇ ਗੇੜ 'ਚ ਆਪਣੀ ਨੌਕਰੀ ਦੇ ਵਾਧੂ ਕੰਮ-ਕਾਜ ਦਾ ਬੇਲੋੜਾ ਬਹਾਨਾ ਲਾ ਕੇ ਆਪਣੇ ਪੁੱਤਰ ਦੀ ਸਾਲ 2016 'ਚ ਕੈਨੇਡਾ ਵਿਖੇ ਆਟੋ-ਮੋਬਾਈਲ ਇੰਜੀਨੀਅਰਿੰਗ ਦੀ ਮਾਸਟਰ ਡਿਗਰੀ ਲਈ ਕਾਨਵੋਕੇਸ਼ਨ ਵਿਚ ਸ਼ਾਮਿਲ ਹੋਣ ਤੋਂ ਖੁੰਝ ਗਿਆ ਸਾਂ। ਮੈਂ ਤਾਂ ਆਪਣੇ ਯਾਰਾਂ ਮਿੱਤਰਾਂ ਤੇ ਸਨੇਹੀਆਂ ਵੱਲੋਂ ਲੱਖ ਸਮਝਾਉਣ ਦੇ ਬਾਵਜੂਦ ਵੀ ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਜਾਣ ਤੋਂ ਟਾਲਾ ਵੱਟ ਗਿਆ ਸੀ ਜਿਸ ਦਾ ਉਲ੍ਹਾਮਾ ਮੇਰਾ ਪੁੱਤਰ ਗਾਹੇ-ਬਗਾਹੇ ਹੁਣ ਵੀ ਗੱਲਾਂ-ਗੱਲਾਂ 'ਚ ਦੇ ਦਿੰਦਾ ਹੈ। ਪਛਤਾਵੇ ਦੀ ਏਸ ਤੜਪ ਨੂੰ ਮੈਂ ਅਜੇ ਤੱਕ ਮਾਨਸਿਕ ਤੌਰ 'ਤੇ ਹੰਢਾ ਰਿਹਾ ਹਾਂ, ਪਰ ਉਹ ਖੁੰਝਿਆ ਵੇਲਾ ਹੁਣ ਮੁੜ ਕਦੀ ਹੱਥ ਨਹੀਂ ਆਉਣਾ। ਸਿਆਣੇ ਕਹਿੰਦੇ ਨੇ 'ਜਿੱਥੇ ਚਾਹ, ਉਥੇ ਰਾਹ' ਦੇ ਪਰਥਾਏ ਫੁੱਮਣ ਸਿੰਘ ਦਾ ਵੀਜ਼ਾ 10 ਦਿਨਾਂ ਵਿਚ ਹੀ ਲੱਗ ਕੇ ਆ ਗਿਆ ਤੇ ਉਹ ਆਪਣੇ ਜਿਗਰ ਦੇ ਟੁਕੜੇ ਜੀਤੀ ਦੀ ਕਨਵੋਕੇਸ਼ਨ ਲਈ ਕੈਨੇਡਾ ਚਾਈਂ-ਚਾਈਂ ਚਲਾ ਗਿਆ। ਮੇਰੀ ਸਲਾਮ ਐ ਫੁੱਮਣ ਸਿਓਂ ਤੈਨੂੰ ਤੇਰੀ ਅਗਾਊਂ ਸੋਚ 'ਤੇ, ਤੂੰ ਵਾਕਿਆ ਹੀ ਪੜ੍ਹਿਆ ਨਹੀਂ ਗੁੜ੍ਹਿਐਂ ਜੋ ਮੈਥੋਂ ਸਲਾਹ ਲੈ ਕੇ ਮੈਨੂੰ ਹੀ ਜ਼ਿੰਦਗੀ ਦਾ ਅਭੁੱਲ ਸਬਕ ਦੇ ਗਿਆ।

# ਪਿੰਡ ਮੋਰਾਂਵਲੀ ਦਾ ਮਹੱਤਵ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਜ਼ਿਲ੍ਹਾ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ ਵਿਚ ਪੈਂਦੇ ਮੋਰਾਂਵਾਲੀ ਨਾਂ ਦੇ ਪਿੰਡ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਨਕੇ ਸਨ। ਅੱਜ ਦੇ ਦਿਨ ਇਸ ਦੀ ਵਸੋਂ ਸਾਢੇ ਤਿੰਨ ਹਜ਼ਾਰ ਤੋਂ ਵੱਧ ਹੈ ਤੇ ਰਕਬਾ 5000 ਏਕੜ। ਇਸ ਪਿੰਡ ਦੀਆਂ ਕਈ ਪੱਤੀਆਂ ਹਨ, ਜਿਨ੍ਹਾਂ ਦੇ ਨਾਂ ਛੋਟਾ ਦਰਵਾਜ਼ਾ, ਵੱਡਾ ਦਰਵਾਜ਼ਾ, ਲਾਭੇ ਕੀ, ਭਾਰੇ ਕੀ ਤੇ ਪੱਤੀ ਹੇਅਰਾਂ ਹਨ। ਭਗਤ ਸਿੰਘ ਦਾ ਨਾਨਕਾ ਪਰਿਵਾਰ ਲੋਕ ਲਹਿਰਾਂ, ਧਾਰਮਿਕ ਤੇ ਸਮਾਜਿਕ ਲਹਿਰਾਂ ਦੀ ਟਕਸਾਲ ਰਿਹਾ ਹੋਣ ਕਾਰਨ ਇਸ ਨੂੰ ਸਿੱਖਾਂ ਦਾ ਪਿੰਡ ਕਿਹਾ ਜਾਂਦਾ ਸੀ, ਜਿਹੜਾ ਪਿੱਛੋਂ ਜਾ ਕੇ ਭਗਤ ਸਿੰਘ ਦੇ ਪਿੰਡ ਵਜੋਂ ਵੀ ਜਾਣਿਆ ਜਾਣ ਲੱਗਿਆ। ਇਸ ਪਿੰਡ ਦੇ ਬਾਲਮੀਕ, ਝੀਊਰ, ਘੁਮਿਆਰ, ਲੁਹਾਰ, ਤਰਖਾਣ, ਚੋਭੇ ਤੇ ਚੌਕੀਦਾਰ ਸਿੱਖੀ ਮਾਣ-ਮਰਿਆਦਾਂ ਨੂੰ ਪਨਾਏ ਹੋਏ ਹਨ। ਇੱਥੋਂ ਦੇ ਬਾਬਿਆਂ ਭਗਤੂ, ਜਗਤੂ ਤੇ ਸ਼ਰਤੂ ਸਮੇਤ ਸਭਨਾਂ ਦੇ ਆਪੋ-ਆਪਣੇ ਧਾਰਮਿਕ ਅਸਥਾਨ ਹਨ ਪ ਜਾਮਣ ਵਾਲਾ ਗੁਰਦੁਆਰਾ ਸਾਹਿਬ ਏਸ ਲਈ ਉੱਤਮ ਮੰਨਿਆ ਜਾਂਦਾ ਹੈ ਕਿਉਂਕਿ ਨਿੱਕੀ ਉਮਰੇ ਸ਼ਹੀਦ ਭਗਤ ਸਿੰਘ ਇੱਥੋਂ ਦੇ ਗ੍ਰੰਥੀ ਤੋਂ ਗੁਰਮੁਖੀ ਸਿੱਖਦਾ ਰਿਹਾ ਸੀ।

ਗੋਰਿਆਂ ਦੇ ਹਾਕਮ ਹੋਣ ਤਕ ਮੋਰਾਂਵਾਲੀ ਦੇ ਵਡੇਰੇ ਅਜੋਕੀ ਜਲੰਧਰ ਛਾਉਣੀ ਵਾਲੀ ਥਾਂ ਰਹਿੰਦੇ ਸਨ। ਜਦੋਂ ਇਸ ਥਾਂ ਉਤੇ ਅੰਗਰੇਜ਼ ਹਾਕਮ ਨੇ ਛਾਉਣੀ ਬਣਾਉਣ ਦਾ ਫੈਸਲਾ ਲਿਆ ਤੇ ਇੱਥੋਂ ਦੇ ਵਸਨੀਕਾਂ ਨੂੰ ਮੋਰਾਂਵਾਲੀ ਦੀ ਬੇਆਬਾਦ ਤੇ ਬੰਜਰ ਜ਼ਮੀਨ ਸਤਕਾਰ ਕਰਨੀ ਪਈ, ਉਦੋਂ ਇਸ ਥਾਂ ਦੇ ਨੇੜਿਓਂ ਵੇਈਂ ਨਦੀ ਲੰਘਦੀ ਹੋਣ ਕਾਰਨ ਇਸ ਦੀ ਮਿੱਟੀ ਗਿੱਲੀ ਗੋਹਾ ਤੇ ਸੁੱਕੀ ਲੋਹਾ ਹੁੰਦੀ ਸੀ, ਪ ਉਪਜਾਊ ਏਨੀ ਕਿ ਇੱਥੇ ਜੀਰੀ ਬਹੁਤ ਚੰਗੀ ਹੁੰਦੀ ਸੀ। ਜਲੰਧਰ ਵਰਗੀ ਵਸਦੀ-ਰਸਦੀ ਧਰਤੀ ਤੋਂ ਉੱਠ ਕੇ ਆਏ ਇੱਥੋਂ ਦੇ ਲੋਕਾਂ ਨੇ ਜਿੱਥੇ ਸਖਤ ਮਿਹਨਤ ਕਰ ਕੇ ਇੱਥੋਂ ਚੰਗੀ ਉਪਜ ਹਾਸਲ ਕੀਤੀ, ਉੱਥੇ ਹੀ ਵੱਡੀਆਂ ਮੱਲਾਂ ਮਾਰਨ ਲਈ ਵਿਦੇਸ਼ਾਂ ਵੱਲ ਵੀ ਕੂਚ ਕੀਤਾ। ਉਹ ਸਿੰਗਾਪੁਰ, ਮਲਾਇਆ, ਥਾਈਲੈਂਡ ਵਿਚੋਂ ਹੁੰਦੇ ਹੋਏ ਅਮਰੀਕਾ ਤੇ ਕੈਨੇਡਾ ਵਿਚ ਜਾ ਵਸੇ। ਉਥੋਂ ਦੀ ਪਾਪਤੀ ਸਦਕਾ ਉਨ੍ਹਾਂ ਨੇ ਗੋਰਿਆਂ ਨੂੰ ਭਾਰਤੀ ਭੂਮੀ ਤੋਂ ਦੁਰਕਾਰਨ ਲਈ ਗ਼ਦਰ ਪਾਰਟੀ ਦੀ ਸਥਾਪਨਾ ਕੀਤੀ ਅਤੇ ਸਿੱਖੀ ਜਾਮੇ ਉੱਤੇ ਪਹਿਰਾ ਦਿੱਤਾ। ਅਮਰੀਕਾ ਵਿਚ ਸਟਾਕਟਨ ਨਾਂ ਦੇ ਗੁਰਦੁਆਰੇ ਦੀ ਸਥਾਪਨਾ ਵਿਚ ਮੋਰਾਂਵਾਲੀਆਂ ਦਾ ਖਾਸ ਯੋਗਦਾਨ ਹੈ। ਕੈਨੇਡਾ ਦੇ ਟੋਰਾਂਟੋ ਤੇ ਬ੍ਰਿਟਿਸ਼ ਕੋਲੰਬੀਆ ਅਤੇ ਇੰਗਲੈਂਡ ਦੇ ਬਰਮਿੰਘਮ ਤੇ ਲੈਸਟਰ ਸ਼ਹਿਰਾਂ ਤੋਂ ਬਿਨਾਂ ਮੋਰਾਂਵਾਲੀਏ ਇਟਲੀ ਤੇ ਆਸਟਰੇਲੀਆ ਵਿਚ ਵਸ ਚੁੱਕੇ ਹਨ। ਸਾਰੇ ਭਗਤ ਸਿੰਘ ਦਾ ਸ਼ਹੀਦੀ ਦਿਨ ਧੂਮ-ਧਾਮ ਨਾਲ ਮਨਾਉਂਦੇ ਹਨ।

ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਸਿੱਖੀ ਪਿਛੋਕੜ ਵਾਲੇ ਅਤੇ ਮਾਂ ਵਿਦਿਆਵਤੀ ਆਰੀਆ ਸਮਾਜੀ ਹੋਣ ਕਾਰਨ ਭਗਤ ਸਿੰਘ ਦੀਆਂ ਰਗਾਂ ਵਿਚ ਦੋਵਾਂ ਧਾਰਨਾਵਾਂ ਦਾ ਖ਼ੂਨ ਸੀ। ਭਾਵੇਂ ਵਿਆਹ ਸਮੇਂ ਅੰਮ੍ਰਿਤ ਛਕਣ ਉਪੰਤ ਵਿਦਿਆਵਤੀ ਦਾ ਨਾਂ ਇੰਦ ਕੌਰ ਰੱਖਿਆ ਗਿਆ, ਪ ਉਹ ਅੱਜ ਤਕ ਆਪਣੇ ਪੇਕੇ ਨਾਂ ਨਾਲ ਹੀ ਜਾਣੀ ਜਾਂਦੀ ਹੈ। ਮਈ 1914 ਵਿਚ ਕਾਮਾਗਾਟਾਮਾਰੂ ਦਾ ਸ਼ਿਕਾਰ ਹੋਣ ਵਾਲੇ 376 ਹਿੰਦੀਆਂ ਵਿਚ ਮੋਰਾਂਵਲੀ ਦੇ ਹਰਕਿਸ਼ਨ ਸਿੰਘ ਤੇ ਦਲੀਪ ਸਿੰਘ ਵੀ ਸ਼ਾਮਲ ਸਨ। ਗੋਰੇ ਸ਼ਾਸਕਾਂ ਦੇ ਅੱਤਿਆਚਾਰ ਦਾ ਸ਼ਿਕਾਰ ਹੋਣ ਵਾਲੇ ਇਸ ਪਿੰਡ ਦੇ ਵਸਨੀਕ ਸ਼ਹੀਦ ਸ਼ਮਸ਼ੇਰ ਸਿੰਘ ਦਾ ਨਾਂ ਤਾਂ ਅੱਜ ਵੀ ਮੋਰਾਂਵਾਲੀ ਦੇ ਬੱਚਿਆਂ ਦੀ ਜ਼ੁਬਾਨ ਉਤੇ ਹੈ। ਇਹ ਵੀ ਪਤਾ ਲੱਗਿਆ ਕਿ ਇਸ ਪਿੰਡ ਦਾ ਪੇਮ ਸਿੰਘ ਜੀਊਂਦੇ ਜੀਅ ਖਾਲਸਾ ਹਾਈ ਸਕੂਲ ਤੇ ਖਾਲਸਾ ਕਾਲਜ ਦੇ ਪਬੰਧਨ ਵਿਚ ਹਿੱਸਾ ਪਾਉਣ ਮੋਰਾਂਵਾਲੀ ਤੋਂ ਮਾਹਿਲਪੁਰ ਘੋੜੀ ਉਤੇ ਸਵਾਰ ਹੋ ਕੇ ਆਉਂਦਾ ਰਿਹਾ ਸੀ।

ਸੁਤੰਤਰਤਾ ਮਗਰੋਂ ਵੀਰ ਚੱਕਰ ਨਾਲ ਸਨਮਾਨਤ ਉਜਾਗਰ ਸਿੰਘ ਤੇਜਾ ਦਾ ਜਨਮ ਸਥਾਨ ਵੀ ਇਹੀਓ ਸੀ। ਅਜੋਕੇ ਮੋਰਾਂਵਾਲੀ ਦੀ ਮਿੱਟੀ ਨੂੰ ਚਾਰ-ਚੰਦ ਲਾਉਣ ਵਾਲਿਆਂ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਸ਼ਹੀਦ ਸ਼ਮਸ਼ੇਰ ਸਿੰਘ ਤੋਂ ਇਲਾਵਾ ਸੈਂਕੜੇ ਸੁਤੰਤਰਤਾ ਸੰਗਰਾਮੀਏ ਹੋਰ ਵੀ ਸ਼ਾਮਲ ਸਨ, ਜਿਨ੍ਹਾਂ ਦਾ ਵੇਰਵਾ ਜੇ.ਬੀ. ਸੇਖੋਂ ਤੇ ਵਿਜੇ ਬੰਬੇਲੀ ਰਚਿਤ ਪੁਸਤਕ ਮੋਰਾਂਵਾਲੀ (ਗਾਥਾ ਇਕ ਸੰਗਰਾਮੀ ਪਿੰਡ ਦੀ ਕੈਫੇ ਵਰਲਡ, ਪੰਨੇ 178, ਮੁੱਲ 200 ਰੁਪਏ) ਵਿਚ ਦਰਜ ਹੈ।

ਮੇਰਾ ਆਪਣਾ ਜੱਦੀ ਪਿੰਡ ਸੂਨੀ ਇਸ ਪਿੰਡ ਤੋਂ ਮਸਾਂ ਚਾਰ ਮੀਲ ਦੂਰ ਹੈ ਪ ਆਪਣੇ ਕਾਰਜਕਾਰੀ ਜੀਵਨ ਦਾ ਬਹੁਤਾ ਹਿੱਸਾ ਬਾਹਰ ਰਿਹਾ ਹੋਣ ਕਾਰਨ ਮੈਂ ਇਸ ਧਰਤੀ ਉਤੇ ਪੈਰ ਨਹੀਂ ਸੀ ਪਾ ਸਕਿਆ। ਇਸ ਪੁਸਤਕ ਦੇ ਪਾਠ ਤੋਂ ਏਨੀ ਪੇਰਨਾ ਮਿਲੀ ਕਿ ਮੈਂ ਪਿਛਲੇ ਦਿਨੀਂ ਇਸ ਮਿੱਟੀ ਨੂੰ ਨਤਮਸਤਕ ਹੋ ਕੇ ਆਇਆ ਹਾਂ। ਉਥੇ ਪਹੁੰਚਣ 'ਤੇ ਮਾਤਾ ਵਿਦਿਆਵਤੀ ਵੈੱਲਫੇਅਰ ਟਰੱਸਟ ਦੇ ਪਧਾਨ ਸਰਵਣ ਰਾਮ ਸਿੱਧੂ (98158-73389) ਅਤੇ ਮੇਰੇ ਪੁਰਾਣੇ ਮਿੱਤਰ ਸੰਧੂ ਵਰਿਆਣਵੀ ਨੇ ਬੜੇ ਪਿਆਰ ਨਾਲ ਮੈਨੂੰ ਮੈਮੋਰੀਅਲ ਅਸਥਾਨ ਹੀ ਨਹੀਂ ਵਿਖਾਇਆ, ਸਗੋਂ ਉਸ ਘਰ ਵੀ ਲੈ ਕੇ ਗਏ, ਜਿੱਥੇ ਕਦੀ ਭਗਤ ਸਿੰਘ ਦਾ ਨਾਨਕਾ ਪਰਿਵਾਰ ਰਹਿੰਦਾ ਸੀ।

ਇਸ ਯਾਦਗਾਰੀ ਸਥਾਨ ਵਿਚ ਵਿਦਿਆਵਤੀ ਦੇ ਚਰਨਾਂ ਵਿਚ ਬੈਠੇ ਨੌਜਵਾਨ ਭਗਤ ਸਿੰਘ ਦੇ ਬੁੱਤ ਵਾਂਗ ਪਵੇਸ਼ ਦੁਆਰ ਦੀਆਂ ਕੰਧਾਂ ਉਤੇ ਰਾਜਗੁਰੂ, ਸੁਖਦੇਵ, ਬੀ.ਕੇ. ਦੱਤ ਵਰਗੇ ਸੂਰਬੀਰਾਂ ਦੀਆਂ ਮਾਂਵਾਂ ਦੇ ਨੂਰਾਨੀ ਚਿਹਰੇ ਵੀ ਉੱਕਰੇ ਗਏ ਹਨ। ਹਥਲੀ ਰਚਨਾ ਦੀ ਤਿਆਰੀ ਵਿਚ ਜਲਦਬਾਜ਼ੀ ਦਾ ਪਛਾਵਾਂ ਤਾਂ ਪੈਂਦਾ ਹੈ ਪ ਲੇਖਕਾਂ ਵਲੋਂ ਇਸ ਨੂੰ ਸੁਤੰਤਰਤਾ ਸੰਗਰਾਮ ਦੀ 75ਵੀਂ ਵਰ੍ਹੇਗੰਢ 'ਤੇ ਜਾਰੀ ਕਰਨਾ ਮੋਰਾਂਵਾਲੀ ਦੇ ਸਮੂਹ ਦੇਸ਼ ਭਗਤਾਂ ਅਤੇ ਗਦਰੀ ਬਾਬਿਆਂ ਦੀ ਦੇਣ ਨੂੰ ਨਤਮਸਤਕ ਹੋਣਾ ਹੈ। ਇਸ ਰਚਨਾ ਦਾ ਕੋਟਿ-ਕੋਟਿ ਸਵਾਗਤ ਹੈ।

**ਖਾਲਸਾ ਕਾਲਜ ਮਾਹਿਲਪੁਰ ਦੀ ਅੰਤਰਰਾਸ਼ਟਰੀ ਪਹੁੰਚ ਤੇ ਪਸਿੱਧੀ**

ਇਸ ਮਹੀਨੇ ਦੇ ਆਰੰਭ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਨੇ ਕਾਲਜ ਦੀ ਸਥਾਪਤੀ ਦੇ 75 ਵਰ੍ਹੇ ਪੂਰੇ ਹੋਣ ਅਤੇ ਦੇਸ਼ ਦੀ ਸੁਤੰਤਰਤਾ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਚਾਰ ਦਿਨਾ ਯੂਥ ਤੇ ਵਿਰਾਸਤੀ ਮੇਲਾ ਕਰਵਾਇਆ। ਮੇਲੇ ਵਿਚ ਮਾਹਿਲਪੁਰ ਸਮੇਤ ਗੜ੍ਹਸ਼ੰਕਰ, ਚੱਬੇਵਾਲ, ਹੁਸ਼ਿਆਰਪੁਰ, ਚੇਲਾ ਮਖਸੂਸਪੁਰ, ਟਪੀਆਂ ਖੁਰਦ, ਰੈਲਮਾਜਰਾ ਦੀਆਂ ਖਾਲਸਾ, ਡੀ.ਏ.ਵੀ. ਤੇ ਐਸ.ਡੀ. ਵਿੱਦਿਅਕ ਸੰਸਥਾਵਾਂ ਨੇ ਹਿੱਸਾ ਲਿਆ।

ਏਸ ਮੇਲੇ ਵਿਚ ਨਾਟਕ ਵੀ ਖੇਡੇ ਗਏ ਤੇ ਲੋਕ ਨਾਚ, ਲੋਕ ਗਾਇਨ, ਕਲੀਆਂ, ਕਵੀਸ਼ਰੀ, ਲੋਕ ਸਾਜ਼, ਸ਼ਬਦ ਗਾਇਨ ਤੇ ਭਾਸ਼ਣ ਮੁਕਾਬਲੇ ਵੀ ਹੋਏ। ਮਿੱਟੀ ਦੇ ਖਿਡੌਣੇ, ਗੁੱਡੀਆਂ-ਪਟੋਲੇ, ਟੋਕਰੀਆਂ, ਈਨੂੰ, ਛਿੱਕੂ, ਪਾਂਦੇ, ਨਾਲੇ ਆਦਿ ਵਿਰਾਸਤੀ ਵਸਤਾਂ ਤਿਆਰ ਕਰਨ ਦਾ ਆਯੋਜਨ ਤੇ ਮੁਕਾਬਲੇ ਵੀ ਹੋਏ। ਇਸ ਮੇਲੇ ਦੀ ਖੂਬੀ ਇਹ ਰਹੀ ਕਿ ਸਾਰੇ ਪ੍ਰੋਗਰਾਮਾਂ ਵਿਚ ਸਰੋਤੇ ਤੇ ਦਰਸ਼ਕਾਂ ਵਜੋਂ ਹਾਜ਼ਰ ਹੋਏ ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਮਨ-ਚਿੱਤ ਲਾ ਕੇ ਵਿਰਾਸਤੀ ਵਸਤਾਂ, ਨਾਚ ਗਾਣਿਆਂ ਤੇ ਪਦਰਸ਼ਨਾਂ ਦਾ ਆਨੰਦ ਮਾਣਦੇ ਦੇਖੇ ਗਏ। ਮੇਲੇ ਵਿਚ ਇਕ ਦਰਜਨ ਦੇ ਲਗਪਗ ਕਾਲਜਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਪ ਓਵਰਆਲ ਜ਼ੋਨਲ ਟਰਾਫੀ ਖਾਲਸਾ ਕਾਲਜ ਮਾਹਿਲਪੁਰ ਨੇ ਜਿੱਤੀ।

ਨਿਸ਼ਚੇ ਹੀ ਇਸ ਪਾਪਤੀ ਦਾ ਸਿਹਰਾ ਯੋਗ ਪਬੰਧਕਾਂ ਦੇ ਸਿਰ ਬੱਝਦਾ ਹੈ, ਜਿਨ੍ਹਾਂ ਵਿਚ ਪਿੰਸੀਪਲ ਜਸਪਾਲ ਸਿੰਘ ਤੇ ਉਨ੍ਹਾਂ ਦੇ ਸਹਿਯੋਗੀਆਂ ਤੋਂ ਬਿਨਾਂ ਐਜੂਕੇਸ਼ਨਲ ਕਾਊਂਸਲ ਦੇ ਪਧਾਨ ਸੁਰਿੰਦਰ ਸਿੰਘ ਭੁੱਲੇ ਰਾਠਾਂ ਤੇ ਉਨ੍ਹਾਂ ਦੀ ਟੀਮ ਵੀ ਸ਼ਾਮਲ ਹੈ।

ਪੌਣੀ ਸਦੀ ਤੋਂ ਇਸ ਸੰਸਥਾ ਦੀਆਂ ਗਤੀਵਿਧੀਆਂ ਨਾਲ ਜੁੜਿਆ ਹੋਣ ਦੇ ਨਾਤੇ ਮੈਂ ਇਸ ਦੀ ਪ੍ਰੰਪਰਾ ਬਾਰੇ ਗੱਲ ਕੀਤੇ ਬਿਨਾਂ ਨਹੀਂ ਰਹਿ ਸਕਦਾ। ਇਸ ਕਾਲਜ ਨੇ ਜਰਨੈਲ ਸਿੰਘ ਤੇ ਗੁਰਦੇਵ ਸਿੰਘ ਗਿੱਲ ਵਰਗੇ ਅਰਜਨ ਐਵਾਰਡੀ ਫੁੱਟਬਾਲਰ ਹੀ ਨਹੀਂ ਦਿੱਤੇ, ਸਗੋਂ ਇੱਕ ਹੋਰ ਜਰਨੈਲ ਸਿੰਘ ਨਾਂ ਦਾ ਅਥਲੀਟ ਵੀ ਦਿੱਤਾ, ਜਿਸ ਨੇ ਏਸ਼ੀਅਨ ਖੇਡਾਂ ਵਿਚ ਨਾਮਣਾ ਖੱਟਿਆ। ਸ਼ੇਕਸਪੀਅਰ ਦੀਆਂ ਰਚਨਾਵਾਂ ਦੇ ਅਧਿਐਨ ਤੇ ਅਧਿਆਪਨ ਦਾ ਅੰਤਰਰਾਸ਼ਟਰੀ ਮਾਹਿਰ ਯਸ਼ਦੀਪ ਬੈਂਸ ਮੇਰੇ ਸਮੇਂ ਇਸ ਕਾਲਜ ਦਾ ਵਿਦਿਆਰਥੀ ਸੀ। ਇੱਥੋਂ ਦਾ ਵਿਦਿਆਰਥੀ ਪਰਮਜੀਤ ਸਿੰਘ ਭਾਰਤ ਦੇ ਡਿਪਟੀ ਚੀਫ ਆਫ ਆਰਮੀ ਸਟਾਫ ਦੀ ਉਪਾਧੀ ਉੱਤੇ ਪਹੁੰਚਿਆ ਤੇ ਡਾ.ਪੀ.ਐਸ. ਗਿੱਲ ਨੇ ਨਿਊਕਲੀਅਰ ਫਿਜ਼ਿਕਸ ਤੇ ਐਸਟ੍ਰਾਨਮੀ ਵਿਚ ਕੌਮਾਂਤਰੀ ਪ੍ਰਸਿੱਧੀ ਹਾਸਲ ਕੀਤੀ। ਸਾਬਕਾ ਰਾਸ਼ਟਰਪਤੀ ਅਬੁਲ ਕਲਾਮ ਆਜ਼ਾਦ ਨਾਲ ਰਿਸਰਚ ਐਂਡ ਡਿਵੈਲਪਮੈਂਟ ਏਜੰਸੀ ਵਿਚ ਹੱਥ ਵਟਾਉਣ ਵਾਲਾ ਅਮਰਜੀਤ ਸਿੰਘ ਬੈਂਸ ਵੀ ਏਸੇ ਸੰਸਥਾ ਦੀ ਉਪਜ ਹੈ ਅਤੇ ਕੈਨੇਡਾ ਦੇ ਕੈਬਨਿਟ ਮੰਤਰੀ ਹਰਜੀਤ ਸਿੰਘ ਸੱਜਣ ਦਾ ਪਿਤਾ ਕੁੰਦਨ ਸਿੰਘ ਵੀ। ਕਿਸੇ ਸਮੇਂ ਇੰਗਲੈਂਡ ਵਿਚ ਲੇਬਰ ਪਾਰਟੀ ਦੇ ਸੰਸਦ ਮੈਂਬਰ ਪਿਆਰਾ ਸਿੰਘ ਖਾਬੜਾ ਦਾ ਵੀ ਬੋਲਬਾਲਾ ਸੀ, ਜਿਹੜਾ ਮਾਹਿਲਪੁਰ ਕਾਲਜ ਦੀ ਦੇਣ ਸੀ। ਇੱਥੋਂ ਦੇ ਇਕ ਵਿਦਿਆਰਥੀ ਅਜੀਤ ਲੰਗੇਰੀ ਨੇ ਆਪਣੀ ਆਵਾਜ਼ ਰਾਹੀਂ ਇਸ ਮਿੱਟੀ ਦੀ ਮਹਿਮਾ ਸੱਤ ਸਮੁੰਦਰ ਪਾਰ ਪਹੁੰਚਾਈ ਤੇ ਉਸ ਦੀ ਬੇਟੀ ਮਾਸ਼ਾ ਸਿਮਰਤ ਕੌਰ ਨੇ ਬ੍ਰਿਟਿਸ਼ ਕੋਲੰਬੀਆ ਸਰਕਾਰ ਦੀ ਮਲਟੀ ਲਿੰਗੂਅਲ ਸਰਵਿਸਿਜ਼ ਦੀ ਮੈਨੇਜਰੀ ਸੰਭਾਲੀ, ਜਿੱਥੇ ਉਸ ਦੇ ਸਿਰ 13 ਅੰਤਰਰਾਸ਼ਟਰੀ ਭਾਸ਼ਾਵਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਹੈ। ਇੱਥੋਂ ਦਾ ਪੜ੍ਹਿਆ ਅਮਰਪ੍ਰੀਤ ਸਿੰਘ ਲਾਲੀ ਅੱਜ-ਕੱਲ੍ਹ ਹਿੰਦ ਯੂਥ ਕਾਂਗਰਸ ਦਾ ਜਨਰਲ ਸਕੱਤਰ ਹੈ। ਏਸ ਮੇਲੇ ਦੇ ਕੁਝ ਪ੍ਰੋਗਰਾਮਾਂ ਦਾ ਦਰਸ਼ਕ ਤੇ ਸਰੋਤਾ ਮੈਂ ਵੀ ਸਾਂ। ਮੈਨੂੰ ਇਨ੍ਹਾਂ ਪ੍ਰੋਗਰਾਮਾਂ ਦੀ ਵਰਤਮਾਨ ਵੰਨ-ਸੁਵੰਨਤਾ ਨੇ ਪ੍ਰਭਾਵਿਤ ਕੀਤਾ ਹੈ। ਵੱਡੀ ਗੱਲ ਇਹ ਕਿ ਏਥੇ ਮੈਨੂੰ ਪਰਵਿੰਦਰ ਸਿੰਘ ਸਾਬਕਾ ਜਨਰਲ ਸਕੱਤਰ ਪੰਜਾਬ ਯੂਨੀਵਰਸਟੀ ਕਾਲਜ ਪ੍ਰਿੰਸੀਪਲਜ਼ ਐਸੋਸੀਏਸ਼ਨ, ਅਜੀਤ ਲੰਗੇਰੀ, ਸੰਧੂ ਵਰਿਆਣਵੀ, ਵਿਜੇ ਬੰਬੇਲੀ, ਸੁਰਿੰਦਰਪਾਲ ਝੱਲ ਆਫ ਆਕਾਸ਼ ਬਾਣੀ ਫੇਮ ਤੇ ਡਾਕਟਰ ਜਗੀਰ ਸਿੰਘ ਬੈਂਸ ਆਦਿ ਮਿੱਤਰਾਂ ਨੂੰ ਮਿਲਣ ਦਾ ਮੌਕਾ ਮਿਲਿਆ ਅਤੇ ਮੈਂ ਬਾਗੋ-ਬਾਗ ਹੋ ਗਿਆ।

ਚੇਤੇ ਰਹੇ ਕਿ ਇਸ ਕਾਲਜ ਦੀ ਸਥਾਪਨਾ ਪ੍ਰਿੰਸੀਪਲ ਹਰਭਜਨ ਸਿੰਘ ਨੇ ਕਰਵਾਈ, ਜਿਸ ਵਿਚ ਉਨ੍ਹਾਂ ਦੇ ਪੁਰਾਣੇ ਵਿਦਿਆਰਥੀ ਤੇ ਦੇਸ ਦੇ ਪਹਿਲੇ ਰੱਖਿਆ ਮੰਤਰੀ ਬਲਦੇਵ ਸਿੰਘ ਤੇ ਕਹਾਰਪੁਰ ਦੇ ਸੰਤ ਹਰੀ ਸਿੰਘ ਦਾ ਵੱਡਾ ਹੱਥ ਸੀ। ਹਰਭਜਨ ਸਿੰਘ ਖੇਡਾਂ ਤੇ ਸਭਿਆਚਾਰਕ ਗਤੀਵਿਧੀਆਂ ਦਾ ਵੀ ਏਨਾ ਹੀ ਦਿਲਦਾਦਾ ਸੀ, ਜਿੰਨਾ ਵਿਦਿਆ ਤੇ ਮਾਨਵ ਵਿਕਾਸ ਦਾ। ਉਸ ਦੀਆਂ ਰੱਖੀਆਂ ਨੀਹਾਂ ਦਾ ਪ੍ਰਭਾਵ ਸਮਝੋ ਕਿ ਮਨੀਸ਼ ਤਿਵਾੜੀ ਵਰਗੇ ਸੰਸਦ ਮੈਂਬਰ ਤੇ ਰਾਜ ਕੁਮਾਰ ਵੇਰਕਾ ਵਰਗੇ ਵਿਧਾਇਕ ਇਸ ਕਾਲਜ ਦੀ ਦੇਖ-ਰੇਖ ਵਿਚ ਦਿਲਚਸਪੀ ਰੱਖਦੇ ਹੋਏ ਮਾਇਆ ਦੇ ਖੁੱਲ੍ਹੇ ਗੱਫੇ ਪ੍ਰਦਾਨ ਕਰਦੇ ਹਨ। ਐਵੇਂ ਤਾਂ ਨਹੀਂ ਅਜੀਤ ਲੰਗੇਰੀ ਨੇ ਹਰਭਜਨ ਸਿੰਘ ਦੀਆਂ ਵਿਦਿਅਕ ਸੰਸਾਰ ਵਿਚ ਮਾਰੀਆਂ ਮੱਲਾਂ ਉੱਤੇ ਪੁਸਤਕ ਲਿਖ ਕੇ ਜੇ.ਬੀ. ਸੇਖੋਂ ਤੇ ਵਿਜੇ ਬੰਬੇਲੀ ਵਾਂਗ ਗੜ੍ਹਸ਼ੰਕਰ ਦੇ ਇਲਾਕੇ ਦਾ ਨਾਂ ਰੋਸ਼ਨ ਕੀਤਾ।

**ਕਿਸਾਨ ਅੰਦੋਲਨ ਦਾ ਕ੍ਰਿਸ਼ਮਾ**

378 ਰੋਜ਼ਾ ਦਿੱਲੀ ਕਿਸਾਨ ਅੰਦੋਲਨ ਨੇ ਜਿਸ ਤਰ੍ਹਾਂ ਕਾਲੇ ਕਾਨੂੰਨ ਬਣਾਉਣ ਵਾਲੀ ਭਾਰਤ ਸਰਕਾਰ ਦੇ ਗੋਡੇ ਲਵਾਏ ਹਨ, ਇਸ ਦਾ ਸਵਾਗਤ ਕਰਨਾ ਬਣਦਾ ਹੈ। ਭਾਰਤੀ ਕਿਸਾਨ ਤੇ ਉਨ੍ਹਾਂ ਦੇ ਸਹਿਯੋਗੀ ਜ਼ਿੰਦਾਬਾਦ!

**ਗੁਰਦੇਵ ਰੁਪਾਣਾ ਦਾ ਤੁਰ ਜਾਣਾ**

ਬੀਤੇ ਦਿਨੀਂ ਪ੍ਰਸਿੱਧ ਪੰਜਾਬੀ ਕਥਾਕਾਰ ਦਾ ਤੁਰ ਜਾਣਾ ਦੁਖਦਾਈ ਤਾਂ ਹੈ ਪਰ ਜਿਸ ਹਾਲਤ ਵਿਚ ਮੈਂ ਤੇ ਮੇਰੀ ਜੀਵਨ ਸਾਥਣ ਉਸ ਨੂੰ 18 ਨਵੰਬਰ ਵਾਲੇ ਦਿਨ ਬਿਸਤਰੇ ਬੱਧਾ ਵੇਖ ਕੇ ਆਏ ਸਾਂ, ਅਸੀਂ ਦੋਵਾਂ ਨੇ ਅਰਦਾਸ ਕੀਤੀ ਸੀ ਕਿ ਕਥਾਕਾਰੀ ਦਾ ਏਨਾ ਵੱਡਾ ਮਾਹਿਰ ਇਹਦੇ ਨਾਲੋਂ ਤਾਂ ਤੁਰ ਜਾਵੇ ਤਾਂ ਚੰਗਾ ਹੈ। ਉਸ ਦਿਨ ਉਸ ਦੀ ਮੁਸਕਾਨ ਵੀ ਉਦਾਸੀ ਵਾਲੀ ਸੀ। ਉਸ ਦੇ ਚਲਾਣੇ ਦੀ ਖਬਰ ਨੇ ਮੈਨੂੰ ਨਿੱਜੀ ਤਸੱਲੀ ਦਿੱਤੀ ਹੈ।

**ਅੰਤਿਕਾ**

ਸੁਰਜੀਤ ਪਾਤਰ

ਚੱਲ ਪਾਤਰ ਹੁਣ ਢੂੰਡਣ ਚੱਲੀਏ ਭੁੱਲੀਆਂ ਵਿਸਰੀਆਂ ਥਾਵਾਂ,
**ਕਿੱਥੇ ਕਿੱਥੇ ਛੱਡ ਆਏ ਹਾਂ ਅਣ-ਲਿਖੀਆਂ ਕਵਿਤਾਵਾਂ।**

## ਕਾਵਿ ਕਿਆਰੀ

### ਜਿੱਤ ਦੇ ਗੀਤ

ਪੱਗ ਅੱਜ ਬਾਬਲੇ ਦੀ, ਹੋਰ ਉੱਚੀ ਹੋ ਗਈ,
ਸ਼ਮਲੇ ਦੀ ਕੰਨੀ ਜਾਪੇ,
ਅੰਬਰਾਂ ਨੂੰ ਛੋਹ ਗਈ।
ਜਾਵੇ ਨਾ ਇਹ ਸਾਥੋਂ ਅੱਜ, ਮਾਣ ਚੁੱਕਿਆ,
ਅੱਜ ਫੇਰ ਦਿੱਲੀ ਤੋਂ, ਪੰਜਾਬ ਜਿੱਤਿਆ।
ਦਿਨ ਇਹੋ ਦੇਖਣੇ ਨੂੰ, ਦੁਖ ਬੜੇ ਸਹੇ ਨੇ,
ਸੈਂਕੜੇ ਕਿਸਾਨ ਤਾਂ ਸ਼ਹੀਦੀ ਪਾ ਗਏ ਨੇ।
ਹਾਕਮ ਦੇ ਕੰਨੀਂ ਫੇਰ,
ਕਿਧਰੇ ਜਾ ਸੋਹ ਪਈ,
ਪੱਗ ਅੱਜ ਬਾਬਲੇ ਦੀ, ਹੋਰ ਉੱਚੀ ਹੋ ਗਈ,

ਸ਼ਮਲੇ ਦੀ ਕੰਨੀ ਜਾਪੇ,
ਅੰਬਰਾਂ ਨੂੰ ਛੋਹ ਗਈ।
ਰੱਖੀਏ ਨੀ ਦਿਲਾਂ ਵਿਚ,
ਯਾਦਾਂ ਸਭ ਸਾਂਭ ਕੇ,
ਦਿਨ ਕਿਵੇਂ ਮਿਲੇ ਇਹੇ ਸਾਨੂੰ,
ਦਿਲੋਂ ਤਾਂਘ ਕੇ,
ਉੰਨੀ ਵਾਰੀ ਕਹਿੰਦੇ ਇਸਤੋਂ,
ਪਹਿਲਾਂ ਹੀ ਜਿੱਤੇ ਸੀ ਅਸੀਂ,
ਵੀਹਵੀਂ ਵਾਰੀ ਫੇਰ,
ਜਿੱਤਾਂ ਵਾਲੀ ਝੰਡੀ ਖੋਹ ਲਈ,
ਪੱਗ ਅੱਜ ਬਾਬਲੇ ਦੀ, ਹੋਰ ਉੱਚੀ ਹੋ ਗਈ।

ਜਿੱਤਣੇ ਨੂੰ ਮੋਰਚੇ ਜੋ, ਘਾਲਣਾਵਾਂ ਘਾਲੀਆਂ,
ਜਿੱਤੇ ਅੱਜ ਹਲ ਸਾਡੇ,
ਜਿੱਤੀਆਂ ਪੰਜਾਲੀਆਂ,
ਤਾਂ ਹੀ ਤਾਂ ਬੁਲੰਦੀ ਆ ਕੇ,
ਬੂਹੇ ਤੇਲ ਚੋਅ ਗਈ,
ਪੱਗ ਅੱਜ ਬਾਬਲੇ ਦੀ, ਹੋਰ ਉੱਚੀ ਹੋ ਗਈ।

ਜਦੋਂ ਕਿਤੇ ਫੇਰ ,ਇਤਿਹਾਸ ਜਾਊ ਲਿਖਿਆ,
ਸੋਨੇ ਰੰਗੇ ਅੱਖਰਾਂ 'ਚ,
ਲਿਖੀ ਜਾਊ ਵਿੱਥਿਆ,
ਆਉਂਦੀਆਂ ਤਾਂ ਨਸਲਾਂ ਨੇ,
ਲੈਣੀਆਂ ਨੇ ਸੇਧਾਂ ਫੇਰ,
ਕਿਵੇਂ ਸਾਡੇ ਬਾਬਿਆਂ ਦੇ,
ਮੂਹਰੇ ਦਿੱਲੀ ਰੋ ਪਈ।
ਪੱਗ ਅੱਜ ਬਾਬਲੇ ਦੀ, ਹੋਰ ਉੱਚੀ ਹੋ ਗਈ।

ਲੱਗੇ ਵਾਅ ਨਾ ਤੱਤੀ,
ਸਾਡਾ ਸੋਹਣਾ ਹੈ ਪੰਜਾਬ ਨੀ,
ਕਿਸੇ ਵੇਲੇ ਲੱਗਦਾ ਸੀ,
ਉੱਡਦਾ ਪੰਜਾਬ ਨੀ,
ਅੱਜ ਇਹਦੀ ਨਿਉਂ ਜੜ੍ਹ,
ਫੇਰ ਹਰੀ ਹੋ ਗਈ।
ਪੱਗ ਅੱਜ ਬਾਬਲੇ ਦੀ, ਹੋਰ ਉੱਚੀ ਹੋ ਗਈ।
ਸ਼ਮਲੇ ਦੀ ਕੰਨੀ ਜਾਪੇ,
ਅੰਬਰਾਂ ਨੂੰ ਛੋਹ ਗਈ।

*-ਰਾਜਨਦੀਪ ਕੌਰ ਮਾਨ*
*ਫੋਨ: 62393-26166*

---

### ਹੱਕ ਤੇ ਸੱਚ ਦੀ ਜਿੱਤ

ਗੁਰੂ ਨਾਨਕ ਤੋਂ ਅਮਨ ਦੀ ਲੈ ਗੁੜ੍ਹਤੀ,
ਵੰਗਾਰਿਆ ਸੀ ਦਿੱਲੀ ਜਾ ਜਾਬਰ।
ਪੰਜਵੇਂ ਗੁਰੂ ਤੋਂ ਸ਼ਾਂਤੀ ਦਾ ਸੰਦੇਸ਼ ਲੈ ਕੇ,
ਕਾਲ਼ੇ ਕਾਨੂੰਨ ਤੋਂ ਹੋਏ ਕਾਮੇ ਨਾਬਰ।
ਦੇਵੇ ਥਾਪੜਾ ਗੋਬਿੰਦ ਤਾਂ ਢਾਹੁੰਦੇ ਹਾਥੀ,
ਜਾਨਾਂ ਕਦੇ ਨਾ ਸਾਨੂੰ ਪਿਆਰੀਆਂ,
ਸੜੇ ਰੂੰ ਵਿਚ ਉਬਲ਼ੇ ਹਾਂ ਦੇਗ ਅੰਦਰ,
ਸਿਰਾਂ ਉੱਤੇ ਵੀ ਚੱਲੀਆਂ ਆਰੀਆਂ।
ਸੀਸ ਕਟਵਾ ਕੇ ਕਿਸੇ ਦੇ ਧਰਮ ਖਾਤਰ,
ਝੱਲੀਆਂ ਸਿਰ 'ਤੇ ਦੁਸ਼ਵਾਰੀਆਂ ਨੇ,
ਪਰਿਵਾਰ ਵਾਰ ਕੇ ਖੁਦ ਨਿਸ਼ਚਿੰਤ ਹੋਣਾ,
ਕਦੋਂ ਜ਼ਾਲਮਾਂ ਘੱਟ ਗੁਜ਼ਾਰੀਆਂ ਨੇ।
ਸਿਰ ਤਲ਼ੀ 'ਤੇ ਧਰ ਗਲ਼ੀ ਆਣਾ ਪੈਂਦਾ,
ਸਹਿਣੀਆਂ ਪੈਂਦੀਆਂ ਖੁਆਰੀਆਂ ਨੇ,
ਦਿਲ ਪੁੱਤਰ ਦਾ ਮੂੰਹ 'ਚ ਪੁਆਣਾ ਪੈਂਦਾ,
ਮਿਲੀਆਂ ਐਵੇਂ ਨਾ ਸਰਦਾਰੀਆਂ ਨੇ।

ਕੋਈ ਗਦਾਰ ਆਖਦੈ ਕੋਈ ਵੱਖਵਾਦੀ,
ਕੋਈ ਚੀਨੀ ਤੇ ਕੋਈ ਪਾਕਿਸਤਾਨੀ,
ਆਖ-ਆਖ ਕੇ ਜਿਨ੍ਹਾਂ ਨੇ ਖੂਬ ਭੰਡਿਆ,
ਕਦੇ ਅਤਿਵਾਦੀ, ਕਦੇ ਖਾਲਿਸਤਾਨੀ।
ਉਹਦੇ ਜਬਰ 'ਤੇ ਸਬਰ ਭਾਰੂ ਹੋਇਆ,
ਨਹੀਂ ਬਦਲੀ ਅਸਾਂ ਤੋਰ ਮਸਤਾਨੀ,
ਸਿੱਧ ਕੀਤਾ ਹੈ ਅੰਦੋਲਨ-ਜੀਵੀਆਂ ਨੇ,
ਅਸੀਂ ਪੱਕੇ ਹਾਂ ਖਾਲਸ ਹਿੰਦੋਸਤਾਨੀ।

ਬੰਨ੍ਹ ਤੁਰੇ ਸੀ ਸਿਰਾਂ 'ਤੇ ਪਹਿਲੇ ਕੱਫਣ,
ਫਿਰ ਰੜੇ ਅਸਮਾਨਾਂ ਦਾ ਘਰ ਹੁੰਦੈ,
ਹੱਡ ਰਗੜਨੇ ਪੈਂਦੇ ਪਹਿਲੇ ਸੜਕ ਉੱਤੇ,
ਮੀਹਾਂ ਕੋਰੇ ਕੱਕਰਾਂ ਵਿਚ ਠਰ ਹੁੰਦੈ।
ਜਿੱਤ ਹੌਸਲੇ, ਦਲੇਰੀ ਦੇ ਨਾਲ਼ ਬੱਝਦੀ,
ਗੱਲਾਂ ਨਾਲ਼ ਨਾ ਐਵਰੈਸਟ ਸਰ ਹੁੰਦੈ,
ਬਾਜ਼ੀ ਸਿਰ ਧੜ ਦੀ ਪਹਿਲੇ ਲੱਗਦੀ,
ਜਿਊਣਾ ਝੂਠ ਕਹਿ ਮੌਤ ਨੂੰ ਵਰ ਹੁੰਦੈ।

ਆਓ ਸ਼ਰਧਾਂਜਲੀ ਸ਼ਹੀਦਾਂ ਨੂੰ ਦੇਈਏ,
ਜਾਨ ਜਿਨ੍ਹਾਂ ਨੇ ਮੋਰਚੇ ਦੇ ਲੇਖੇ ਲਾਈ,
ਹੰਝੂ ਅੱਖਾਂ ਵਿੱਚ ਗ਼ਮੀ ਤੇ ਖੁਸ਼ੀ ਵਾਲ਼ੇ,
ਰਹਿ ਜਾਏ ਨਾ ਕਮੀ ਕੋਈ ਊਣਤਾਈ।
ਸ਼ਾਬਾਸ਼ ਦੇ ਹੱਕਦਾਰ ਸਾਰੇ ਗੱਭਰੂ ਵੀ,
ਹਿੱਕ ਡਾਹ ਕੇ ਨੇਤਾਵਾਂ ਨਾਲ਼ ਲਾਈ,
ਧੰਨਵਾਦ ਪੱਤਰਕਾਰਾਂ ਦਾ ਭੀ,
ਕਿਸਾਨ ਕਾਮੇ ਨੂੰ ਲੱਖ-ਲੱਖ ਵਧਾਈ।

*-ਸੇਵਾ ਸਿੰਘ ਨੂਰਪੁਰੀ*

---

### ਸਚਾਈ ਦੀ ਜਿੱਤ

ਸਚਾਈ ਅੱਜ ਜਿੱਤੀ
ਤੇ ਮੱਕਾਰੀ ਅੱਜ ਹਾਰੀ ਏ,
ਝੰਡਾ ਇਨਕਲਾਬ ਦਾ,
ਕਿਸਾਨੀ ਦੀ ਸਰਦਾਰੀ ਏ।
ਹਾਕਮਾਂ ਨੂੰ ਹੁੰਦੇ ਨਸ਼ੇ,
ਕੁਰਸੀਆਂ ਦੀਆਂ ਗੱਦੀਆ ਦੇ,
ਕਿਸਾਨਾਂ-ਮਜ਼ਦੂਰਾਂ ਅੰਦਰ,
ਕ੍ਰਾਂਤੀਆਂ ਦੀ ਚਿੰਗਾਰੀ ਏ।
ਇਕੱਠ ਦੀ ਜੋ ਗੱਠ ਹੁੰਦੀ,
ਲੋਹੇ ਦੀ ਜਿਵੇਂ ਲੱਠ ਹੁੰਦੀ,
ਸਣਾ ਤੋਂ ਜੋ ਰੱਸੇ ਵੱਟਣ,
ਉਨ੍ਹਾਂ ਨੇ ਬਾਜ਼ੀ ਮਾਰੀ ਏ।
ਇਤਹਾਸ ਵੀ ਗਵਾਹ ਭਰੇ,
ਸਾਡੇ 'ਤੇ ਜੋ ਆਣ ਚੜ੍ਹੇ,
ਪੰਜਾਬੀਆਂ ਤੋਂ ਖਾਧੀ ਉਨ੍ਹਾਂ,
ਹਾਰ ਹੀ ਕਰਾਰੀ ਏ।
ਵੀਹ ਸੌ ਵੀਹ ਸੰਘਰਸ਼ ਕਿਸਾਨੀ,
ਅੰਤ ਨਹੀਂ ਆਗਾਜ਼ ਹੈ,
ਮੰਜ਼ਲਾਂ ਦੇ ਵੱਲ ਹੋਰ,
ਕ੍ਰਾਂਤੀਆਂ ਦੀ ਤਿਆਰੀ ਏ।
ਸ਼ਹੀਦਾਂ ਦੀਆਂ ਯਾਦਗਾਰਾਂ,
ਦਿਲਾਂ 'ਚ ਬਣਾ ਲਵੋ,
ਭੁੱਲਣਾ ਨਹੀਂ ਯੋਧਿਆਂ ਨੂੰ,
ਕੁਰਬਾਨੀ ਵੀ ਭਾਰੀ ਏ।
ਬੋਦਲਾਂ ਦੇ ਸੁਖਵਿੰਦਰ ਲਿਖੀ,
ਹੂਕ ਜੋ ਪੰਜਾਬ ਦੀ,
ਕਿਸਾਨੀ ਸੰਘਰਸ਼ ਦੀ ਕਿਤਾਬ,
ਸਫ਼ਰ ਅਜੇ ਜਾਰੀ ਏ।

*-ਸੁਖਵਿੰਦਰ ਬੋਦਲਾਂਵਾਲਾ*

---

### ਸ਼ੇਰ-ਏ-ਪੰਜਾਬ

ਲਾਹੌਰ ਜਿਸ ਦੀ ਰਾਜਧਾਨੀ ਸੀ,
ਸ਼ੇਰਾਂ ਵਾਲਾ ਰਾਜ ,
ਕੌਣ ਸੀ ਦੋਸਤੋ, ਸ਼ੇਰ-ਏ-ਪੰਜਾਬ?
ਮਹਾਂ ਸਿੰਘ ਤੇ
ਸਰਦਾਰਨੀ ਰਾਜ ਕੌਰ ਦਾ ਨਵਾਬ,
ਕੌਣ ਸੀ ਦੋਸਤੋ, ਸ਼ੇਰ-ਏ-ਪੰਜਾਬ?
ਅਫ਼ਗਾਨਾਂ ਲਈ,
ਜੋ ਬਣ ਕੇ ਆਇਆ ਸੈਲਾਬ,
ਕੌਣ ਸੀ ਦੋਸਤੋ ਸ਼ੇਰ-ਏ-ਪੰਜਾਬ?
ਸੱਸ ਸਦਾ ਕੌਰ ਤੇ ਰਾਣੀ ਮਹਿਤਾਬ,
ਕੌਣ ਸੀ ਦੋਸਤੋ, ਸ਼ੇਰ-ਏ-ਪੰਜਾਬ?
ਖੜਕ ਸਿੰਘ ਤੇ ਦਲੀਪ ਸਿੰਘ,
ਜਿਸ ਦੇ ਚਿਰਾਗ਼,
ਕੌਣ ਸੀ ਦੋਸਤੋ, ਸ਼ੇਰ-ਏ-ਪੰਜਾਬ?
ਹਰਿਮੰਦਰ ਸਾਹਿਬ ਸੋਨੇ ਦੀ ਸੇਵਾ,
ਜੋ ਕਰ ਗਿਆ ਜਨਾਬ,
ਕੌਣ ਸੀ ਦੋਸਤੋ, ਸ਼ੇਰ-ਏ-ਪੰਜਾਬ?

*-ਮਨਦੀਪ ਖਾਨਪੁਰੀ*
*ਖਾਨਪੁਰ ਸਹੋਤਾ ਹੁਸ਼ਿਆਰਪੁਰ*
*ਫੋਨ: 97791-79060*

# ਸਮਾਜਿਕ ਚੇਤਨਾ ਅਤੇ ਫੇਸਬੁੱਕ ਦੀ ਕੁੰਡਲੀ

***ਇਸ ਵਕਤ ਸੋਸ਼ਲ ਮੀਡੀਆ ਉਤੇ ਸਭ ਤੋਂ ਜ਼ਿਆਦਾ ਲੋਕ ਫੇਸਬੁੱਕ ਨਾਲ ਜੁੜੇ ਹੋਏ ਹਨ। ਇਸ ਬਾਰੇ ਪਿਛਲੇ ਦਿਨਾਂ ਦੌਰਾਨ ਜਿਹੜੇ ਖੁਲਾਸੇ ਹੋਏ ਹਨ, ਉਹ ਅੱਖਾਂ ਖੋਲ੍ਹਣ ਵਾਲੇ ਹਨ। ਅਸਲ ਵਿਚ ਸੰਚਾਰ ਤਕਨਾਲੋਜੀ ਨਾਲ ਜੁੜੇ ਇਨ੍ਹਾਂ ਪਲੈਟਫਾਰਮਾਂ ਨੇ ਆਪਣੇ ਮੁਨਾਫਿਆਂ ਖਾਤਰ ਲੋਕਾਂ ਦੀ ਜ਼ਿੰਦਗੀ ਦਾਅ 'ਤੇ ਲਾ ਦਿੱਤੀ ਹੈ। ਇਹ ਪਲੈਟਫਾਰਮ ਬਹੁਤ ਵੱਡੇ ਪੱਧਰ 'ਤੇ ਲੋਕਾਂ ਦੇ ਜੀਵਨ ਉਤੇ ਅਸਰਅੰਦਾਜ਼ ਹੋ ਰਹੇ ਹਨ। ਇਸ ਸਮੁੱਚੇ ਵਰਤਾਰੇ ਬਾਰੇ ਚਰਚਾ ਡਾ. ਬਲਜਿੰਦਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਡਾ. ਬਲਜਿੰਦਰ**
ਫੋਨ: +91-94170-79720


ਐਸ.ਐਸ.ਆਰ.ਐਸ. ਪਲੈਟਫਾਰਮ ਵੱਲੋਂ ਸੀ.ਐਨ.ਐਨ. ਨੈੱਟਵਰਕ 'ਤੇ ਕੀਤੇ ਹਾਲੀਆ ਸਰਵੇਖਣ ਵਿਚ ਚਾਰ ਵਿਚੋਂ ਤਿੰਨ ਅਮਰੀਕੀ ਬਾਲਗਾਂ ਨੇ ਕਿਹਾ ਹੈ ਕਿ ਫੇਸਬੁੱਕ ਅਮਰੀਕੀ ਸਮਾਜ ਦਾ ਬੇੜਾ ਗਰਕ ਕਰ ਰਹੀ ਹੈ। ਇਸ ਦੇ ਕਾਰਨਾਂ ਵਿਚ ਜਾਂਦਿਆਂ 55% ਦਾ ਕਹਿਣਾ ਸੀ ਕਿ ਜੋ ਲੋਕ ਇਸ ਪਲੈਟਫਾਰਮ ਦੀ ਵਰਤੋਂ ਕਰਦੇ ਹਨ, ਉਹੀ ਇਸ ਦੇ ਦੋਸ਼ੀ ਹਨ ਜਦਕਿ 45% ਦਾ ਕਹਿਣਾ ਸੀ ਕਿ ਇਹ ਸਾਰਾ ਕੁਝ ਖੁਦ ਫੇਸਬੁੱਕ ਦਾ ਚੱਲਣ-ਢੰਗ ਦਾ ਹੀ ਨਤੀਜਾ ਹੈ। 49% ਅਮਰੀਕਨਾਂ ਦਾ ਕਹਿਣਾ ਸੀ ਕਿ ਉਹ ਕਿਸੇ ਨਾ ਕਿਸੇ ਅਜਿਹੇ ਸ਼ਖਸ ਨੂੰ ਜਾਣਦੇ ਹਨ ਜਿਹੜਾ ਫੇਸਬੁੱਕ 'ਤੇ ਪਾਈ ਜਾਂਦੀ ਸਮੱਗਰੀ ਕਰਕੇ ਸਾਜ਼ਿਸ਼ੀ ਥਿਊਰੀ ਵਿਚ ਯਕੀਨ ਨਾ ਕਰਨ ਲੱਗ ਪਿਆ ਹੋਵੇ। ਅਜਿਹੀ ਸੋਚ ਰੱਖਣ ਵਾਲਿਆਂ ਵਿਚ ਨੌਜਵਾਨਾਂ ਦੀ ਗਿਣਤੀ ਵਧੇਰੇ ਹੈ। 35 ਸਾਲ ਤੋਂ ਘੱਟ ਉਮਰ ਦੇ 61% ਬਾਲਗਾਂ ਦਾ ਕਹਿਣਾ ਸੀ ਕਿ ਉਹਨਾਂ ਦੀ ਪਛਾਣ ਦਾ ਕੋਈ ਨਾ ਕੋਈ ਜਣਾ ਫੇਸਬੁੱਕ ਤੇ ਪਰੋਸੀ ਜਾਂਦੀ ਸਮੱਗਰੀ ਕਰਕੇ ਅਜਿਹੀ ਸਾਜ਼ਿਸ਼ ਦਾ ਸ਼ਿਕਾਰ ਹੋਇਆ ਹੈ।

ਸੂਚਨਾਵਾਂ ਦੇ ਆਦਾਨ-ਪ੍ਰਦਾਨ ਦੇ ਨਾਲ ਨਾਲ ਫੇਸਬੁੱਕ ਅਤੇ ਇੰਸਟਾਗਰਾਮ ਨਾਂ ਦੇ ਦੋਵੇਂ ਸੂਚਨਾ ਤਕਨਾਲੋਜੀ ਪਲੈਟਫਾਰਮ ਕਿਸ ਹੱਦ ਤੱਕ ਲੋਕਾਂ ਦਰਮਿਆਨ ਨਫਰਤ, ਵੰਡੀਆਂ ਆਦਿ ਦਾ ਸੰਚਾਰ ਕਰਦੇ ਹਨ, ਲੋਕਾਂ ਖਾਸਕਰ ਬੱਚਿਆਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ- ਇਸ ਦਾ ਵੀ ਅਜਿਹਾ ਹੀ ਸਨਸਨੀਖੇਜ਼ ਖੁਲਾਸਾ ਸਾਹਮਣੇ ਆਇਆ ਹੈ।

ਸੰਚਾਰ ਤਕਨਾਲੋਜੀ ਦੇ ਇਹਨਾਂ ਪਲੈਟਫਾਰਮਾਂ ਨੇ ਆਪਣੇ ਮੁਨਾਫਿਆਂ ਨੂੰ ਮੁੱਖ ਰੱਖ ਕੇ ਲੋਕਾਂ ਦੀ ਜ਼ਿੰਦਗੀ ਦਾਅ ਤੇ ਲਾਈ ਹੋਈ ਹੈ। ਵਪਾਰ, ਵਿਗਿਆਨ ਅਤੇ ਆਵਾਜਾਈ (ਕਾਮਰਸ, ਸਾਇੰਸ ਐਂਡ ਟਰਾਂਸਪੋਰਟੇਸ਼ਨ) ਨਾਲ ਸਬੰਧਤ ਕੰਜਿਊਮਰ ਸੁਰੱਖਿਆ, ਪ੍ਰੋਡਕਟ ਸੁਰੱਖਿਆ ਅਤੇ ਡਾਟਾ ਸੁਰੱਖਿਆ ਬਾਰੇ ਬਣਾਈ ਅਮਰੀਕੀ ਸੈਨੇਟ ਦੀ ਸਬ ਕਮੇਟੀ ਸਾਹਮਣੇ ਅਕਤੂਬਰ 2021 ਵਿਚ ਵ੍ਹਾਈਟ ਹਾਊਸ ਵਿਚ ਹੋਈ ਸੁਣਵਾਈ ਵਿਚ ਹੋਏ ਖੁਲਾਸਿਆਂ ਨੇ ਦੁਨੀਆ ਭਰ ਦੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਇਨਸਾਫਪਸੰਦ ਅਤੇ ਹੋਰਨਾਂ ਸੁਹਿਰਦ ਲੋਕਾਂ ਵੱਲੋਂ ਜ਼ਾਹਰ ਕੀਤੇ ਉਹਨਾਂ ਦੀ ਸ਼ੰਕਿਆਂ ਤੇ ਮੁਹਰ ਲਾਈ ਹੈ ਜਿਹਨਾਂ ਦਾ ਉਹ ਪਿਛਲੇ ਕਾਫੀ ਅਰਸੇ ਤੋਂ ਹੀ ਲੋਕਾਂ ਵਿਚ ਲੈ ਕੇ ਜਾਂਦੇ ਰਹੇ ਹਨ।

ਇਸ ਸੁਣਵਾਈ ਵਿਚ ਸਬ ਕਮੇਟੀ ਸਾਹਮਣੇ ਪੇਸ਼ ਹੁੰਦਿਆਂ ਫੇਸਬੁੱਕ ਦੀ ਸਾਬਕਾ ਡਾਟਾ ਵਿਗਿਆਨੀ ਫਰਾਂਸਿਸ ਹਾਗਨ ਨੇ ਦੱਸਿਆ ਕਿ ਫੇਸਬੁੱਕ ਨੇ ਆਪਣੇ ਮੁਨਾਫਿਆਂ ਨੂੰ ਜ਼ਰਬਾਂ ਦੇਣ ਨੂੰ ਅਹਿਮੀਅਤ ਦਿੱਤੀ, ਬਨਿਸਬਤ ਇਸ ਦੇ ਕਿ ਫੇਸਬੁੱਕ ਆਪਣੇ ਪਲੈਟਫਾਰਮਾਂ ਨੂੰ ਸੁਰੱਖਿਅਤ ਰੱਖਣ ਲਈ ਅਤੇ ਹੋਰ ਸੁਰੱਖਿਅਤ ਬਣਾਉਣ ਵੱਲ ਕਦਮ ਵਧਾਉਂਦੀ। ਫੇਸਬੁੱਕ ਨੇ ਆਪਣੀ ਉਸ ਅੰਦਰੂਨੀ ਖੋਜ ਨੂੰ ਵੀ ਕਾਨੂੰਨੀ ਰੂਪ ਵਿਚ ਸਥਾਪਤ ਸੰਸਥਾਵਾਂ ਤੋਂ ਵੀ ਲਕੋਈ ਰੱਖਿਆ ਜਿਹਨਾਂ ਵਿਚ ਇਹ ਖੁਲਾਸੇ ਹੋਏ ਸਨ ਕਿ ਫੇਸਬੁੱਕ ਦੇ ਉਤਪਾਦ (ਸਾਫਟਵੇਅਰ) ਕਿਵੇਂ ਨੁਕਸਾਨਦੇਹ ਹਨ। ਉਸ ਦਾ ਕਹਿਣਾ ਹੈ ਕਿ "ਫੇਸਬੁੱਕ ਵੱਲੋਂ ਅਜਿਹੇ ਢੰਗ-ਤਰੀਕੇ ਵਰਤੋਂ ਵਿਚ ਲਿਆਉਣ ਦੇ ਹੀ ਨਤੀਜੇ ਹਨ ਜਿਸ ਕਾਰਨ ਲੋਕਾਂ ਦਰਮਿਆਨ ਵੰਡੀਆਂ ਵਧੀਆਂ ਹਨ, ਬਖੇੜੇ ਵਧੇ ਹਨ, ਝੂਠ ਦਾ ਪਸਾਰਾ ਹੋਇਆ ਹੈ, ਹੋਰ ਵਧੇਰੇ ਧਮਕੀਆਂ ਦਿੱਤੀਆਂ ਗਈਆਂ ਹਨ ਅਤੇ ਹੋਰ ਵਧੇਰੇ ਟਕਰਾਅ ਹੋਏ ਹਨ। ਕਈ ਮਾਮਲਿਆਂ ਵਿਚ ਅਜਿਹੀ ਆਨਲਾਈਨ ਗੱਲਬਾਤ ਹਕੀਕੀ ਹਿੰਸਾ ਵਿਚ ਵੀ ਵਟ ਗਈ ਜਿਸ ਨੇ ਨੁਕਸਾਨ ਪਹੁੰਚਾਇਆ ਅਤੇ ਕਈ ਮਾਮਲਿਆਂ ਵਿਚ ਲੋਕਾਂ ਦੀ ਜਾਨ ਤੱਕ ਚਲੀ ਗਈ।"

ਕਈ ਹਜ਼ਾਰ ਸਫਿਆਂ ਦੇ ਅੰਦਰੂਨੀ ਖੋਜ ਪੱਤਰਾਂ ਅਤੇ ਦਸਤਾਵੇਜ਼ਾਂ ਦੇ ਹਵਾਲੇ ਦਿੰਦਿਆਂ, ਜਿਹਨਾਂ ਨੂੰ 'ਦਿ ਵਾਲ ਸਟ੍ਰੀਟ ਜਰਨਲ' ਨੇ ਫੇਸਬੁੱਕ ਫਾਈਲਜ਼ ਦੇ ਸਿਰਲੇਖ ਤਹਿਤ ਛਾਪਿਆ ਹੈ, ਹਾਗਨ ਦਾ ਕਹਿਣਾ ਹੈ ਕਿ "ਫੇਸਬੁੱਕ ਵਿਚ ਕੰਮ ਕਰਦਿਆਂ ਮੈਨੂੰ ਭਿਅੰਕਰ ਹਕੀਕਤ ਦਾ ਇਲਮ ਹੋਇਆ ਕਿ ਫੇਸਬੁੱਕ ਤੋਂ ਬਾਹਰ ਲਗਭਗ ਕਿਸੇ ਨੂੰ ਵੀ ਇਸ ਗੱਲ ਦਾ ਅਹਿਸਾਸ ਨਹੀਂ ਕਿ ਫੇਸਬੁੱਕ ਦੇ ਅੰਦਰ ਕੀ ਚੱਲ ਰਿਹਾ ਹੈ। ਕੰਪਨੀ ਆਪਣੀ ਅਤਿ ਅਹਿਮ ਜਾਣਕਾਰੀ ਨੂੰ ਮੁਲਕ ਦੀ ਜਨਤਾ, ਅਮਰੀਕੀ ਸਰਕਾਰ ਅਤੇ ਦੁਨੀਆ ਭਰ ਦੀਆਂ ਸਰਕਾਰਾਂ ਤੋਂ ਜਾਣਬੁੱਝ ਕੇ ਲਕੋ ਕੇ ਰੱਖਦੀ ਹੈ।"



***ਸੂਚਨਾਵਾਂ ਦੇ ਆਦਾਨ-ਪ੍ਰਦਾਨ ਦੇ ਨਾਲ ਨਾਲ ਫੇਸਬੁੱਕ ਅਤੇ ਇੰਸਟਾਗਰਾਮ ਨਾਂ ਦੇ ਦੋਵੇਂ ਸੂਚਨਾ ਤਕਨਾਲੋਜੀ ਪਲੈਟਫਾਰਮ ਕਿਸ ਹੱਦ ਤੱਕ ਲੋਕਾਂ ਦਰਮਿਆਨ ਨਫਰਤ, ਵੰਡੀਆਂ ਆਦਿ ਦਾ ਸੰਚਾਰ ਕਰਦੇ ਹਨ, ਲੋਕਾਂ ਖਾਸਕਰ ਬੱਚਿਆਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ- ਇਸ ਦਾ ਵੀ ਅਜਿਹਾ ਹੀ ਸਨਸਨੀਖੇਜ਼ ਖੁਲਾਸਾ ਸਾਹਮਣੇ ਆਇਆ ਹੈ।***

ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜਦੋਂ ਵੀ ਕਦੇ ਅਸੀਂ ਫੇਸਬੁੱਕ ਤੇ ਆਪਣੀ ਪ੍ਰੋਫਾਈਲ ਨੂੰ ਕਲਿੱਕ ਕਰਦੇ ਹਾਂ ਤਾਂ ਸਾਡੇ ਮਨਪਸੰਦ/ਨਾਪਸੰਦ ਦੀ ਗੱਲ ਕੀ ਉਸ ਸਾਰੇ ਕੁਝ ਦੀ ਲਿਸਟ ਜੋ ਕੰਪਨੀ ਦੇ ਡੇਟਾਬੇਸ ਵਿਚ ਜਮ੍ਹਾਂ ਪਈ ਹੋਈ ਹੈ, ਜਿੱਥੋਂ ਉਹ ਡੇਟਾਬੇਸ ਸਾਨੂੰ ਆਪਣੇ ਗਣਿਤ ਫਾਰਮੂਲਿਆਂ ਰਾਹੀਂ ਉਸੇ ਹੀ ਚੁਰਾਸੀ ਦੇ ਗੇੜ ਵਿਚ ਪਾਈ ਰੱਖਦਾ ਹੈ ਅਤੇ ਵਾਰ ਵਾਰ ਉਹੀ ਕੁਝ ਸਾਡੇ ਸਾਹਮਣੇ ਪ੍ਰਗਟ ਹੁੰਦਾ ਰਹਿੰਦਾ ਹੈ। ਜਦ ਕਦੀ ਵੀ ਅਸੀਂ ਜਾਣੇ-ਅਣਜਾਣੇ ਫੇਸਬੁੱਕ ਤੇ ਕਿਸੇ ਵੀ ਵਸਤ ਦੇ ਇਸ਼ਤਿਹਾਰ ਤੇ ਕਲਿੱਕ ਕਰਦੇ ਹਾਂ ਤਾਂ ਉਹੀ ਇਸ਼ਤਿਹਾਰ ਸਾਨੂੰ ਹਰ ਵਕਤ ਦਿਖਾਈ ਦਿੰਦੀ ਹੈ। ਇੱਕ ਹੋਰ ਗੱਲ ਇਹ ਧਿਆਨ ਦੇਣ ਵਾਲੀ ਹੈ ਕਿ ਭਾਵੇਂ ਸਾਡੀ ਫਰੈਂਡਸ਼ਿਪ ਲਿਸਟ ਨੂੰ 5000 ਤੱਕ ਦੀ ਸੰਖਿਆ ਤੱਕ ਸੀਮਤ ਕੀਤਾ ਹੋਇਆ ਹੈ ਪਰ ਸਾਡੀ ਕਿਸੇ ਵੀ ਪੋਸਟ ਨੂੰ ਵੱਧ ਤੋਂ ਵੱਧ ਸਿਰਫ 50-60 ਮਿੱਤਰ ਹੀ ਦੇਖ ਸਕਦੇ ਹਨ, ਬਾਕੀਆਂ ਤੱਕ ਉਹ ਪੋਸਟ ਪਹੁੰਚਦੀ ਹੀ ਨਹੀਂ। ਆਪਣੀ ਹੀ ਸੋਚ ਨੂੰ ਅਗਾਂਹ ਪ੍ਰਚਾਰਨ ਅਤੇ ਆਪਣੇ ਗਾਹਕਾਂ ਦੀਆਂ ਵਸਤਾਂ ਵੇਚਣ ਲਈ ਅਜਿਹੇ ਅਲਗਾਰਿਦਮ (ਗਣਿਤ ਫਾਰਮੂਲੇ) ਘੜੇ ਗਏ ਹਨ ਜਿਹੜੇ ਅਜਿਹਾ ਕਾਰਜ ਬਾਖੂਬੀ ਨਿਭਾਉਂਦੇ ਹਨ।

ਤੁਸੀਂ ਸਭ ਨੇ ਕਦੇ ਨਾ ਕਦੇ, ਕਿਤੇ ਨਾ ਕਿਤੇ ਇਹ ਪੜ੍ਹਿਆ ਹੀ ਹੋਵੇਗਾ ਕਿ ਫਲਾਣੇ ਇੰਜਨੀਅਰਿੰਗ ਕਾਲਜ/ਸੰਸਥਾ ਦੇ ਫਲਾਂ ਫਲਾਂ ਵਿਦਿਆਰਥੀ ਨੂੰ ਫੇਸਬੁੱਕ ਨੇ ਕਰੋੜ ਰੁਪਏ ਸਾਲਾਨਾ ਦੀ ਨੌਕਰੀ ਲਈ ਚੁਣਿਆ ਹੈ। ਇਸ ਵਿਚ ਉਸ ਵਿਦਿਆਰਥੀ ਨੂੰ ਭਾਗਾਂ ਵਾਲਾ ਦਿਖਾ ਕੇ ਬਾਕੀਆਂ ਨੂੰ ਨਖਿੱਧ ਸਾਬਤ ਕਰਨ ਦੀ ਮਨਸ਼ਾ ਤਾਂ ਛੁਪੀ ਹੀ ਪਈ ਹੈ, ਇਸ ਤੋਂ ਵੀ ਅੱਗੇ ਇਹ ਫੇਸਬੁੱਕ ਅਦਾਰਾ ਐਵੇਂ ਹੀ ਉਸ 'ਹੋਣਹਾਰ' ਵਿਦਿਆਰਥੀ ਨੂੰ ਐਨੇ ਪੈਸੇ ਨਹੀਂ ਦੇ ਰਿਹਾ, ਉਹ ਕੰਪਨੀ ਉਸ ਤੋਂ ਅਜਿਹੇ ਫਾਰਮੂਲੇ ਤਿਆਰ ਕਰਵਾਉਂਦੀ ਹੈ ਜਿਹੜੇ ਉਸ ਨਾਲ ਸੰਬੰਧਤ ਵਪਾਰਕ ਅਤੇ ਹੋਰ ਭਾਗੀਦਾਰਾਂ ਦੇ ਮਨਸ਼ਿਆਂ ਦੀ ਬਾਖੂਬੀ ਪੂਰਤੀ ਕਰਦੇ ਹਨ।

ਫੇਸਬੁੱਕ ਦੇ ਅੰਦਰੂਨੀ ਅਧਿਐਨ ਪਰਚੇ ਹੀ ਇਸ ਗੱਲ ਦਾ ਖੁਲਾਸਾ ਕਰਦੇ ਹਨ ਕਿ ਇੰਸਟਾਗਰਾਮ ਤੇ ਆਉਣ ਤੋਂ ਬਾਅਦ ਯੂਨਾਈਟਡ ਕਿੰਗਡਮ ਦੀਆਂ ਅੱਲੜ (ਟੀਨਏਜ) ਕੁੜੀਆਂ ਅੰਦਰ ਆਤਮ-ਹੱਤਿਆ ਕਰਨ ਦੇ ਰੁਝਾਨ ਵਿਚ 13.5 ਫੀਸਦੀ ਵਾਧਾ ਨੋਟ ਕੀਤਾ ਗਿਆ। ਇੱਕ ਹੋਰ ਅਧਿਐਨ ਵਿਚ ਇਹ ਸਾਹਮਣੇ ਆਇਆ ਕਿ ਇੰਸਟਾਗਰਾਮ ਨਾਲ ਜੁੜਨ ਤੋਂ ਬਾਅਦ 17 ਫੀਸਦੀ ਕੁੜੀਆਂ ਦਾ ਕਹਿਣਾ ਸੀ ਕਿ ਉਹਨਾਂ ਅੰਦਰ ਚੱਲ ਰਹੀ ਨਾ ਖਾਣ ਦੀ ਜਾਂ ਘੱਟ ਖਾਣ ਦੀ ਬਿਮਾਰੀ ਵਿਚ ਵਾਧਾ ਹੋਇਆ ਹੈ। 32 ਫੀਸਦੀ ਕੁੜੀਆਂ ਦਾ ਕਹਿਣਾ ਸੀ ਕਿ ਜਦ ਵੀ ਕਦੀ ਉਹ ਆਪਣੇ ਸਰੀਰ ਦੀ ਬਣਤਰ ਨੂੰ ਲੈ ਕੇ ਪ੍ਰੇਸ਼ਾਨ ਹੁੰਦੀਆਂ ਸਨ ਤਾਂ ਫਿਰ ਜੇ ਉਹ ਇੰਸਟਾਗਰਾਮ ਤੇ ਚਲੀਆਂ ਜਾਂਦੀਆਂ ਤਾਂ ਉਹਨਾਂ ਦੀਆਂ ਉਹ ਅਲਾਮਤਾਂ ਹੋਰ ਵਧੇਰੇ ਵਧ ਜਾਂਦੀਆਂ। ਇਸ ਉਮਰ ਦੀਆਂ ਕੁੜੀਆਂ ਨੂੰ ਜਾਣਬੁਝ ਕੇ ਨਿਸ਼ਾਨਾ ਬਣਾਇਆ ਗਿਆ ਜਦਕਿ ਐਪ 13 ਸਾਲ ਤੋਂ ਉੱਪਰ ਦੇ ਬੱਚਿਆਂ ਲਈ ਪ੍ਰਵਾਨਤ ਹੈ। ਇਹ ਗੱਲਾਂ ਸਾਹਮਣੇ ਲਿਆਉਂਦੀਆਂ ਹਨ ਕਿ ਫੇਸਬੁੱਕ ਨੇ



ਆਪਣੇ ਮੁਨਾਫਿਆਂ ਨੂੰ ਹਰ ਸਮੇਂ ਸਾਹਮਣੇ ਰੱਖਿਆ ਅਤੇ ਬੱਚਿਆਂ ਅਤੇ ਐਪ ਵਰਤਣ ਵਾਲਿਆਂ ਦੀ ਖੈਰੀਅਤ ਨੂੰ ਨਜ਼ਰ ਅੰਦਾਜ਼ ਕੀਤਾ। ਇਸ ਤੋਂ ਵੀ ਅੱਗੇ ਫੇਸਬੁੱਕ, ਇੰਸਟਾਗਰਾਮ ਦਾ ਇੱਕ ਹੋਰ ਰੂਪ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੰਸਟਾਗਰਾਮ ਨਾਂ ਦਾ ਪਲੈਟਫਾਰਮ ਲਾਂਚ ਕਰਨ ਦੀ ਫਿਰਾਕ ਵਿਚ ਹੈ ਜਿਸ ਦੇ ਨਤੀਜੇ ਕਿਤੇ ਖਤਰਨਾਕ ਹੋਣੇ ਹਨ।

ਇੱਕ ਹੋਰ ਇੰਕਸ਼ਾਫ ਵਿਚ ਇਹ ਦੱਸਿਆ ਗਿਆ ਕਿ ਫੇਸਬੁੱਕ ਅਜਿਹੇ ਗਣਿਤ ਫਾਰਮੂਲੇ ਘੜਦੀ ਹੈ ਜਿਸ ਦੇ ਵਿਚ ਕਿਸੇ ਪੋਸਟ ਨੂੰ ਕੋਈ ਕੁਮੈਂਟ, ਲਾਈਕਸ ਜਾਂ ਕੋਈ ਹੋਰ ਟਿੱਪਣੀਆਂ ਦਰਿਆਫਤ ਹੁੰਦੀਆਂ ਹਨ ਤਾਂ ਉਸ ਪੋਸਟ ਨੂੰ ਪੂਰੀ ਤੇਜ਼ੀ ਨਾਲ ਜੰਗਲ ਦੀ ਅੱਗ ਦੀ ਰਫਤਾਰ ਨਾਲ ਉਹ ਗਣਿਤ ਫਾਰਮੂਲੇ ਫੈਲਾਉਂਦੇ ਹਨ ਅਤੇ ਉਸ ਪੋਸਟ ਨੂੰ ਪੂਰੀ ਅਹਿਮ ਜਗ੍ਹਾ ਮੁਹੱਈਆ ਕੀਤੀ ਜਾਂਦੀ ਹੈ। ਇੱਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਜਿਹੀਆਂ ਪੋਸਟਾਂ ਦੇ ਮਾਮਲੇ ਵਿਚ ਕਿਸੇ ਕਰੋਨੋਲੋਜੀਕਲ ਆਰਡਰ (ਸਮੇਂ ਅਨੁਸਾਰ ਅੱਗੜ-ਪਿੱਛੜ ਕਰਨ ਦਾ ਕਾਰਜ) ਨੂੰ ਬੇਰਹਿਮੀ ਨਾਲ ਉਲੰਘਿਆ ਜਾਂਦਾ ਹੈ। ਇਸ ਫਾਰਮੂਲੇ ਤਹਿਤ ਸਨਸਨੀਖੇਜ਼ ਮਸਾਲਾ ਰੌਸ਼ਨੀ ਦੀ ਰਫਤਾਰ ਨਾਲ ਪਲੈਟਫਾਰਮ ਰਾਹੀਂ ਸਬੰਧਤ ਭਾਈਚਾਰਿਆਂ ਅੰਦਰ ਫੈਲਦਾ ਹੈ ਅਤੇ ਇਹ ਘ੍ਰਿਣਾ, ਨਫਰਤ ਅਤੇ ਗਲਤ-ਮਲਤ ਜਾਣਕਾਰੀ ਫੈਲਾਉਣ ਦਾ ਜ਼ਰੀਆ ਮਾਤਰ ਬਣ ਕੇ ਰਹਿ ਜਾਂਦਾ ਹੈ ਜਿਵੇਂ ਜਦੋਂ ਵੀ ਕਿਸੇ ਸਥਾਨ ਤੇ ਫਿਰਕੂ, ਨਸਲੀ, ਭਾਸ਼ਾਈ, ਰੰਗਭੇਦੀ, ਇਲਾਕਾਈ ਆਦਿ ਦੰਗੇ ਭੜਕੇ ਹਨ ਤਾਂ ਉਹਨਾਂ ਦੀ ਪਿੱਠਭੂਮੀ ਵਿਚ ਅਜਿਹੇ ਪਲੈਟਫਾਰਮਾਂ 'ਤੇ ਉਗਲੀ ਜ਼ਹਿਰ ਦਾ ਬਹੁਤ ਅਹਿਮ ਰੋਲ ਨੋਟ ਕੀਤਾ ਗਿਆ। ਨਾਗਰਿਕਤਾ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਦਿੱਲੀ ਦੇ ਫਿਰਕੂ ਦੰਗਿਆਂ ਦੀ ਮਿਸਾਲ ਸਾਡੇ ਸਾਹਮਣੇ ਹੈ ਜਿਹਨਾਂ ਦੌਰਾਨ ਅਤੇ ਇਹਨਾਂ ਦੰਗਿਆਂ ਤੋਂ ਪਹਿਲਾਂ ਮੁਸਲਿਮ ਵਿਰੋਧੀ ਪ੍ਰਚਾਰ ਪੂਰੇ ਜ਼ੋਰਾਂ ਤੇ ਸੀ।

ਇਸ ਦੇ ਨਾਲ ਹੀ ਇਹ ਗੱਲ ਵੀ ਬਹੁਤ ਅਹਿਮ ਹੈ ਕਿ ਫੇਸਬੁੱਕ ਕੋਲ ਜਿਸ ਪੱਧਰ ਦੀ ਜਾਣਕਾਰੀ ਫੇਸਬੁੱਕ ਯੂਜਰਜ਼ ਬਾਰੇ ਜਮ੍ਹਾਂ ਪਈ ਹੈ, ਉਸ ਦੀ ਨਾਜਾਇਜ਼ ਢੰਗ ਨਾਲ ਵਰਤੋਂ ਕੀਤੇ ਜਾਣ ਬਾਰੇ ਵੀ ਖਦਸ਼ੇ ਹਨ। ਵ੍ਹੱਟਸਐਪ ਬਾਰੇ ਭਾਵੇਂ ਇਹ ਕਿਹਾ ਜਾਂਦਾ ਹੈ ਕਿ ਇਸ ਪਲੈਟਫਾਰਮ ਤੇ ਕੀਤੀ ਗੱਲਬਾਤ ਅਤੇ ਜਾਣਕਾਰੀ ਦਾ ਆਦਾਨ-ਪ੍ਰਦਾਨ ਬਿਲਕੁੱਲ ਹੀ ਫੂਲਪਰੂਫ (ਕਿਸੇ ਹੋਰ ਨਾਲ ਸਾਂਝਾ ਕੀਤੇ ਜਾਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ) ਪਰ ਨਾਲ ਹੀ ਇਹ ਕਿ ਜਦ ਵੀ ਸਰਕਾਰ ਕਿਸੇ ਵੀ ਸ਼ਖ਼ਸ ਬਾਰੇ ਕੋਈ ਵੀ ਜਾਣਕਾਰੀ ਲੈਣੀ ਚਾਹੇ, ਉਹ ਮੁਹੱਈਆ ਕੀਤੀ ਜਾਂਦੀ ਹੈ। ਫੇਸਬੁੱਕ ਤੇ ਯੂਜਰਜ਼ ਬਾਰੇ ਜਾਣਕਾਰੀ ਓਪਨ ਹੀ ਹੈ, ਭਾਵ ਖੁੱਲ੍ਹੀ ਕਿਤਾਬ ਵਾਂਗ ਨਸ਼ਰ ਹੈ। ਮਿਸਾਲ ਵਜੋਂ ਜਦ ਵੀ ਅਸੀਂ ਕਿਸੇ ਵੀ ਪ੍ਰੋਡਕਟ ਦੀ ਐਡ ਤੇ ਕਲਿੱਕ ਕਰਦੇ ਹਾਂ ਤਾਂ ਉਸ ਪ੍ਰੋਡਕਟ ਦੀ ਉਹੀ ਜਾਂ ਉਹਦੇ ਨਾਲ ਮਿਲਦੀਆਂ-ਜੁਲਦੀਆਂ ਐਡ ਸਾਡਾ ਖਹਿੜਾ ਨਹੀਂ ਛੱਡਦੀਆਂ; ਭਾਵ ਉਸ ਡਾਟਾ ਨੂੰ ਇਸ ਫੇਸਬੁੱਕ ਪਲੈਟਫਾਰਮ ਨੇ ਆਪਣੇ ਵਪਾਰਕ ਮੁਫਾਦਾਂ ਨੂੰ ਮੁੱਖ ਰੱਖਦਿਆਂ ਉਹਨਾਂ ਵਪਾਰਕ ਅਦਾਰਿਆਂ ਨਾਲ ਸਾਂਝਾ ਕੀਤਾ ਹੋਇਆ ਹੈ। ਫੇਸਬੁੱਕ ਨੂੰ ਯੂਜਰਜ਼ ਦੇ ਸਿਆਸੀ ਝੁਕਾਵਾਂ, ਉਸ ਦੀ ਪਸੰਦ-ਨਾਪਸੰਦ, ਉਸ ਦੀ ਮਿੱਤਰ ਮੰਡਲੀ, ਯੂਜਰਜ਼ ਦੀ ਲੋਕੇਸ਼ਨ, ਉਹਨਾਂ ਦੀ ਇੱਕ ਥਾਂ ਤੋਂ ਦੂਜੇ ਸਥਾਨ ਵੱਲ ਜਾਣ ਦੀ ਜਾਣਕਾਰੀ, ਕਿਸ ਨਾਲ ਕਿਹੋ ਜਿਹੀਆਂ ਗੱਲਾਂ, ਵਿਚਾਰ ਸਾਂਝਾ ਕਰਦਾ ਹੈ, ਬਾਰੇ ਪੂਰਨ ਸਟੀਕ ਜਾਣਕਾਰੀ ਫੇਸਬੁੱਕ ਕੋਲ ਪਈ ਹੈ ਜਿਸ ਨੂੰ ਸਰਕਾਰਾਂ ਅਤੇ ਸਵਾਰਥੀ ਅਨਸਰ ਅਕਸਰ ਹੀ ਆਪਣੇ ਮੁਫਾਦਾਂ ਲਈ ਵਰਤੋਂ ਵਿਚ ਲਿਆਉਂਦੇ ਹਨ।

ਇਸ ਦੇ ਨਾਲ ਹੀ ਸਰਕਾਰ ਦੀ ਆਲੋਚਨਾ ਨੂੰ ਮੁੱਢ ਵਿਚ ਹੀ ਨੱਪ ਦੇਣ ਦਾ ਪੂਰਾ ਬੰਦੋਬਸਤ ਵੀ ਫੇਸਬੁੱਕ ਨੇ ਬਾਖੂਬੀ ਕੀਤਾ ਹੋਇਆ ਹੈ। ਪਿਛਲਾ ਤਜਰਬਾ ਦਿਖਾਉਂਦਾ ਹੈ ਕਿ ਕਿਵੇਂ ਸਰਕਾਰ ਦੀ ਕਿਸੇ ਵੀ ਟੀਕਾ-ਟਿੱਪਣੀ ਨੂੰ ਉੱਥੇ ਹੀ ਦੱਬ ਦਿੱਤਾ ਜਾਂਦਾ ਹੈ, ਉਸ ਯੂਜਰ ਨੂੰ ਪੂਰਨ ਰੂਪ ਵਿਚ ਮਹੀਨੇ ਲਈ ਬਲਾਕ ਕਰ ਦਿੱਤਾ ਜਾਂਦਾ ਹੈ, ਇਹ ਕਹਿ ਕੇ ਕਿ ਉਸ ਦੀ ਇਹ ਟਿੱਪਣੀ ਸਮਾਜਕ, ਭਾਈਚਾਰਕ ਮਿਆਰਾਂ ਅਨੁਸਾਰ ਨਹੀਂ ਹੈ; ਲਿਹਾਜਾ ਇਹ ਸਮਾਜ ਲਈ ਘਾਤਕ ਹੈ, ਕਿ ਇਹ ਪੋਸਟ ਬਿਨਾ ਤੱਥਾਂ ਤੋਂ ਹੈ ਆਦਿ। ਫੇਸਬੁੱਕ ਰਾਹੀਂ ਫੈਲਾਏ ਜਾ ਰਹੇ ਝੂਠ ਤੂਫਾਨ ਦਾ ਖੁਰਾ-ਖੋਜ ਲੱਭਣ ਲਈ ਕੇਰਲ ਵਿਚ ਫੇਸਬੁੱਕ ਦੇ ਇੱਕ ਖੋਜਾਰਥੀ ਨੇ ਫੇਸਬੁੱਕ ਤੇ ਆਪਣਾ ਨਵਾਂ ਖਾਤਾ ਖੋਲ੍ਹ ਕੇ ਕੇਰਲ ਦੇ ਇੱਕ ਯੂਜਰ ਦਾ ਤਜਰਬਾ ਹੱਡੀਂ ਹੰਢਾਉਣ ਦੀ ਵਿਉਂਤ ਬਣਾਈ। ਉਸ ਨੇ ਆਪਣੇ ਇਸ ਖਾਤੇ ਨੂੰ ਫੇਸਬੁੱਕ ਵੱਲੋਂ ਸੁਝਾਏ ਗਏ ਸਾਰੇ ਫੇਸਬੁੱਕ ਰੋਜਾਂ ਨੂੰ ਆਪਣੀਆਂ ਗੁਜ਼ਾਰਿਸ਼ਾਂ ਭੇਜੀਆਂ। ਇਸ ਉਪਰੰਤ ਉਸ ਦੀ ਹੈਰਾਨੀ ਦੀ ਕੋਈ ਸੀਮਾ ਨਾ ਰਹੀ ਕਿ ਜਦੋਂ ਉਸ ਨੇ ਜੋ ਨੋਟ ਕੀਤਾ ਕਿ ਕਿਵੇਂ ਉਸ ਨੇ ਆਪਣੀ ਨਿਊਜ਼ ਫੀਡ ਵਿਚ ਮੋਇਆਂ ਦੀਆਂ ਐਨੀਆਂ ਨਿਊਜ਼ ਦੇਖੀਆਂ ਜਿੰਨੇ ਮੋਇਆਂ ਨੂੰ ਕਿ ਉਸ ਨੇ ਆਪਣੀ ਸਾਰੀ ਜ਼ਿੰਦਗੀ ਵਿਚ ਦੇਖਿਆ ਹੀ ਨਹੀਂ ਸੀ ਕਿਉਂਕਿ ਅਜਿਹੀਆਂ ਜਾਅਲੀ ਆਈ.ਡੀਜ਼ ਦੀ ਭਰਮਾਰ ਫੇਸਬੁੱਕ ਤੇ ਮੌਜੂਦ ਪਈ ਹੈ। 14 ਫਰਵਰੀ ਨੂੰ ਪੁਲਵਾਮਾ ਹਮਲੇ ਤੋਂ ਬਾਅਦ ਦੇ ਅਰਸੇ ਵਿਚ ਫੇਸਬੁੱਕ ਦੇ ਗਣਿਤ ਫਾਰਮੂਲੇ ਸਿਆਸੀ ਅਤੇ ਫੌਜੀ ਸਮੱਗਰੀ ਵਾਲੇ ਪੇਜਾਂ ਦੇ ਸੁਝਾਵਾਂ ਨਾਲ ਭਰਪੂਰ ਰਹੇ। ਵਾਚ ਅਤੇ ਲਾਈਵ ਟੈਬਾਂ ਨੂੰ ਕਲਿੱਕ ਕਰਨ ਤੇ ਉਹਨੂੰ ਪੋਰਨ (ਲੱਚਰ, ਅਸ਼ਲੀਲ) ਸਮੱਗਰੀ ਅਲਗਾਰਿਦਮ ਨੇ ਪਰੋਸੀ।

ਇੱਥੇ ਇੱਕ ਹੋਰ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਫੇਸਬੁੱਕ ਨੂੰ ਹੋਣ ਵਾਲੀ 2021 ਦੀ ਪਹਿਲੀ ਚੌਥਾਈ ਦੀ ਆਮਦਨੀ ਦਾ 52.5% ਹਿੱਸਾ ਅਮਰੀਕਾ ਅਤੇ ਕੈਨੇਡਾ ਤੋਂ ਬਾਹਰ ਤੋਂ ਪ੍ਰਾਪਤ ਹੋਇਆ ਹੈ ਪਰ ਅਜਿਹੀਆਂ ਗਲਤ-ਮਲਤ ਸੂਚਨਾਵਾਂ ਦੇਣ ਲਈ ਕੀਤੇ ਜਾਣ ਵਾਲੇ ਕੁੱਲ ਆਲਮੀ ਖਰਚੇ ਦਾ 87% ਸਿਰਫ ਅਮਰੀਕਾ ਵਿਚ ਹੀ ਖਰਚਿਆ ਜਾਂਦਾ ਹੈ ਅਤੇ ਬਾਕੀ ਦਾ ਨਿਗੂਣਾ ਸਾਰੇ ਸੰਸਾਰ ਲਈ ਰੱਖਿਆ ਗਿਆ ਹੈ।

ਵਿਗਿਆਨ ਦੀਆਂ ਹੋਰਨਾਂ ਪ੍ਰਾਪਤੀਆਂ ਵਾਂਗ ਸੂਚਨਾ ਤਕਨਾਲੋਜੀ ਵਿਚ ਹੋਈ ਲਾਜਵਾਬ ਤਰੱਕੀ ਆਸਰੇ ਵੀ ਮਨੁੱਖ ਨੇ ਅਗਾਂਹ ਵੱਲ ਛਲਾਂਗ ਪੁੱਟਣ ਦੀ ਦਿਸ਼ਾ ਵਿਚ ਕਦਮ ਵਧਾਏ ਹਨ। ਇਸ ਨੇ ਹਰ ਯੂਜਰ ਨੂੰ ਲੱਗਦਾ ਹੈ ਕਿ ਫੇਸਬੁੱਕ ਵਰਗਾ ਪਲੈਟਫਾਰਮ ਉਸ ਨੂੰ ਲਗਭਗ ਹਰ ਮਾਮਲੇ ਤੇ ਹੀ ਆਪਣੇ ਨਿੱਜੀ ਵਿਚਾਰ ਪ੍ਰਗਟ ਕਰਨ ਲਈ ਮੁਹੱਈਆ ਕੀਤਾ ਹੋਇਆ ਹੈ ਪਰ ਉਸ ਯੂਜਰ ਦੀ ਖੁਸ਼ਫਹਿਮੀ ਉਦੋਂ ਕਾਫੂਰ ਹੋ ਜਾਂਦੀ ਹੈ ਜਦੋਂ ਉਹਦੇ ਵਿਚਾਰਾਂ ਨੂੰ 'ਭਾਈਚਾਰੇ ਦੇ ਮਾਨਕਾਂ 'ਤੇ ਪੂਰੇ ਨਾ ਉਤਰਦੇ ਹੋਣ' ਕਰਕੇ ਬਲਾਕ ਕਰਕੇ ਉਸ ਦਾ ਖਾਤਾ ਸਸਪੈਂਡ ਕਰ ਦਿੱਤਾ ਜਾਂਦਾ ਹੈ।

ਸਾਮਰਾਜੀ ਸਰਮਾਏਦਾਰਾਨਾ ਯੁੱਗ ਵਿਚ ਵਿਗਿਆਨ ਦੀ ਹਰ ਤਰੱਕੀ ਨੂੰ ਆਪਣੇ ਨਿੱਜੀ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਲਗਾਤਾਰ ਵਰਤੇ ਜਾਣਾ ਆਮ ਗੱਲ ਹੈ। ਲੋੜ ਹੈ ਹਾਕਮ ਜਮਾਤਾਂ ਵੱਲੋਂ ਆਪਣੇ ਹੱਕ ਵਿਚ ਵਰਤੀ ਜਾਂਦੀ ਵਿਗਿਆਨ ਦੀ ਹਰ ਤਰਕੀਬ ਨੂੰ ਡੂੰਘਾਈ ਨਾਲ ਸਮਝਣ ਦੀ ਅਤੇ ਵਿਸ਼ਾਲ ਲੋਕਾਈ ਨੂੰ ਇਸ ਬਾਰੇ ਜਾਗਰੂਕ ਕਰਦਿਆਂ ਵਿਗਿਆਨ ਦੀ ਅਜਿਹੀ ਲੋਕ ਦੋਖੀ ਵਰਤੋਂ ਨੂੰ ਬੰਨ੍ਹ ਮਾਰਨ ਦੀ, ਫੇਸਬੁੱਕ ਵਰਗੇ ਸੋਸ਼ਲ ਪਲੈਟਫਾਰਮਾਂ ਦੀ ਵਰਤੋਂ ਵਿਚ ਪਾਰਦਰਸ਼ਤਾ ਲਿਆਉਣ ਲਈ ਆਵਾਜ਼ ਬੁਲੰਦ ਕਰਨ ਦੀ, ਸਰਕਾਰ ਅਤੇ ਕਾਰਪੋਰੇਟ ਜਗਤ ਦਰਮਿਆਨ ਪੱਕੇ ਰਿਸ਼ਤੇ ਨੂੰ ਉਜਾਗਰ ਕਰਨ ਦੀ, ਜੱਗ ਜ਼ਾਹਿਰ ਕਰਨ ਦੀ ਤਾਂ ਜੋ ਵਿਗਿਆਨ ਦੀ ਅਜਿਹੀ ਤਰੱਕੀ ਨੂੰ ਵਿਸ਼ਾਲ ਲੋਕਾਈ ਦੇ ਹਿੱਤਾਂ ਵਿਚ ਵਰਤੋਂ ਵਿਚ ਲਿਆਂਦਾ ਜਾ ਸਕੇ ਅਤੇ ਵਧੀਆ ਉਸਾਰੂ ਸਮਾਜ ਸਿਰਜਿਆ ਜਾ ਸਕੇ।


# ਖੇਤੀ ਸੰਕਟ ਅਤੇ ਖੇਤੀ ਦਾ ਨਵਾਂ ਮਾਡਲ

***ਭਾਰਤ ਵਿਚ ਚੱਲੇ ਮਿਸਾਲੀ ਕਿਸਾਨ ਅੰਦੋਲਨ ਨਾਲ ਖੇਤੀ ਨੂੰ ਦਰਪੇਸ਼ ਸੰਕਟ ਬਾਰੇ ਨਵੇਂ ਸਿਰਿਓਂ ਵੱਡੀ ਪੱਧਰ 'ਤੇ ਗੱਲ ਚੱਲੀ ਹੈ। 'ਪੰਜਾਬ ਟਾਈਮਜ਼' ਦੇ ਪੰਨਿਆਂ ਉਤੇ ਗੰਭੀਰ ਮੁੱਦਿਆਂ ਬਾਰੇ ਹਾਜ਼ਰੀ ਲੁਆਉਣ ਵਾਲੇ ਪਰਮਜੀਤ ਰੋਡੇ ਨੇ ਆਪਣੇ ਇਸ ਲੇਖ ਵਿਚ ਬਦਲਵੇਂ ਖੇਤੀ ਮਾਡਲ ਬਾਰੇ ਨਿੱਠ ਕੇ ਚਰਚਾ ਕੀਤੀ ਹੈ ਅਤੇ ਇਤਿਹਾਸ ਵਿਚੋਂ ਅਜਿਹੇ ਹਵਾਲੇ ਦਿੱਤੇ ਹਨ ਜੋ ਇਸ ਸੰਕਟ ਦਾ ਹੱਲ ਕੱਢਣ ਦੀ ਸਮਰੱਥਾ ਰੱਖਦੇ ਹਨ।***



ਸ਼ਾਂਤਮਈ ਕਿਸਾਨ ਸੰਘਰਸ਼ ਦੀ ਸ਼ਾਂਤਮਈ ਜਿੱਤ ਨਾਲ ਬੇਸ਼ੱਕ ਅੰਦੋਲਨ ਇਕ ਵਾਰ ਸਿਰੇ ਚੜ੍ਹ ਗਿਆ ਹੈ ਪਰ ਦੇਸੀ ਵਿਦੇਸ਼ੀ ਸਿਆਸਤ 'ਤੇ ਪੈਣ ਵਾਲੇ ਇਸ ਦੇ ਪ੍ਰਭਾਵ ਦੀਆਂ ਪਰਤਾਂ ਲਗਾਤਾਰ ਖੁੱਲ੍ਹਦੀਆਂ ਰਹਿਣਗੀਆਂ। ਕਾਰਪੋਰੇਟ ਹਿੱਤਾਂ ਦੀ ਸਰਪ੍ਰਸਤ ਨਰਿੰਦਰ ਮੋਦੀ ਸਰਕਾਰ ਦਾ ਗਰੂਰ ਭਾਵੇਂ ਇਕ ਵਾਰ ਟੁੱਟ ਗਿਆ ਪਰ ਸਮਾਂ ਲੰਘਣ 'ਤੇ ਉਹ ਫਿਰ ਝਪਟੇਗੀ। ਸਰਕਾਰ ਜੋ ਮਰਜ਼ੀ ਕਰੇ ਪਰ ਕਿਸਾਨ ਵੀ ਪਹਿਲਾਂ ਵਾਲੇ ਨਹੀਂ ਰਹੇ, ਘੋਲ ਲੜਨ ਅਤੇ ਜਿੱਤਣ ਦਾ ਉਨ੍ਹਾਂ ਕੋਲ ਵੀ ਅਮੀਰ ਤਜਰਬਾ ਹੈ। ਕਾਰਪੋਰੇਟੀ ਹਮਲਾ ਤਾਂ ਪਛਾੜ ਦਿੱਤਾ ਪਰ ਖੇਤੀ ਅਤੇ ਖੇਤੀ ਕਰਨ ਵਾਲਾ ਅਜੇ ਵੀ ਸੰਕਟ ਵਿਚ ਹੈ।

ਪੈਦਾਵਾਰ ਵਿਚ ਖੜੋਤ ਆ ਚੁੱਕੀ ਹੈ ਤੇ ਜ਼ਮੀਨ ਦੀ ਗੁਣਵੱਤਾ ਲਗਾਤਾਰ ਘਟ ਰਹੀ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ ਅਤੇ ਧਰਤੀ ਬੰਜਰ ਹੋਣ ਵੱਲ ਵਧ ਰਹੀ ਹੈ।



**ਪਰਮਜੀਤ ਰੋਡੇ**
ਫੋਨ: 737-274-2374

ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਬੇਥਾਹ ਵਰਤੋਂ ਕਾਰਨ ਮਿੱਟੀ, ਉਪਜ ਅਤੇ ਧਰਤੀ ਹੇਠਲਾ ਪਾਣੀ ਜ਼ਹਿਰੀਲੇ ਹੋ ਗਏ ਹਨ; ਸਿੱਟੇ ਵਜੋਂ ਮਾਰੂ ਬਿਮਾਰੀਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਵਧੀਆਂ ਪੈਦਾਵਾਰੀ ਲਾਗਤਾਂ ਅਤੇ ਘਟ ਰਹੀ ਆਮਦਨ ਕਾਰਨ ਖੇਤੀ ਦਾ ਧੰਦਾ ਲਾਹੇਵੰਦ ਨਹੀਂ ਰਿਹਾ। ਬੈਂਕਾਂ ਅਤੇ ਆੜ੍ਹਤੀਆਂ ਦੀਆਂ ਉੱਚੀਆਂ ਵਿਆਜ ਦਰਾਂ ਨੇ ਕਿਸਾਨੀ ਦਾ ਕਚੂਮਰ ਕੱਢ ਦਿੱਤਾ ਹੈ। ਜ਼ਮੀਨ ਦੀ ਵੰਡ-ਦਰ-ਵੰਡ ਕਾਰਨ ਛੋਟੀਆਂ ਹੋਈਆਂ ਜੋਤਾਂ, ਨਵੀਂ ਤਕਨੀਕ ਅਤੇ ਮਸ਼ੀਨਰੀ ਦਾ ਲਾਹਾ ਲੈਣ ਦੀ ਹਾਲਤ ਵਿਚ ਨਹੀਂ। ਮਸ਼ੀਨਰੀ ਆਟੋਮੇਸ਼ਨ ਦੇ ਵਧਵੇਂ ਦਖਲ ਕਾਰਨ ਖੇਤੀ ਤੋਂ ਵਿਹਲੀ ਹੋਈ ਕਿਰਤ ਸ਼ਕਤੀ ਨੂੰ ਆਰਥਕਤਾ ਦੇ ਦੂਜੇ ਸੈਕਟਰ- ਉਦਯੋਗ ਅਤੇ ਸੇਵਾਵਾਂ, ਆਪਣੇ ਅੰਦਰ ਜਜ਼ਬ ਕਰਨ ਦੀ ਹਾਲਤ ਵਿਚ ਨਹੀਂ। ਨਿਰਾਸਤਾ, ਬੇਚੈਨੀ ਅਤੇ ਬੇਵਸੀ ਦਾ ਸ਼ਿਕਾਰ ਕਿਸਾਨ ਤਬਕਾ ਨਸ਼ੇ ਅਤੇ ਖੁਦਕੁਸ਼ੀਆਂ ਦੇ ਰਾਹ ਪੈ ਤੁਰਿਆ ਹੈ।

ਖੇਤੀ ਸੰਕਟ ਇੰਨਾ ਪ੍ਰਤੱਖ ਹੈ ਕਿ ਇਸ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ। ਇਸੇ ਲਈ ਮਸਲਾ ਤਾਂ ਸੰਕਟ ਦੀ ਚੁਣੌਤੀ ਕਬੂਲਣ ਅਤੇ ਸਾਰਥਕ ਹੁੰਗਾਰਾ ਭਰਨ ਦਾ ਹੈ। ਮੋਦੀ ਸਰਕਾਰ ਵੱਲੋਂ ਸੰਕਟ ਨੂੰ ਭਰਿਆ ਹੁੰਗਾਰਾ ਅਤੇ ਪੇਸ਼ ਕੀਤਾ ਹੱਲ ਤਾਂ ਅਸੀਂ ਦੇਖ ਹੀ ਚੁੱਕੇ ਹਾਂ ਕਿ ਕਿਵੇਂ ਸਮੁੱਚੇ ਖੇਤੀ ਸੈਕਟਰ ਨੂੰ ਹੀ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਗਈ। ਦੂਸਰਾ ਹੁੰਗਾਰਾ ਕਿਸਾਨ ਪੱਖੀ ਬੁੱਧੀਜੀਵੀਆਂ ਅਤੇ ਅਰਥ ਸ਼ਾਸਤਰੀਆਂ ਨੇ ਭਰਨਾ ਹੈ। ਦੇਖਦੇ ਹਾਂ ਕਿ ਇਹ ਬੁੱਧੀਜੀਵੀ ਅਤੇ ਮਾਹਰ ਚੌਰਾਹੇ 'ਤੇ ਡੌਰ-ਭੌਰ ਖੜ੍ਹੀ ਕਿਸਾਨੀ ਸਾਹਮਣੇ ਖੇਤੀਬਾੜੀ ਦਾ ਕਿਹੜਾ ਨਵਾਂ ਮਾਡਲ ਪੇਸ਼ ਕਰਦੇ ਹਨ। ਕੁਝ ਅਰਥ ਸ਼ਾਸਤਰੀਆਂ ਨੇ ਸਹਿਕਾਰੀ ਖੇਤੀ ਦਾ ਵਿਚਾਰ ਅੱਗੇ ਤੋਰਿਆ ਹੈ। ਮੇਰੇ ਵਿਚਾਰ ਵਿਚ ਸਮਾਜਕ ਵਿਕਾਸ ਦੇ ਇਸ ਪੜਾਅ 'ਤੇ ਸਭ ਤੋਂ ਢੁਕਵਾਂ ਮਾਡਲ ਸਹਿਕਾਰੀ ਖੇਤੀ ਹੀ ਬਣਦਾ ਹੈ; ਭਾਵ ਸਰਕਾਰ ਦੇ ਕਾਰਪੋਰੇਟ ਮਾਡਲ ਦੇ ਮੁਕਾਬਲੇ ਖੇਤੀ ਦਾ ਕੋਅਪਰੇਟਿਵ (ਸਹਿਕਾਰੀ) ਮਾਡਲ।

ਸਹਿਕਾਰੀ ਫਾਰਮਾਂ ਤੋਂ ਭਾਵ ਅਜਿਹੇ ਫਾਰਮਾਂ ਤੋਂ ਹੈ ਜਦੋਂ ਗਰੀਬ ਤੇ ਦਰਮਿਆਨੇ ਕਿਸਾਨ ਆਪਣੀ ਜ਼ਮੀਨ ਸਵੈ-ਇੱਛਾ ਅਨੁਸਾਰ ਇਕੱਠਾ ਕਰਕੇ ਵੱਡਾ ਫਾਰਮ ਬਣਾ ਲੈਂਦੇ ਹਨ ਪਰ ਜ਼ਮੀਨ ਦੇ ਟੁਕੜਿਆਂ ਦੀ ਮਾਲਕੀ ਆਪੋ-ਆਪਣੀ ਰਹਿੰਦੀ ਹੈ। ਫਾਰਮ ਤੋਂ ਹੋਈ ਆਮਦਨ ਨੂੰ ਉਹ ਜ਼ਮੀਨ ਮਾਲਕੀ ਦੇ ਸ਼ੇਅਰ ਅਤੇ ਵਿਅਕਤੀ-ਵਿਸ਼ੇਸ਼ ਵੱਲੋਂ ਕੀਤੀ ਮਿਹਨਤ, ਭਾਵ ਕੰਮ ਦੇ ਦਿਨਾਂ ਮੁਤਾਬਕ ਵੰਡ ਲੈਂਦੇ ਹਨ।

ਸਹਿਕਾਰੀ ਫਾਰਮ ਬਣਾਉਣ ਦੇ ਬਹੁਤ ਫਾਇਦੇ ਹਨ। ਮੁਕਾਬਲਤਨ ਪੈਦਾਵਾਰੀ ਲਾਗਤਾਂ ਘਟ ਜਾਂਦੀਆਂ ਅਤੇ ਪੈਦਾਵਾਰ ਵਧ ਜਾਂਦੀ ਹੈ। ਉਹ ਗਰੀਬ ਕਿਸਾਨ ਜਿਹੜੇ ਨਾ ਤਾਂ ਲੋੜੀਂਦੀ ਮਸ਼ੀਨਰੀ ਖਰੀਦ ਸਕਦੇ ਹਨ ਅਤੇ ਨਾ ਹੀ ਟਿਊਬਵੈਲ ਵਗੈਰਾ ਦਾ ਜੁਗਾੜ ਕਰਨ ਦੀ ਹਾਲਤ ਵਿਚ ਹੁੰਦੇ ਹਨ, ਸਹਿਕਾਰੀ ਫਾਰਮ ਦੇ ਮੈਂਬਰ ਬਣਨ ਨਾਲ ਇਨ੍ਹਾਂ ਸਹੂਲਤਾਂ ਦਾ ਬਕਾਇਦਾ ਲਾਹਾ ਲੈ ਸਕਦੇ ਹਨ। ਉਹ ਕਿਸਾਨ ਜਿਨ੍ਹਾਂ ਕੋਲ ਘੱਟ ਜ਼ਮੀਨ ਹੈ ਪਰ ਉਹ ਜ਼ਮੀਨ 'ਤੇ ਕਰਜ਼ਾ ਚੁੱਕ ਕੇ ਮਹਿੰਗੇ ਟਰੈਕਟਰ ਤੇ ਹੋਰ ਮਸ਼ੀਨਰੀ ਖਰੀਦੀ ਬੈਠੇ ਹਨ, ਸਹਿਕਾਰੀ ਫਾਰਮ ਦਾ ਮੈਂਬਰ ਬਣਨ ਨਾਲ ਇਨ੍ਹਾਂ ਸਾਧਨਾ ਨੂੰ ਫਾਰਮਾਂ ਦੀ ਸਾਂਝੀ ਜਾਇਦਾਦ ਬਣਾ ਕੇ ਨਿੱਜੀ ਕਰਜ਼ ਤੋਂ ਮੁਕਤ ਹੋ ਸਕਦੇ ਹਨ। ਵੱਡੇ ਸਹਿਕਾਰੀ ਫਾਰਮ ਬਣਨ ਨਾਲ ਛੋਟੀਆਂ ਜੋਤਾਂ ਤੇ ਵੱਟਾਂ ਬੰਨੇ ਢਾਹੁਣ ਕਰਕੇ ਇਹ ਜ਼ਮੀਨ ਵਾਹੀ ਹੇਠ ਆ ਜਾਂਦੀ ਹੈ, ਇਸ ਤਰ੍ਹਾਂ ਵਾਹੀਯੋਗ ਜ਼ਮੀਨ ਦਾ ਖੇਤਰਫਲ ਵਧਦਾ ਹੈ। ਜ਼ਮੀਨ ਦੀ ਵੰਡ-ਦਰ-ਵੰਡ ਦਾ ਅਮਲ ਰੁਕਣ ਕਰਕੇ ਕਿਸਾਨਾਂ ਦਾ ਕਈ ਕਿਸਮ ਦੇ ਝਗੜੇ-ਝਮੇਲਿਆਂ ਤੋਂ ਖਹਿੜਾ ਛੁੱਟ ਜਾਂਦਾ ਹੈ। ਖੇਤੀਬਾੜੀ ਕਾਰੋਬਾਰ ਨੂੰ ਸਮੂਹ ਦੇ ਹੱਥ ਦੇਣ ਕਰਕੇ ਕਿਸਾਨਾਂ ਵਿਚ ਪਹਿਲਾਂ ਪਸਰੀ ਨਿਰਾਸਤਾ ਅਤੇ ਬੇਦਿਲੀ ਦੂਰ ਹੁੰਦੀ ਤੇ ਉਤਸ਼ਾਹ ਅਤੇ ਸਿਰੜ ਨਾਲ ਕੰਮ ਕਰਨ ਲਈ ਸਾਜ਼ਗਾਰ ਮਾਹੌਲ ਪੈਦਾ ਹੁੰਦਾ ਹੈ। ਇਕ ਸਚਾਈ ਇਹ ਵੀ ਹੈ ਕਿ ਛੋਟੇ ਖੇਤਾਂ ਦੇ ਮੁਕਾਬਲੇ ਵੱਡੇ ਫਾਰਮਾਂ ਦੀ ਪ੍ਰਤੀ ਏਕੜ ਪੈਦਾਵਾਰ ਸਦਾ ਹੀ ਵੱਧ ਹੁੰਦੀ ਹੈ। ਵੱਖ-ਵੱਖ ਸਮਿਆਂ 'ਤੇ ਹੋਏ ਅਧਿਐਨ ਵੀ ਇਸ ਤੱਥ ਦੀ ਸ਼ਾਹਦੀ ਭਰਦੇ ਹਨ।

ਖੇਤੀ ਸੈਕਟਰ ਵਿਚ ਪੰਜਾਬ ਕੋਲ ਹੰਢੀ ਅਤੇ ਤਜਰਬੇਕਾਰ ਕਿਸਾਨੀ ਦੀ ਕੋਈ ਥੁੜ੍ਹ ਨਹੀਂ। ਜੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇ ਨਾਲੋ-ਨਾਲ ਸਰਕਾਰ ਕਿਸਾਨਾਂ ਨੂੰ ਸਹਿਕਾਰੀ ਫਾਰਮ ਬਣਾਉਣ ਦੀਆਂ ਸ਼ਰਤਾਂ 'ਤੇ ਸਰਮਾਇਆ ਅਤੇ ਹੋਰ ਸਾਜ਼ੋ-ਸਮਾਨ ਦੇਣ ਦੀ ਗਰੰਟੀ ਕਰੇ ਤਾਂ ਹੈਰਾਨਜਨਕ ਨਤੀਜੇ ਨਿਕਲਣਗੇ। ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰ ਸਹਿਕਾਰੀ ਫਾਰਮਾਂ ਨੂੰ ਬਿਨਾ ਵਿਆਜ ਕਰਜ਼ੇ ਦੇਣ, ਖਾਦਾਂ, ਬੀਜਾਂ ਅਤੇ ਮਸ਼ੀਨਰੀ ਵਗੈਰਾ 'ਤੇ ਸਬਸਿਡੀਆਂ, ਗਰਾਂਟਾਂ ਅਤੇ ਲੋੜ ਪੈਣ 'ਤੇ ਹੋਰ ਛੋਟਾਂ ਦੇਣ ਦਾ ਐਲਾਨ ਕਰੇ; ਦੇਖਣਾ, ਕਿਸਾਨ ਕਿਵੇਂ ਧੜਾ-ਧੜ ਸਹਿਕਾਰੀ ਫਾਰਮ ਬਣਾਉਂਦੇ ਹਨ। ਮੁੱਢਲੇ ਰੂਪ ਵਿਚ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੰਜੀਦਗੀ ਨਾਲ ਜਾਗਰੂਕਤਾ ਪ੍ਰੇਰਨਾ ਅਤੇ ਹੱਲਾਸ਼ੇਰੀ ਦੀ ਮੁਹਿੰਮ ਸ਼ੁਰੂ ਕਰੇ।

ਜਿਵੇਂ-ਜਿਵੇਂ ਇਨ੍ਹਾਂ ਫਾਰਮਾਂ ਦੀ ਆਮਦਨ ਵਧਦੀ ਜਾਵੇਗੀ, ਉਹ ਆਪਣੀ ਸਰਗਰਮੀ ਅਤੇ ਕਾਰੋਬਾਰ ਦਾ ਘੇਰਾ ਵਧਾਉਂਦੇ ਜਾਣਗੇ। ਵਾਹੀ-ਜੋਤੀ ਦੇ ਨਾਲੋ-ਨਾਲ ਉਹ ਉਪਜ ਦੀ ਪ੍ਰੋਸੈਸਿੰਗ, ਗਰੇਡਿੰਗ ਪੈਕਿੰਗ ਢੋਆ ਢੁਆਈ ਅਤੇ ਮਾਰਕੀਟਿੰਗ ਯੂਨਿਟ ਵੀ ਬਣਾ ਸਕਦੇ ਹਨ। ਅੜੇ-ਆੜ੍ਹਤੀਏ ਜਿਹੜੇ ਕਿਸਾਨ ਦੀ ਕਮਾਈ ਦਾ ਵੱਡਾ ਹਿੱਸਾ ਬਟੋਰ ਲੈਂਦੇ ਹਨ, ਨੂੰ ਦ੍ਰਿਸ਼ ਤੋਂ ਲਾਂਭੇ ਕੀਤਾ ਜਾ ਸਕਦਾ ਹੈ। ਜੇ ਸਰਕਾਰ ਸਮੁੱਚੇ ਦੇਸ਼ ਨੂੰ ਜਲਵਾਯੂ ਜ਼ੋਨਾਂ ਵਿਚ ਵੰਡ ਕੇ ਫਸਲੀ ਵੰਨ-ਸੁਵੰਨਤਾ ਅਤੇ ਐਗਰੋ-ਇੰਡਸਟਰੀ ਨੂੰ ਵੀ ਉਤਸ਼ਾਹਤ ਕਰੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ।

ਕੋਆਪਰੇਟਿਵ (ਸਹਿਕਾਰੀ) ਫਾਰਮਾਂ ਦਾ ਇਹ ਵਿਚਾਰ ਭਾਰਤ ਲਈ ਕੋਈ ਨਵਾਂ ਨਹੀਂ। ਆਜ਼ਾਦੀ ਤੋਂ ਪਹਿਲਾਂ (1944-45) ਵਿਚ ਨਹਿਰੂ, ਗਾਂਧੀ ਅਤੇ ਸਮਾਜਵਾਦੀ ਲੀਡਰ ਇਸ ਨੁਕਤੇ 'ਤੇ ਇਕ ਮੱਤ ਸਨ ਕਿ ਆਜ਼ਾਦੀ ਤੋਂ ਬਾਅਦ ਸਹਿਕਾਰੀ ਖੇਤੀ ਦੀ ਜੁਗਤ ਭਾਰਤ ਦੇ ਖੇਤੀਬਾੜੀ ਖੇਤਰ ਲਈ ਵੱਧ ਢੁਕਵੀਂ ਹੋਵੇਗੀ। ਆਜ਼ਾਦੀ ਤੋਂ ਬਾਅਦ ਪਹਿਲੀ ਪੰਜ ਸਾਲਾ ਯੋਜਨਾ (1951-56) ਅਧੀਨ ਦੋ ਹਜ਼ਾਰ ਸਹਿਕਾਰੀ ਫਾਰਮ ਬਣਾਏ ਗਏ। ਇਹ ਉਹ ਸਮਾਂ ਸੀ ਜਦੋਂ ਇਨਕਲਾਬ (1949) ਤੋਂ ਬਾਅਦ ਬਣੇ ਚੀਨ ਦੇ ਸਹਿਕਾਰੀ ਫਾਰਮਾਂ ਦੀ ਸਫਲਤਾ ਅਤੇ ਵਿਲੱਖਣਤਾ ਦੀ ਚਰਚਾ ਦੁਨੀਆ ਭਰ ਵਿਚ ਜ਼ੋਰਾਂ 'ਤੇ ਸੀ। ਸੋ, 1956 ਵਿਚ ਨਹਿਰੂ ਸਰਕਾਰ ਨੇ ਇਕ ਡੈਲੀਗੇਸ਼ਨ ਚੀਨੀ ਸਹਿਕਾਰੀ ਫਾਰਮਾਂ ਦੇ ਅਧਿਐਨ ਲਈ ਚੀਨ ਭੇਜਿਆ। ਇਹ ਡੈਲੀਗੇਸ਼ਨ ਚੀਨੀ ਸਹਿਕਾਰੀ ਫਾਰਮਾਂ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਭਾਰਤ ਪਰਤਦਿਆਂ ਹੀ ਸਿਫਾਰਸ਼ ਕਰ ਦਿੱਤੀ ਕਿ ਜਿੰਨੀ ਜਲਦੀ ਹੋ ਸਕੇ, ਸਹਿਕਾਰੀ ਫਾਰਮ ਬਣਾਏ ਜਾਣ। ਸੋ, ਦੇਸ਼ ਦੇ ਹਰ ਨੈਸ਼ਨਲ ਐਕਸਟੈਂਨਸ਼ਨ ਬਲਾਕ ਵਿਚ ਇਕ-ਇਕ ਸਹਿਕਾਰੀ ਫਾਰਮ ਬਣਾਉਣ ਤੋਂ ਇਲਾਵਾ 5000 ਨਵੇਂ ਫਾਰਮ ਬਣਾਏ ਗਏ ਅਤੇ ਆਸ ਜ਼ਾਹਰ ਕੀਤੀ ਗਈ ਕਿ ਬਹੁਤ ਜਲਦ ਦੇਸ਼ ਦੀ ਵਾਹੀਯੋਗ ਜ਼ਮੀਨ ਦਾ ਮਹੱਤਵਪੂਰਨ ਹਿੱਸਾ ਸਹਿਕਾਰੀ ਫਾਰਮਾਂ ਅਧੀਨ ਆ ਜਾਵੇਗਾ।

ਕਾਂਗਰਸ ਪਾਰਟੀ ਨੇ 1959 ਦੇ ਕਾਨਪੁਰ ਸੈਸ਼ਨ ਵਿਚ ਮਤਾ ਪਾਇਆ ਕਿ ਭਾਰਤ ਦਾ ਭਵਿੱਖੀ ਖੇਤੀਬਾੜੀ ਢੰਗ-ਤਰੀਕਾ ਸਹਿਕਾਰੀ ਫਾਰਮਿੰਗ ਹੋਵੇਗਾ ਪਰ ਕੁਝ ਸਮੇਂ ਬਾਅਦ ਤਿੰਨ ਵੱਡੇ ਲੀਡਰ ਸੀ. ਗੋਪਾਲਨਚਾਰੀ, ਐਨ.ਜੀ. ਰੰਗਾ ਅਤੇ ਚਰਨ ਸਿੰਘ ਸ਼ਰੇਆਮ ਸਹਿਕਾਰੀ ਫਾਰਮਾਂ ਦਾ ਵਿਰੋਧ ਕਰਨ ਲੱਗ ਪਏ। ਉਨ੍ਹਾਂ ਦੀ ਦਲੀਲ ਸੀ ਕਿ ਸਹਿਕਾਰੀ ਫਾਰਮਾਂ ਦਾ ਅਮਲ ਆਪਣੇ ਆਪ ਵਧ ਕੇ ਸਮੂਹਕ (ਕੁਲੈਕਟਿਵ) ਫਾਰਮਾਂ ਵਿਚ ਬਦਲ ਜਾਵੇਗਾ। ਉਹ ਤਾਂ ਇਹ ਕਹਿਣ ਤੱਕ ਵੀ ਚਲੇ ਗਏ ਕਿ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇਸ਼ 'ਤੇ ਚੀਨ, ਰੂਸ ਵਰਗਾ ਤਾਨਾਸ਼ਾਹੀ ਰਾਜ ਠੋਸਣਾ ਚਾਹੁੰਦਾ ਹੈ।

ਭਾਰਤ ਵਿਚ ਭੂਮੀ ਸੁਧਾਰਾਂ ਦੇ ਨਾਮ ਹੇਠ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਸਮਿਆਂ 'ਤੇ ਲੈਂਡ ਸੀਲਿੰਗ ਕਾਨੂੰਨ ਬਣਾਏ ਗਏ ਜਿਨ੍ਹਾਂ ਮੁਤਾਬਕ ਇਕ ਸੀਮਾ ਮਿਥੀ ਗਈ ਕਿ ਕਿੰਨੇ ਮੈਂਬਰਾਂ ਦਾ ਪਰਿਵਾਰ ਵੱਧ ਤੋਂ ਵੱਧ ਕਿੰਨੀ ਜ਼ਮੀਨ ਰੱਖ ਸਕਦਾ ਹੈ। ਇਸ ਤੋਂ ਬਿਨਾ ਮੁਜਾਰਾ ਐਕਟ ਵੀ ਬਣਿਆ ਜਿਸ ਅਨੁਸਾਰ ਜਗੀਰਦਾਰਾਂ ਦੀ ਜ਼ਮੀਨ 'ਤੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਮੁਜਾਰਿਆ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਦੇਣੇ ਸਨ। ਇਹ ਦੋਵੇਂ ਕਾਨੂੰਨ ਇਮਾਨਦਾਰੀ ਨਾਲ ਦੇਸ਼ ਵਿਚ ਕਿਧਰੇ ਵੀ ਲਾਗੂ ਨਹੀਂ ਹੋਏ, ਸਿਵਾਏ ਜੰਮੂ ਕਸ਼ਮੀਰ ਦੇ ਜਿਸ ਦਾ ਸਿਹਰਾ ਸ਼ੇਖ ਅਬਦੁੱਲਾ ਨੂੰ ਜਾਂਦਾ ਹੈ।

***ਕਾਰਪੋਰੇਟ ਜਗਤ ਦੀ ਸਰਪ੍ਰਸਤ ਮੌਜੂਦਾ ਭਾਰਤ ਸਰਕਾਰ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ ਸਹਿਕਾਰੀ ਫਾਰਮਿੰਗ ਨੂੰ ਉਤਸ਼ਾਹਤ ਕਰਨ ਅਤੇ ਸਮਰਥਨ ਦੇਣ ਦੇ ਰਾਹ ਪਵੇਗੀ। ਇਹ ਤਾਂ ਫਿਰ ਹੀ ਸੰਭਵ ਹੋ ਸਕਦਾ ਹੈ ਕਿ ਜਾਂ ਤਾਂ ਮਜ਼ਬੂਤ ਇਨਕਲਾਬੀ ਲਹਿਰ ਦਾ ਦਬਾਅ ਬਣ ਜਾਵੇ, ਜਾਂ ਫਿਰ ਇਸ ਸਰਕਾਰ ਦੀ ਥਾਂ ਕੋਈ ਇਨਕਲਾਬੀ ਸਰਕਾਰ ਬਣੇ।***

ਭਾਰਤ ਦੇ ਵੱਡੇ ਭੋਇੰ ਮਾਲਕਾਂ/ਜਗੀਰਦਾਰਾਂ ਨੇ ਆਪਣੀ ਜ਼ਮੀਨ ਜਾਇਦਾਦ ਨੂੰ ਇਨ੍ਹਾਂ ਕਾਨੂੰਨਾਂ ਦੀ ਮਾਰ ਤੋਂ ਬਚਾਉਣ ਲਈ ਬੋਗਸ ਸਹਿਕਾਰੀ ਫਾਰਮ ਬਣਾ ਲਏ। ਰਜਿਸਟਰੇਸ਼ਨ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਖੇਤਾਂ ਵਿਚ ਕੰਮ ਕਰਦੇ ਮਜ਼ਦੂਰਾਂ ਅਤੇ ਮੁਜਾਰਿਆਂ ਨੂੰ ਕਾਗਜ਼ਾਂ ਵਿਚ ਫਾਰਮਾਂ ਦੇ ਮੈਂਬਰ ਦਿਖਾਇਆ ਗਿਆ। ਕਈ ਥਾਵਾਂ 'ਤੇ ਤਾਂ ਅਜਿਹੇ ਵਿਅਕਤੀਆਂ ਨੂੰ ਫਾਰਮਾਂ ਦੇ ਮੈਂਬਰ ਦਿਖਾਇਆ ਗਿਆ ਜਿਨ੍ਹਾਂ ਦਾ ਖੇਤੀ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਇਹ ਜਾਣਦੇ ਹੋਏ ਵੀ ਕਿ ਇਹ ਸਹਿਕਾਰੀ ਫਾਰਮ ਜਾਅਲੀ ਹਨ, ਸਰਕਾਰੀ ਅਫਸਰਾਂ ਨੇ ਮਾਲਕਾਂ ਨੂੰ ਖਾਦਾਂ ਤੇ ਬੀਜ ਸਸਤੇ ਦੇਣ ਤੋਂ ਇਲਾਵਾ ਸਬਸਿਡੀਆਂ ਦੇ ਵੱਡੇ ਗੱਫੇ ਦਿੱਤੇ। ਜਿਹੜੇ ਫਾਰਮ ਅਸਲੀ ਸਨ, ਉਨ੍ਹਾਂ ਦੀ ਮੈਨੇਜਮੈਂਟ ਅਮੀਰ ਪਰਿਵਾਰਾਂ ਨੇ ਸਾਂਭ ਲਈ ਅਤੇ ਗਰੀਬਾਂ ਦੇ ਪੱਲੇ ਕੱਖ ਨਹੀਂ ਪਾਇਆ ਕਈ ਥਾਵਾਂ 'ਤੇ ਤਾਂ ਇਸ ਤਰ੍ਹਾਂ ਵੀ ਹੋਇਆ ਕਿ ਸਬਸਿਡੀਆਂ ਲੈਣ ਖਾਤਰ ਭ੍ਰਿਸ਼ਟ ਅਫਸਰਾਂ ਨਾਲ ਮਿਲ ਕੇ ਦੋ ਜਾਂ ਫਿਰ ਇਕ ਪਰਿਵਾਰ ਨੇ ਹੀ ਆਪ ਨੂੰ ਸਹਿਕਾਰੀ ਫਾਰਮ ਦੇ ਤੌਰ 'ਤੇ ਰਜਿਸਟਰ ਕਰਾ ਲਿਆ। ਸਰਕਾਰ ਨੇ ਕੁਝ ਫਾਰਮ ਆਪਣੀ ਸਿੱਧੀ ਸਰਪ੍ਰਸਤੀ ਹੇਠ ਵੀ ਬਣਾਏ ਪਰ ਸਮੇਂ ਸਿਰ ਬਿਜਲੀ ਅਤੇ ਸਿੰਜਾਈ ਦਾ ਪ੍ਰਬੰਧ ਨਾ ਕਰਨ ਤੋਂ ਇਲਾਵਾ ਹੋਰ ਲੋੜੀਦੀਆਂ ਸਹੂਲਤਾਂ ਨਾ ਦੇਣ ਦੀ ਬਦਨੀਤੀ ਕਰਕੇ ਇਹ ਫਾਰਮ ਵੀ ਚੱਲ ਨਹੀਂ ਸਕੇ। ਕਾਫੀ ਸਹਿਕਾਰੀ ਫਾਰਮ ਉਘੇ ਲੀਡਰ ਬਿਨੋਵਾ ਭਾਵੇ ਦੀ ਭੂ-ਦਾਨ ਲਹਿਰ ਰਾਹੀਂ ਇਕੱਠੀ ਹੋਈ ਜ਼ਮੀਨ 'ਤੇ ਵੀ ਬਣਾਏ ਗਏ। ਉਨ੍ਹਾਂ ਦਾ ਅੰਤ ਵੀ ਬਾਕੀ ਸਹਿਕਾਰੀ ਫਾਰਮਾਂ ਵਰਗਾ ਹੀ ਹੋਇਆ। ਬਿਨੋਵਾ ਭਾਵੇ ਦੀ ਭੂ-ਦਾਨ ਲਹਿਰ ਦਾ ਪ੍ਰਸੰਗ ਵੀ ਕਾਫੀ ਦਿਲਚਸਪ ਹੈ।

ਭਾਰਤ ਦੀ ਆਜ਼ਾਦੀ ਤੋਂ ਦੋ ਸਾਲ ਪਹਿਲਾਂ 1945 ਵਿਚ ਨਿਜ਼ਾਮ ਹੈਦਰਾਬਾਦ ਦੀ ਹਕੂਮਤ ਖਿਲਾਫ ਤਿਲੰਗਾਨਾ ਖੇਤਰ ਵਿਚ ਇਨਕਲਾਬੀ ਲਹਿਰ ਸ਼ੁਰੂ ਹੋਈ ਜਿਸ ਵਿਚ ਜਾਗੀਰਦਾਰਾਂ ਤੋਂ ਦਸ ਲੱਖ ਏਕੜ ਜ਼ਮੀਨ ਖੋਹ ਕੇ ਗਰੀਬ ਕਿਸਾਨਾਂ ਵਿਚ ਵੰਡ ਦਿੱਤੀ। ਆਜ਼ਾਦੀ ਤੋਂ ਬਾਅਦ ਨਹਿਰੂ ਸਰਕਾਰ ਨੇ ਇਸ ਇਨਕਲਾਬੀ ਲਹਿਰ ਨੂੰ ਦਬਾਉਣ ਲਈ ਭਾਰਤੀ ਫੌਜ ਭੇਜ ਦਿੱਤੀ ਜਿਸ ਦੇ ਦੋ ਮਕਸਦ ਸਨ। ਇਕ ਸੀ ਇਨਕਲਾਬੀ ਲਹਿਰ ਨੂੰ ਕੁਚਲਣਾ ਅਤੇ ਦੂਸਰਾ ਸੀ ਨਿਜ਼ਾਮ ਦੀ ਹੈਦਰਾਬਾਦ ਰਿਆਸਤ ਨੂੰ ਭਾਰਤੀ ਯੂਨੀਅਨ ਦਾ ਅੰਗ ਬਣਾਉਣਾ। ਨਿਜਾਮ ਤਾਂ ਛੇਤੀ ਹੀ ਝੁਕ ਗਿਆ ਅਤੇ ਭਾਰਤੀ ਯੂਨੀਅਨ ਦਾ ਅੰਗ ਬਣ ਗਿਆ ਪਰ ਇਨਕਲਾਬੀ ਲਹਿਰ ਤਿੰਨ ਸਾਲ ਹੋਰ, 1951 ਤੱਕ ਚੱਲਦੀ ਰਹੀ ਅਤੇ ਆਖਰ ਲੀਡਰਸ਼ਿਪ ਦੀਆਂ ਗਲਤੀਆਂ ਤੇ ਬੇਮੇਚੀ ਟੱਕਰ ਕਰਕੇ ਕੁਚਲੀ ਗਈ। ਇਹ ਉਹ ਸਮਾਂ ਸੀ ਜਦੋਂ ਗਾਂਧੀਵਾਦੀ ਬਿਨੋਵਾ ਭਾਵੇ ਨੇ ਮੈਦਾਨ ਵਿਚ ਦਾਖਲਾ ਲਿਆ। ਬਿਨੋਵਾ ਭਾਵੇ ਨੇ ਤਿਲੰਗਾਨਾ ਦੇ ਇਕ ਪਿੰਡ ਤੋਂ ਅਖੌਤੀ ਭੂ-ਦਾਨ ਲਹਿਰ ਸ਼ੁਰੂ ਕੀਤੀ ਜਿਸ ਨੂੰ ਬਗੈਰ ਖੂਨ-ਖਰਾਬੇ ਇਨਕਲਾਬ (ਬਲੱਡਲੈੱਸ ਰੈਵੋਲਿਊਸ਼ਨ) ਦਾ ਨਾਮ ਦਿੱਤਾ ਗਿਆ। ਇਸ ਦਾ ਅਸਲ ਮਕਸਦ ਇਨਕਲਾਬੀ ਲਹਿਰ ਦੀ ਲੀਡਰਸ਼ਿਪ ਤੋਂ ਨਾ-ਖੁਸ਼ ਕਾਡਰ ਦੇ ਗੁੱਸੇ ਅਤੇ ਰੋਹ 'ਤੇ ਠੰਢਾ ਛਿੜਕਣਾ ਸੀ। ਸੋ, ਪਹਿਲੀ ਪੰਜ ਸਾਲਾ ਯੋਜਨਾ ਨਾਲ ਸ਼ੁਰੂ ਹੋਈ ਕੋਆਪਰੇਟਿਵ ਫਾਰਮਿੰਗ ਸਕੀਮ ਦਾ ਚੌਥੀ ਪੰਜ ਸਾਲਾ ਯੋਜਨਾ (1969-74) ਵਿਚ ਅਧਿਕਾਰਤ ਤੌਰ 'ਤੇ ਭੋਗ ਪਾ ਦਿੱਤਾ ਗਿਆ। ਉਸ ਸਮੇਂ ਦੀ ਸਹਿਕਰੀ ਫਾਰਮਿੰਗ ਦੇ ਫੇਲ੍ਹ ਹੋਣ ਦਾ ਇਹ ਅਰਥ ਕਦਾਚਿਤ ਨਹੀਂ ਬਣਦਾ ਕਿ ਇਹ ਵਿਚਾਰ ਹੀ ਗਲਤ ਸੀ। ਅਸਲ ਮਸਲਾ ਸਿਆਸਤ ਅਤੇ ਵਿਚਾਰਧਾਰਾ ਦਾ ਹੈ ਕਿ ਕਿਸੇ ਵਿਸ਼ੇਸ਼ ਸਮੇਂ 'ਤੇ ਵਿਸ਼ੇਸ਼ ਪਾਲਸੀ ਰਾਹੀਂ ਕਿਹੜੀ ਸਿਆਸਤ ਕੀ ਹਾਸਲ ਕਰਨਾ ਚਾਹੁੰਦੀ ਹੈ। ਆਜ਼ਾਦੀ ਤੋਂ ਬਾਅਦ ਨਹਿਰੂ ਸਰਾਕਰ ਵਿਚ ਜਗੀਰੂ ਧਿਰ ਭਾਰੂ ਸੀ ਅਤੇ ਸਹਿਕਾਰੀ ਫਾਰਮਿੰਗ ਦੇ ਹਿਤ ਜਗੀਰੂ ਧਿਰ ਦੇ ਹਿਤਾਂ ਨਾਲ ਬੁਰੀ ਤਰ੍ਹਾਂ ਟਕਰਾਉਂਦੇ ਸਨ। ਇਥੇ ਕਾਰਲ ਮਾਰਕਸ ਦੀ 'ਚਾਰ ਸਾਰੇ' (ਫੋਰ ਆਲਜ਼) ਵਜੋਂ ਜਾਣੀ ਜਾਂਦੀ ਸਟੇਟਮੈਂਟ ਦਾ ਹਵਾਲਾ ਦੇਣਾ ਬਣਦਾ ਹੈ। ਉਸ ਨੇ ਕਿਹਾ ਕਿ ਕਮਿਊਨਿਸਟ ਇਨਕਲਾਬ, ਇਨਕਲਾਬ ਦਾ ਨਿਸ਼ਾਨਾ ਅਤੇ ਆਖਰੀ ਉਦੇਸ਼ ਹੈ:

1) ਸਾਰੇ ਜਮਾਤੀ ਵਖਰੇਵਿਆਂ ਦਾ ਖਾਤਮਾ; 2) ਉਨ੍ਹਾਂ ਸਾਰੇ ਪੈਦਾਵਾਰੀ ਸਬੰਧਾਂ (ਆਰਥਕ ਸਬੰਧਾਂ) ਦਾ ਖਾਤਮਾ ਜਿਨ੍ਹਾਂ ਉਪਰ ਇਹ ਜਮਾਤੀ ਵਖਰੇਵੇਂ ਟਿਕੇ ਹੋਏ ਹਨ; 3) ਉਨ੍ਹਾਂ ਸਾਰੇ ਸਮਾਜਕ ਰਿਸ਼ਤਿਆਂ (ਜਿਵੇਂ ਮਨੁੱਖਾਂ ਤੇ ਔਰਤਾਂ ਵਿਚਕਾਰਲੇ ਜਾਂ ਵੱਖਰੇ ਲੋਕਾਂ ਤੇ ਕੌਮਾਂ ਵਿਚਕਾਰਲੇ, ਜਾਂ ਹੱਥੀ ਕੰਮ ਕਰਨ ਵਾਲੇ ਤੇ ਬੁੱਧੀਜੀਵੀਆਂ ਵਿਚਕਾਰਲੇ) ਨੂੰ ਖਤਮ ਕਰਨਾ ਜਿਹੜੇ ਉਨ੍ਹਾਂ ਪੈਦਾਵਾਰੀ ਰਿਸ਼ਤਿਆਂ ਦੇ ਅਨੁਸਾਰੀ ਹੁੰਦੇ ਹਨ; 4) ਉਨ੍ਹਾਂ ਸਾਰੇ ਵਿਚਾਰਾਂ ਦਾ ਇਨਕਲਾਬੀਕਰਨ ਜਿਹੜੇ ਉਨ੍ਹਾਂ ਸਮਾਜਕ ਰਿਸ਼ਤਿਆਂ ਦੇ ਨਾਲੋ-ਨਾਲ ਚੱਲਦੇ ਹਨ।

1949 ਦੇ ਚੀਨੀ ਇਨਕਲਾਬ ਤੋਂ ਬਾਅਦ ਸਹਿਕਾਰੀ ਫਾਰਮਿੰਗ ਦੀ ਸਫਲਤਾ ਅਤੇ ਬਹੁਤ ਥੋੜ੍ਹੇ ਸਮੇਂ ਦਾ ਇਨ੍ਹਾਂ ਫਾਰਮਾਂ ਦੇ ਸਮੂਹਕ ਫਾਰਮਾਂ ਵਿਚ ਤਬਦੀਲ ਹੋਣ ਅਤੇ ਉਥੇ ਹੋਈ ਸਮਾਜਵਾਦੀ ਉਸਾਰੀ ਦਾ ਕਾਰਨ ਵੀ ਇਹੀ ਸੀ ਕਿ ਉਨ੍ਹਾਂ ਨੇ ਕਾਰਲ ਮਾਰਕਸ ਦੀ ਉਪਰੋਕਤ ਸਟੇਟਮੈਂਟ ਦੀ ਭਾਵਨਾ ਦਾ ਲੜ ਕਦੇ ਨਹੀਂ ਛੱਡਿਆ। ਇਹ ਠੀਕ ਐ ਕਿ ਸਹਿਕਾਰੀ ਫਾਰਮਿੰਗ ਵੀ ਸਰਮਾਏਦਾਰੀ ਮਾਡਲ ਹੀ ਹੈ ਅਤੇ ਇਸ ਦੇ ਅਮਲ ਦੌਰਾਨ ਸਰਮਾਏਦਾਰੀ ਦੀਆਂ ਬੁਰਾਈਆਂ ਵੀ ਪੈਦਾ ਹੋਣਗੀਆਂ ਪਰ ਜੇ ਟੀਚਾ ਕਿਸਾਨਾਂ ਦੀ ਮੁਕਤੀ ਦਾ ਹੋਵੇ ਅਤੇ ਅਗਵਾਈ ਇਨਕਲਾਬੀ ਸਿਆਸਤ ਦੇ ਹੱਥ ਹੋਵੇ ਤਾਂ ਇਨ੍ਹਾਂ ਬੁਰਾਈਆਂ ਦੀ ਸਿਰੀ ਫਿਹਦਿਆਂ ਅਗਾਂਹ ਵਧਿਆ ਜਾ ਸਕਦਾ ਹੈ। ਚੀਨੀਆਂ ਨੇ ਇਵੇਂ ਹੀ ਕੀਤਾ ਸੀ।

ਹੁਣ ਜਦੋਂ 30-32 ਸਾਲ ਪਹਿਲਾਂ ਵਿਚਾਰਧਾਰਕ ਖੇਤਰ ਵਿਚ ਹੋਏ ਸਰਮਾਏਦਾਰੀ ਰਾਜਪਲਟੇ ਤੋਂ ਬਾਅਦ ਚੀਨ ਅਮੀਰ ਸਰਮਾਏਦਾਰ ਦੇਸ਼ ਬਣ ਚੁੱਕਿਆ ਅਤੇ ਕਾਰਪੋਰੇਟ ਜਗਤ ਮਜ਼ਬੂਤੀ ਦੇ ਰਾਹ ਪੈ ਤੁਰਿਆ ਹੈ ਤਾਂ ਸਾਡੇ ਕੁਝ ਕਾਰਪੋਰੇਟ ਪੱਖੀ ਅਤੇ ਇਨਕਲਾਬ ਵਿਰੋਧੀ ਲੇਖਕ ਚੀਨ ਨੂੰ ਜਾਣਬੁੱਝ ਕੇ ਸਮਾਜਵਾਦੀ ਦੇਸ਼ ਵਜੋਂ ਪੇਸ਼ ਕਰ ਰਹੇ ਹਨ ਤਾਂ ਕਿ ਚੀਨ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਕਿਸਾਨਾਂ ਦੀ ਹੁਣੇ ਹੋਈ ਜਿੱਤ ਖਿਲਾਫ ਅਤੇ ਕਾਰਪੋਰੇਸ਼ਨਾਂ ਦੇ ਹੱਕ ਵਿਚ ਭੁਗਤਾਇਆ ਜਾ ਸਕੇ।

ਕਾਰਪੋਰੇਟ ਜਗਤ ਦੀ ਸਰਪ੍ਰਸਤ ਮੌਜੂਦਾ ਭਾਰਤ ਸਰਕਾਰ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ ਸਹਿਕਾਰੀ ਫਾਰਮਿੰਗ ਨੂੰ ਉਤਸ਼ਾਹਤ ਕਰਨ ਅਤੇ ਸਮਰਥਨ ਦੇਣ ਦੇ ਰਾਹ ਪਵੇਗੀ। ਇਹ ਤਾਂ ਫਿਰ ਹੀ ਸੰਭਵ ਹੋ ਸਕਦਾ ਹੈ ਕਿ ਜਾਂ ਤਾਂ ਮਜ਼ਬੂਤ ਇਨਕਲਾਬੀ ਲਹਿਰ ਦਾ ਦਬਾਅ ਬਣ ਜਾਵੇ, ਜਾਂ ਫਿਰ ਇਸ ਸਰਕਾਰ ਦੀ ਥਾਂ ਕੋਈ ਇਨਕਲਾਬੀ ਸਰਕਾਰ ਬਣੇ।

# ਭਾਈ ਕੁਸ਼ਾਲ ਦਹੀਆ

ਦਗ਼-ਦਗ਼ ਕਰਦਾ ਚਿਹਰਾ, ਗੋਰਾ ਚਿੱਟਾ ਰੰਗ ਤੇ ਪਿਆਰੀ ਜਿਹੀ ਮੁਸਕਾਨ ਵੇਖ ਪਿਤਾ ਨੇ ਆਪਣੇ ਨਵਜੰਮੇ ਪੁੱਤਰ ਦਾ ਨਾਂ ਕੁਸ਼ਾਲ ਰੱਖ ਦਿੱਤਾ ਸੀ। ਮਾਂ ਆਪਣੇ ਨਿੱਕੇ ਪੁੱਤਰ ਨੂੰ 'ਕੁਸ਼ਾਲੀ' ਕਹਿ ਕੇ ਸੱਦਦੀ ਸੀ। ਉਦੋਂ ਮਾਪਿਆਂ ਨੂੰ ਕਿਆਸ ਹੀ ਨਹੀਂ ਸੀ ਕਿ ਉਨ੍ਹਾਂ ਦਾ ਪੁੱਤਰ ਇਤਿਹਾਸ ਵਿਚ ਕੁੱਝ ਅਜਿਹਾ ਦਰਜ ਕਰਵਾਏਗਾ, ਜਿਸ ਨੂੰ ਹਰ ਧਰਮ ਤੇ ਹਰ ਵਰਗ ਦਾ ਬੰਦਾ ਪੜ੍ਹ ਕੇ ਉਸ ਅੱਗੇ ਨਤਮਸਤਕ ਹੋ ਜਾਇਆ ਕਰੇਗਾ।

ਆਪਣੇ ਕੰਮ ਦੇ ਸਿਲਸਿਲੇ ਵਿਚ ਕੁਸ਼ਾਲੀ ਦੇ ਪਿਤਾ ਨਾਹਰੀ ਪਿੰਡ ਤੋਂ ਟੱਬਰ ਸਮੇਤ ਗੜੀ ਪਿੰਡ ਵਿਚ ਆ ਕੇ ਰਹਿਣ ਲੱਗ ਪਏ, ਜੋ ਦਿੱਲੀ ਤੋਂ ਵੀਹ ਮੀਲ ਦੂਰ ਸੀ। ਨਾਹਰੀ ਪਿੰਡ ਵਿਚ ਦਹੀਆ ਬਿਰਾਦਰੀ ਵੱਸਦੀ ਸੀ।

ਉਹ ਦਹੀਆ ਟੱਬਰ ਆਪਣੀ ਲਗਨ ਤੇ ਮਿਹਨਤ ਨਾਲ ਗੜੀ ਪਿੰਡ ਵਿਚ ਘਰ ਬਣਾ ਕੇ ਸਭਨਾਂ ਨਾਲ ਮਿਲ-ਜੁਲ ਕੇ ਰਹਿਣ ਵਾਲਾ ਸੀ।

**ਡਾ. ਹਰਸ਼ਿੰਦਰ ਕੌਰ, ਐਮ. ਡੀ.**
**ਫੋਨ: 0175-2216783**

ਇਹੀ ਕਾਰਨ ਸੀ ਕਿ ਕੁਸ਼ਾਲੀ ਵੀ ਸਭ ਦਾ ਹਰਮਨ-ਪਿਆਰਾ ਬੱਚਾ ਬਣ ਗਿਆ ਸੀ। ਲਾਡਲਾ ਕੁਸ਼ਾਲੀ ਹਰ ਕਿਸੇ ਦਾ ਕੰਮ ਕਰ ਕੇ ਖ਼ੁਸ਼ੀ ਮਹਿਸੂਸ ਕਰਦਾ ਸੀ। ਸੱਚਾ-ਸੁੱਚਾ ਤੇ ਈਮਾਨਦਾਰ ਗੱਭਰੂ ਬਣਨ ਬਾਅਦ ਹੌਲੀ-ਹੌਲੀ ਉਸ ਦਾ ਝੁਕਾਓ ਸਿੱਖ ਧਰਮ ਵੱਲ ਹੋ ਗਿਆ। ਉਸ ਨੂੰ ਲੱਗਦਾ ਸੀ ਕਿ ਜਿਵੇਂ ਮੈਂ ਸੱਚ ਅਤੇ ਹੱਕ ਦੀ ਆਵਾਜ਼ ਬੁਲੰਦ ਕਰਦਾ ਹਾਂ, ਉਵੇਂ ਹੀ ਗੁਰੂ ਤੇਗ਼ ਬਹਾਦਰ ਜੀ ਸਭ ਦੇ ਭਲੇ ਦੀ ਅਰਦਾਸ ਕਰਵਾਉਂਦੇ ਹਨ ਅਤੇ ਸਭਨਾਂ ਨੂੰ ਹੱਕਾਂ ਲਈ ਜਾਗ੍ਰਿਤ ਵੀ ਕਰਦੇ ਹਨ। ਗੁਰੂ ਸਾਹਿਬ ਵੱਲੋਂ ਮਨੁੱਖੀ ਅਧਿਕਾਰਾਂ ਲਈ ਚੁੱਕੀ ਆਵਾਜ਼ ਤੇ ਸਭ ਧਰਮਾਂ ਪ੍ਰਤੀ ਮਾਨਵਤਾ-ਪੱਖੀ ਸੋਚ ਨੇ ਕੁਸ਼ਲ ਨੂੰ ਗੁਰੂ ਘਰ ਨਾਲ ਪੱਕੀ ਤਰ੍ਹਾਂ ਜੋੜ ਦਿੱਤਾ।

ਸਿੱਖ ਧਰਮ ਨਾਲ ਹੌਲੀ-ਹੌਲੀ ਕੁਸ਼ਾਲ ਦਹੀਆ ਏਨਾ ਜੁੜ ਗਿਆ ਕਿ ਲੋਕ ਉਸ ਨੂੰ ਭਾਈ ਕੁਸ਼ਲ ਦੇ ਨਾਂ ਨਾਲ ਹੀ ਸੱਦਣ ਲੱਗ ਪਏ। ਦ੍ਰਿੜਤਾ ਤੇ ਬਹਾਦਰੀ ਦੇ ਸਬਕ ਗੁਰੂ ਤੇਗ਼ ਬਹਾਦਰ ਜੀ ਦੀ ਛਤਰ-ਛਾਇਆ ਹੇਠ ਸਿੱਖਣ ਨੂੰ ਮਿਲੇ ਤਾਂ ਭਾਈ ਕੁਸ਼ਲ ਨੇ ਆਪਣੇ ਪੁੱਤਰ ਦਾ ਨਾਂ ਹੀ 'ਬਹਾਦਰ' ਰੱਖ ਦਿੱਤਾ। ਦੋਵੇਂ ਕੇਸਾਧਾਰੀ ਬਣ ਚੁੱਕੇ ਹੋਏ ਸਨ।

ਹੌਲੀ-ਹੌਲੀ ਗੁਰੂ ਤੇਗ਼ ਬਹਾਦਰ ਜੀ ਦੀ ਪ੍ਰਤਿਭਾ ਦੀ ਰੌਸ਼ਨੀ ਚੁਫ਼ੇਰੇ ਫੈਲ ਗਈ ਤਾਂ ਹਾਕਮਾਂ ਦੀਆਂ ਅੱਖਾਂ ਦੀ ਰੜਕ ਬਣਨੀ ਹੀ ਸੀ। ਅਖ਼ੀਰ ਉਹ ਸਮਾਂ ਵੀ ਆਇਆ ਜਦੋਂ ਕਸ਼ਮੀਰੀ ਪੰਡਤਾਂ ਨੇ ਆਪਣੇ ਉੱਤੇ ਹੁੰਦੇ ਔਰੰਗਜ਼ੇਬ ਦੇ ਜ਼ੁਲਮਾਂ ਵਿਚ ਠੱਲ੍ਹ ਪਾਉਣ ਲਈ ਗੁਰੂ ਤੇਗ਼ ਬਹਾਦਰ ਜੀ ਕੋਲ ਆ ਕੇ ਅਰਜ਼ੋਈ ਕੀਤੀ ਕਿ ਉਹ ਹੀ ਉਨ੍ਹਾਂ ਦੀ ਅਗਵਾਈ ਕਰਨ ਅਤੇ ਉਨ੍ਹਾਂ ਨੂੰ ਬਚਾਉਣ।

ਜੋ ਉਸ ਤੋਂ ਬਾਅਦ ਵਾਪਰਿਆ, ਉਹ ਇੱਕ ਪਾਸੇ ਜ਼ੁਲਮ ਦਾ ਵਾ-ਵਰੋਲਾ ਸੀ ਤੇ ਦੂਜੇ ਪਾਸੇ ਸਹਿਨਸ਼ੀਲਤਾ ਦੀ ਸਿਖਰ। ਚੁਫ਼ੇਰੇ ਔਰੰਗਜ਼ੇਬ ਦੇ ਜ਼ੁਲਮਾਂ ਨਾਲ ਲੋਕ ਤ੍ਰਾਹ-ਤ੍ਰਾਹ ਕਰ ਉੱਠੇ ਸਨ। ਸਿੰਘਾਂ ਉੱਤੇ ਹੁੰਦੇ ਜ਼ੁਲਮਾਂ ਸਦਕਾ ਅਣਗਿਣਤ ਲੋਕ ਡਰ ਅਤੇ ਸਹਿਮ ਨਾਲ ਘਰਾਂ ਅੰਦਰ ਦੁਬਕ ਗਏ ਸਨ। ਜ਼ੁਲਮ ਦੀ ਹਨੇਰੀ ਅੱਗੇ ਤਾਂ ਕੋਈ ਹਿੰਮਤ ਵਾਲਾ ਹੀ ਟਿਕ ਸਕਦਾ ਸੀ। ਇਤਿਹਾਸ ਵਿਚ ਦਰਜ ਹੈ ਕਿ ਗੁਰੂ ਘਰ ਨਾਲ ਜੁੜੇ ਸਿੰਘਾਂ ਨੇ ਵੀ ਉਸ ਸਮੇਂ ਗੁਰੂ ਤੇਗ਼ ਬਹਾਦਰ ਜੀ ਨਾਲ ਬੇਮਿਸਾਲ ਸ਼ਹਾਦਤ ਦਿੱਤੀ। ਹਰ ਜਣਾ ਸਵਾ ਲੱਖ ਦੇ ਬਰਾਬਰ ਹੋ ਨਿਬੜਿਆ।

ਅਖ਼ੀਰ ਉਹ ਕਾਲੀ ਘੜੀ ਵੀ ਆਈ ਜਦੋਂ ਖ਼ੂਨੀ ਤੇਗ਼ ਨੇ ਹਿੰਦ ਦੀ ਚਾਦਰ ਦੇ ਸੀਸ ਉੱਤੇ ਵਾਰ ਕੀਤਾ। ਉਸ ਸਮੇਂ ਪੂਰੀ ਕਾਇਨਾਤ ਕੰਬੀ। ਏਨੀ ਤਕੜੀ ਹਨੇਰੀ ਵਗੀ ਕਿ ਕਿਸੇ ਨੂੰ ਕੁੱਝ ਵੀ ਦਿਸਣਾ ਬੰਦ ਹੋ ਗਿਆ। ਅਜਿਹੇ ਮੌਕੇ ਦਾ ਫ਼ਾਇਦਾ ਚੁੱਕ ਕੇ ਭਾਈ ਜੀਵਨ ਸਿੰਘ (ਜੈਤਾ) ਨੇ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰੂ ਸਾਹਿਬ ਦਾ ਸੀਸ ਚੁੱਕ ਕੇ ਸੀਨੇ ਨਾਲ ਲਾ ਲਿਆ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਮਾਤਾ ਗੁਜਰੀ ਜੀ ਤੇ ਬਾਲ ਗੁਰੂ ਗੋਬਿੰਦ ਸਿੰਘ ਜੀ ਕੋਲ ਜਾਣ ਨੂੰ ਨਿਕਲ ਪਿਆ।

ਉਸ ਸਮੇਂ ਖ਼ੂਨੀ ਹਕੂਮਤ ਵੱਲੋਂ ਜ਼ਾਲਮ ਔਰੰਗਜ਼ੇਬ ਦਾ ਫਰਮਾਨ ਜਾਰੀ ਹੋ ਚੁੱਕਿਆ ਸੀ ਕਿ ਸਿੱਖਾਂ ਦੇ ਗੁਰੂ ਦੇ ਸੀਸ ਦੀ ਤੇ ਧੜ ਦੀ ਬੇਅਦਬੀ ਕੀਤੀ ਜਾਵੇਗੀ। ਅਜਿਹਾ ਹੁਕਮ ਬਰਦਾਸ਼ਤ ਕਰਨਾ ਵੀ ਔਖਾ ਸੀ। ਆਮ ਲੋਕਾਂ ਦੇ ਦਿਲ ਦੀ ਧੜਕਨ ਬਣ ਚੁੱਕੇ ਗੁਰੂ ਤੇਗ਼ ਬਹਾਦਰ ਜੀ ਉੱਤੇ ਬਰਪਾਏ ਇਸ ਕਹਿਰ ਸਦਕਾ ਬਹੁਤ ਸਾਰੇ ਲੋਕਾਂ ਦੇ ਮਨਾਂ ਅੰਦਰ ਹਕੂਮਤ ਦੇ ਵਿਰੁੱਧ ਜ਼ਹਿਰ ਭਰ ਗਿਆ। ਪਹਿਲਾਂ ਦੇ ਡਰ ਚੁੱਕੇ ਲੋਕ ਵੀ ਕੁੱਝ ਕਰਨ ਲਈ ਮਨੋਂ ਤਿਆਰ ਹੋਣ ਲੱਗੇ!

ਉਸ ਕਾਲੀ ਬੋਲੀ ਰਾਤ ਨੂੰ ਭਾਈ ਜੈਤਾ ਜੀ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਲਪੇਟ ਕੇ ਰਾਤ ਕੱਟਣ ਲਈ ਭਾਈ ਕੁਸ਼ਾਲ ਜੀ ਦੇ ਘਰ ਪਹੁੰਚੇ। ਭਾਈ ਕੁਸ਼ਾਲ ਜੀ ਦਾ ਸਾਰਾ ਟੱਬਰ ਝਟਪਟ ਭਾਈ ਜੈਤਾ ਜੀ ਦੇ ਠਹਿਰਨ ਦੀ ਤਿਆਰੀ ਵਿਚ ਜੁਟ ਗਿਆ। ਜਿਉਂ ਹੀ ਇਹ ਖ਼ਬਰ ਚੁਫ਼ੇਰੇ ਫੈਲੀ, ਸਾਰਾ ਪਿੰਡ ਉਨ੍ਹਾਂ ਦੇ ਘਰ ਇਕੱਠਾ ਹੋਣ ਲੱਗ ਪਿਆ। ਸਾਰੇ ਹੀ ਸੀਸ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਏਨੇ ਨੂੰ ਖ਼ਬਰ ਮਿਲੀ ਕਿ ਮੁਗ਼ਲ ਫੌਜਾਂ ਸੀਸ ਲੱਭਦੀਆਂ ਪਿੰਡ ਦੇ ਬਾਹਰਵਾਰ ਪਹੁੰਚ ਗਈਆਂ ਸਨ ਤੇ ਪਿੰਡ ਨੂੰ ਘੇਰਨ ਦੀਆਂ ਤਿਆਰੀਆਂ ਵਿਚ ਸਨ।



ਮੌਕੇ ਦੀ ਨਜ਼ਾਕਤ ਵੇਖਦਿਆਂ ਪਿੰਡ ਦੇ ਕੁੱਝ ਸਿਆਣਿਆਂ ਨੇ ਕਿਹਾ ਕਿ ਜੇ ਗੁਰੂ ਸਾਹਿਬ ਦਾ ਸੀਸ ਬਚਾਉਣਾ ਹੈ ਤਾਂ ਉਸ ਦੀ ਥਾਂ ਉਹੋ ਜਿਹਾ ਹੋਰ ਸੀਸ ਰੱਖਣਾ ਪੈਣਾ ਹੈ। ਇੱਕ ਹੋਰ ਸੀਸ ਦਾ ਮਤਲਬ ਸੀ ਕਿਸੇ ਜੀਊਂਦੇ ਜਾਗਦੇ ਅਜਿਹੇ ਬੰਦੇ ਦਾ ਸੀਸ, ਜਿਸ ਦੀ ਸ਼ਕਲ ਗੁਰੂ ਸਾਹਿਬ ਨਾਲ ਮਿਲਦੀ-ਜੁਲਦੀ ਹੋਵੇ। ਭਾਈ ਕੁਸ਼ਾਲ ਜੀ ਨੂੰ ਮਾਣ ਪ੍ਰਾਪਤ ਸੀ ਕਿ ਅਨੇਕ ਲੋਕ ਉਨ੍ਹਾਂ ਦੀ ਦਾਹੜੀ ਤੇ ਪੱਗ ਵਾਲੀ ਸ਼ਕਲ ਨੂੰ ਗੁਰੂ ਸਾਹਿਬ ਨਾਲ ਰਲਦੀ-ਮਿਲਦੀ ਆਖਿਆ ਕਰਦੇ ਸਨ।

ਭਾਈ ਕੁਸ਼ਾਲ ਜੀ ਤਨੋਂ, ਮਨੋਂ ਤੇ ਧਨੋਂ ਗੁਰੂ ਘਰ ਨੂੰ ਸਮਰਪਿਤ ਸਨ। ਉਨ੍ਹਾਂ ਦੀ ਪਤਨੀ ਤੇ ਪੁੱਤਰ ਬਹਾਦਰ ਵੀ ਸਿੱਖੀ ਨੂੰ ਪ੍ਰਣਾਏ ਹੋਏ ਸਨ। ਭਾਈ ਕੁਸ਼ਲ ਜੀ ਨੇ ਅੱਖ ਦੇ ਫੋਰ ਵਿਚ ਹੀ ਮਨ ਅੰਦਰ ਫ਼ੈਸਲਾ ਲਿਆ ਤੇ ਕਿਹਾ, 'ਮੇਰੇ ਗੁਰੂ ਨੇ ਦੂਜੇ ਧਰਮ ਦੇ ਲੋਕਾਂ ਦੀ ਰਾਖੀ ਲਈ ਜਾਨ ਵਾਰੀ ਹੈ। ਮੇਰੇ ਵਰਗਾ ਨਿਮਾਣਾ ਸਿੱਖ ਆਪਣੇ ਗੁਰੂ ਲਈ ਤਾਂ ਜਾਨ ਵਾਰ ਹੀ ਸਕਦਾ ਹੈ!''

ਚੁਫ਼ੇਰੇ ਚੁੱਪ ਪਸਰ ਗਈ ਤੇ ਪਿੰਡ ਦੇ ਲੋਕ ਅੱਖਾਂ ਟੱਡ ਕੇ ਭਾਈ ਕੁਸ਼ਾਲ ਜੀ ਵੱਲ ਝਾਕਦੇ ਰਹਿ ਗਏ। ਪੁੱਤਰ ਬਹਾਦਰ ਨੇ ਪਿਤਾ ਦੇ ਚਰਨਾਂ ਵਿਚ ਸੀਸ ਝੁਕਾ ਦਿੱਤਾ। ਪਤਨੀ ਨੇ ਵੀ ਕੁਰਬਾਨੀ ਦੇ ਇਸ ਜਜ਼ਬੇ ਅੱਗੇ ਹੱਥ ਜੋੜ ਦਿੱਤੇ।

ਘਰ-ਬਾਰ, ਟੱਬਰ, ਨਾਮਲੇਵਾ, ਕੰਮ-ਕਾਰ ਆਦਿ ਕਿਸੇ ਵੀ ਗੱਲ ਦੀ ਪ੍ਰਵਾਹ ਕੀਤੇ ਬਗ਼ੈਰ ਸਿੱਖੀ ਸੋਚ ਨੂੰ ਪ੍ਰਣਾਏ ਭਾਈ ਕੁਸ਼ਾਲ ਜੀ ਨੂੰ ਪਤਾ ਸੀ ਕਿ ਸਿੱਖ ਧਰਮ ਜ਼ਿੰਦਗੀ ਨਾਲ ਮੋਹ ਨਹੀਂ ਰੱਖਦਾ। ਸਿੱਖ ਤਾਂ ਮੌਤ ਲਾੜੀ ਨਾਲ ਵਿਆਹੁਣ ਨੂੰ ਕਾਹਲਾ ਹੁੰਦਾ ਹੈ ਤੇ ਮੌਤ ਨੂੰ ਮਿਸਾਲੀ ਬਣਾਉਣ ਲਈ ਤਤਪਰ ਰਹਿੰਦਾ ਹੈ।

ਮੁਗ਼ਲ ਫੌਜਾਂ ਪਿੰਡ ਅੰਦਰ ਵੜਨੀਆਂ ਸ਼ੁਰੂ ਹੋ ਚੁੱਕੀਆਂ ਸਨ। ਤੁਰੰਤ ਸ਼ਹੀਦੀ ਦੀ ਲੋੜ ਸੀ। ਭਾਈ ਜੈਤਾ ਜੀ ਨੇ ਫੌਰਨ ਗੁਰੂ ਸਾਹਿਬ ਦਾ ਸੀਸ ਲੈ ਕੇ ਉੱਥੋਂ ਨਿਕਲ ਕੇ ਆਨੰਦਪੁਰ ਸਾਹਿਬ ਵਲ ਚਾਲੇ ਪਾ ਦਿੱਤੇ। ਪੂਰੇ ਪਿੰਡ ਨੇ ਭਾਈ ਕੁਸ਼ਾਲ ਜੀ ਦੇ ਫ਼ੈਸਲੇ ਦਾ ਸੁਆਗਤ ਕੀਤਾ। ਪੁੱਤਰ ਬਹਾਦਰ ਨੂੰ ਭਾਈ ਕੁਸ਼ਾਲ ਜੀ ਨੇ ਅੰਦਰੋਂ ਤੇਗ਼ ਲਿਆਉਣ ਲਈ ਕਿਹਾ। ਸਾਰੇ ਟੱਬਰ ਨੇ ਅਰਦਾਸ ਕੀਤੀ ਤੇ ਭਾਈ ਕੁਸ਼ਾਲ ਜੀ ਜ਼ਮੀਨ ਉੱਤੇ ਹੱਥ ਜੋੜ ਅੱਖਾਂ ਬੰਦ ਕਰ ਕੇ ਬਹਿ ਗਏ ਅਤੇ ਬੋਲੇ, ''ਹੇ ਸੱਚੇ ਪਾਤਸ਼ਾਹ, ਇਸ ਨਿਮਾਣੇ ਸਿੱਖ ਦਾ ਸੀਸ ਪ੍ਰਵਾਨ ਕਰਨਾ। ਆਪ ਜੀ ਦੇ ਸੀਸ ਦੀ ਥਾਂ ਆਪਣਾ ਸੀਸ ਰਖਵਾਉਣ ਦੀ ਹਿਮਾਕਤ ਕਰ ਰਿਹਾ ਹਾਂ ਤਾਂ ਜੋ ਆਪ ਜੀ ਦੇ ਸੀਸ ਦਾ ਨਿਰਾਦਰ ਨਾ ਹੋਵੇ। ਇਹ ਭੇਟਾ ਕਬੂਲ ਕਰਨਾ ਜੀ। ਕੋਈ ਗ਼ਲਤੀ ਹੋ ਗਈ ਹੋਵੇ ਤਾਂ ਖ਼ਿਮਾ ਕਰਨਾ।''

ਝੱਟ ਪੁੱਤਰ ਨੂੰ ਹੁਕਮ ਦਿੱਤਾ ਕਿ ਮੇਰਾ ਸਿਰ ਧੜ ਤੋਂ ਅਲੱਗ ਕਰ ਕੇ ਮੁਗ਼ਲ ਫੌਜੀਆਂ ਨੂੰ ਗੁਰੂ ਸਾਹਿਬ ਦਾ ਸੀਸ ਦੱਸ ਕੇ ਉਨ੍ਹਾਂ ਦੇ ਹਵਾਲੇ ਕਰ ਦੇਣਾ। ਪੁੱਤਰ ਬਹਾਦਰ ਨੇ ਹੱਥ ਜੋੜ ਪਿਤਾ ਦਾ ਆਖਾ ਮੰਨਦਿਆਂ, ਅੱਖਾਂ ਵਿਚੋਂ ਬਾਹਰ ਆਉਂਦੇ ਹੰਝੂਆਂ ਨੂੰ ਪੂਰੀ ਤਰ੍ਹਾਂ ਰੋਕ, ਵਾਹਿਗੁਰੂ ਬੋਲਦਿਆਂ ਤੇਗ਼ ਲਹਿਰਾਈ ਤੇ ਪਲ ਵਿਚ ਸਾਹਮਣੇ ਧਰਤੀ ਉੱਤੇ ਹੱਥ ਜੋੜ ਕੇ ਸ਼ਾਂਤ ਚਿਤ ਗੁਰੂ ਨੂੰ ਧਿਆਉਂਦੇ ਪਿਤਾ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ।

ਇਸ ਕੁਰਬਾਨੀ ਨੂੰ ਸੁਣ ਪਿੰਡ ਦਾ ਇੱਕ ਵੀ ਘਰ ਅਜਿਹਾ ਨਹੀਂ ਸੀ ਜਿਸ ਦੀਆਂ ਅੱਖਾਂ ਵਿੱਚੋਂ ਹੰਝੂ ਨਾ ਵਗੇ ਹੋਣ। ਮਾਂ ਦਾ ਲਾਡਲਾ 'ਕੁਸ਼ਾਲੀ' ਕਦੋਂ ਭਾਈ ਕੁਸ਼ਲ ਬਣਿਆ, ਪਤਾ ਹੀ ਨਹੀਂ ਸੀ ਲੱਗਿਆ। ਸੀਸ ਭੇਟ ਕਰਦੇ ਸਾਰ ਭਾਈ ਕੁਸ਼ਾਲ ਪੂਰੇ ਪਿੰਡ ਦਾ 'ਸਾਡਾ ਕੁਸ਼ਾਲੀ' ਬਣ ਗਿਆ ਸੀ।

ਮੁਗ਼ਲ ਫੌਜੀਆਂ ਨੂੰ ਭਾਈ ਕੁਸ਼ਾਲ ਦਾ ਸੀਸ ਫੜਾ ਦਿੱਤਾ ਗਿਆ ਤੇ ਉਸ ਸੀਸ ਨੂੰ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਮੰਨ, ਨੇਜ਼ੇ ਉੱਤੇ ਟੰਗ ਮੁਗ਼ਲਾਂ ਨੇ ਰੱਜ ਕੇ ਬੇਅਦਬੀ ਵੀ ਕੀਤੀ। ਪੂਰਾ ਪਿੰਡ ਭਾਈ ਕੁਸ਼ਲ ਜੀ ਦੇ ਘਰ ਅੱਗੇ ਨਤਮਸਤਕ ਹੋਇਆ। ਅਜਿਹੀ ਬੇਮਿਸਾਲੀ ਕੁਰਬਾਨੀ ਕੋਈ ਸੱਚਾ ਤੇ ਨਿਡਰ ਯੋਧਾ ਹੀ ਦੇ ਸਕਦਾ ਸੀ, ਜੋ ਸਿੱਖੀ ਸੋਚ ਨੂੰ ਸਹੀ ਮਾਅਨਿਆਂ ਵਿਚ ਪ੍ਰਣਾਇਆ ਹੋਵੇ ਤੇ ਦੁਨਿਆਵੀ ਮੌਤ ਤੋਂ ਦੂਰ ਹੋ ਚੁੱਕਿਆ ਹੋਵੇ।

ਗੜੀ ਪਿੰਡ ਦੇ ਲੋਕਾਂ ਨੇ ਭਾਈ ਕੁਸ਼ਾਲ ਜੀ ਦਾ ਸਤਿਕਾਰ ਕਰਦਿਆਂ ਪਿੰਡ ਦਾ ਨਾਂ ਹੀ 'ਕੁਸ਼ਲ ਗੜੀ' ਰੱਖ ਦਿੱਤਾ। ਨਾਹਰੀ ਪਿੰਡ ਦੇ 'ਦਹੀਆ' ਭੈਣ ਭਰਾ ਵੀ ਭਾਈ ਕੁਸ਼ਾਲ ਜੀ ਦੀ ਜੱਦੀ ਥਾਂ ਤੋਂ ਉੱਥੇ ਪਹੁੰਚ ਉਨ੍ਹਾਂ ਦੇ ਘਰ ਅੱਗੇ ਨਤਮਸਤਕ ਹੋਏ। ਹਰ ਜਣਾ 'ਸਾਡਾ ਕੁਸ਼ਾਲੀ' ਕਹਿੰਦਿਆਂ ਆਪਣੇ ਪੁੱਤਰ ਧੀਆਂ ਨੂੰ ਬਹਾਦਰੀ ਦੇ ਪਾਠ ਪੜ੍ਹਾਉਣ ਲੱਗਾ।

ਨਤੀਜਾ ਇਹ ਹੋਇਆ ਕਿ ਮੁਗ਼ਲਾਂ ਦੀ ਦਰਿੰਦਗੀ ਵਿਰੁੱਧ ਪਿੰਡ ਵਿੱਚੋਂ ਅਨੇਕ ਹੋਰ ਘਰ ਗੁਰੂ ਘਰ ਨਾਲ ਜੁੜ ਗਏ। ਅਗਲੀਆਂ ਪੁਸ਼ਤਾਂ ਨੇ ਖਾਲਸਾ ਸਿਰਜਦਿਆਂ ਵੇਖਿਆ ਤਾਂ ਪੂਰੇ ਪਿੰਡ ਨੇ ਹੀ ਭਾਈ ਕੁਸ਼ਲ ਜੀ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਪਿੰਡ ਦਾ ਨਾਂ 'ਬਡ ਖਾਲਸਾ' ਰੱਖ ਦਿੱਤਾ। ਇਹ ਪਿੰਡ ਹੁਣ ਸੋਨੀਪਤ, ਹਰਿਆਣਾ ਵਿਚ ਹੈ।

11 ਨਵੰਬਰ, 1675 ਨੂੰ ਵਾਪਰੀ ਇਸ ਘਟਨਾ ਨੇ ਪਿੰਡ ਵਿਚੋਂ ਅੱਗੋਂ ਅਨੇਕ ਬਹਾਦਰ ਪੁੱਤਰ ਪੈਦਾ ਕੀਤੇ, ਜਿਨ੍ਹਾਂ ਦੇਸ ਲਈ ਜਾਨਾਂ ਵਾਰੀਆਂ ਤੇ ਆਜ਼ਾਦੀ ਦੀ ਜੰਗ ਵਿਚ ਵੀ ਕੁਰਬਾਨੀਆਂ ਦਿੱਤੀਆਂ।

ਬਡਖਾਲਸਾ ਪਿੰਡ ਵਿਚਲੀ ਦਹੀਆ ਬਿਰਾਦਰੀ ਨਾਲ ਅੱਜ ਵੀ ਗੱਲ ਕਰ ਕੇ ਵੇਖੀਏ ਤਾਂ ਉਹ ਸ਼ਾਨ ਨਾਲ ਸਿਰ ਉੱਚਾ ਕਰ ਕੇ, ਛਾਤੀ ਉੱਤੇ ਹੱਥ ਰੱਖ ਕੇ ''ਹਮਾਰਾ ਕੁਸ਼ਾਲੀ ਦਹੀਆ'' ਕਹਿੰਦਿਆਂ ਮਾਣ ਮਹਿਸੂਸ ਕਰਦੇ ਹਨ। ਸਭ ਇੱਕੋ ਗੱਲ ਉੱਤੇ ਬਜ਼ਿੱਦ ਹਨ ਕਿ ਸਾਰੇ ਦਹੀਆ ਭਰਾ ਭੈਣਾਂ ਉਸੇ ਬਹਾਦਰ ਦੇ ਖ਼ਾਨਦਾਨ ਵਿਚੋਂ ਹਨ। ਸਾਰੇ ਭਾਈ ਕੁਸ਼ਾਲ ਜੀ ਨੂੰ ਹੀ ਆਪਣਾ ਵੱਡਾ ਵਡੇਰਾ ਮੰਨਦੇ ਹਨ। ਉੱਥੇ ਬਣੇ ਸ਼ਾਨਦਾਰ ਗੁਰਦੁਆਰੇ ਪਹੁੰਚੋ ਤਾਂ ਪਿੰਡ ਵਾਸੀ ਪਿਆਰ ਨਾਲ ਗਦਗਦ ਹੋ ਜਾਂਦੇ ਹਨ ਤੇ ਚੰਗੀ ਆਓ ਭਗਤ ਕਰਦੇ ਹਨ।

ਇਸ ਸ਼ਹਾਦਤ ਨੂੰ ਯਾਦ ਰੱਖਣ ਅਤੇ ਅਗਲੀ ਪੁਸ਼ਤ ਤਕ ਇਤਿਹਾਸ ਪਹੁੰਚਾਉਣਾ ਸਾਡਾ ਜ਼ਿੰਮਾ ਹੈ ਹੀ, ਪਰ ਅਸਲ ਨੁਕਤਾ ਇਹ ਹੈ ਕਿ ਕੀ ਇਸ ਤਰ੍ਹਾਂ ਦੀਆਂ ਸ਼ਹਾਦਤਾਂ ਦੇ ਇਤਿਹਾਸ ਵਿਚੋਂ ਅਸੀਂ ਕੁੱਝ ਸਿੱਖਿਆ ਹੈ? ਕੀ ਗੁਰੂ ਦੇ ਸਿੱਖ ਅਖਵਾਉਂਦੇ ਅਸੀਂ ਸਿਰਫ਼ ਆਪਣੇ ਤਕ ਤਾਂ ਸੀਮਤ ਹੋ ਕੇ ਨਹੀਂ ਰਹਿ ਗਏ?

# ਉਚਾ ਲੰਮਾ ਗੱਭਰੂ, ਪੱਲੇ ਠੀਕਰੀਆਂ...!

ਤਾਕਤ ਦਾ ਨਸ਼ਾ ਕਿੰਨਾ ਕੁ ਮਾੜੈ, ਸਿਰ ਚੜ੍ਹ ਜਾਏ ਤਾਂ ਦੌਲਤ ਤੋਂ ਵੱਧ। ਕੋਈ ਡੋਪ ਟੈਸਟ ਹੁੰਦਾ, ਸ਼ੱਕ ਵੀ ਦੂਰ ਕਰ ਦਿੰਦੇ। ਤੁਸਾਂ ਇੱਕੋ ਰੱਟ ਲਾਈ ਐ, ਖ਼ਜ਼ਾਨਾ ਖਾਲੀ ਹੈ। ਏਹ ਤਾਂ ਉਹ ਗੱਲ ਹੋਈ, 'ਉਚਾ ਲੰਮਾ ਗੱਭਰੂ, ਪੱਲੇ ਠੀਕਰੀਆਂ।'

ਗੱਲ ਪੁਰਾਣੀ ਐ, ਜਲੰਧਰ 'ਚ ਸਮਾਗਮ ਸੀ। ਖ਼ਜ਼ਾਨਾ ਮੰਤਰੀ ਉਦੋਂ ਕੈਪਟਨ ਕੰਵਲਜੀਤ ਸਿੰਘ ਸਨ। ਕਾਮੇਡੀਅਨ ਰੌਣਕੀ ਰਾਮ ਨੇ ਸਟੇਜ ਤੋਂ ਟਿੱਚਰ ਕੀਤੀ, 'ਕੈਪਟਨ ਸਾਹਬ, ਜਿੰਦਾਂ ਦਾ ਥੋਡਾ ਸੁਭਾਅ, ਓਦਾਂ ਦਾ ਮੇਰੀ ਘਰਵਾਲੀ ਦਾ। ਉਹਦਾ ਵੀ ਕੱਦ ਲੰਮਾ, ਥੋਡਾ ਵੀ। ਸੋਹਣੀ ਬੜੀ ਐ, ਫਬਦੇ ਤੁਸੀਂ ਵੀ ਹੋ। ਉਹ ਵੀ ਖ਼ਜ਼ਾਨੇ ਦੀ ਮਾਲਕ ਐ, ਤੁਸੀਂ ਵੀ। ਪਰ ਜਦੋਂ ਪੈਸੇ ਮੰਗੋ, ਉਹ ਵੀ ਨਾਂਹ-ਨਾਂਹ ਕਰਦੀ ਐ ਤੇ ਤੁਸੀਂ ਵੀ।' ਪੰਡਾਲ 'ਚ ਹਾਸਾ ਮੱਚਿਆ।



ਚੰਗਾ ਕੰਮ ਹੋਵੇ, ਚਾਹੇ ਔਖ ਦਾ ਵੇਲਾ ਹੋਵੇ, ਕਦੇ ਨਾਂਹ ਨਾ ਕਰੋ। ਜੋ ਟੈਂਕੀਆਂ 'ਤੇ ਚੜ੍ਹੇ ਨੇ, ਉਨ੍ਹਾਂ ਨੂੰ ਸਕੂਲਾਂ 'ਚ ਭੇਜੋ। ਜੋ ਸੜਕਾਂ 'ਤੇ ਕੂਕ ਰਹੇ ਨੇ, ਉਨ੍ਹਾਂ ਨੂੰ ਕੰਮ ਧੰਦੇ ਪਾ"। ਐਲਾਨਾਂ ਤੋਂ ਵਿਹਲੇ ਹੋ ਕੇ, ਚੰਨੀ ਜੀ ਆਪਣੇ ਸਾਥੀ ਨੂੰ ਮੁੜ ਸਮਝਾ", ਬਈ! ਖ਼ਜ਼ਾਨਾ ਖ਼ਾਲੀ ਨਹੀਂ। ਤਾਕਤਾਂ ਦਾ ਗਰੂਰ ਬਹੁਤ ਮਾੜੈ, ਬੇਸ਼ੱਕ ਕੈਪਟਨ ਅਮਰਿੰਦਰ ਸਿੰਘ ਨੂੰ ਪੁੱਛ ਲਵੋ।

ਚਾਹੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਤੋਂ ਸਿੱਖ ਲ"। ਅੰਗਰੇਜ਼ਾਂ ਨੇ ਗਜ਼ ਚੁੱਕਿਆ, ਬਹਾਦਰ ਸ਼ਾਹ ਨੂੰ ਮਿਣ ਕੇ ਹੈਸੀਅਤ ਦਿਖਾਈ। ਇਸ 'ਤੇ ਗੌਰ ਕਰੋ, 'ਕਿਤਨਾ ਹੈ ਬਦਨਸੀਬ ਜ਼ਫ਼ਰ ਦਫ਼ਨ ਕੇ ਲੀਏ, ਦੋ ਗਜ਼ ਜ਼ਮੀਨ ਭੀ ਨਾ ਮਿਲੀ, ਕੂਏ ਯਾਰ ਮੇਂ।' ਸ਼ਾਇਦ ਕਿਸੇ ਸ਼ਾਇਰੀ ਦੇ ਸ਼ੌਕੀਨ ਮੰਤਰੀ ਦੇ ਗੱਲ ਪੱਲੇ ਪੈ ਜਾਵੇ।

***-ਚਰਨਜੀਤ ਭੁੱਲਰ***

ONLY FOR THOSE WHO MISS
THE 'PIND' OF THEIR CHILDHOOD MEMORIES

**Project 'Mera Pind 360'**
By Friends of Punjab Foundation

'SERVING HUMANITY' dedicated to Guru Nanak' teaching.

FRIENDS OF PUNJAB FOUNDATION
SERVING HUMANITY
Dedicated to the teachings of Guru Nanak Dev Ji

- NRIs, your 'Pind' waiting for your help.
- Renew your relationship with your 'Pind'
- Help your 'Pind's needy.
- Join over 100 NRIs, covering more than 50 of their own villages.

- Many ways to help.
- Struggling families:
Monthly financial help and help for the higher education of their children.
- Skills training in the Pind:
Ladies Dress Design, Dairy, Beauty parlor, Computer skills including basis/ advanced/digital design, etc
- Govt. services in the Pind:
Adhar card, pan number, health insurance card, passport application, railway tickets, etc
- Small farmer help:
Establish an agri-center for small farmers who have no machinery etc
- Other Services:
High-speed WiFi, Library, Smart TV for webinars, telehealth, remote learnings.

- No fee. No donation. No middle man. Just get free help from Foundation's volunteers.
- Foundation will help screen your own selected village/ families OR will assign pre-screened families in need.
- Do not wait. Visit our site, send an email, or call us for more details.

Contact: Bhupinder S Hundal (USA)
630-802-2179 | Email: hundalb@yahoo.com

www.friendsofpunjabfoundation.org
Bhupinder S Hundal (USA) 630-802-2179 | hundalb@yahoo.com

ਕਹਾਣੀ

# ਭੇਟ

***'ਭੇਟ' ਅਸਲ ਵਿਚ ਮਨੁੱਖੀ ਫਿਤਰਤ ਦੀ ਕਹਾਣੀ ਹੈ। ਕਹਾਣੀਕਾਰ ਜੇ.ਬੀ. ਸਿੰਘ ਨੇ ਆਪਣੀਆਂ ਹੋਰ ਰਚਨਾਵਾਂ ਵਾਂਗ ਇਸ ਕਹਾਣੀ ਵਿਚਲਾ ਭੇਤ ਬਹੁਤ ਸਹਿਜ ਨਾਲ ਉਜਾਗਰ ਕੀਤਾ ਹੈ। ਉਨ੍ਹਾਂ ਦੀਆਂ ਕਹਾਣੀਆਂ ਦੀ ਖਾਸੀਅਤ ਇਸ ਤੱਥ ਵਿਚ ਲੁਕੀ ਹੋਈ ਹੈ ਕਿ ਉਹ ਆਪਣੀ ਰਚਨਾ ਦੇ ਪਾਤਰਾਂ ਅਤੇ ਘਟਨਾਵਾਂ ਨੂੰ ਇਸ ਢੰਗ ਨਾਲ ਬੀੜਦੇ ਹਨ ਕਿ ਰਚਨਾ ਪਾਠਕ ਨੂੰ ਆਪਣੀ ਉਂਗਲ ਫੜਾ ਕੇ ਆਪਣੇ ਨਾਲ ਤੋਰੀ ਰੱਖਦੀ ਹੈ। ਇਹ ਰਵਾਨੀ ਹੀ ਇਸ ਕਹਾਣੀ ਦੀ ਜਿੰਦ-ਜਾਨ ਹੈ।***

**ਜੇ.ਬੀ. ਸਿੰਘ**
**ਫੋਨ: 253-508-9805**

ਜਦ ਮੈਂ ਉਸ ਨੂੰ ਇੰਨਾ ਹੋਛਾ ਬੋਲਦੇ ਸੁਣਿਆ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ।

'ਸੁੱਖੀ ਬੇਟੇ, ਹੁਣ ਤੂੰ ਇਸ ਤਰ੍ਹਾਂ ਦਾ ਹੋ ਗਿਆ ਹੈਂ?' ਮੈਂ ਕਿਹਾ

'ਦੇਖੋ ਮੇਰੇ ਦਫਤਰ ਵਿਚ ਮੈਨੂੰ ਬੇਟਾ ਕਹਿ ਕਹਿ ਕੇ ਸ਼ਰਮਿੰਦਾ ਨਾ ਕਰੋ। ਮੇਰੀ ਹੈਸੀਅਤ ਦਾ ਖਿਆਲ ਕਰੋ।'

ਮੇਰੇ ਗੁੱਸੇ ਤੇ ਹੈਰਾਨੀ ਦੀ ਕੋਈ ਹੱਦ ਨਾ ਰਹੀ। ਕਿਸੇ ਸਮੇਂ ਮੈਨੂੰ ਰੋਜ਼ੀ ਦਾਤਾ ਕਹਿ ਕੇ ਪੈਰੀਂ ਪੈਣ ਵਾਲਾ ਅੱਜ ਕੁਰਸੀ 'ਤੇ ਬੈਠਾ ਮੈਨੂੰ ਪਛਾਣ ਨਹੀਂ ਸੀ ਰਿਹਾ। ਭੀਖ ਵਿਚ ਮਿਲੀ ਕੁਰਸੀ ਵੀ ਇੰਨੀ ਮੱਤ ਮਾਰ ਦਿੰਦੀ ਹੈ, ਇਹ ਮੈਨੂੰ ਉਸ ਦਿਨ ਮਹਿਸੂਸ ਹੋਇਆ।

ਕੋਈ ਸਮਾਂ ਸੀ, ਜਦ ਸੁੱਖ ਤੇ ਉਸ ਦੇ ਮਾਂ-ਬਾਪ ਮੇਰੇ ਕੋਲ ਆਏ ਸਨ। ਮੇਰੇ ਕਿਸੇ ਗੂੜ੍ਹੇ ਮਿੱਤਰ ਗਰਚੇ ਦੀ ਚਿੱਠੀ ਲੈ ਕੇ, 'ਹਿੰਮਤ ਸਿਹਾਂ, ਜਿੰਨੀ ਭੀ ਹੋ ਸਕੇ, ਇਨ੍ਹਾਂ ਦੀ ਮਦਦ ਕਰਨਾ'।

ਮੈਂ ਉਨ੍ਹਾਂ ਨੂੰ ਬੈਠਣ ਲਈ ਕਿਹਾ, ਤਿੰਨੇ ਜਣੇ ਮੰਜੇ 'ਤੇ ਬੈਠ ਗਏ। ਬੜੀ ਮੁਸ਼ਕਿਲ ਨਾਲ ਉਨ੍ਹਾਂ ਨੂੰ ਆਪਣੇ ਨਾਲ ਸੋਫੇ 'ਤੇ ਬੈਠਣ ਲਈ ਮਜਬੂਰ ਕੀਤਾ। ਚਾਹ-ਪਾਣੀ ਪਿਲਾਇਆ। ਕਹਿਣ ਲੱਗੇ, 'ਅਸਾਂ ਮੁੰਡੇ ਨੂੰ ਡਿਪਲੋਮਾ ਕਰਾ ਦਿੱਤਾ ਹੈ ਪਰ ਨੌਕਰੀ ਨਹੀਂ ਮਿਲ ਰਹੀ।'

'ਪਰ ਤੁਸੀਂ ਗਰਚਾ ਸਾਹਿਬ ਨੂੰ ਕਿਵੇਂ ਜਾਣਦੇ ਹੋ।' ਮੈਂ ਉਨ੍ਹਾਂ ਨੂੰ ਸੁਭਾਵਕ ਹੀ ਪੁੱਛ ਲਿਆ।

'ਉਹ ਸਾਡੇ ਸਾਹਿਬ ਨੇ। ਮੈਂ ਉਨ੍ਹਾਂ ਦੀ ਪੈਲੀ ਵਾਹੁੰਦਾ ਹਾਂ ਤੇ ਇਹ ਉਨ੍ਹਾਂ ਘਰ ਭਾਂਡੇ ਮਾਂਜਦੀ ਹੈ।' ਉਨ੍ਹਾਂ ਆਪਣੀ ਜਾਣ-ਪਛਾਣ ਕਰਾਈ। ਮੈਨੂੰ ਉਹਦੀ ਗਰੀਬੀ 'ਤੇ ਤਰਸ ਆ ਗਿਆ।

ਮੇਰੇ ਗੁਆਂਢ ਸਿੱਧੂ ਸਾਹਿਬ, ਚੀਫ ਇੰਜਨੀਅਰ ਰਹਿੰਦੇ ਸਨ। ਮੇਰੇ ਚੰਗੇ ਮਿੱਤਰ ਵੀ ਸਨ ਤੇ ਇਮਾਨਦਾਰ ਅਫਸਰ ਵੀ। ਅਸੀਂ ਰੋਜ਼ ਸ਼ਾਮ ਨੂੰ ਰਲ ਕੇ ਸੈਰ ਕਰਨ ਜਾਂਦੇ। ਕਦੇ ਕਦੇ ਛੁੱਟੀ ਵਾਲੇ ਦਿਨ ਰਲ ਕੇ ਤਾਸ਼ ਵੀ ਖੇਡ ਲੈਂਦੇ। ਇਕ ਵਾਰ ਗਰਚਾ ਸਾਹਿਬ ਅਚਾਨਕ ਮੇਰੇ ਘਰ ਆਏ ਤਾਂ ਅਸੀਂ ਤਾਸ਼ ਖੇਡ ਰਹੇ ਸੀ। ਬਸ ਉਸੇ ਦਿਨ ਉਨ੍ਹਾਂ ਨੂੰ ਸਿੱਧੂ ਸਾਹਿਬ ਤੇ ਮੇਰੀ ਗੂੜ੍ਹੀ ਮਿੱਤਰਤਾ ਦਾ ਪਤਾ ਲੱਗਿਆ।

ਖੈਰ, ਮੈਂ ਸੁੱਖੀ ਨੂੰ ਸਿੱਧੂ ਸਾਹਿਬ ਦੇ ਘਰ ਲੈ ਗਿਆ। ਮੈਂ ਉਨ੍ਹਾਂ ਨਾਲ ਗਰਚਾ ਸਾਹਿਬ ਦਾ ਜ਼ਿਕਰ ਨਹੀਂ ਕੀਤਾ। ਆਖਿਆ, ਇਹ ਮੇਰਾ ਭਤੀਜਾ ਹੈ। ਉਸ ਨੇ ਮੇਰੀ ਪੂਰੀ ਗੱਲ ਸੁਣੀ ਪਰ ਆਪਣੀ ਮਜਬੂਰੀ ਦੱਸੀ, 'ਯਾਰ, ਅਜੇ ਵਕੈਂਸੀ ਨਹੀਂ ਹੈ ਤੇ ਮਨਿਸਟਰ ਸਾਹਿਬ ਨੇ ਨਵੀਂ ਭਰਤੀ 'ਤੇ ਰੋਕ ਲਗਾ ਰੱਖੀ ਹੈ।'

ਅਸੀਂ ਵਾਪਸ ਆ ਗਏ ਪਰ ਮੈਂ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਸ਼ਾਮ ਨੂੰ ਮੈਂ ਇਕੱਲਿਆਂ ਉਹਦੇ ਘਰ ਜਾ ਕੇ ਗੱਲ ਕਰਾਂਗਾ, ਉਹ ਕੋਈ ਨਾ ਕੋਈ ਰਸਤਾ ਜ਼ਰੂਰ ਲੱਭੇਗਾ।

ਸ਼ਾਮ ਹੋਣ ਤੋਂ ਪਹਿਲਾਂ ਹੀ ਸਿੱਧੂ ਸਾਹਿਬ ਮੇਰੇ ਘਰ ਆ ਗਏ। ਕਹਿਣ ਲੱਗੇ, 'ਮੈਂ ਸੋਚਿਆ ਹੈ, ਇਹਨੂੰ ਰਾਖਵੀਆਂ ਸੀਟਾਂ ਦੇ ਕੋਟੇ ਵਿਚੋਂ ਆਰਜ਼ੀ ਤੌਰ 'ਤੇ ਨੌਕਰੀ ਦੇ ਦਿਆਂ, ਹੌਲੀ-ਹੌਲੀ ਪੱਕੀ ਨੌਕਰੀ ਲਈ ਵੀ ਕੋਈ ਢੰਗ ਸੋਚ ਲਵਾਂਗਾ।'

'ਪਰ ਇਹ ਤਾਂ ਸਵਰਨ ਜਾਤ ਦਾ ਹੈ।'

'ਤੇਰਾ ਭਤੀਜਾ ਤਾਂ ਹੈ। ਇਹਦੇ ਲਈ ਮੈਨੂੰ ਕੋਈ ਰਾਹ ਤਾਂ ਲੱਭਣਾ ਹੀ ਪਵੇਗਾ। ਤੂੰ ਫ਼ਿਕਰ ਨਾ ਕਰ, ਇਹ ਗੱਲ ਮੇਰੇ ਉਤੇ ਛੱਡ ਦਿ"।'

ਦੋ ਹਫ਼ਤਿਆਂ ਬਾਅਦ ਸੁੱਖੀ ਨੇ ਨੌਕਰੀ ਜੁਆਇਨ ਕਰ ਲਈ। ਮੇਰੀ ਤੇ ਸਿੱਧੂ ਸਾਹਿਬ ਦੀ ਰੁਟੀਨ ਉਵੇਂ ਚਲਦੀ ਰਹੀ।

ਉਸ ਤੋਂ ਬਾਅਦ ਹਰ ਦੂਜੇ ਤੀਜੇ ਹਫ਼ਤੇ ਸੁੱਖੀ ਦੇ ਘਰੋਂ ਮੇਰੇ ਘਰ ਮਠਿਆਈ ਜਾਂ ਕੋਈ ਹੋਰ ਤੋਹਫਾ ਆ ਜਾਂਦਾ। ਮੈਨੂੰ ਬਹੁਤ ਬੁਰਾ ਲਗਦਾ। ਇਸ ਤੋਂ ਵੀ ਜ਼ਿਆਦਾ ਮੈਨੂੰ ਬੁਰਾ ਲਗਦਾ, ਜਦ ਦੋਨੋਂ ਪਿਓ-ਪੁੱਤ ਆ ਕੇ ਮੇਰੇ ਪੈਰੀਂ ਹੱਥ ਲਾਉਂਦੇ। ਮੇਰੇ ਰੋਕਣ 'ਤੇ ਵੀ ਨਾ ਰੁਕਦੇ। ਅਖੀਰ ਉਸ ਦੇ ਬਾਪ ਨੂੰ ਤਾਂ ਮੈਂ ਮਨਾ ਸਕਿਆ, ਉਹ ਉਮਰ 'ਚ ਮੇਰੇ ਤੋਂ ਵੱਡਾ ਸੀ ਪਰ ਸੁੱਖੀ ਨੇ ਜ਼ਿਦ ਨਾ ਛੱਡੀ।

'ਤੁਸੀਂ ਮੇਰੇ ਰੋਜ਼ੀਦਾਤੇ ਹੋ ਤੇ ਮੇਰੇ ਪਿਤਾ ਸਮਾਨ ਵੀ ਹੋ', ਉਹ ਆਖਦਾ ਤੇ ਇੰਨਾ ਕਹਿ ਕਹਿ ਕੇ ਉਸ ਨੇ ਮੇਰੇ ਦਿਲ ਵਿਚ ਸਦੀਵੀ ਜਗ੍ਹਾ ਬਣਾ ਲਈ ਤੇ ਮੈਂ ਸੱਚਮੁੱਚ ਹੀ ਉਸ ਨੂੰ ਆਪਣਾ ਬੇਟਾ ਸਮਝਣ ਲਗ ਪਿਆ।

ਮੈਨੂੰ ਯਾਦ ਨਹੀਂ ਕਿਹੜਾ ਤਿਓਹਾਰ ਸੀ ਪਰ ਉਸ ਦਿਨ ਮੈਂ ਤੇ ਚੀਫ ਇੰਜਨੀਅਰ ਸ਼ਾਮ ਨੂੰ ਤਾਸ਼ ਖੇਡ ਰਹੇ ਸੀ ਤੇ ਨਾਲ-ਨਾਲ ਵਿਸਕੀ ਪੀ ਰਹੇ ਸੀ। ਮੈਂ ਲਗਾਤਾਰ ਤਿੰਨ ਵਾਰ ਬਾਜ਼ੀ ਜਿੱਤਦਾ ਗਿਆ ਪਰ ਚੌਥੀ ਵਾਰ ਉਸ ਨੇ ਮੇਰੇ ਸਾਰੇ ਰਸਤੇ ਬੰਦ ਕਰ ਦਿੱਤੇ। ਸ਼ਰਾਬ ਦੇ ਨਸ਼ੇ ਵਿਚ ਆਖਣ ਲੱਗਿਆ, ਇਸ ਵਾਰ ਜਿੱਤ ਕੇ ਦਿਖਾਏਂਗਾ ਤਾਂ ਜੋ ਮੂੰਹੋਂ ਮੰਗੇਂਗਾ, ਦਿਆਂਗਾ ਤੇ ਉਸ ਵਾਰ ਵੀ ਮੈਂ ਜਿੱਤ ਗਿਆ। ਸਿਆਣਪ ਨਾਲ ਨਹੀਂ, ਚੀਟਿੰਗ ਕਰ ਕੇ। ਉਹ ਜਦ ਪੈੱਗ ਪਾ ਰਿਹਾ ਸੀ, ਮੈਂ ਪੱਤੇ ਬਦਲ ਲਏ।

'ਚਲ, ਮੰਗ ਜੋ ਮੰਗਣਾ ਈ ਯਾਰ।'

ਮੈਨੂੰ ਕੁਝ ਨਾ ਸੁੱਝਿਆ। ਰੱਬ ਦਾ ਦਿੱਤਾ ਸਭ ਕੁਝ ਮੇਰੇ ਕੋਲ ਸੀ। ਫਿਰ ਇਕਦਮ ਮੇਰੇ ਮੂੰਹੋਂ ਨਿਕਲ ਗਿਆ, 'ਸੁੱਖੀ ਦੀ ਤਰੱਕੀ ਕਰ ਦੇ।'

ਮੇਰੀ ਗੱਲ ਸੁਣ ਕੇ ਉਹ ਹੈਰਾਨ ਹੋਇਆ, 'ਕਿੱਥੇ ਤਾਸ਼ ਤੇ ਕਿੱਥੇ ਸੁੱਖੀ, ਤੂੰ ਤਾਂ ਮੇਰੀ ਪੀਤੀ ਹੋਈ ਸਾਰੀ ਲਾਹ ਦਿੱਤੀ।'

ਹਫ਼ਤੇ ਕੁ ਬਾਅਦ ਮੈਂ ਉਸ ਨੂੰ ਫਿਰ ਯਾਦ ਦਿਵਾਇਆ। ਉਸ ਦੀਆਂ ਅੱਖਾਂ ਵਿਚੋਂ ਉਸ ਦੀ ਬੇਵਸੀ ਨਜ਼ਰ ਆ ਰਹੀ ਸੀ। ਅਗਲੇ ਕੁਝ ਦਿਨਾਂ ਵਿਚ ਉਸ ਨੇ ਸੁੱਖੀ ਦੀ ਤਰੱਕੀ ਕਰ ਦਿੱਤੀ। ਮੈਂ ਸੁੱਖੀ ਨੂੰ ਪਤਾ ਹੀ ਨਾ ਲਗਣ ਦਿੱਤਾ ਕਿ ਮੈਂ ਉਸ ਦੀ ਸਿਫ਼ਾਰਿਸ਼ ਕੀਤੀ ਹੈ। ਸੁੱਖੀ ਦੇ ਸਵੈ-ਮਾਣ ਵਿਚ ਖਿੜੇ ਚਿਹਰੇ 'ਤੇ ਮੈਂ ਕੋਈ ਹੋਰ ਰੰਗ ਨਹੀਂ ਦੇਖਣਾ ਚਾਹੁੰਦਾ ਸੀ।

ਅਜੇ ਸੁੱਖੀ ਦੀ ਤਰੱਕੀ ਨੂੰ ਮਹੀਨਾ ਵੀ ਨਹੀਂ ਸੀ ਹੋਇਆ, ਮੈਨੂੰ ਪਤਾ ਲਗਿਆ, ਸਿੱਧੂ ਸਾਹਿਬ ਨੂੰ ਆਪਣੀ ਮਨਮਾਨੀ ਕਰਨ ਕਰਕੇ ਮੁਅੱਤਲ ਕਰ ਦਿੱਤਾ ਗਿਆ। ਮੈਨੂੰ ਬਹੁਤ ਦੁੱਖ ਹੋਇਆ। ਮੈਂ ਸਿੱਧੂ ਸਾਹਿਬ ਕੋਲ ਜਾ ਕੇ ਬਹੁਤ ਅਫਸੋਸ ਕੀਤਾ। ਹੰਝੂ ਮੇਰੀਆਂ ਅੱਖਾਂ 'ਚੋਂ ਵਗ ਰਹੇ ਸਨ ਪਰ ਉਨ੍ਹਾਂ ਆਪਣਾ ਜਿਗਰਾ ਦਿਖਾਉਂਦਿਆਂ ਕਿਹਾ: 'ਪਰਮਾਤਮਾ ਜੋ ਕਰਦਾ ਹੈ, ਚੰਗਾ ਹੀ ਕਰਦਾ ਹੈ। ਮੈਂ ਖ਼ੁਦ ਵੀ ਆਪਣੇ ਮਹਿਕਮੇ ਵਿਚ ਪੋਲੀਟੀਕਲ ਦਖ਼ਲਅੰਦਾਜ਼ੀ ਤੋਂ ਤੰਗ ਸੀ। ਮੈਂ ਹੁਣ ਆਪਣਾ ਬਿਜ਼ਨਸ ਹੀ ਕਰਾਂਗਾ।'

ਮੈਨੂੰ ਪਤਾ ਸੀ ਕਿ ਉਹ ਆਪਣੀ ਨੌਕਰੀ ਨੂੰ ਕਿੰਨਾ ਪਿਆਰ ਕਰਦੇ ਸਨ ਤੇ ਉਨ੍ਹਾਂ ਨੂੰ ਪਤਾ ਸੀ ਕਿ ਮੈਂ ਸ਼ਰਮ ਨਾਲ ਪਾਣੀ-ਪਾਣੀ ਹੋ ਰਿਹਾ ਸੀ। ਸੋ, ਉਨ੍ਹਾਂ ਨੇ ਆਪਣੇ ਚਿਹਰੇ 'ਤੇ ਇਕ ਪਲ ਵੀ ਉਦਾਸੀ ਨਹੀਂ ਦਿਖਾਈ। ਕੁਝ ਮਹੀਨਿਆਂ ਬਾਅਦ ਉਹ ਉਥੋਂ ਮੂਵ ਹੋ ਗਏ।

ਸਮਾਂ ਬੀਤਦਾ ਗਿਆ। ਬਦਕਿਸਮਤੀ ਨਾਲ ਮੇਰੀ ਫੈਕਟਰੀ ਨੂੰ ਅੱਗ ਲੱਗ ਗਈ। ਬਹੁਤ ਨੁਕਸਾਨ ਹੋਇਆ। ਮੈਂ ਸ਼ਹਿਰ ਛੱਡ ਕੇ ਜਲੰਧਰ ਆ ਗਿਆ। ਇੱਥੇ ਨਵਾਂ ਕੰਮ ਸ਼ੁਰੂ ਕੀਤਾ ਪਰ ਕੁਦਰਤ ਨੇ ਸਾਥ ਨਾ ਦਿੱਤਾ। ਮੇਰੇ ਦਿਨ ਬਦਲਦੇ ਗਏ। ਉਦੋਂ ਮੈਂ ਆਪਣੇ ਦੋਸਤਾਂ ਨੂੰ ਟੈਸਟ ਕੀਤਾ। ਕਈਆਂ ਸਾਥ ਦਿੱਤਾ, ਕਈਆਂ ਮੂੰਹ ਮੋੜ ਲਿਆ। ਕਈਆਂ ਮਾਣ ਰੱਖਿਆ, ਕਈਆਂ ਪਛਾਨਣ ਤੋਂ ਇਨਕਾਰ ਕਰ ਦਿੱਤਾ। ਹੌਲੀ-ਹੌਲੀ ਮੈਂ ਆਪ ਹੀ ਸਾਰਿਆਂ ਤੋਂ ਦੂਰ ਹੋ ਗਿਆ।

ਸਿੱਧੂ ਸਾਹਿਬ ਤੇ ਸੁੱਖੀ ਮੈਨੂੰ ਕਦੇ-ਕਦੇ ਯਾਦ ਆਉਂਦੇ। 'ਸ਼ਾਇਦ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਮੈਂ ਕਿੱਥੇ ਰਹਿੰਦਾ ਹਾਂ, ਨਹੀਂ ਤਾਂ ਮਿਲਣ ਜ਼ਰੂਰ ਆਉਂਦੇ'-ਮੈਂ ਸੋਚਦਾ।

ਫਿਰ ਸੁੱਖ ਨਾਲ ਮੇਰੇ ਬੇਟੇ ਨੇ ਵੀ ਪੜ੍ਹਾਈ ਪੂਰੀ ਕਰ ਲਈ। ਬੀ.ਏ. ਕਰਾ ਕੇ ਟਾਈਪ ਦਾ ਕੋਰਸ ਕਰਵਾ ਦਿੱਤਾ। ਸੋਚਿਆ, ਆਪਣੇ ਪੈਰਾਂ 'ਤੇ ਖੜ੍ਹਾ ਹੋ ਜਾਵੇਗਾ। ਉਸ ਨੇ ਵੀ ਨੌਕਰੀ ਲਈ ਕਈ ਇੰਟਰਵਿਊ ਦਿੱਤੀਆਂ ਪਰ ਕਿਤੇ ਸਫਲਤਾ ਨਾ ਮਿਲੀ। ਦਿਲ ਟੁੱਟ ਗਿਆ ਵਿਚਾਰੇ ਦਾ। ਕਹਿਣ ਲੱਗਾ, 'ਪਿਤਾ ਜੀ ਮੈਂ ਹੋਰ ਇੰਟਰਵਿਊ 'ਤੇ ਨਹੀਂ ਜਾਣਾ, ਮਜ਼ਦੂਰੀ ਕਰ ਕੇ ਹੀ ਘਰ ਚਲਾਵਾਂਗਾ।' ਮੈਂ ਸਮਝਾਇਆ, 'ਕਮਲਿਆ ਦਿਲ ਥੋੜ੍ਹਾ ਛੱਡੀਦਾ ਹੈ- ਰੱਬ ਦੇ ਘਰ ਦੇਰ ਹੈ ਹਨੇਰ ਨਹੀਂ।'

ਫਿਰ ਇਕ ਦਿਨ ਦੱਸਣ ਲੱਗਾ, ਪਿਤਾ ਜੀ ਨੌਕਰੀ ਲਈ ਇੰਟਰਵਿਊ ਆਈ ਹੈ। ਸੁਣਿਆ ਏ, ਇੰਟਰਵਿਊ ਤਾਂ ਇਕ ਬਹਾਨਾ ਹੈ, ਰਿਸ਼ਵਤ ਦਿੱਤੇ ਬਿਨਾ ਨੌਕਰੀ ਨਹੀਂ ਮਿਲਣੀ ਤੇ ਰਿਸ਼ਵਤ ਵੀ ਵੀਹ ਹਜ਼ਾਰ। ਇਹ ਸੁਖਵੰਤ ਸਿੰਘ ਬੜਾ ਲਾਲਚੀ ਅਫਸਰ ਹੈ।

ਸੁਖਵੰਤ ਦਾ ਨਾਮ ਸੁਣ ਕੇ ਮੈਨੂੰ ਸੁੱਖੀ ਦੀ ਯਾਦ ਆਈ। 'ਇਹ ਜ਼ਰੂਰ ਮੇਰਾ ਪੁੱਤ ਸੁੱਖੀ ਹੀ ਹੋਵੇਗਾ', ਮੇਰੇ ਦਿਲ 'ਚੋਂ ਆਵਾਜ਼ ਆਈ। ਮੈਂ ਆਪਣੇ ਬੇਟੇ ਨੂੰ ਇਸ ਅਫਸਰ ਦਾ ਪਿਛੋਕੜ ਪਤਾ ਕਰਨ ਲਈ ਕਿਹਾ। ਇਹ ਸੱਚਮੁੱਚ ਸੁੱਖੀ ਹੀ ਸੀ। ਮੈਂ ਸੋਚਿਆ, ਪਰਮਾਤਮਾ ਨੇ ਮੇਰੀ ਸੁਣ ਲਈ ਹੈ। ਮੈਂ ਬੱਸ ਲੈ ਕੇ ਸਿੱਧਾ ਸੁੱਖੀ ਦੇ ਦਫਤਰ ਗਿਆ। ਚਪੜਾਸੀ ਨੇ ਮੈਨੂੰ ਛੋਟਾ ਜਿਹਾ ਕਾਗਜ਼ ਅਤੇ ਪੈੱਨ ਦਿੱਤਾ, 'ਇਸ 'ਤੇ ਆਪਣਾ ਨਾਮ ਲਿਖ ਦਿਓ, ਮੈਂ ਸਾਹਿਬ ਨੂੰ ਦੇ ਦਿਆਂਗਾ ਤੇ ਉਹ ਤੁਹਾਨੂੰ ਬੁਲਾ ਲੈਣਗੇ।'



ਉਸ ਦੇ ਆਖਣ 'ਤੇ ਮੈਂ ਪਰਚੀ ਲਿਖ ਭੇਜੀ ਪਰ ਅੱਧਾ ਘੰਟਾ ਇੰਤਜ਼ਾਰ ਕਰਨ ਤੋਂ ਬਾਅਦ ਵੀ ਉਸ ਨੇ ਮੈਨੂੰ ਅੰਦਰ ਨਾ ਬੁਲਾਇਆ। ਮੈਂ ਚਪੜਾਸੀ ਕੋਲ ਗਿਆ, 'ਤੁਸੀਂ ਉਸ ਨੂੰ ਜਾ ਕੇ ਆਖੋ ਕਿ ਉਸ ਦਾ ਪਿਤਾ ਆਇਆ ਹੈ।'

ਚਪੜਾਸੀ ਨੇ ਉਠ ਕੇ ਮੈਨੂੰ ਸਲਾਮ ਕੀਤੀ, ਮੁਆਫ਼ੀ ਮੰਗੀ ਤੇ ਅੰਦਰ ਜਾਣ ਦਿੱਤਾ।

ਇੰਨੇ ਵੱਡੇ ਤੇ ਸਜੇ ਹੋਏ ਦਫਤਰ ਵਿਚ ਇਕੱਲਿਆਂ ਸੁੱਖੀ ਨੂੰ ਬੈਠਿਆਂ ਦੇਖ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਮੈਂ ਉਸ ਨੂੰ ਤਰੱਕੀ 'ਤੇ ਵਧਾਈ ਦਿੱਤੀ। ਉਸ ਨੇ ਮੁਸਕਰਾ ਕੇ ਧੰਨਵਾਦ ਕੀਤਾ ਪਰ ਨਾਲ ਹੀ ਆਖ ਦਿੱਤਾ, 'ਮੈਂ ਤੁਹਾਨੂੰ ਪਛਾਣਿਆ ਨਹੀਂ।'

ਵੈਸੇ ਸਮੇਂ ਨੇ ਮੈਨੂੰ ਉਮਰ ਤੋਂ ਪਹਿਲਾਂ ਹੀ ਬੁੱਢਾ ਕਰ ਦਿੱਤਾ ਸੀ, ਮੈਨੂੰ ਉਸ ਦੇ ਨਾ ਪਛਾਣਨ ਕਰਕੇ ਹੈਰਾਨੀ ਨਾ ਹੋਈ। ਮੈਂ ਯਾਦ ਕਰਵਾਇਆ ਕਿ ਉਸ ਦੀ ਪਹਿਲੀ ਨੌਕਰੀ ਮੈਂ ਹੀ ਸਿੱਧੂ ਸਾਹਿਬ ਨੂੰ ਆਖ ਕੇ ਲਵਾਈ ਸੀ।

'ਹਾਂ ਹਾਂ, ਸਿੱਧੂ ਸਾਹਿਬ ਵਿਚਾਰੇ, ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਉਹ ਨਾ ਸੈਕਟਰੀ ਦੀ ਮੰਨਦੇ ਸਨ ਨਾ ਕਿਸੇ ਮੰਤਰੀ ਦੀ ਤੇ ਕੁਝ ਗੈਰ-ਕਾਨੂੰਨੀ ਕੰਮ ਵੀ ਕੀਤੇ ਸਨ। ਮੈਂ ਆਪਣੀ ਤਰੱਕੀ ਲਈ ਮਿਹਨਤ ਵੀ ਕੀਤੀ ਤੇ ਉਪਰ ਦੇ ਅਫਸਰਾਂ ਨਾਲ ਬਣਾ ਕੇ ਵੀ ਰੱਖੀ। ਅੱਜ ਤੁਹਾਡੇ ਸਾਹਮਣੇ ਐਸ.ਈ. ਦੀ ਕੁਰਸੀ 'ਤੇ ਬੈਠਾ ਹਾਂ।'

'ਬਹੁਤ ਖੁਸ਼ੀ ਦੀ ਗੱਲ ਹੈ ਤੇ ਹੁਣ ਮੇਰੇ ਬੇਟੇ ਨੇ ਤੁਹਾਡੇ ਮਹਿਕਮੇ ਵਿਚ ਟਾਈਪਿਸਟ ਦੀ ਨੌਕਰੀ ਲਈ ਅਪਲਾਈ ਕੀਤਾ ਹੈ। ਮੈਂ ਸੋਚਿਆ, ਤੁਹਾਨੂੰ ਉਸ ਦਾ ਨਾਮ ਤੇ ਅਰਜ਼ੀ ਨੰਬਰ ਦੇ ਦਿਆਂ।'

'ਹਾਂ, ਪਰ ਉਸ ਨੌਕਰੀ ਲਈ ਤਾਂ ਮੈਰਿਟ ਚੱਲਣੀ ਹੈ। ਕੋਈ ਸਿਫ਼ਾਰਿਸ਼ ਨਹੀਂ ਚੱਲਣੀ।'

'ਮੈਂ ਤੁਹਾਨੂੰ ਕਿਸੇ ਨੂੰ ਸਿਫ਼ਾਰਿਸ਼ ਕਰਨ ਲਈ ਨਹੀਂ ਕਹਿ ਰਿਹਾ। ਖੁਸ਼ਕਿਸਮਤੀ ਨਾਲ ਉਸ ਦੀ ਇੰਟਰਵਿਊ ਤੁਸੀਂ ਹੀ ਲੈ ਰਹੇ ਹੋ।'

'ਉਹ ਠੀਕ ਹੈ ਪਰ ਮੈਂ ਤਾਂ ਉਹੀ ਕਰਨਾ ਹੈ ਜੋ ਉਪਰਲੇ ਅਫਸਰਾਂ ਨੇ ਆਖਣਾ ਹੈ। ਆਪਣੀ ਮਰਜ਼ੀ ਕਰ ਕੇ ਸਿੱਧੂ ਸਾਹਿਬ ਵਾਂਗ ਆਪਣੀ ਨੌਕਰੀ ਤਾਂ ਨਹੀਂ ਗਵਾ ਸਕਦਾ। ਨਾਲੇ ਹੁਣ ਜ਼ਮਾਨਾ ਬਦਲ ਗਿਆ ਹੈ। ਟੈਕਨਾਲੋਜੀ ਦਾ ਯੁੱਗ ਹੈ। ਤੁਸੀਂ ਕਿਸੇ ਤੋਂ ਕੁਝ ਛੁਪਾ ਨਹੀਂ ਸਕਦੇ।'

'ਸੁਖਵੰਤ ਬੇਟੇ, ਉਹ ਹੁਣ ਇੰਟਰਵਿਊ ਦੇ-ਦੇ ਥੱਕ ਗਿਆ ਹੈ। ਕਿਤੇ ਪੈਸਾ ਚਲਦਾ ਹੈ ਤੇ ਕਿਤੇ ਸਿਫ਼ਾਰਿਸ਼। ਅੱਜ ਮੇਰੀ ਹਸਤੀ ਨਹੀਂ ਹੈ, ਮੈਂ ਇਸ ਨੌਕਰੀ ਲਈ 20,000 ਰੁਪਏ ਕਿਸੇ ਨੂੰ ਰਿਸ਼ਵਤ ਦਿਆਂ।'

'ਦੇਖੋ ਮੇਰੇ ਦਫਤਰ ਵਿਚ ਮੈਨੂੰ ਬੇਟਾ ਕਹਿ ਕਹਿ ਕੇ ਸ਼ਰਮਿੰਦਾ ਨਾ ਕਰੋ। ਮੇਰੀ ਹੈਸੀਅਤ ਦਾ ਖਿਆਲ ਕਰੋ।'

'ਸੁਖਵੰਤ, ਤੈਨੂੰ ਆਪਣਾ ਸਮਾਂ ਇੰਨੀ ਜਲਦੀ ਭੁੱਲ ਗਿਆ ਏ, ਜਦ ਤੁਸੀਂ ਸਾਰਾ ਪਰਿਵਾਰ ਮੇਰੇ ਕੋਲ ਆਏ ਸੀ, ਗਰਚੇ ਦੀ ਚਿੱਠੀ ਲੈ ਕੇ'।

'ਯਾਦ ਏ, ਕਲਰਕ ਦੀ ਆਰਜ਼ੀ ਅਸਾਮੀ ਮਿਲੀ ਸੀ ਤੇ ਉਸ ਬਦਲੇ ਬਹੁਤ ਕੁਝ ਦੇ ਦਿੱਤਾ ਸੀ ਤੁਹਾਡੇ ਘਰ। ਉਸ ਤੋਂ ਲੈ ਕੇ ਅੱਜ ਤਕ ਮੈਂ ਕਿਸੇ ਸਿਫ਼ਾਰਿਸ਼ ਨਾਲ ਨਹੀਂ, ਆਪਣੀ ਲਿਆਕਤ ਦੇ ਸਿਰ 'ਤੇ ਤਰੱਕੀਆਂ ਲੈਂਦਾ ਆਇਆਂ ਹਾਂ।'

'ਚਲੋ ਕਿਸੇ ਤਰੀਕੇ ਵੀ, ਅੱਜ ਤੂੰ ਇਸ ਪੁਜ਼ੀਸ਼ਨ ਵਿਚ ਤਾਂ ਹੈਂ ਕਿ ਇਕ ਮੁੰਡਾ ਭਰਤੀ ਕਰ ਸਕੇਂ।'

'ਮੈਂ ਉਸ ਦਾ ਜਵਾਬ ਪਹਿਲਾਂ ਹੀ ਦੇ ਚੁੱਕਾਂ ਹਾਂ। ਹੁਣ ਤੁਸੀਂ ਸਿਰਫ ਮੇਰਾ ਸਮਾਂ ਨਸ਼ਟ ਕਰ ਰਹੇ ਹੋ। ਮੈਂ ਨਹੀਂ ਚਾਹੁੰਦਾ ਕਿ ਤੁਹਾਨੂੰ ਇਥੋਂ ਭੇਜਣ ਲਈ ਚਪੜਾਸੀ ਬੁਲਾਵਾਂ।' ਤੇ ਉਸ ਨੇ ਆਪਣਾ ਹੱਥ ਕੋਲ ਪਈ ਘੰਟੀ ਵੱਲ ਵਧਾਇਆ।

'ਜ਼ਰੂਰ ਬੁਲਾ, ਜੇ ਤੈਨੂੰ ਆਪਣੀ ਕੁਰਸੀ ਨਹੀਂ ਚਾਹੀਦੀ ਤਾਂ। ਸ਼ਾਇਦ ਤੈਨੂੰ ਅੱਜ ਤਕ ਇਸ ਭੇਤ ਦਾ ਪਤਾ ਹੀ ਨਹੀਂ ਲੱਗਿਆ ਕਿ ਤੇਰੀ ਇਕ ਤਰੱਕੀ ਤੋਂ ਬਾਅਦ ਦੂਸਰੀ ਤਰੱਕੀ ਕਿਵੇਂ ਹੋ ਰਹੀ ਹੈ।'

'ਕੀ ਮਤਲਬ?'

'ਤੈਨੂੰ ਸਿੱਧੂ ਸਾਹਿਬ ਨੇ ਨੌਕਰੀ ਰਾਖਵੇਂ ਕੋਟੇ ਵਿਚੋਂ ਦਿੱਤੀ ਸੀ। ਅੱਜ ਤਕ ਇਹ ਭੇਤ ਸਿੱਧੂ ਸਾਹਿਬ ਤੇ ਮੇਰੇ ਵਿਚਕਾਰ ਹੀ ਸੀ। ਤੂੰ ਹੁਣ ਚਪੜਾਸੀ ਨੂੰ ਬੁਲਾ ਸਕਦਾ ਹੈਂ।'

ਸੁੱਖੀ ਜਿਵੇਂ ਪੂਰੇ ਦਾ ਪੂਰਾ ਧਰਤੀ ਵਿਚ ਦੱਬਿਆ ਗਿਆ ਹੋਵੇ। ਇਕ ਪਲ ਲਈ ਉਸ ਨੂੰ ਸਭ ਕੁਝ ਘੁੰਮਦਾ ਨਜ਼ਰ ਆਇਆ। ਮੈਂ ਉਸ ਨੂੰ ਕੋਲ ਪਿਆ ਪਾਣੀ ਦਾ ਗਿਲਾਸ ਫੜਾਇਆ। ਜਦ ਉਸ ਨੇ ਆਪਣੇ ਆਪ ਨੂੰ ਸੰਭਾਲਿਆ ਤਾਂ ਕੁਰਸੀ ਤੋਂ ਉਠ ਖੜ੍ਹਿਆ, 'ਬੈਠੋ ਅੰਕਲ ਜੀ ਪਲੀਜ਼', ਪਰ ਮੈਂ ਦਰਵਾਜ਼ੇ ਵੱਲ ਤੁਰ ਪਿਆ। ਉਸ ਨੇ ਮੈਨੂੰ ਰੋਕਣਾ ਚਾਹਿਆ। ਮੈਂ ਪਿੱਛੇ ਨਹੀਂ ਦੇਖਿਆ। ਦੂਰ ਤਕ ਉਸ ਦੀ ਆਵਾਜ਼ ਮੇਰਾ ਪਿੱਛਾ ਕਰਦੀ ਰਹੀ।

---

## ਕਲੰਕ

ਜਿੱਦਾਂ ਹੀ ਦਗੜ-ਦਗੜ ਦੀ ਆਵਾਜ਼ ਅੰਜਨਾ ਦੇ ਕੰਨਾਂ ਵਿਚ ਪਈ ਤਾਂ ਉਸ ਨੂੰ ਕੁਝ ਹੀ ਪਲਾਂ ਵਿਚ ਪਤਾ ਲੱਗ ਗਿਆ ਕਿ ਅੱਜ ਕੋਠੇ 'ਤੇ ਪੁਲਿਸ ਦੀ ਰੇਡ ਪੈ ਗਈ ਸੀ। ਇਸ ਤਰ੍ਹਾਂ ਪਹਿਲਾਂ ਵੀ ਕਈ ਵਾਰ ਹੋ ਚੁੱਕਾ ਸੀ। ਪੁਲਿਸ ਦੀ ਰੇਡ ਹੁੰਦੀ ਸੀ ਪਰ ਖਾਲਾ ਦਾ ਸ਼ਹਿਰ ਦੇ ਸੇਠਾਂ, ਸ਼ਾਹੂਕਾਰਾਂ ਅਤੇ ਨੇਤਾਵਾਂ ਨਾਲ ਅਸਲ-ਰਸੂਖ ਹੋਣ ਕਰਕੇ ਜਲਦੀ ਨਿਬੇੜਾ ਹੋ ਕੇ ਸਭ ਪਹਿਲਾਂ ਵਾਂਗ ਹੋ ਜਾਂਦਾ ਸੀ।

ਹੁਣ ਵੀ ਜਦੋਂ ਪੁਲਿਸ ਦੀ ਰੇਡ ਪਈ ਤਾਂ ਪਲੰਗ 'ਤੇ ਲੰਮੀ ਪਈ ਅੰਜਨਾ ਨੇ ਫਟਾ-ਫਟ ਨਾਲ ਲੇਟੇ ਹੋਏ ਉਮੇਸ਼ ਨੂੰ ਉਠਾਇਆ ਤ ੇ ਉਸ ਨੂੰ ਸਾਰੀ ਗੱਲ ਸਮਝਾ ਦਿੱਤੀ। ਸੁਣਦੇ ਸਾਰ ਉਮੇਸ਼ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿਉਂਕਿ ਅੰਜਨਾ ਨੇ ਉਹਲੇ ਹੋ ਕੇ ਦੇਖ ਲਿਆ ਸੀ ਕਿ ਪੁਲਿਸ ਵਾਲੇ ਆਏ ਹੋਏ ਗਾਹਕਾਂ ਨੂੰ ਵੀ ਜੀਪ ਵਿਚ ਬਿਠਾਈ ਜਾ ਰਹੇ ਹਨ।

ਫਿਰ ਅੰਜਨਾ ਅੱਖ ਬਚਾ ਕੇ ਉਮੇਸ਼ ਨੂੰ ਨਾਲ ਲੈ ਕੇ ਫਟਾਫਟ ਕਮਰੇ ਵਿਚੋਂ ਨਿਕਲ ਗਈ ਤੇ ਪਿਛਲੇ ਪਾਸੇ ਵੱਲ ਚਲੀ ਗਈ। ਕਮਰਿਆਂ ਤੋਂ ਦੂਰ ਇਸ ਜਗ੍ਹਾ ਵਿਚ ਫਾਲਤੂ ਸਾਮਾਨ ਰੱਖਿਆ ਹੋਇਆ ਸੀ। ਅੰਜਨਾ ਨੇ ਇੱਕ ਅਲਮਾਰੀ ਨੂੰ ਧੱਕਾ ਲਾਉਣਾ ਸ਼ੁਰੂ ਕਰ ਦਿੱਤਾ। ਜਦ ਉਹ ਅਲਮਾਰੀ ਨੂੰ ਪਾਸੇ ਕਰ ਹਟੇ ਤਾਂ ਨੀਵਾਂ ਜਿਹਾ ਇੱਕ ਦਰਵਾਜ਼ਾ ਸੀ ਕੋਠੇ ਤੋਂ ਪਿਛਲੀ ਗਲੀ ਵੱਲ ਖੁੱਲ੍ਹਦਾ ਸੀ। ਉਸ ਦਰਵਾਜ਼ੇ ਵੱਲ ਦੇਖ ਕੇ ਅੰਜਨਾ ਨੇ ਉਮੇਸ਼ ਨੂੰ ਲੰਘ ਜਾਣ ਲਈ ਕਿਹਾ। "ਛੇਤੀ ਕਰੋ ਇਹ ਦਰਵਾਜ਼ਾ ਬਾਹਰ ਵੱਲ ਜਾਂਦਾ ਹੈ, ਜਾ"।

'ਪਰ ਅੰਜਨਾ ਤੂੰ ਵੀ ਚੱਲ ਤੈਨੂੰ ਵੀ ਮੌਕਾ ਇੱਥੋਂ ਭੱਜ ਨਿਕਲ ਕਿਤੇ।

"ਨਹੀਂ ਮੈਂ ਨਹੀਂ ਜਾ ਸਕਦੀ। ਨਾਲੇ ਇਸ ਦਰਵਾਜ਼ੇ ਦਾ ਕਿਸੇ ਨੂੰ ਵੀ ਨੀ ਪਤਾ ਮੈਨੂੰ ਤਾਂ ਕਿਸੇ ਨੌਕਰਾਣੀ ਨੇ ਦੱਸਿਆ ਸੀ, ਅੱਜ ਕੰਮ ਆ ਗਿਆ।

"ਫਿਰ ਤੂੰ ਇਸ ਨੂੰ ਆਪਣੇ ਭੱਜਣ ਲਈ ਕਿਉਂ ਨਹੀਂ ਵਰਤਿਆ?

"ਬਹੁਤੀਆਂ ਗੱਲਾਂ ਨਾ ਕਰੋ, ਜਾਓ ਤੁਸੀਂ ਜੇ ਫੜੇ ਗਏ ਤਾਂ ਬਦਨਾਮ ਹੋ ਜਾਓਗੇ। ਮੇਰੇ ਤਾਂ ਕਲੰਕ ਲੱਗਾ ਹੀ ਆ, ਤੁਸੀਂ ਤਾਂ ਜਾਓ, ਜਾਓ ਰੁਕੋ ਨਾ ਜਾਓ।

**-ਰੋਹਿਤ**

# ਤਿਆਰੀ ਦੀ ਮਹੱਤਤਾ

ਇੰਜ. ਈਸ਼ਰ ਸਿੰਘ
ਫੋਨ: 647-640-2014

‘ਤਿਆਰੀ’ ਸ਼ਬਦ ਸਰਲ ਅਤੇ ਆਮ ਹੈ ਅਤੇ ‘ਤਿਆਰੀ’ ਕਰਨਾ ਸਫਲ ਜੀਵਨ ਲਈ ਇੱਕ ਵਿਆਪਕ ਅਤੇ ਨਿਰੰਤਰ ਪ੍ਰਕਿਰਿਆ। ਇੱਕ ਆਮ ਮੁਹਾਵਰੇ ਅਨੁਸਾਰ ਤੇਹ ਲੱਗੀ ਤੋਂ ਖੂਹ ਪੁੱਟਣ ਦੀ ਬਜਾਇ ਪਹਿਲਾਂ ਪੁੱਟ ਕੇ ਰੱਖਣ ਨੂੰ ‘ਤਿਆਰੀ’ ਕਿਹਾ ਜਾ ਸਕਦਾ ਹੈ। ਇਹ ਕਿਸੇ ਮੰਤਵ ਦੀ ਪ੍ਰਾਪਤੀ ਵਾਸਤੇ ਜ਼ਰੂਰੀ ਇੰਤਜ਼ਾਮ ਕਰਨ ਅਤੇ ਸਾਧਨ ਜੁਟਾਉਣ ਦੀਆਂ ਸਮੇਂ-ਸਿਰ ਕੀਤੀਆਂ ਕਾਰਵਾਈਆਂ ਦਾ ਨਾਂ ਹੈ। ਇਹ ਨਿਸ਼ਚਿਤ ਮੰਤਵ ਕਿਸੇ ਅਗਲੇ ਹੋਰ ਵੱਡੇ ਕੰਮ ਦੀ ਤਿਆਰੀ ਦੀਆਂ ਕਾਰਵਾਈਆਂ ਵਿਚੋਂ ਇੱਕ ਹੁੰਦਾ ਹੈ ਅਤੇ ਇਹ ਸਿਲਸਿਲਾ ਜਾਰੀ ਰਹਿੰਦਾ ਹੈ। ਇਸ ਤਰ੍ਹਾਂ ਜੀਵਨ ਇੱਕ ਐਸੀ ਲੜੀ ਹੈ, ਜਿਸ ਵਿਚ ਪਾਲਣ-ਪੋਸ਼ਣ, ਪੜ੍ਹਨ-ਲਿਖਣ, ਵਿਆਹ-ਸ਼ਾਦੀ, ਕਾਰੋਬਾਰੀ ਅਤੇ ਪਰਿਵਾਰਕ ਮੁੱਦਿਆਂ ਸਣੇ ਜੀਵਨ ਦੀਆਂ ਸਭ ਤਿਆਰੀਆਂ ਪਰੋਈਆਂ ਹੋਈਆਂ ਹਨ। ਦਰਅਸਲ ਤਿਆਰੀ ਦੀ ਪ੍ਰਕਿਰਿਆ ਸਾਡੇ ਜਨਮ ਤੋਂ ਪਹਿਲਾਂ ਹੀ ਸਾਡੇ ਨਾਲ ਜੁੜ ਜਾਂਦੀ ਹੈ, ਸਾਰੀ ਉਮਰ ਜੁੜੀ ਰਹਿੰਦੀ ਹੈ ਅਤੇ ਮਰਨ ਤੋਂ ਬਾਅਦ ਵੀ ਜੁੜੀ ਰਹਿੰਦੀ ਹੈ।

ਤਿਆਰੀ ਕਿਸੇ ਕੰਮ ਨੂੰ ਕੁਸ਼ਲ ਢੰਗ ਨਾਲ ਨੇਪਰੇ ਚਾੜ੍ਹ ਸਕਣ ਦਾ ਭਰੋਸਾ ਪੈਦਾ ਕਰਦੀ ਹੈ। ਇਹ ਇਕ ਸਾਰਥਕ ਪਹੁੰਚ ਅਤੇ ਵਧੀਆ ਆਦਤ ਹੈ, ਜਿਹੜੀ ਸਾਡੇ ਵਿਚ ਅੱਗੇ ਹੋਰ ਚੰਗੀਆਂ ਆਦਤਾਂ ਦਾ ਰਾਹ ਖੋਲ੍ਹ ਦਿੰਦੀ ਹੈ। ਸਹੀ ਤਿਆਰੀ ਕਰ ਕੇ ਅਸੀਂ ਘੱਟ ਸਮੇਂ ਵਿਚ ਵੱਧ ਗੁਣਵੱਤਾ ਵਾਲਾ ਕੰਮ ਕਰ ਸਕਦੇ ਹਾਂ ਜੋ ਸਾਨੂੰ ਉਤਸ਼ਾਹ ਅਤੇ ਦਲੇਰੀ ਦਿੰਦਾ ਹੈ। ਇਸ ਤਰ੍ਹਾਂ ਹਾਸਲ ਦਲੇਰੀ ਅਤੇ ਕੁਸ਼ਲਤਾ ਅਤੇ ਬਚੇ ਵਕਤ ਨਾਲ ਅਸੀਂ ਜੀਵਨ ਦੇ ਹੋਰ ਉਚੇਰੇ ਗੁਣਾਂ ਦੇ ਵਿਕਾਸ ਵਾਸਤੇ ਤਿਆਰੀ ਕਰ ਸਕਦੇ ਹਾਂ। ਨਿਸ਼ਚਿਤ ਕੰਮ ਨੂੰ ਪੂਰਾ ਕਰਨ ਦੀ ਚਿੰਤਾ ਸਭ ਨੂੰ ਹੁੰਦੀ ਹੈ ਪਰ ਤਿਆਰੀ ਸਾਨੂੰ ਇਸ ਚਿੰਤਾ ਤੋਂ ਛੁਟਕਾਰਾ ਦਿਵਾਉਂਦੀ ਹੈ। ਸੰਸਾਰ ਦੀਆਂ ਸਭ ਤੋਂ ਔਖੀਆਂ ਮਹਾਂ-ਦੌੜਾਂ ਵਿਚੋਂ ਇਕ ‘ਸਪਾਰਟੈਥਲਨ’ ਦੇ ਬਾਨੀ ਜੌਹਨ ਫੌਡਿਨ ਨੇ ਤਿਆਰੀ ਦੀ ਮਹੱਤਤਾ ਆਪਣੇ ਵਿਲੱਖਣ ਅੰਦਾਜ਼ ਵਿਚ ਸਮਝਾਈ ਹੈ। ਉਹ ਹਿੱਸਾ ਲੈਣ ਵਾਲੇ ਅਥਲੀਟਾਂ ਨੂੰ ਕਿਹਾ ਕਰਦੇ ਸਨ, ‘ਮੈਂ ਤੁਹਾਨੂੰ ਸ਼ੁਭ-ਇੱਛਾ ਨਹੀਂ ਕਹਾਂਗਾ ਕਿਉਂਕਿ ਜੇ ਤੁਸੀਂ ਪੂਰੀ ਤਿਆਰੀ ਕੀਤੀ ਹੈ ਤਾਂ ਤੁਹਾਨੂੰ ਇਸ ਦੀ ਜ਼ਰੂਰਤ ਨਹੀਂ, ਅਤੇ ਜੇ ਪੂਰੀ ਤਿਆਰੀ ਨਹੀਂ ਕੀਤੀ ਤਾਂ ਤੁਹਾਨੂੰ ਇਸ ਦਾ ਕੋਈ ਫਾਇਦਾ ਨਹੀਂ।’

ਸੁਚੇਤ ਅਤੇ ਯੋਜਨਾਬੱਧ ਤਿਆਰੀ ਕਰ ਸਕਣ ਦੀ ਬੁੱਧ-ਵਿਵੇਕ ਸਿਰਫ ਮਨੁੱਖ ਵਿਚ ਹੀ ਹੈ। ਇਸ ਢੰਗ ਨਾਲ ਤਿਆਰੀ ਕਰਨ ਦੀ ਚੰਗੀ ਆਦਤ ਪਾ ਕੇ ਅਸੀਂ ਔਖੇ ਅਤੇ ਅਸੰਭਵ ਲੱਗਦੇ ਕੰਮਾਂ ਨੂੰ ਵੀ ਸਿਰੇ ਚੜ੍ਹਾ ਸਕਣ ਦੀ ਸਮਰੱਥਾ ਪੈਦਾ ਕਰ ਸਕਦੇ ਹਾਂ। ਇੰਨਾ ਹੀ ਨਹੀਂ, ਓਪਰੀ ਨਜ਼ਰ ਨਾਲ ਆਪਣੀ ਵਿੱਤੋਂ-ਬਾਹਰੇ ਲੱਗਦੇ ਕੰਮ ਕਰ ਕੇ ਬਹੁਪੱਖੀ ਅਤੇ ਸੰਤੁਲਿਤ ਸ਼ਖਸੀਅਤ ਦੇ ਮਾਲਕ ਬਣ ਸਕਦੇ ਹਾਂ। ਇਸ ਤਰ੍ਹਾਂ ਹਰ ਸਮੱਸਿਆ ਨੂੰ ਹੱਲ ਕਰਨ ਦੇ ਸਰਬ-ਪ੍ਰਵਾਨਤ ਫੈਸਲੇ ਕਰਨ ਦੀ ਮੁਹਾਰਤ ਹਾਸਲ ਕਰ ਕੇ ਹਰ ਸਥਿਤੀ ਵਿਚ ਸਫਲ ਹੋਣਾ ਸਿੱਖ ਸਕਦੇ ਹਾਂ ਅਤੇ ਸਾਡੀ ਸ਼ਖਸੀਅਤ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਤਿਆਰ-ਬਰ-ਤਿਆਰ ਰਹਿਣ ਦੇ ਆਦਰਸ਼, ਦੇ ਧਾਰਨੀ ਬਣ ਸਕਦੇ ਹਾਂ। ਇਸ ਤਰ੍ਹਾਂ ਆਪਣੇ ਮੰਤਵ ਅਤੇ ਇਸ ਦੀ ਪ੍ਰਾਪਤੀ ਵਾਸਤੇ ਵਰਤੇ ਜਾਣ ਵਾਲੇ ਢੰਗਾਂ-ਤਰੀਕਿਆਂ ਨੂੰ ਸਦਾਚਾਰਕ ਅਤੇ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਢਾਲ ਸਕਦੇ ਹਾਂ। ਤਿਆਰੀ ਦੀ ਪ੍ਰਕਿਰਿਆ ਰਾਹੀਂ ਜਿੱਥੇ ਅਸੀਂ ਆਪਣੀਆਂ ਮੌਜੂਦਾ ਯੋਗਤਾਵਾਂ ਦਾ ਸਹੀ ਮੁਲਾਂਕਣ ਕਰ ਸਕਦੇ ਹਾਂ ਓਥੇ ਨਾਲ ਹੀ ਆਪਣੀਆਂ ਤਰੁੱਟੀਆਂ ਬਾਰੇ ਖਬਰਦਾਰ ਹੋ ਕੇ ਯਥਾਰਥਵਾਦੀ ਵੀ ਬਣ ਸਕਦੇ ਹਾਂ। ਇਹ ਸਾਡੇ ਮੰਤਵ ਅਤੇ ਇਸ ਦੀ ਪ੍ਰਾਪਤੀ ਲਈ ਅਪਨਾਏ ਢੰਗਾਂ-ਤਰੀਕਿਆਂ ਦੇ ਠੀਕ-ਗਲਤ ਹੋਣ ਦੀ ਅਗਾਊਂ ਸੂਚਨਾ ਦਿੰਦੀ ਹੈ, ਜਿਸ ਨਾਲ ਅਸੀਂ ਇਨ੍ਹਾਂ ’ਤੇ ਮੁੜ ਵਿਚਾਰ ਕਰ ਕੇ ਲੋੜੀਂਦੀਆਂ ਸੋਧਾਂ ਕਰ ਸਕਦੇ ਹਾਂ।

ਤਿਆਰੀ ਸਾਨੂੰ ਇਹ ਮੌਕਾ ਵੀ ਦਿੰਦੀ ਹੈ ਕਿ ਅਸੀਂ ਸਮੇਂ ਸਿਰ ਆਪਣੀ ਸਮਰੱਥਾ ਅਤੇ ਆਪਣੇ ਸਾਧਨਾਂ ਨੂੰ ਪਰਖ ਸਕੀਏ ਅਤੇ ਹਿਸਾਬ ਲਾ ਸਕੀਏ ਕਿ ਕਿਹੜਾ ਕੰਮ ਸਾਡੇ ਵਸ ਵਿਚ ਹੈ, ਕਿਹੜਾ ਨਹੀਂ। ਇਸ ਪਰਖ ਦੀ ਘਾਟ ਕਰਕੇ ਅਸੀਂ ਆਪਣੇ ਵਸ ਦੇ ਕੰਮਾਂ ਨੂੰ, ਆਪਣੀ ਹੈਸੀਅਤ ਤੋਂ ਛੋਟਾ ਸਮਝ ਕੇ ਜਾਂ ਇਨ੍ਹਾਂ ਨੂੰ ਆਪਣੇ ਡਿਊਟੀ-ਖੇਤਰ ਤੋਂ ਬਾਹਰ ਹੋਣ ਦਾ ਬਹਾਨਾ ਬਣਾ ਕੇ, ਨਹੀਂ ਕਰਦੇ। ਪਰ ਆਪਣੀਆਂ ਗਲਤ-ਫਹਿਮੀਆਂ ਕਰਕੇ ਵਸ ਤੋਂ ਬਾਹਰੇ ਕੰਮਾਂ ’ਤੇ ਵਿਅਰਥ ਸਮਾਂ ਅਤੇ ਸਾਧਨ ਖਰਚ ਕਰਦੇ ਰਹਿੰਦੇ ਹਾਂ। ਨਤੀਜੇ ਵਜੋਂ ਹੋਈਆਂ ਅਸਫਲਤਾਵਾਂ ਵਾਸਤੇ ਤਕਦੀਰ ਜਾਂ ਹੋਰਾਂ ਨੂੰ ਜ਼ਿੰਮੇਵਾਰ ਗਰਦਾਨ ਕੇ ਨਵੇਂ ਬਖੇੜੇ ਖੜ੍ਹੇ ਕਰਦੇ ਰਹਿੰਦੇ ਹਾਂ। ਤਿਆਰੀ ਦੀ ਘਾਟ ਕਰਕੇ ਹੋਈ ਅਸਫਲਤਾ ਨੂੰ ਆਪਣੀ ਯੋਗਤਾ, ਸਮਰੱਥਾ ਜਾਂ ਸਾਧਨਾਂ ਦੀ ਘਾਟ ਸਮਝ ਬੈਠਦੇ ਹਾਂ ਜਦਕਿ ਇਹ ਲਾਪਰਵਾਹੀ, ਸੁਸਤੀ ਅਤੇ ਢਿੱਲੜ ਸੁਭਾਅ ਦਾ ਨਤੀਜਾ ਹੈ। ਸੁਹਿਰਦ ਤਿਆਰੀ ਸਾਨੂੰ ਸਾਡੀਆਂ ਸਮਰੱਥਾਵਾਂ ਅਤੇ ਸੀਮਾਵਾਂ ਬਾਰੇ ਸਹੀ ਗਿਆਨ ਕਰਵਾ ਦਿੰਦੀ ਹੈ।




ਤਿਆਰੀ ਭਾਵੇਂ ਫ਼ੌਰੀ ਮੰਤਵ ਦੀ ਹੋਵੇ ਭਾਵੇਂ ਦੂਰ-ਗਾਮੀ ਦੀ, ਹਰੇਕ ਦੀ ਪ੍ਰਾਪਤੀ ਵਾਸਤੇ ਤਿਆਰੀ ਦੀ ਲੋੜ ਲਾਜ਼ਮੀ ਹੈ। ਇਹ ਭਾਵੇਂ ਬੱਚੇ ਨੂੰ ਹਰ-ਰੋਜ਼ ਸਕੂਲ ਭੇਜਣ ਦਾ ਫ਼ੌਰੀ ਜਾਂ ਛੋਟਾ ਕੰਮ ਹੋਵੇ ਭਾਵੇਂ ਉਸ ਨੂੰ ਪੜ੍ਹਾ-ਲਿਖਾ ਕੇ ਜੀਵਨ ਵਿਚ ਸੈੱਟ ਕਰਨ ਦਾ ਦੂਰ-ਗਾਮੀ ਜਾਂ ਵੱਡਾ ਕੰਮ ਹੋਵੇ। ਤਿਆਰੀ ਕਰਨ ਸਮੇਂ ਅਸੀਂ ਇਨ੍ਹਾਂ ਦੋਹਾਂ ਸਟੇਜਾਂ ਦੀ ਪਛਾਣ ਕਰ ਕੇ ਇਨ੍ਹਾਂ ਵਿਚ ਇਕਸੁਰਤਾ ਬਣਾ ਸਕਦੇ ਹਾਂ। ਇਹ ਇਕਸੁਰਤਾ ਬਹੁਤ ਜ਼ਰੂਰੀ ਹੈ ਤਾਂ ਕਿ ਅਸੀਂ ਸਭ ਕੁਝ ਸਮਾਜਿਕ ਸਦਾਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਕਰ ਸਕੀਏ ਅਤੇ ਬੱਚਿਆਂ ਨੂੰ ਵੀ ਇਹ ਸਭ ਸਿਖਾ ਸਕੀਏ। ਨਹੀਂ ਤਾਂ ਇਨ੍ਹਾਂ ਸਟੇਜਾਂ ਵਿਚ ਵਿਰੋਧਾਭਾਸ ਪੈਦਾ ਹੋ ਸਕਦਾ ਹੈ, ਜਿਵੇਂ ਕਿ ਤੁਰੰਤ ਸ਼ੋਹਰਤ ਅਤੇ ਧਨ-ਦੌਲਤ ਕਮਾਉਣ ਦੀਆਂ ਤਿਆਰੀਆਂ ਵਿਚ ਲੱਗਿਆ ਕੋਈ ਇਨਸਾਨ ਕਰ ਲੈਂਦਾ ਹੈ।

ਤਿਆਰੀ ਦਾ ਘੇਰਾ ਨਿਤ-ਪ੍ਰਤੀ ਦਿਨ ਕੀਤੇ ਜਾਣ ਵਾਲੇ, ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਨ ਵਾਲੇ ਜਾਂ ਕਾਰੋਬਾਰੀ ਕੰਮਾਂ ਤਕ ਸੀਮਤ ਨਹੀਂ। ਇਸ ਵਿਚ, ਬਦਲ ਰਹੀ ਤਕਨਾਲੋਜੀ ਕਾਰਨ ਹੋ ਰਹੀ ਉਥਲ-ਪੁਥਲ ਦੀਆਂ ਉਨ੍ਹਾਂ ਸਮੱਸਿਆਵਾਂ ਨੂੰ ਨਜਿੱਠਣਾ ਵੀ ਹੈ, ਜੋ ਸਾਡੇ ਪੁਰਵਜਾਂ ਨੂੰ ਦਰਪੇਸ਼ ਨਹੀਂ ਸਨ। ਪ੍ਰਤੱਖ ਹੈ ਕਿ ਇਤਿਹਾਸ ਅਤੇ ਰਸਮੀ ਧਰਮ ਸਾਨੂੰ ਇਨ੍ਹਾਂ ਸਮੱਸਿਆਵਾਂ ਵਾਸਤੇ ਤਿਆਰ ਨਹੀਂ ਕਰ ਸਕਦੇ। ਇਨ੍ਹਾਂ ਦੋਵਾਂ ਖੇਤਰਾਂ ਵਿਚ ਨਵੀਂ ਅਤੇ ਭਵਿੱਖਮੁਖੀ ਵਿਚਾਰਧਾਰਾ ਦੀ ਲੋੜ ਹੈ ਅਤੇ ਧਰਮ-ਗ੍ਰੰਥਾਂ ਦੇ ਉਨ੍ਹਾਂ ਫਲਸਫ਼ਿਆਂ ਨੂੰ ਆਧੁਨਿਕ ਸੋਚ-ਵਿਚਾਰ ਅਨੁਸਾਰ ਸਮਝਣ ਦੀ ਲੋੜ ਹੈ, ਜੋ ਸਾਡੇ ਧਰਮਾਂ ਦੇ ਮੋਢੀ ਮਹਾਂਪੁਰਖਾਂ ਨੇ ਸਾਡੇ ਵਾਸਤੇ ਸਾਂਭੇ ਹਨ। ਇਹ ਤਾਂ ਹੀ ਸੰਭਵ ਹੈ, ਜੇ ਅਸੀਂ ਸਹੀ ਤਿਆਰੀ ਕਰਨੀ ਸਿੱਖ ਕੇ, ਪਹਿਲੀ ਕਿਸਮ ਦੇ ਕੰਮਾਂ ਦੇ ਰੁਝੇਵਿਆਂ ’ਚੋਂ ਵਕਤ ਕੱਢ ਸਕਾਂਗੇ।

ਤਿਆਰੀ ਦੇ ਬਾਵਜੂਦ ਸਫਲਤਾ ਮਿਲੇ ਨਾ ਮਿਲੇ, ਕੋਈ ਪੱਕੀ ਗੱਲ ਨਹੀਂ ਪਰ ਤਿਆਰੀ ਤੋਂ ਬਗੈਰ ਅਸਫਲਤਾ ਪੱਕੀ ਹੈ। ਬੈਂਜਾਮਿਨ ਫਰੈਂਕਲਿਨ ਦਾ ਕਹਿਣਾ ਹੈ, ‘ਤਿਆਰੀ ਕਰਨ ਵਿਚ ਅਸਫਲਤਾ ਦਰਅਸਲ ਅਸਫਲਤਾ ਦੀ ਤਿਆਰੀ ਕਰਨਾ ਹੈ’। ਇਤਿਹਾਸ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ ਜਦ ‘ਤਿਆਰੀ’ ਦੀ ਘਾਟ ਕਰਕੇ ਵੱਡੇ-ਵੱਡੇ ਨੁਕਸਾਨ ਹੋਏ ਹਨ। ਭਾਰਤ-ਪਾਕਿ ਵੰਡ ਵੇਲੇ ਉਸ ਵਕਤ ਦੇ ਚੋਟੀ ਦੇ ਚਾਰ-ਪੰਜ ਲੀਡਰਾਂ ਵਲੋਂ ਤਿਆਰੀ ਦੀ ਘਾਟ ਕਾਰਨ ਬਹੁਤ ਵੱਡਾ ਦੁਖਾਂਤ ਵਾਪਰਿਆ। ਤਿਆਰੀ ਦੀ ਅਹਿਮੀਅਤ ਦਰਸਾਉਂਦੀ, ਅਬਰਾਹਮ ਲਿੰਕਨ ਦੀ ਇਕ ਪ੍ਰਸਿੱਧ ਤੁਕ ਹੈ, ‘ਜੇ ਮੈਨੂੰ ਕਿਸੇ ਵੱਡੇ ਦਰੱਖਤ ਨੂੰ ਕੱਟਣ ਵਾਸਤੇ ਛੇ ਘੰਟੇ ਦਿੱਤੇ ਜਾਣ ਤਾਂ ਮੈਂ ਪਹਿਲੇ ਚਾਰ ਘੰਟੇ ਕੁਹਾੜਾ ਤਿੱਖਾ ਕਰਨ ’ਤੇ ਲਾਵਾਂਗਾ।’

ਸਾਡੀਆਂ ਤਿਆਰੀਆਂ ਦੋ ਪ੍ਰਕਾਰ ਦੀਆਂ ਹਨ, ਪਹਿਲੀਆਂ ਨਿੱਜੀ ਕੰਮਾਂ ਨਾਲ ਸਬੰਧਤ ਅਤੇ ਦੂਸਰੀਆਂ ਸੰਸਥਾਵੀ ਕੰਮਾਂ ਨਾਲ। ਸੰਸਥਾਵਾਂ ਵਿਚ ਅਸੀਂ ਕਾਇਦੇ-ਕਾਨੂੰਨਾਂ ਅਨੁਸਾਰ, ਅਨੁਸ਼ਾਸਨ ਵਿਚ ਰਹਿ ਕੇ ਅਤੇ ਯੋਜਨਾਬੱਧ ਤਰੀਕੇ ਨਾਲ ਤਿਆਰੀਆਂ ਕਰਨ ਲਈ ਪਾਬੰਦ ਹਾਂ। ਇਨ੍ਹਾਂ ਵਾਸਤੇ ਲਿਖਤੀ ਮੈਨੂਅਲ ਬਣੇ ਹੁੰਦੇ ਹਨ, ਜ਼ਿੰਮੇਵਾਰੀਆਂ ਨਿਯਤ ਕੀਤੀਆਂ ਹੁੰਦੀਆਂ ਹਨ ਅਤੇ ਕੁਤਾਹੀਆਂ ਲਈ ਸਜ਼ਾਵਾਂ ਦਾ ਇੰਤਜ਼ਾਮ ਹੁੰਦਾ ਹੈ। ਇਸ ਕਰਕੇ ਅਸੀਂ ਇਨ੍ਹਾਂ ਨੂੰ ਭੈਅ, ਧਿਆਨ ਅਤੇ ਗੰਭੀਰਤਾ ਨਾਲ ਕਰਦੇ ਹਾਂ ਪਰ ਨਿੱਜੀ ਅਤੇ ਪਰਿਵਾਰਕ ਜੀਵਨ ਵਿਚ ਅਣਗਹਿਲੀ ਕਰਦੇ ਹਾਂ ਕਿਉਂਕਿ ਪਰਿਵਾਰ ਰਸਮੀ ਸੰਸਥਾ ਨਹੀਂ ਹੁੰਦਾ ਅਤੇ ਇਸ ਵਿਚ ਰਸਮੀ ਅਸੂਲ-ਕਾਨੂੰਨ ਨਹੀਂ ਹੁੰਦੇ। ਭਾਵੇਂ ਪਰਿਵਾਰ ਵੀ ਇਕ ‘ਸੰਸਥਾ’ ਹੈ ਪਰ ਇਹ ਗੈਰ-ਰਸਮੀ ਸੰਸਥਾ ਹੁੰਦੀ ਹੈ, ਜਿਸ ਵਿਚ ਲਿਖਤੀ ਕਾਨੂੰਨ, ਕੰਮ-ਵੰਡ ਜਾਂ ਸਜ਼ਾਵਾਂ ਆਦਿ ਦਾ ਸਿਸਟਮ ਨਹੀਂ ਬਣਾਇਆ ਜਾ ਸਕਦਾ। ਇਸੇ ਕਰਕੇ ਨਿੱਜੀ ਅਤੇ ਪਰਿਵਾਰਕ ਕੰਮਾਂ ਦੀਆਂ ਤਿਆਰੀਆਂ ਸਰਸਰੀ, ਬੇ-ਧਿਆਨੇ ਅਤੇ ਮਨਚਾਹੇ ਢੰਗ ਨਾਲ ਕੀਤੀਆਂ ਜਾਂਦੀਆਂ ਹਨ।

ਭਾਵੇਂ ਅਸੀਂ ਹਰ-ਰੋਜ਼ ਨਿੱਜੀ ਅਤੇ ਪਰਿਵਾਰਕ ਕੰਮਾਂ ਦੀਆਂ ਤਿਆਰੀਆਂ ਕਰਦੇ ਹਾਂ ਪਰ ਇਨ੍ਹਾਂ ਵਿਚ ਭੁੱਲਣ ਜਾਂ ਕੁਤਾਹੀਆਂ ਕਾਰਨ ਖਰਾਬ ਹੁੰਦੇ ਕੰਮ ਆਮ ਦੇਖਦੇ ਹਾਂ। ਮਾਹਿਰ ਇਸ ਦਾ ਕਾਰਨ ਦਸਦੇ ਹਨ ਕਿ ਮਨੁੱਖੀ ਸੁਭਾਅ ਕਰਕੇ ਅਸੀਂ ਇੱਕੋ ਕੰਮ ਵਾਰ-ਵਾਰ ਕਰਨ ਨਾਲ ਉਸ ਤੋਂ ਉਕਤਾ ਜਾਂਦੇ ਹਾਂ ਅਤੇ ਸੁਚੇਤ ਢੰਗ ਨਾਲ ਉਸ ’ਤੇ ਸੋਚ-ਵਿਚਾਰ ਕਰਨੀ ਛੱਡ ਦਿੰਦੇ ਹਾਂ। ਇਸ ਨੂੰ ਅਚੇਤ ਅਤੇ ਸਰਸਰੀ ਢੰਗ ਨਾਲ ਕਰਨ ਲੱਗ ਜਾਂਦੇ ਹਾਂ ਅਤੇ ਗਲ਼ ਪਿਆ ਢੋਲ ਸਮਝਣ ਲੱਗ ਜਾਂਦੇ ਹਾਂ। ਇਹ ਮਨੁੱਖੀ ਸੁਭਾਅ ਦਾ ਵਿਸ਼ੇਸ਼ ਲੱਛਣ ਹੈ ਕਿ ਅਸੀਂ ਰੋਜ਼ਮਰ੍ਹਾ ਦੀਆਂ ਪ੍ਰਤੱਖ ਗੱਲਾਂ ਨੂੰ ਬਹੁਤ ਸਰਸਰੀ ਸਮਝਦੇ ਹਾਂ ਅਤੇ ਸਾਨੂੰ ਇਨ੍ਹਾਂ ’ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕਰਨਾ, ਬਹੁਤ ਔਖਾ ਲੱਗਦਾ ਹੈ। ਇਹ ਸਚਾਈ ਆਧੁਨਿਕ ਸਮੇਂ ਦੇ ਉਦਾਰਵਾਦੀ ਅਮਰੀਕਨ ਬੁੱਧੀਜੀਵੀ ਡੇਵਿਡ ਵੈਲਿਸ ਨੇ ਇੱਕ ਵਿਲੱਖਣ ਦ੍ਰਿਸ਼ਟਾਂਤ ਰਾਹੀਂ ਬਿਆਨ ਕੀਤੀ ਹੈ, ‘ਸਮੁੰਦਰ ਵਿਚ ਦੋ ਛੋਟੀਆਂ ਮੱਛੀਆਂ ਕਲੋਲਾਂ ਕਰ ਰਹੀਆਂ ਸਨ ਤਾਂ ਕੋਲਿਓਂ ਲੰਘ ਰਹੀ ਇੱਕ ਵੱਡੀ ਮੱਛੀ ਨੇ ਲਾਡ ਨਾਲ ਕਿਹਾ, “ਹੈਲੋ ਬੱਚਿਓ! ਪਾਣੀ ਵਿਚ ਖੇਡ ਰਹੇ ਹੋ?” ਦੋਹਾਂ ਛੋਟੀਆਂ ਮੱਛੀਆਂ ਨੇ ਇੱਕ-ਦੂਜੇ ਵੱਲ ਦੇਖਿਆ ਅਤੇ ਥੋੜ੍ਹੀ ਦੂਰ ਜਾ ਕੇ ਇਕ ਨੇ ਹੈਰਾਨੀ ਨਾਲ ਦੂਸਰੀ ਨੂੰ ਪੁੱਛਿਆ, “ਇਹ ਪਾਣੀ ਕੀ ਬਲਾਅ ਹੁੰਦੀ ਹੈ?”।’

ਆਪਣੀ ਇਸ ਸੁਭਾਵਿਕ ਪ੍ਰਵਿਰਤੀ ਕਰਕੇ ਅਸੀਂ ‘ਤਿਆਰੀ’ ਸਣੇ ਜੀਵਨ ਦੇ ਹੋਰ ਮਹੱਤਵਪੂਰਨ ਵਿਸ਼ਿਆਂ ’ਤੇ ਕਦੇ ਵਿਗਿਆਨਕ ਢੰਗ ਅਤੇ ਗੰਭੀਰਤਾ ਨਾਲ ਗੌਰ ਕਰਨ ਦੀ ਲੋੜ ਨਹੀਂ ਸਮਝੀ, ਜਿਵੇਂ ਕਿ ਸਹੀ ਢੰਗ ਨਾਲ ਸਾਹ ਲੈਣਾ, ਖਾਣਾ ਚਿੱਥ ਕੇ ਖਾਣਾ ਜਾਂ ਕਿਸੇ ਦੀ ਗੱਲ ਧਿਆਨ ਨਾਲ ਸੁਣਨਾ ਆਦਿ।

ਆਪਾਂ ਨਿੱਜੀ ਅਤੇ ਪਰਿਵਾਰਕ ਕੰਮਾਂ ਦੀ ਤਿਆਰੀ ਓਨੇ ਸੁਚੇਤ ਹੋ ਕੇ ਅਤੇ ਯੋਜਨਾਬੱਧ ਢੰਗ ਨਾਲ ਨਹੀਂ ਕਰਦੇ ਜਿੰਨੀ ਕਿ ਕਾਰੋਬਾਰੀ ਸੰਸਥਾਵਾਂ ਵਿਚ ਕਰਦੇ ਹਾਂ। ਅਸੀਂ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਵੀ ਕਾਗਜ਼-ਪੈਨਸਿਲ ਲੈ ਕੇ ਤਿਆਰੀ ਕਰਨ ਤੋਂ ਕਤਰਾਉਂਦੇ ਹਾਂ; ਨਕਸ਼ੇ ਦੇਖਣ, ਹਦਾਇਤਾਂ ਪੜ੍ਹਨ ਜਾਂ ਕਿਸੇ ਜਾਣਕਾਰ ਦੀ ਸਲਾਹ ਲੈਣ ਤੋਂ ਝਿਜਕਦੇ ਹਾਂ। ਜੇ ਕੋਈ ਹਮਦਰਦ ਸਲਾਹ ਦਿੰਦਾ ਵੀ ਹੈ ਤਾਂ ਧਿਆਨ ਨਾਲ ਸੁਣਦੇ ਨਹੀਂ। ਵਿਸ਼ੇ ਦੇ ਮਾਹਿਰਾਂ ਦੀ ਨਸੀਹਤ ਹੈ ਕਿ ਅਸਰਦਾਰ ਤਿਆਰੀ ਵਾਸਤੇ ਰੋਜ਼ਾਨਾ ਦੇ ਕੰਮਾਂ ਦੀ ਪੂਰੀ ਲਿਸਟ ਆਪਣੇ ਹੱਥ ਨਾਲ ਲਿਖ ਕੇ ਬਣਾਈਏ। ਮੂੰਹ-ਜ਼ਬਾਨੀ ਕੰਮ ਯਾਦ ਕਰਨ ਦੀ ਆਦਤ ਸਿਆਣਪ ਦੀ ਗੱਲ ਨਹੀਂ, ਭਾਵੇਂ ਕੋਈ ਕਿੰਨਾ ਵੀ ਤੀਖਣ- ਬੁੱਧੀ ਦਾ ਮਾਲਕ ਕਿਉਂ ਨਾ ਹੋਵੇ। ਮਿ. ਬਰਾਕ ਓਬਾਮਾ ਨੇ ਆਪਣੀ ਮਸ਼ਹੂਰ ਕਿਤਾਬ ‘ਏ ਪਰੋਮਿਸਡ ਲੈਂਡ’ ਦੇ ਮੁੱਖ-ਬੰਧ ਵਿਚ ਲਿਖਿਆ ਹੈ, “ਮੈਂ ਹੁਣ ਵੀ ਗੱਲਾਂ ਨੂੰ ਕੰਪਿਊਟਰ ਦੀ ਬਜਾਇ ਹੱਥ ਨਾਲ ਲਿਖਣਾ ਵੱਧ ਪਸੰਦ ਕਰਦਾ ਹਾਂ”। ਉਹ ਆਪਣੇ ਹਰ ਭਾਸ਼ਣ ਦੀ ਤਿਆਰੀ ਬਹੁਤ ਗੰਭੀਰਤਾ ਨਾਲ ਕਰਿਆ ਕਰਦੇ ਸਨ। ਇਸ ਸਬੰਧੀ ਉਨ੍ਹਾਂ ਦੀ ਸਪੀਚ ਤਿਆਰੀ ਦੀ ਇੱਕ ਤਸਵੀਰ ਬਹੁਤ ਪ੍ਰਚੱਲਿਤ ਹੋਈ ਸੀ।

ਕਾਗਜ਼ ’ਤੇ ਬਣਾਈ ਲਿਸਟ ਨਾਲ ਦਿਮਾਗ ਵਿਚ ਕੰਮਾਂ ਦਾ ਨਕਸ਼ਾ ਬਣ ਜਾਂਦਾ ਹੈ ਅਤੇ ਇਨ੍ਹਾਂ ਨੂੰ ਸਮੇਂ ਅਤੇ ਸਥਾਨ ਅਨੁਸਾਰ ਤਰਤੀਬ ਦੇਣੀ ਸੌਖੀ ਹੋ ਜਾਂਦੀ ਹੈ, ਜਿਸ ਨਾਲ ਦਿਮਾਗ ’ਤੋਂ ਭਾਰ ਘਟਦਾ ਹੈ। ਸਾਡਾ ਦਿਮਾਗ ਇਕ ਸਰੀਰਕ ਅੰਗ ਹੈ ਅਤੇ ਹੋਰ ਅੰਗਾਂ ਵਾਂਗ ਇਹ ਵੀ ਥੱਕ ਜਾਂਦਾ ਹੈ। ਅਸੀਂ ਇਸ ਤੋਂ ਭਾਵੇਂ ਛੋਟੇ ਕੰਮ ਕਰਵਾਈਏ ਭਾਵੇਂ ਵੱਡੇ, ਇਹ ਥਕੇਵਾਂ ਮੰਨਦਾ ਹੈ, ਜਿਸ ਨੂੰ ‘ਡਿਸੀਜ਼ਨ ਫਟੀਗ’ ਕਿਹਾ ਜਾਂਦਾ ਹੈ। ਇਸ ਨੂੰ ਵੱਡੇ ਕੰਮਾਂ ਵਾਸਤੇ ਤਰੋ-ਤਾਜ਼ਾ ਰੱਖਣ ਲਈ ਬੇਲੋੜੇ ਕੰਮਾਂ ਦੀ ਚਿੰਤਾ ਤੋਂ ਮੁਕਤ ਰੱਖਣਾ ਜ਼ਰੂਰੀ ਹੈ ਅਤੇ ਇਹ ਚਿੰਤਾ ਹਰ ਕੰਮ ਦੀ ਸਹੀ ਤਿਆਰੀ ਕਰ ਕੇ ਘੱਟ ਕੀਤੀ ਜਾ ਸਕਦੀ ਹੈ। ਅੰਗਰੇਜ਼ੀ ਦੀ ਕਹਾਵਤ ਕਿ ‘ਸਹੀ ਤਿਆਰੀ ਕਰ ਕੇ ਸ਼ੁਰੂ ਕੀਤਾ ਕੰਮ ਅੱਧਾ ਹੋਇਆ ਸਮਝੋ’ ਵਿਹਾਰਕ ਪੱਖ ਤੋਂ ਬਹੁਤ ਉਪਯੋਗੀ ਹੈ। ਸਾਰ-ਤੱਤ ਇਹ ਕਿ ਅਸੀਂ ਹਰ ਛੋਟੇ-ਵੱਡੇ ਕੰਮ ਵਾਸਤੇ ਬਣਦੀ ਤਿਆਰੀ ਕਰਨ ਦੀ ਆਦਤ ਪਾਈਏ, ਫ਼ੌਰੀ ਤੇ ਦੂਰਗਾਮੀ ਕੰਮਾਂ ਵਿਚ ਇਕ-ਸੁਰਤਾ ਬਣਾਈਏ ਅਤੇ ਜੀਵਨ ਦੀਆਂ ਛੋਟੀਆਂ ਸਮਝੀਆਂ ਜਾਂਦੀਆਂ ਗੱਲਾਂ ਵੱਲ ਗੰਭੀਰ ਧਿਆਨ ਦੇਈਏ।

# ਫੇਰ ਨਾ ਲੰਘਣਾ ਭਲਕੇ

ਡਾ. ਅਜੀਤ ਸਿੰਘ ਕੋਟਕਪੂਰਾ



ਜਿਸ ਪਤਨ ਅੱਜ ਪਾਣੀ ਲੰਘਿਆ ਫੇਰ ਨਾ ਲੰਘਣਾ ਭਲ ਕੇ,
ਬੇੜੀ ਦਾ ਪੂਰ, ਤ੍ਰਿੰਜਣ ਦੀਆਂ ਕੁੜੀਆਂ, ਕਲਾਸਾਂ ਦੇ ਬੱਚੇ, ਫੇਰ ਨਾ ਬੈਠਣ ਰਲ ਕੇ।

ਇਹ ਜੀਵਨ ਦੀ ਸਚਾਈ ਹੈ, ਜਿਸ ਨੂੰ ਸਮੇਂ ਦੀ ਕਸਵੱਟੀ ’ਤੇ ਦਰਸਾਇਆ ਗਿਆ ਹੈ। ਹਰ ਇਕ ਦੇ ਜੀਵਨ ਵਿਚ ਸਮਾਂ ਵਿਸ਼ੇਸ਼ ਰੋਲ ਅਦਾ ਕਰ ਰਿਹਾ ਹੈ। ਇਨ੍ਹਾਂ ਸਤਰਾਂ ਤੋਂ ਸਪੱਸ਼ਟ ਹੈ ਕਿ ਲੰਘਿਆ ਸਮਾਂ ਮੁੜ ਵਾਪਸ ਨਹੀਂ ਆਇਆ ਕਰਦਾ ਅਤੇ ਨਾ ਹੀ ਸਮੇਂ ਨੂੰ ਰੋਕਿਆ ਜਾ ਸਕਦਾ ਹੈ। ਸਮੇਂ ਦੀ ਆਪਣੀ ਹੀ ਚਾਲ ਹੈ, ਨਾ ਹੀ ਇਸ ਚਾਲ ਨੂੰ ਵਧਾਇਆ ਜਾ ਸਕਦਾ ਹੈ ਅਤੇ ਨਾ ਹੀ ਇਸ ਦੀ ਚਾਲ ਘਟਾਈ ਜਾ ਸਕਦੀ ਹੈ। ਇਹੋ ਸੰਭਵ ਹੈ ਕਿ ਮਨੁੱਖ ਇਸ ਚਾਲ ਦੇ ਨਾਲ ਚੱਲਣਾ ਸਿੱਖ ਲਵੇ। ਜਿਹੜੇ ਸਮੇਂ ਪ੍ਰਤੀ ਸਾਵਧਾਨ ਨਹੀਂ ਹੁੰਦੇ, ਉਹ ਜੀਵਨ ਦੀ ਦੌੜ ਵਿਚ ਸਫਲ ਨਹੀਂ ਹੁੰਦੇ, ਭਾਵੇਂ ਅਸਫਲਤਾ ਵੀ ਸਾਨੂੰ ਸਬਕ ਸਿਖਾਉਂਦੀ ਹੈ ਅਤੇ ਅਸੀਂ ਵਾਰ-ਵਾਰ ਯਤਨ ਕਰ ਕੇ ਸਫਲਤਾ ਦੇ ਡੰਡੇ ਨੂੰ ਫੜ ਸਕਦੇ ਹਾਂ। ਇਸ ਲਈ ਹਮੇਸ਼ਾ ਸਮੇਂ ਦੀ ਕਦਰ ਕਰੋ। ਜਿਹੜਾ ਵੀ ਸਮੇਂ ਦੀ ਕਦਰ ਨਹੀਂ ਕਰਦਾ ਸਮਾਂ ਵੀ ਉਸ ਦੀ ਪ੍ਰਵਾਹ ਨਹੀਂ ਕਰਦਾ, ਉਸ ਨੂੰ ਪਛਾੜ ਕੇ ਅੱਗੇ ਵਧ ਜਾਂਦਾ ਹੈ। ਸਮਾਂ ਕੀਮਤੀ ਹੈ, ਇਸ ਦੀ ਕੀਮਤ ਪਛਾਣੋ ਅਤੇ ਹਰ ਕੰਮ ਸਮੇਂ ਸਿਰ ਕਰਨ ਦੀ ਆਦਤ ਪਾਈ ਜਾਣੀ ਚਾਹੀਦੀ ਹੈ।

ਸਾਲ 2021 ਦਾ ਦਸੰਬਰ ਮਹੀਨਾ ਚੱਲ ਰਿਹਾ ਹੈ ਅਤੇ ਛੇਤੀ ਹੀ ਅਸੀਂ ਇਸ ਸਾਲ ਨੂੰ ਅਲਵਿਦਾ ਆਖ ਨਵੇਂ ਸਾਲ 2022 ਨੂੰ ਜੀ ਆਇਆਂ ਨੂੰ ਕਹਿਣ ਲਈ ਤਿਆਰ ਹੋ ਜਾਵਾਂਗੇ। ਅਸੀਂ ਸਾਲ 2021 ਵਿਚ ਵਾਪਰੀਆਂ ਕੁਝ ਚੰਗੀਆਂ ਅਤੇ ਮਾੜੀਆਂ ਘਟਨਾਵਾਂ ਨੂੰ ਵਿਸਾਰ ਕੇ ਨਵੇਂ ਸਾਲ 2022 ਨੂੰ ਆਪਣੀਆਂ ਬਰੂਹਾਂ ’ਤੇ ਤੱਕ ਆਪਣੇ ਸਨੇਹੀਆਂ ਨੂੰ ਸ਼ੁਭ ਇੱਛਾਵਾਂ ਅਰਪਿਤ ਕਰਾਂਗੇ। ਨਵੇਂ ਸਾਲ ਦੀਆਂ ਜੰਤਰੀਆਂ ਨੂੰ ਵੀ ਵਿਚਾਰਾਂਗੇ।

ਸਾਲ 2022 ਦੇ ਮਹੀਨਿਆਂ ਦੇ ਦਿਨ ਪਤਾ ਕਰਨ ਲਈ ਇਕ ਆਸਾਨ ਢੰਗ ਧਿਆਨ ਗੋਚਰੇ ਕਰ ਰਿਹਾ ਹਾਂ। ਉਮੀਦ ਹੈ ਇਸ ਤਰੀਕੇ ਨੂੰ ਵਰਤ ਕੇ ਤੁਸੀਂ ਸਾਲ 2022 ਦੇ ਕਿਸੇ ਵੀ ਮਹੀਨੇ ਦਾ ਦਿਨ ਪਤਾ ਕਰ ਸਕੋਗੇ। ਸਾਲ 2022 ਦੇ 12 ਮਹੀਨਿਆਂ ਨੂੰ ਜਾਦੂਈ ਅੰਕ ਦਿੱਤੇ ਗਏ ਹਨ। ਜੋ ਇਸ ਪ੍ਰਕਾਰ ਹਨ:

ਜਨਵਰੀ — 5 ਫਰਵਰੀ —1
ਮਾਰਚ ——1 ਅਪ੍ਰੈਲ ——4 ਮਈ —
—6 ਜੂਨ ——2
ਜੁਲਾਈ ——4 ਅਗਸਤ ——
ਸਿਫ਼ਰ ਸਤੰਬਰ ——3 ਅਕਤੂਬਰ ——
5 ਨਵੰਬਰ —1 ਦਸੰਬਰ ——3

ਜਿਸ ਮਹੀਨੇ ਦਾ ਦਿਨ ਪਤਾ ਕਰਨਾ ਹੋਵੇ, ਉਸ ਮਿਤੀ ਵਿਚ ਉਸ ਮਹੀਨੇ ਦਾ ਜਾਦੂਈ ਅੰਕੜਾ ਜੋੜ ਦੇਵੋ ਅਤੇ ਜੋੜ ਨੂੰ 7 ਉਪਰ ਵੰਡ ਦੇਵੋ। ਜੇਕਰ ਬਾਕੀ 0 ਹੈ ਤਾਂ ਉਸ ਦਿਨ ਐਤਵਾਰ ਹੋਵੇਗਾ, ਜੇ ਬਾਕੀ 1 ਬਚਦਾ ਹੈ ਤਾਂ ਦਿਨ ਸੋਮਵਾਰ ਹੋਵੇਗਾ, ਜੇ 2 ਬਚਦਾ ਹੈ ਤਾਂ ਉਸ ਦਿਨ ਮੰਗਲਵਾਰ ਹੋਵੇਗਾ। ਇਸੇ ਤਰ੍ਹਾਂ ਜੇ ਬਾਕੀ 3 ਬਚਦਾ ਹੈ ਤਾਂ ਉਸ ਦਿਨ ਬੁੱਧਵਾਰ, 4 ਬਚਦਾ ਹੈ ਤਾਂ ਵੀਰਵਾਰ, ਜੇ ਬਾਕੀ 5 ਬਚਦਾ ਹੈ ਤਾਂ ਉਸ ਦਿਨ ਸ਼ੁਕਰਵਾਰ ਅਤੇ ਜੇ 6 ਬਚਦਾ ਹੈ ਤਾਂ ਉਸ ਦਿਨ ਸ਼ਨਿਚਰਵਾਰ ਹੋਵੇਗਾ। ਇਸ ਤਰ੍ਹਾਂ ਅਸੀਂ ਦਿਨ ਦਾ ਪਤਾ ਲਗਾ ਸਕਦੇ ਹਾਂ।

ਉਦਾਹਰਨ ਵਜੋਂ ਜੇ ਅਸੀਂ ਕਿਸੇ ਬੱਚੇ ਦੇ ਜਨਮ ਦਾ ਵਾਰ 2022 ਵਿਚ ਪਤਾ ਕਰਨਾ ਹੈ ਅਤੇ ਉਸ ਦੀ ਜਨਮ ਮਿਤੀ 30 ਅਪਰੈਲ ਹੈ ਤਾਂ ਅਸੀਂ 30 ਵਿਚ ਅਪਰੈਲ ਦਾ ਜਾਦੂਈ ਅੰਕ 4 ਜੋੜ ਦੇਵਾਂਗੇ ਅਤੇ ਜੋੜ 30+4 =34 ਹੁੰਦਾ ਹੈ। ਜਦੋਂ 34 ਨੂੰ 7 ਉਪਰ ਵੰਡਦੇ ਹਾਂ ਤਾਂ 6 ਬਾਕੀ ਬਚਦਾ ਹੈ, ਇਸ ਲਈ ਉਸ ਦੇ ਜਨਮ ਵਾਲਾ ਦਿਨ ਸ਼ਨਿਚਰਵਾਰ ਹੋਵੇਗਾ। ਇਸ ਤਰ੍ਹਾਂ ਕੇਵਲ ਜਾਦੂਈ ਅੰਕਾਂ ਨੂੰ ਯਾਦ ਕਰ ਕੇ ਅਸੀਂ ਸਾਲ 2022 ਵਿਚ ਮਹੀਨਿਆਂ ਦੀ ਕਿਸੇ ਵੀ ਮਿਤੀ ਨੂੰ ਵਾਰ ਦਾ ਪਤਾ ਲਗਾ ਸਕਦੇ ਹਾਂ।

ਜੇਕਰ ਬਾਕੀ 0 ਹੈ ਤਾਂ ਉਸ ਦਿਨ ਐਤਵਾਰ ਹੋਵੇਗਾ, ਜੇਕਰ ਬਾਕੀ 1 ਬਚਦਾ ਹੈ ਤਾਂ ਦਿਨ ਸੋਮਵਾਰ ਹੋਵੇਗਾ, ਜੇ ਬਾਕੀ 2 ਬਚਦਾ ਹੈ ਤਾਂ ਉਸ ਦਿਨ ਮੰਗਲਵਾਰ ਹੋਵੇਗਾ ,ਜੇ ਕਰ ਬਾਕੀ 3 ਬਚਦਾ ਹੈ ਤਾਂ ਉਸ ਦਿਨ ਬੁਧਵਾਰ ਹੋਵੇਗਾ ,ਜੇ ਕਰ ਬਾਕੀ 4 ਬਚਦਾ ਹੈ ਤਾਂ ਉਸ ਦਿਨ ਵੀਰਵਾਰ ਹੋਵੇਗਾ ,ਜੇ ਕਰ ਬਾਕੀ 5 ਬਚਦਾ ਹੈ ਤਾਂ ਉਸ ਦਿਨ ਸ਼ੁਕਰਵਾਰ ਹੋਵੇਗਾ ਅਤੇ ਜੇ ਕਰ ਬਾਕੀ 6 ਬਚਦਾ ਹੈ ਤਾਂ ਉਸ ਦਿਨ ਸ਼ਨਿਚਰਵਾਰ ਹੋਵੇਗਾ। ਇਸ ਤਰ੍ਹਾਂ ਅਸੀਂ ਦਿਨ ਦਾ ਪਤਾ ਲਗਾ ਸਕਦੇ ਹਾਂ।

ਉਦਾਹਰਨ ਵਜੋਂ ਜੇ ਅਸੀਂ ਕਿਸੇ ਬੱਚੇ ਦੇ ਜਨਮ ਦਾ ਵਾਰ 2022 ਵਿਚ ਪਤਾ ਕਰਨਾ ਹੈ ਅਤੇ ਉਸ ਦੀ ਜਨਮ ਮਿਤੀ 30 ਅਪਰੈਲ ਹੈ ਤਾਂ ਅਸੀਂ 30 ਵਿਚ ਅਪਰੈਲ ਦਾ ਜਾਦੂਈ ਅੰਕ 4 ਜੋੜ ਦੇਵਾਂਗੇ ਅਤੇ ਜੋੜ 30+4 =34 ਹੁੰਦਾ ਹੈ। ਜਦੋਂ 34 ਨੂੰ 7 ਉਪਰ ਵੰਡਦੇ ਹਾਂ ਤਾਂ 6 ਬਾਕੀ ਬਚਦਾ ਹੈ, ਇਸ ਲਈ ਉਸ ਦੇ ਜਨਮ ਵਾਲਾ ਦਿਨ ਸ਼ਨਿਚਰਵਾਰ ਹੋਵੇਗਾ। ਇਸ ਤਰ੍ਹਾਂ ਕੇਵਲ ਜਾਦੂਈ ਅੰਕਾਂ ਨੂੰ ਯਾਦ ਕਰ ਕੇ ਅਸੀਂ ਸਾਲ 2022 ਵਿਚ ਮਹੀਨਿਆਂ ਦੀ ਕਿਸੇ ਵੀ ਮਿਤੀ ਨੂੰ ਵਾਰ ਦਾ ਪਤਾ ਲਗਾ ਸਕਦੇ ਹਾਂ।

# ਦੋ ਪੀੜ੍ਹੀਆਂ ਵਿਚਲੇ ਵਿਚਾਰਧਾਰਕ ਪਾੜੇ ਨੂੰ ਮੇਟਣ ਦੀ ਕੋਸ਼ਿਸ਼ ਕਰਦਾ ਨਾਵਲ 'ਨਵਯੁਗ'

ਹਰਮਹਿੰਦਰ ਚਾਹਲ ਦਾ ਸ਼ੁਮਾਰ ਉਨ੍ਹਾਂ ਪਰਵਾਸੀ ਨਾਵਲਕਾਰਾਂ ਵਿਚ ਹੈ, ਜਿਹੜੇ ਕੌਮਾਂਤਰੀ ਧਰਾਤਲ 'ਤੇ ਵਾਪਰਨ ਵਾਲੇ ਸਮਾਜਿਕ, ਅਰਾਥਿਕ ਤੇ ਸਭਿਆਚਾਰਕ ਵਰਤਾਰਿਆਂ ਬਾਰੇ ਇਤਿਹਾਸਕ ਸਮਝ ਰੱਖਣ ਦੇ ਨਾਲ-ਨਾਲ ਉਸ ਨੂੰ ਮਾਨਵਤਾਵਾਦੀ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕਰਨ ਦੀ ਮੁਹਾਰਤ ਵੀ ਰੱਖਦੇ ਹਨ। ਉਸ ਦੇ ਹੁਣ ਤਕ ਪ੍ਰਕਾਸ਼ਿਤ ਛੇ ਨਾਵਲਾਂ ਨੇ ਨਵੇਂ ਵਿਸ਼ਿਆਂ ਦੀ ਚੋਣ ਤੇ ਨਵੀਆਂ ਨਿਵੇਕਲੀਆਂ ਕਥਾਤਮਕ ਜੁਗਤਾਂ ਦੀ ਵਰਤੋਂ ਸਦਕਾ ਸਾਹਿਤਕ ਹਲਕਿਆਂ ਵਿਚ ਭਰਵੀਂ ਚਰਚਾ ਹੀ ਹਾਸਲ ਨਹੀਂ ਕੀਤੀ, ਸਗੋਂ ਉਸ ਨੂੰ ਪੰਜਾਬੀ ਭਾਸ਼ਾ ਦੇ ਪ੍ਰੋੜ੍ਹ ਨਾਵਲਕਾਰ ਵਜੋਂ ਮਾਨਤਾ

**ਨਿਰੰਜਣ ਬੋਹਾ**
**ਫੋਨ: 89682-82700**

ਵੀ ਦਿਵਾਈ ਹੈ। ਉਸ ਦਾ ਹਥਲਾ ਨਾਵਲ 'ਨਵਯੁਗ' ਪੱਛਮੀ ਮੁਲਕਾਂ ਵਿਚ ਪਰਵਾਸ ਕਰ ਚੁੱਕੇ ਭਾਰਤੀਆਂ ਦੀਆਂ ਦੋ ਪੀੜ੍ਹੀਆਂ ਵਿਚਲੇ ਵਿਚਾਰਧਾਰਕ ਪਾੜੇ ਨੂੰ ਆਪਣੇ ਫੋਕਸ ਵਿਚ ਰੱਖ ਕੇ ਇਸ ਪਾੜੇ ਨੂੰ ਘਟਾਉਣ ਬਾਰੇ ਸੰਵਾਦ ਉਤੇਜਕ ਚਰਚਾ ਛੇੜਦਾ ਹੈ। ਨਾਵਲ ਇਹ ਚਿਤਾਵਨੀ ਵੀ ਦਿੰਦਾ ਹੈ ਕਿ ਜੇ ਪੁਰਾਣੀ ਪੀੜ੍ਹੀ ਨੇ ਨਵੀਂ ਪੀੜ੍ਹੀ ਦੇ ਸੁਪਨਿਆ ਦੇ ਹਾਣ ਦੇ 'ਨਵਯੁਗ' ਨੂੰ ਆਪਣੀ ਮਾਨਸਿਕ ਸਵੀਕ੍ਰਿਤੀ ਨਾ ਦਿੱਤੀ ਤਾਂ ਇਹ ਪੀੜ੍ਹੀ ਪਾੜਾ ਗੰਭੀਰ ਰੂਪ ਧਾਰਨ ਕਰ ਕੇ ਪਰਿਵਾਰ ਰੂਪੀ ਸਮਾਜਿਕ ਸੰਸਥਾ ਦੇ ਖਾਤਮੇ ਦਾ ਕਾਰਨ ਬਣ ਸਕਦਾ ਹੈ।

ਨਾਵਲ ਪੁਰਾਣੀ ਪੀੜ੍ਹੀ ਦੇ ਲੋਕਾਂ ਦੇ ਦਿਲ-ਦਿਮਾਗ ਵਿਚ ਇਹ ਗੱਲ ਚੰਗੀ ਤਰ੍ਹਾਂ ਬਿਠਾ ਦੇਣਾ ਚਾਹੁੰਦਾ ਹੈ ਕਿ ਪੱਛਮੀ ਮੁਲਕਾਂ ਵਿਚ ਜਨਮ ਲੈਣ ਜਾਂ ਸੁਰਤ ਸੰਭਾਲਣ ਵਾਲੇ ਬੱਚਿਆਂ ਦੇ ਜੀਵਨ ਵਿਚ ਜੇ ਪੂਰਬੀ ਮੁਲਕਾਂ ਦੇ ਸਮਾਜਿਕ ਤੇ ਨੈਤਿਕ ਮਾਪਦੰਡ ਜਬਰੀ ਲਾਗੂ ਕੀਤੇ ਜਾਣਗੇ ਤਾਂ ਪੈਦਾ ਹੋਣ ਵਾਲੀ ਬਗਾਵਤ ਇੱਥੋਂ ਦੀ ਪਰਿਵਾਰਕ ਤੇ ਸਮਾਜਿਕ ਵਿਵਸਥਾ ਨੂੰ ਤਹਿਸ-ਨਹਿਸ ਕਰ ਸੁੱਟੇਗੀ।

ਭਾਵੇਂ ਇਸ ਨਾਵਲ ਵਿਚਲੀਆਂ ਪਰਵਾਸੀ ਪੰਜਾਬੀਆਂ ਦੀਆਂ ਦੋ ਪੀੜ੍ਹੀਆਂ ਵਿਚਲਾ ਵਿਚਾਰਧਾਰਕ ਵਖਰੇਵਾਂ ਤਣਾਅ ਤੇ ਟਕਰਾਓ ਦਾ ਮਾਹੌਲ ਸਿਰਜਦਾ ਹ ਪਰ ਨਾਵਲ ਦੀ ਕਹਾਣੀ ਦੀ ਖੂਬਸੂਰਤੀ ਇਸ ਵਿਚ ਹੈ ਕਿ ਦੋਵੇਂ ਪੀੜ੍ਹੀਆ ਆਪਸੀ ਰਿਸ਼ਤਿਆਂ ਨੂੰ ਟੁੱਟਣ ਤੋਂ ਬਚਾਉਣ ਲਈ ਆਪੋ-ਆਪਣੇ ਪੱਧਰ 'ਤੇ ਸੁਚੇਤ ਯਤਨ ਵੀ ਕਰਦੀਆਂ ਵਿਖਾਈ ਦਿੰਦੀਆਂ ਹਨ। ਇਸ ਤਰ੍ਹਾਂ ਉਨ੍ਹਾਂ ਦੇ ਰਿਸ਼ਤੇ ਤਣਾਅਸ਼ੀਲ ਹੋਣ 'ਤੇ ਵੀ ਆਪਣੀ ਪਰਿਵਾਰਕ ਹੋਂਦ ਬਣਾਈ ਰੱਖਦੇ ਹਨ। ਪੰਜਾਬ ਤੋਂ ਅਮਰੀਕਾ ਆਏ ਡਾਕਟਰ ਕਿਰਪਾਲ ਸਿੰਘ, ਜਗਤਾਰ ਸਿੰਘ, ਕਰਤਾਰ ਸਿੰਘ ਤੇ ਉਨ੍ਹਾਂ ਦੀ ਭੈਣ ਹਰਪਾਲ ਕੌਰ ਉਰਫ ਪਾਲੀ ਇੱਥੋਂ ਦੀ ਜੀਵਨ-ਜਾਚ ਤੇ ਸਮਾਜਿਕਤਾ ਨਾਲ ਮਾਨਸਿਕ ਤੌਰ 'ਤੇ ਨਹੀਂ ਜੁੜਦੇ ਤੇ ਉਹ ਪਰਿਵਾਰਕ ਰਿਸ਼ਤਿਆਂ ਦੀ ਵਿਉਂਤਬੰਦੀ ਪੂਰਬੀ ਸਭਿਆਚਾਰਕ ਤੇ ਸਮਾਜਿਕ ਮਾਨਤਾਵਾਂ ਅਨੁਸਾਰ ਹੀ ਕਰਨ ਦੇ ਇੱਛੁਕ ਹਨ। ਆਪਣੇ ਧੀਆਂ-ਪੁੱਤਰਾਂ ਦੇ ਵਿਆਹ ਕਰਨ ਸਬੰਧੀ ਉਨ੍ਹਾਂ ਦੀ ਧਾਰਨਾ ਹੈ ਕਿ ਉਹ ਭਾਰਤ ਵਾਲੇ ਪਾਸੇ ਤੋਂ ਸੰਸਕਾਰੀ ਨੂੰਹਾਂ ਤੇ ਜਵਾਈ ਮੰਗਵਾ ਕੇ ਹੀ ਆਪਣੇ ਭਵਿੱਖ ਨੂੰ ਸੁਰੱਖਿਅਤ ਰੱਖ ਸਕਦੇ ਹਨ। ਦੂਜੇ ਪਾਸੇ ਇਸ ਮੁਲਕ ਦੀਆਂ ਸਮਾਜਿਕ ਕਦਰਾਂ-ਕੀਮਤਾਂ ਨੂੰ ਮਾਨਸਿਕ ਸਵੀਕ੍ਰਿਤੀ ਦੇਣ ਵਾਲੀ ਉਨ੍ਹਾਂ ਦੀ ਨਵੀਂ ਪੀੜ੍ਹੀ ਆਪਣੇ ਬਜ਼ੁਰਗਾਂ ਦੀ ਸੋਚ ਨੂੰ ਅਪਨਾਉਣ ਲਈ ਤਿਆਰ ਨਹੀਂ। ਵਿਆਹ ਰੂਪੀ ਪਰਿਵਾਰਕ ਸੰਸਥਾ ਪ੍ਰਤੀ ਦੋਵਾਂ ਪੀੜ੍ਹੀਆਂ ਦੀ ਸੋਚ ਵਿਚਲੀਆਂ ਦੂਰੀਆਂ ਤੇ ਇਨ੍ਹਾਂ ਨੂੰ ਘਟਾਉਣ ਦੇ ਸੁਚੇਤ ਯਤਨਾਂ ਵਿਚੋਂ ਉਸਰਦੀ ਨਾਵਲ ਦੀ ਕਹਾਣੀ ਪੜਾਅ-ਦਰ-ਪੜਾਅ ਆਪਣੇ ਮੰਤਵੀ ਉਦੇਸ਼ 'ਨਵਯੁਗ' ਨੂੰ ਆਪਣੀ ਮਾਨਸਿਕ ਸਹਿਮਤੀ ਦੇਣ ਵੱਲ ਅੱਗੇ ਵਧਦੀ ਹੈ।

ਅਮਰੀਕਾ ਆਏ ਤਿੰਨ ਭਰਾਵਾਂ ਦਾ ਜੀਜਾ ਨਿਰਭੈ ਸਿੰਘ ਆਪਣੀ ਧੀ ਕਰਮੀ ਦੀ ਮਰਜ਼ੀ ਦੇ ਉਲਟ ਉਸ ਦਾ ਵਿਅਹ ਪੰਜਾਬ ਦੇ ਵਸਨੀਕ ਦਰਸ਼ਨ ਸਿੰਘ ਨਾਲ ਕਰਦਾ ਹੈ ਤਾਂ ਉਸ ਨੂੰ ਛੇਤੀ




ਲੇਖਕ ਹਰਮਹਿੰਦਰ ਚਾਹਲ

ਹੀ ਅਹਿਸਾਸ ਹੋ ਜਾਂਦਾ ਹੈ ਕਿ ਉਸ ਵੱਲੋਂ ਪੰਜਾਬੀ ਮੁੰਡਿਆਂ ਦੇ ਸੰਸਕਾਰੀ ਹੋਣ ਬਾਰੇ ਬਣਾਈ ਧਾਰਨਾ ਕਿੰਨੀ ਭ੍ਰਮਿਤ ਹੈ। ਦਰਸ਼ਨ ਸਿਰੇ ਦਾ ਨਿੰਕਮਾ, ਅਨਪੜ੍ਹ, ਅੱਯਾਸ਼ ਤੇ ਨਸ਼ੇੜੀ ਹੀ ਸਾਬਿਤ ਨਹੀਂ ਹੁੰਦਾ ਸਗੋਂ ਆਪਣੇ ਮਰਦ ਹੋਣ ਦੇ ਅਹਿਮ ਅਧੀਨ ਚੰਗੀ ਨੌਕਰੀ 'ਤੇ ਲੱਗੀ ਕਰਮੀ ਨੂੰ ਕਈ ਤਰ੍ਹਾਂ ਦੇ ਮਾਨਸਿਕ ਤਸੀਹੇ ਵੀ ਦਿੰਦਾ ਹੈ। ਉਹ ਆਪਣੇ ਸਹੁਰੇ ਪਰਿਵਾਰ ਦੀ ਸਾਰੀ ਜਾਇਦਾਦ ਨੂੰ ਹੜੱਪਣਾ ਚਾਹੁੰਦਾ ਹੈ ਪਰ ਨਿਰਭੈ ਸਿੰਘ ਤੇ ਪਾਲੀ 'ਲੋਕ ਕੀ ਕਹਿਣਗੇ' ਦੇ ਡਰ ਹੇਠ ਲੰਮਾ ਸਮਾਂ ਆਪਣੀ ਧੀ ਨੂੰ ਉਸ ਨਾਲ ਵਕਤ ਕਟੀ ਕਰਨ ਲਈ ਮਜਬੂਰ ਕਰਦੇ ਰਹਿੰਦੇ ਹਨ। ਦੂਸਰੇ ਪਾਸੇ ਆਪਣੇ ਤਹਿਸੀਲਦਾਰ ਦੋਸਤ ਨੂੰ ਦਿੱਤਾ ਵਚਨ ਪੁਗਾਉਣ ਲਈ ਆਪਣੇ ਪੁੱਤਰ ਬੀਰੇ ਨੂੰ ਉਸ ਦੀ ਧੀ ਨਾਲ ਵਿਆਹ ਕਰਾਉਣ ਲਈ ਮਜਬੂਰ ਕਰਨ ਵਾਲੇ ਡਾ. ਕਿਰਪਾਲ ਨੂੰ ਆਪਣੀ ਅਜਿਹੀ ਹੀ ਕੀਤੀ ਗਲਤੀ 'ਤੇ ਪਛਤਾਵਾ ਕਰਨਾ ਪੈਂਦਾ ਹੈ। ਪੰਜਾਬ ਤੋਂ ਆਈ ਬੀਰੇ ਦੀ ਪਤਨੀ ਰੱਤੀ ਆਪਣੇ ਪਿਤਾ ਦੇ ਰੁਤਬੇ ਦਾ ਲਾਹਾ ਲੈਂਦਿਆਂ ਘਰ ਦਾ ਕੋਈ ਵੀ ਕੰਮ ਕਰਨ ਤੋਂ ਇਨਕਾਰ ਹੀ ਨਹੀਂ ਕਰਦੀ, ਸਗੋਂ ਆਪਣੇ ਪਿਛਲੇ ਪ੍ਰੇਮੀ ਨੂੰ ਸਟੱਡੀ ਵੀਜ਼ੇ 'ਤੇ ਅਮਰੀਕਾ ਬੁਲਾ ਕੇ ਆਪਣੇ ਸਹੁਰੇ ਘਰ ਦੀ ਇੱਜ਼ਤ ਨਾਲ ਵੀ ਖਿਲਵਾੜ ਕਰਦੀ ਹੈ। ਤੀਸਰਾ ਭਰਾ ਕਰਤਾਰ ਸਿੰਘ ਵੀ ਆਪਣੀਆਂ ਧੀਆਂ ਵੱਲੋਂ ਆਪਣੇ ਮਨਪਸੰਦ ਮੁੰਡਿਆਂ ਨਾਲ ਵਿਆਹ ਕਰਾਉਣ ਦੇ ਮਾਮਲੇ ਵਿਚ ਬਹੁਤ ਸਾਰੀਆਂ ਰੁਕਾਵਟਾਂ ਖੜ੍ਹੀਆਂ ਕਰਦਾ ਹੈ। ਪੁਰਾਣੀ ਪੀੜ੍ਹੀ ਦੇ ਇਹ ਚਾਰੋ ਭੈਣ-ਭਰਾ ਅੰਤ ਨਵੀਂ ਪੀੜ੍ਹੀ ਦੇ 'ਨਵਯੁਗ' ਨਾਲ ਆਪਣੀ ਸੁਰ ਮਿਲਾਉਣ ਲਈ ਤਿਆਰ ਤਾਂ ਹੋ ਜਾਂਦੇ ਹਨ ਪਰ ਉਦੋਂ ਤਕ ਉਨ੍ਹਾਂ ਦੀਆਂ ਪਿਛਲੀਆਂ ਗਲਤੀਆਂ ਕਾਰਨ ਕਹਾਣੀ ਕਾਫੀ ਉਲਝ ਚੁੱਕੀ ਹੁੰਦੀ ਹੈ।

ਹਰਮਹਿੰਦਰ ਚਾਹਲ ਲੇਖਣੀ ਪੱਖੋਂ ਹੀ ਨਹੀਂ, ਸਗੋਂ ਉਮਰ ਪੱਖੋਂ ਵੀ ਪ੍ਰੌਢ ਲੇਖਕਾਂ ਵਿਚ ਸ਼ੁਮਾਰ ਹੈ। ਆਮ ਕਰਕੇ ਇਸ ਉਮਰ ਦੇ ਲੇਖਕ ਪੀੜ੍ਹੀ ਪਾੜਾ ਵਧਾਉਣ ਲਈ ਨੌਜਵਾਨ ਵਰਗ ਨੂੰ ਵੱਧ ਦੋਸ਼ੀ ਕਰਾਰ ਦੇਂਦੇ ਹਨ ਪਰ ਚਾਹਲ ਨੇ ਸਮੇਂ ਦੀ ਨਬਜ਼ ਨੂੰ ਪਛਾਣਦੇ ਹੋਏ ਨੌਜਵਾਨਾਂ ਦਾ ਹੀ ਪੱਖ ਪੂਰਿਆ ਹੈ। ਇਸ ਪਹਿਲ ਕਦਮੀ ਲਈ ਉਹ ਪ੍ਰਸ਼ੰਸਾ ਦਾ ਹੱਕਦਾਰ ਹੈ। ਦੋ ਪੀੜ੍ਹੀਆਂ ਦੀ ਸੋਚ ਵਿਚਲਾ ਵਖਰੇਵਾਂ ਆਮ ਕਰਕੇ ਨਿੱਜੀ ਕਿਸਮ ਦੀਆਂ ਲੜਾਈਆਂ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ ਪਰ ਇਸ ਨਾਵਲ ਵਿਚਲੀ ਨੌਜਵਾਨ ਪੀੜ੍ਹੀ ਆਪਣੇ ਪੱਖ ਦੀ ਮਜ਼ਬੂਤੀ ਲਈ 'ਕਜ਼ਨ ਗਰੁੱਪ' ਬਣਾ ਕੇ ਸਮੂਹਿਕ ਤੇ ਸੰਗਠਿਤ ਰੂਪ ਵਿਚ ਆਪਣੇ ਪੱਖ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਜਦੋਂ ਇਸ ਗਰੁੱਪ ਦਾ ਕੋਈ ਮੈਂਬਰ ਆਪਣੇ ਪੁਰਾਣੀ ਸੋਚ ਦੇ ਮਾਪਿਆਂ ਦੀ ਜ਼ਿੱਦ ਕਾਰਨ ਕਿਸੇ ਉਲਝਣ ਵਿਚ ਫਸਦਾ ਹੈ ਜਾਂ ਉਸ ਦਾ ਜਬਰੀ ਕਿਸੇ ਅਣਜਾਣ ਮੁੰਡੇ-ਕੁੜੀ ਨਾਲ ਵਿਆਹ ਕੀਤੇ ਜਾਣ ਦੀ ਸਥਿਤੀ ਪੈਦਾ ਹੁੰਦੀ ਹੈ ਤਾਂ ਉਹ ਸਾਰੇ ਆਪਸ ਵਿਚ ਵਿਚਾਰ-ਵਟਾਂਦਰਾ ਕਰ ਕੇ ਦਰਪੇਸ਼ ਸਮੱਸਿਆ ਦਾ ਹੱਲ ਤਲਾਸ਼ਣ ਦੀ ਕੋਸ਼ਿਸ਼ ਕਰਦੇ ਹਨ। ਆਪਸੀ ਸਮਝ ਤੇ ਸੂਝ ਰਾਹੀਂ ਬਣਾਈ ਨੀਤੀ ਕਾਰਨ ਉਹ ਆਪਣੇ ਮਾਪਿਆਂ ਨਾਲ ਵੀ ਰਿਸ਼ਤਾ ਬਣਾਈ ਰੱਖਦੇ ਹਨ ਤੇ ਉਨ੍ਹਾਂ ਦੀ ਸੋਚ ਵਿਚ ਸਹਿਜ ਤਬਦੀਲੀਆਂ ਲਿਆਉਣ ਦਾ ਕੰਮ ਵੀ ਜਾਰੀ ਰੱਖਦੇ ਹਨ। ਇਸ ਗਰੁੱਪ ਨੂੰ ਸਾਰਥਿਕ ਤੇ ਹਾਂ-ਪੱਖੀ ਦਿਸ਼ਾ ਦੇਣ ਵਿਚ ਕੁਲਦੀਪ ਤੇ ਮਣੀ ਦੀ ਭੂਮਿਕਾ ਅਹਿਮ ਰਹਿੰਦੀ ਹੈ। ਇਸ ਤਰ੍ਹਾਂ ਨਾਵਲਕਾਰ ਦੋ ਪੀੜ੍ਹੀਆਂ ਵਿਚਲੀ ਸੋਚ ਵਿਚਲੇ ਫਰਕ ਨੂੰ ਮੇਟ ਕੇ ਸਹਿਮਤੀ ਦਾ ਮਾਹੌਲ ਪੈਦਾ ਕਰਨ ਲਈ ਨਵੀਆਂ ਮਨੋ-ਵਿਗਿਆਨਕ ਜੁਗਤਾਂ ਦੀ ਵਰਤੋਂ ਕਰਨ ਵਿਚ ਬਹੁਤ ਹੱਦ ਤਕ ਸਫਲ ਰਿਹਾ ਹੈ।

ਨਾਵਲ ਦੇ ਉਦੇਸ਼ ਪ੍ਰਤੀ ਵਧੇਰੇ ਸੁਚੇਤ ਰਹਿੰਦਿਆਂ ਜਦੋਂ ਇਸ ਦੀ ਪੜ੍ਹੀ-ਲਿਖੀ ਤੇ ਬਾ-ਰੁਜ਼ਗਾਰ ਪਾਤਰ ਕਮਿੰਦਰ ਕੌਰ ਉਰਫ ਕਰਮੀ ਆਪਣੇ ਮਾਪਿਆਂ ਦਾ ਮਨ ਰੱਖਣ ਲਈ ਪੈਰ-ਪੈਰ 'ਤੇ ਆਪਣੇ ਪਤੀ ਤੇ ਸਹੁਰੇ ਪਰਿਵਾਰ ਦੀਆਂ ਜ਼ਿਆਦਤੀਆਂ ਨੂੰ ਬਰਦਾਸ਼ਤ ਕਰਦੀ ਹੈ ਤਾਂ ਕਈ ਵਾਰ ਨਾਵਲ ਦੇ ਪਾਠਕਾਂ ਨੂੰ ਉਸ ਦੇ ਨਾਲ ਨਾਵਲਕਾਰ 'ਤੇ ਵੀ ਗੁੱਸਾ ਆਉਣ ਲੱਗਦਾ ਹੈ ਕਿ ਏਨਾ ਸਬਰ-ਸੰਤੋਖ ਤਾਂ ਪੰਜਾਬ ਵਿਚ ਰਹਿ ਰਹੀਆਂ ਕੁੜੀਆਂ ਵੀ ਨਹੀਂ ਵਿਖਾਉਂਦੀਆ ਪਰ ਉਹ ਵਿਦੇਸ਼ ਵਿਚ ਰਹਿੰਦਿਆਂ ਵੀ ਅਜਿਹਾ ਕਿਉਂ ਕਰ ਰਹੀ ਹੈ? ਭਾਵੇਂ ਅੰਤ ਵਿਚ ਉਹ ਦਰਸ਼ਨ ਤੋਂ ਤਲਾਕ ਲੈ ਕੇ ਆਪਣੇ ਦੋਸਤ ਗਿਨੀ ਨਾਲ ਵਿਆਹ ਕਰਾਉਣ ਦਾ ਫੈਸਲਾ ਕਰ ਲੈਂਦੀ ਹੈ, ਫਿਰ ਵੀ ਦਰਸ਼ਨ ਦਾ ਗਰੀਨ ਕਾਰਡ ਲੈਣ ਦਾ ਮੌਕਾ ਪ੍ਰਦਾਨ ਕਰ ਕੇ ਉਹ ਆਪਣੇ ਅਦਾਰਸ਼ ਨੂੰ ਅੱਗੇ ਹੀ ਤੋਰਦੀ ਹੈ। ਉਸ ਦਾ ਇਹ ਆਦਰਸ਼ ਤਿੰਨਾਂ ਪਰਿਵਾਰਾਂ ਨੂੰ ਉਸ ਵੇਲੇ ਬਹੁਤ ਮਹਿੰਗਾ ਪੈਂਦਾ ਹੈ, ਜਦੋਂ ਦਰਸ਼ਨ ਵੱਲੋਂ ਉਸ ਦੇ ਤੇ ਗਿੰਨੀ ਦੇ ਵਿਆਹ ਸਮਾਗਮ ਵਿਚ ਪਹੁੰਚ ਕੇ ਗਿੰਨੀ, ਉਸ ਦੇ ਮਾਮੇ ਕਰਤਾਰ ਸਿੰਘ ਤੇ ਉਸ ਦੀ




ਭੈਣ ਧਰਮੀ ਦੇ ਪਤੀ ਅਸਲਮ ਹੈਦਰ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ ਤੇ ਇਸ ਹਾਦਸੇ ਵਿਚ ਚਾਰ ਹੋਰ ਲੋਕ ਵੀ ਮਾਰੇ ਜਾਂਦੇ ਹਨ। ਇਸ ਤਰ੍ਹਾਂ ਨਾਵਲ, ਸੰਘਰਸ਼ ਦੇ ਰਾਹਾਂ ਤੋਂ ਲੰਘ ਕੇ ਮੰਜ਼ਲ 'ਤੇ ਪਹੁੰਚੇ ਪਾਤਰਾਂ ਲਈ ਇਕ ਵਾਰ ਫਿਰ ਸੰਕਟ ਦੀ ਸਥਿਤੀ ਪੈਦਾ ਕਰ ਕੇ ਸਮਾਪਤ ਹੋ ਜਾਂਦਾ ਹੈ ਪਰ ਇਹ ਸਥਿਤੀ ਪਾਠਕਾਂ ਨੂੰ ਹੋਰ ਚਿੰਤਨਸ਼ੀਲ ਬਣਾਉਣ ਵਾਲੀ ਹੈ।

ਨਾਵਲ ਦਾ ਅੰਤ ਉਸ ਦੇ ਪਿਛਲੇ ਨਾਵਲ 'ਭੰਵਰ' ਵਾਂਗ ਥੋੜ੍ਹਾ ਨਾਟਕੀ ਕਿਸਮ ਦਾ ਹੈ। ਜਦੋਂ 'ਨਵਯੁਗ' ਨੂੰ ਸਹਿਮਤੀ ਦੇਣ ਦਾ ਇੱਛੁਕ ਪਾਠਕ ਨਾਵਲ ਦੇ ਪਾਤਰਾਂ ਦੀਆਂ ਸਮੱਸਿਆਵਾਂ ਨੂੰ ਸੁਲਝਦਾ ਹੋਇਆ ਵੇਖ ਕੇ ਥੋੜ੍ਹਾ ਰਾਹਤ ਦੀ ਸਾਹ ਲੈਂਦਾ ਹੈ, ਉਦੋਂ ਨਾਵਲਕਾਰ ਪਰਿਵਾਰਕ ਮੈਂਬਰਾਂ ਦੇ ਸਮੂਹਿਕ ਕਤਲੇਆਮ ਦੀ ਘਟਨਾ ਨੂੰ ਅੰਜਾਮ ਦੇ ਕੇ ਸੁਲਝੀ ਘਟਨਾਵੀ ਡੋਰ ਨੂੰ ਫਿਰ ਤੋਂ ਉਲਝਾ ਦਿੰਦਾ ਹੈ। ਇਸ ਤਰ੍ਹਾਂ ਨਾਵਲ ਦਾ ਅਣਕਿਆਸਾ ਅੰਤ ਪਾਠਕ ਨੂੰ ਅਗਲੇ ਕਿਆਸ ਲਾਉਣ ਦੇ ਰਾਹ ਪਾ ਦਿੰਦਾ ਹੈ ਤੇ ਇਕ ਨਵੇਂ ਨਾਵਲ ਦੀ ਕਹਾਣੀ ਜਨਮ ਲੈ ਲੈਂਦੀ ਹੈ। ਨਾਵਲ ਵਿਚ ਵਾਧੂ ਘਟਨਾਵਾਂ ਤੇ ਵਾਧੂ ਪਾਤਰਾਂ ਦੀ ਭਰਮਾਰ ਨਹੀਂ ਹੈ। ਨਾਵਲ ਦਾ ਕਿਹੜਾ ਪਾਤਰ ਆਪਣੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਕਿਹੜੇ ਰਾਹ ਦੀ ਚੋਣ ਕਰੇਗਾ ਤੇ ਦੋਹਾਂ ਪੀੜ੍ਹੀਆਂ ਵਿਚੋਂ ਕਿਹੜੀ ਪੀੜ੍ਹੀ ਦੂਜੀ ਪੀੜ੍ਹੀ ਦੀ ਸੋਚ ਅਨੁਸਾਰ ਕਿੰਨਾ ਢਲੇਗੀ, ਨੂੰ ਜਾਨਣ ਦੀ ਉਤਸੁਕਤਾ ਨਾਵਲ ਵਿਚ ਲਗਾਤਾਰ ਪਾਠਕਾਂ ਦੀ ਦਿਲਚਸਪੀ ਬਣਾਈ ਰੱਖਦੀ ਹੈ। ਕੁੱਲ ਮਿਲਾ ਕੇ ਇਸ ਨਾਵਲ ਦੇ ਪ੍ਰਕਾਸ਼ਿਤ ਹੋਣ ਨਾਲ ਪੰਜਾਬੀ ਨਾਵਲਕਾਰੀ ਵਿਚ ਹਰਮਹਿੰਦਰ ਚਾਹਲ ਦਾ ਕੱਦ ਹੋਰ ਵੀ ਉੱਚਾ ਹੋਇਆ ਹੈ। ਉਸ ਨੂੰ ਹਾਰਦਿਕ ਮੁਬਾਰਕ। 224 ਪੰਨਿਆਂ ਤੇ 275 ਰੁਪਏ ਮੁੱਲ ਦੀ ਇਹ ਪੁਸਤਕ ਸੰਗਮ ਪਬਲਿਕੇਸ਼ਨਜ਼, ਸਮਾਣਾ ਵੱਲੋਂ ਛਾਪੀ ਗਈ ਹੈ।

---

## ਸ਼ਬਦ ਵਿਚਾਰ

ਬਿਲਾਵਲੁ ਮਹਲਾ 5
ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ ॥
ਜਿਤੁ ਸੇਵੀਐ ਸੁਖੁ ਹੋਇ ਘਨਾ ਮਨ ਸੋਈ ਗਾਈਐ॥
ਕਹੀਐ ਕਾਇ ਪਿਆਰੇ ਤੁਧੁ ਬਿਨਾ ॥
ਤੁਮ੍ਹ ਦਇਆਲ ਸੁਆਮੀ ਸਭ ਅਵਗਨ ਹਮਾ॥
ਰਹਾਉ॥
ਜਿਉ ਤੁਮ੍ਹ ਰਾਖਹੁ ਤਿਉ ਰਹਾ ਅਵਰੁ ਨਹੀਂ ਚਾਰਾ॥
ਨੀਧਰਿਆ ਧਰਿ ਤੇਰੀਆ ਇਕ ਨਾਮ ਅਧਾਰਾ ॥
ਜੋ ਤੁਮ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ ॥
ਸਗਲ ਸਮਗ੍ਰੀ ਤੇਰੀਆ ਸਭ ਤੇਰੀ ਜੁਗਤਾ ॥
ਚਰਨ ਪਖਾਰਉ ਕਰਿ ਸੇਵਾ ਜੇ ਠਾਕੁਰ ਭਾਵੈ ॥
ਹੋਹੁ ਕ੍ਰਿਪਾਲ ਦਇਆਲ ਪ੍ਰਭ ਨਾਨਕੁ ਗੁਣ ਗਾਵੈ ॥
ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ॥
ਜਿਤੁ ਸੇਵੀਐ ਸੁਖੁ ਹੋਇ ਘਨਾ ਮਨ ਸੋਈ ਗਾਈਐ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਰਾਹੀਂ ਜੀਵਾਂ ਨੂੰ ਉਪਦੇਸ਼ ਦਿੰਦੇ ਆਖਦੇ ਹਨ ਕਿ ਹੇ ਮੇਰੇ ਮਨ ਆਪਣੀਆਂ ਕੀਤੀਆਂ ਭੁੱਲਾਂ, ਗਲਤੀਆਂ ਕਾਰਨ ਮਿਲ ਰਹੇ ਦੁੱਖਾਂ ਲਈ ਕਿਸੇ ਹੋਰ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਦੁਖਾਂ ਤੋਂ ਬਚਣ ਲਈ ਉਸ ਮਿਹਰਬਾਨ ਪ੍ਰਭੂ ਨੂੰ ਹੀ ਯਾਦ ਕਰਨਾ ਚਾਹੀਦਾ ਹੈ, ਉਸ ਦੀ ਸੇਵਾ ਭਗਤੀ ਕੀਤਿਆਂ ਹੀ ਸੁਖ ਮਿਲਦਾ ਹੈ, ਓਸੇ ਦੇ ਗੁਣ ਗਾ।

ਕਹੀਐ ਕਾਇ ਪਿਆਰੇ ਤੁਧੁ ਬਿਨਾ ॥ਹਮਾ ॥ ਰਹਾਉ॥

ਸ਼ਬਦ ਦੀ ਰਹਾਉ ਦੀ ਇਸ ਪੰਕਤੀ ਵਿਚ ਗੁਰਦੇਵ ਜੀ ਬਖ਼ਸ਼ਿਸ਼ ਕਰਦੇ ਹੋਏ ਸਾਨੂੰ ਅਰਦਾਸ ਕਰਨ ਦਾ ਵਲ ਦੱਸਦੇ ਹਨ ਕਿ ਹੇ ਮੇਰੇ ਮਾਲਕ ਪ੍ਰਭੂ ਪਿਤਾ ਤੂੰ ਤਾਂ ਸਦਾ ਹੀ ਦਯਾਲ ਹੈਂ, ਦਿਆਲਤਾ ਦਾ ਸਾਗਰ ਹੈਂ। ਸਾਰੇ ਔਗੁਣ ਅਸਾਂ ਜੀਵਾਂ ਵਿਚ ਹੀ ਹਨ ਜੀ, ਜਿਨ੍ਹਾਂ ਕਰਕੇ ਸਾਨੂੰ ਦੁੱਖ-ਕਲੇਸ਼ ਵਾਪਰਦੇ ਹਨ, ਇਨ੍ਹਾਂ ਤੋਂ ਬਚਣ ਲਈ ਤੇਰੇ ਬਿਨਾਂ ਹੋਰ ਕਿੱਥੇ ਜਾਈਏ ਜੀ।

ਜਿਉ ਤੁਮ੍ਹ ਰਾਖਹੁ ਤਿਉ ਰਹਾ ਅਵਰੁ ਨਹੀਂ ਚਾਰਾ॥
ਨੀਧਰਿਆ ਧਰਿ ਤੇਰੀਆ ਇਕ ਨਾਮ ਅਧਾਰਾ ॥

ਸ਼ਬਦ ਦੀਆਂ ਇਨ੍ਹਾਂ ਪੰਕਤੀਆਂ ਵਿਚ ਸਤਿਗੁਰੂ ਪਿਤਾ ਜੀ ਕਹਿੰਦੇ ਹਨ, ਹੇ ਪ੍ਰਭੂ ਜੀ ਤੂੰ ਜਿਵੇਂ ਮੈਨੂੰ ਰੱਖਦਾ ਹੈਂ, ਮੈ ਓਸੇ ਤਰ੍ਹਾਂ ਹੀ ਰਹਿ ਸਕਦਾ ਹਾਂ। ਤੇਰੇ ਹੁਕਮ ਦੇ ਉਲਟ ਮੇਰਾ ਕੋਈ ਜ਼ੋਰ ਨਹੀਂ ਚੱਲ ਸਕਦਾ। ਹੇ ਮੇਰੇ ਮਿਹਰਬਾਨ ਪਿਤਾ ਪ੍ਰਭੂ ਜੀ ਤੂੰ ਹੀ ਨਿਓਟਿਆਂ ਦੀ ਓਟ ਹੈਂ ਜੀ, ਮੈਨੂੰ ਤਾਂ ਹੇ ਪ੍ਰਭ ਜੀ ਸਿਰਫ ਤੇਰੇ ਨਾਮ ਦਾ ਹੀ ਓਟ ਅਤੇ ਆਸਰਾ ਹੈ।

ਜੋ ਤੁਮ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ ॥
ਸਗਲ ਸਮਗ੍ਰੀ ਤੇਰੀਆ ਸਭ ਤੇਰੀ ਜੁਗਤਾ ॥

ਸਤਿਗੁਰੂ ਪਿਤਾ ਜੀ ਸ਼ਬਦ ਦੀਆਂ ਇਨ੍ਹਾ ਪੰਕਤੀਆਂ ਵਿਚ ਆਖਦੇ ਹਨ, ਹੇ ਪ੍ਰਭੂ ਜੋ ਕੁਝ ਤੂੰ ਕਰਦਾ ਹੈਂ ਉਸ ਨੂੰ ਜਿਹੜਾ ਮਨੁੱਖ ਆਪਣੇ ਭਲੇ ਵਾਸਤੇ ਹੋ ਰਿਹਾ ਮੰਨ ਲੈਂਦਾ ਹੈ, ਉਹ ਸਾਰੇ ਦੁੱਖਾਂ ਕਲੇਸ਼ਾਂ ਦੀ ਮਾਰ ਤੋਂ ਬਚ ਨਿਕਲਦਾ ਹੈ। ਹੇ ਮੇਰੇ ਪ੍ਰਭ, ਹੇ ਮੇਰੇ ਮਾਲਕ ਜੀ, ਜਗਤ ਦੇ ਸਾਰੇ ਪਦਾਰਥ ਤੇਰੇ ਹੀ ਬਣਾਏ ਹੋਏ ਹਨ, ਸਾਰੀ ਸਮੱਗਰੀ ਤੇਰੀ ਹੀ ਮਰਿਆਦਾ ਵਿਚ ਚੱਲ ਰਹੀ ਹੈ ਜੀ,

ਚਰਨ ਪਖਾਰਉ ਕਰਿ ਸੇਵਾ ਜੇ ਠਾਕੁਰ ਭਾਵੈ ॥
ਹੋਹੁ ਕ੍ਰਿਪਾਲ ਦਇਆਲ ਪ੍ਰਭ ਨਾਨਕੁ ਗੁਣ ਗਾਵੈ ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਬੇਨਤੀ ਕਰਦੇ ਹਨ, ਹੇ ਪ੍ਰਭੂ ਜੀ, ਹੇ ਮਾਲਕ ਜੀ, ਜੇ ਤੈਨੂੰ ਚੰਗਾ ਲੱਗੇ, ਤਾਂ ਮੈਂ ਤੇਰੀ ਸੇਵਾ ਭਗਤੀ ਕਰਕੇ ਤੇਰੇ ਚਰਨਾਂ ਨੂੰ ਧੋਂਦਾ ਰਹਾਂ ਭਾਵ ਹਉਮੈ ਨੂੰ ਤਿਆਗ ਕੇ ਤੇਰੇ ਦਰ 'ਤੇ ਡਿੱਗਾ ਰਹਾਂ ਜੀ। ਹੇ ਮਿਹਰਬਾਨ ਪ੍ਰਭੂ ਪਿਤਾ ਜੀ ਦਇਆਵਾਨ ਹੋਵੋ, ਕਿਰਪਾ ਕਰੋ ਤਾਂ ਕਿ ਤੇਰੀ ਦਇਆ ਅਤੇ ਕਿਰਪਾ ਨਾਲ ਤੇਰਾ ਦਾਸ ਨਾਨਕ ਤੇਰੇ ਗੁਣ ਗਾਂਦਾ ਰਹੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

## ਤਿੰਨ ਪੱਤਰਕਾਰ

ਰੱਬ ਦੇ ਫਰਿਸ਼ਤੇ ਤਿੰਨ ਪੱਤਰਕਾਰਾਂ ਦੀਆਂ ਰੂਹਾਂ ਕੱਢ ਕੇ ਅੱਜ ਹੀ ਧਰਤੀ ਤੋਂ ਮੁੜੇ ਸਨ ਅਤੇ ਹੁਣ ਪਾਪ-ਪੁੰਨ ਵਾਲੀ ਕਤਾਰ ਵਿਚ ਉਨ੍ਹਾਂ ਨੂੰ ਖੜ੍ਹਾ ਕਰ ਰਹੇ ਸਨ। ਚਿੱਤਰਗੁਪਤ ਆਪਣਾ ਵਹੀ ਖਾਤਾ ਖੋਲ੍ਹ ਕੇ ਸਭ ਦਾ ਹਿਸਾਬ-ਕਿਤਾਬ ਕਰਨ ਵਿੱਚ ਰੁੱਝਿਆ ਹੋਇਆ ਸੀ। ਪਹਿਲੇ ਪੱਤਰਕਾਰ ਦੀ ਵਾਰੀ ਆਈ ਉਸ ਨੂੰ ਸਵਰਗ ਦਾ ਦੁਆਰ ਮਿਲਿਆ, ਉਸ ਨੇ ਜ਼ਿੰਦਗੀ ਵਿੱਚ ਬੜੇ ਨੇਕ ਕੰਮ ਖੱਟੇ ਸਨ। ਹੁਣ ਆਪਣੇ ਕਰਮਾਂ ਦਾ ਫਲ ਪਾਉਣ ਲਈ ਦੂਜਾ ਪੱਤਰਕਾਰ ਅੱਗੇ ਵਧਿਆ ਉਸ ਦੇ ਮੱਥੇ ਵੱਲ ਦੇਖ ਕੇ ਚਿੱਤਰ ਗੁਪਤ ਹੱਸ ਪਿਆ ਇਹ ਪੱਤਰਕਾਰ ਨੈਸ਼ਨਲ ਮੀਡੀਆ ਦਾ ਪੱਤਰਕਾਰ ਸੀ। ਚਿਤਰਗੁਪਤ ਬੋਲਿਆ ਮੈਂ ਸੁਣਿਆ ਸੀ ਤੂੰ ਇਕੱਲਾ ਹੀ ਐਸਾ ਪੱਤਰਕਾਰ ਏਜਿਹੜਾ ਬਾਕੀਆਂ ਵਾਂਗ ਵਿਕਾਊ ਨਹੀਂ ਬਣਿਆ ਸੀ ਅਤੇ ਜ਼ੁਲਮੀ ਹਕੂਮਤ ਨਾਲ ਸਿੱਧੀ ਟੱਕਰ ਲੈਣ ਵਿੱਚ ਕਦੇ ਵੀ ਨ੍ਹੀਂ ਕਤਰਾਉਂਦਾ ਸੀ। ਮੈਂ ਸੁਣਿਆ ਸਮੇਂ ਸਮੇਂ ਨਾਲ ਤੁਹਾਡੇ ਚੈਨਲ ਨੂੰ ਵੀ ਬੰਦ ਕਰ ਦਿੱਤਾ ਜਾਂਦਾ ਸੀ। ਇਸ ਪੱਤਰਕਾਰ ਨੂੰ ਵੀ ਬੜੇ ਆਦਰ ਨਾਲ ਸਵਰਗਾਂ ਦੇ ਵਿੱਚ ਭੇਜਿਆ ਗਿਆ। ਹੁਣ ਵਾਰੀ ਸੀ ਤੀਜੀ ਬੀਬੀ ਪੱਤਰਕਾਰ ਦੀ ਚਿੱਤਰਗੁਪਤ ਨੇ ਇੱਕ ਅਜੀਬ ਇੱਛਾ ਜ਼ਾਹਿਰ ਕੀਤੀ। ਬੋਲਿਆ ਬੀਬੀ ਮੈਨੂੰ ਤੇਰਾ ਲੇਖਾ-ਜੋਖਾ ਨਜ਼ਰ ਨਹੀਂ ਆ ਰਿਹਾ, ਮੇਹਰਬਾਨੀ ਹੋਵੇਗੀ ਜੇ ਤੂੰ ਆਪਣੇ ਬਾਰੇ ਜਾਂ ਆਪਣੇ ਕੀਤੇ ਚੰਗੇ-ਮੰਦੇ ਕੰਮਾਂ ਬਾਰੇ ਆਪ ਹੀ ਦੱਸ ਦੇਵੇਂ। ਪੱਤਰਕਾਰ ਬੀਬੀ ਇਕੋ ਈ ਸਾਹ 'ਚ ਬੋਲਣ ਲੱਗ ਪਈ। ਕਹਿੰਦੀ ਮੈਂ ਹਿੰਦੂ-ਸਿੱਖ ਮੁਸਲਿਮ-ਈਸਾਈ ਨੂੰ ਹਮੇਸ਼ਾ ਜੋੜਿਆ ਏ, ਮੈਂ ਹਮੇਸ਼ਾ ਸੱਚ ਦੇ ਨਾਲ ਹੀ ਖੜ੍ਹੀ ਹਾਂ। ਕਦੇ ਵੀ ਕਿਸੇ ਫਰੇਬੀ ਇਨਸਾਨ ਦਾ ਸਾਥ ਨਹੀਂ ਦਿੱਤਾ, ਮੈਂ ਅੰਨ ਉਗਾਉਣ ਵਾਲੇ ਕਿਸਾਨਾਂ ਨੂੰ ਕਦੇ ਅੱਤਵਾਦੀ ਵੀ ਨਹੀਂ ਕਿਹਾ। ਇੰਨੇ ਨੂੰ ਗੁੱਸੇ ਵਿੱਚ ਧਰਮਰਾਜ ਵੀ ਬੋਲ ਉਠੇ, ਕਹਿੰਦੇ ਬਸ ਬਸ ਬੀਬੀ ਏਨਾ ਝੂਠ ਨਾ ਬੋਲੋ ਇਹ ਸਾਡੀ ਹੱਕ-ਸੱਚ ਦੀ ਕਚਹਿਰੀ ਏ ਤੁਹਾਡਾ ਨਿਊਜ਼ ਚੈਨਲ ਨਹੀਂ, ਪਤਾ ਤੇ ਸਾਨੂੰ ਤੇਰਾ ਸਭ ਸੀ ਅਸੀਂ ਤਾਂ ਬਸ ਚੈਕ ਹੀ ਕਰਦੇ ਪਏ ਸੀ

ਲੋਕਾਂ ਨੂੰ ਬੇਵਕੂਫ਼ ਬਣਾਉਣ ਵਾਲੀ ਅੱਜ ਰੱਬ ਨੂੰ ਬਖ਼ਸ਼ਦੀ ਹੈ ਕਿ ਨਹੀਂ?

*-ਮਨਦੀਪ ਖਾਨਪੁਰੀ*

# ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਦੇ ਅਰਥ

ਜਿਹੜੀ ਗੱਲ ਮੀਡੀਆ ਕਦੇ ਸ਼ਰੇਆਮ ਸਵੀਕਾਰ ਨਹੀਂ ਕਰ ਸਕਦਾ, ਉਹ ਇਹ ਹੈ ਕਿ ਪਿਛਲੇ ਕਈ ਸਾਲਾਂ ਦੌਰਾਨ ਦੁਨੀਆ ਦੇ ਸਭ ਤੋਂ ਵੱਡੇ ਸ਼ਾਂਤਮਈ ਜਮਹੂਰੀ ਅੰਦੋਲਨ ਨੇ ਜ਼ਬਰਦਸਤ ਜਿੱਤ ਦਰਜ ਕੀਤੀ ਹੈ ਤੇ ਇਹ ਅੰਦੋਲਨ ਅਜਿਹੇ ਵਕਤ ਵਿਚ ਸ਼ੁਰੂ ਹੋਇਆ ਸੀ ਜਦੋਂ ਦੇਸ਼ ਅੰਦਰ ਕੋਵਿਡ-19 ਮਹਾਮਾਰੀ ਦਾ ਖੌਫ ਸਿਰ ਚੁੱਕ ਰਿਹਾ ਸੀ। ਇਹ ਅਜਿਹੀ ਜਿੱਤ ਹੈ ਜੋ ਆਪਣੀ ਵਿਰਾਸਤ ਨੂੰ ਨਾਲ ਲੈ ਕੇ ਚਲਦੀ ਹੈ। ਹਰ ਕਿਸਮ ਦੇ ਮਰਦ-ਔਰਤ ਕਿਸਾਨਾਂ, ਆਦਿਵਾਸੀ ਤੇ ਦਲਿਤ ਭਾਈਚਾਰਿਆਂ, ਸਭਨਾਂ ਨੇ ਆਜ਼ਾਦੀ ਲਈ ਦੇਸ਼ ਦੇ

**ਪੀ. ਸਾਈਨਾਥ**

ਇਸ ਸੰਘਰਸ਼ ਵਿਚ ਅਹਿਮ ਯੋਗਦਾਨ ਦਿੱਤਾ ਹੈ; ਤੇ ਸਾਡੀ ਆਜ਼ਾਦੀ ਦੇ 75ਵੇਂ ਸਾਲ ਮੌਕੇ ਦਿੱਲੀ ਦੀਆਂ ਬਰੂਹਾਂ ਤੇ ਬੈਠੇ ਕਿਸਾਨਾਂ ਨੇ ਉਸ ਮਹਾਨ ਸੰਘਰਸ਼ ਦੀ ਭਾਵਨਾ ਮੁੜ ਜਗਾ ਦਿੱਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਹੈ ਕਿ ਉਹ ਪਿਛਾਂਹ ਹਟ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅਜਿਹਾ ਤਾਂ ਕਰ ਰਹੇ ਹਨ ਕਿਉਂਕਿ ਉਨ੍ਹਾਂ ਦੀਆਂ 'ਸਭ ਕੋਸ਼ਿਸ਼ਾਂ ਦੇ ਬਾਵਜੂਦ ਕਿਸਾਨਾਂ ਦਾ ਇਕ ਤਬਕਾ ਮੰਨਣ ਲਈ ਤਿਆਰ ਨਹੀਂ ਹੈ।' ਖਿਆਲ ਰੱਖਣਾ, ਸਿਰਫ ਇਕ ਤਬਕੇ ਨੂੰ ਉਹ ਇਹ ਨਹੀਂ ਸਮਝਾ ਸਕੇ ਕਿ ਇਹ ਖੇਤੀ ਕਾਨੂੰਨ ਅਸਲ ਵਿਚ ਉਨ੍ਹਾਂ ਦੇ ਭਲੇ ਵਾਸਤੇ ਸਨ। ਇਸ ਇਤਿਹਾਸਕ ਸੰਘਰਸ਼ ਦੌਰਾਨ ਜਾਨਾਂ ਦੇ ਚੁੱਕੇ 700 ਦੇ ਕਰੀਬ ਕਿਸਾਨਾਂ ਬਾਰੇ ਉਨ੍ਹਾਂ ਇਕ ਸ਼ਬਦ ਨਹੀਂ ਬੋਲਿਆ।


ਕਿਸਾਨ ਹੁਣ ਉਹ ਤਬਕਾ ਤਾਂ ਬਣ ਗਏ ਹਨ ਜੋ ਮੋਦੀ ਦੇ ਤਲਿੱਸਮ ਨੂੰ ਮੰਨਣ ਤੋਂ ਝਿਜਕਦੇ ਹਨ ਜਾਂ ਮੰਨਣ ਤੋਂ ਇਨਕਾਰੀ ਹਨ। ਭਲਾ, ਉਨ੍ਹਾਂ ਨੂੰ ਮਨਾਉਣ ਦਾ ਤਰੀਕਾਕਾਰ ਕੀ ਸੀ? ਉਨ੍ਹਾਂ ਨੂੰ ਆਪਣੀ ਵਿਥਿਆ ਸੁਣਾਉਣ ਲਈ ਦਿੱਲੀ ਆਉਣ ਤੋਂ ਰੋਕ ਕੇ, ਸੜਕਾਂ ਤੇ ਟੋਏ ਪੁੱਟ ਕੇ ਅਤੇ ਕੰਡਿਆਲੀਆਂ ਤਾਰਾਂ ਲਾ ਕੇ, ਉਨ੍ਹਾਂ ਤੇ ਜਲ ਤੋਪਾਂ ਦੀਆਂ ਬੁਛਾੜਾਂ ਸੁੱਟ ਕੇ, ਉਨ੍ਹਾਂ ਦੇ ਤੰਬੂਆਂ ਦੀ ਘੇਰਾਬੰਦੀ ਕਰ ਕੇ ਉਨ੍ਹਾਂ ਨੂੰ ਅੱਗਾਂ ਲਾ ਕੇ, ਗੋਦੀ ਮੀਡੀਆ ਵਲੋਂ ਹਰ ਰੋਜ਼ ਕਿਸਾਨਾਂ ਨੂੰ ਭੰਡ ਕੇ, ਕਿਸਾਨਾਂ ਨੂੰ ਇਕ ਕੇਂਦਰੀ ਮੰਤਰੀ ਤੇ ਉਸ ਦੇ ਲੜਕੇ ਦੀਆਂ ਗੱਡੀਆਂ ਹੇਠ ਦਰੜ ਕੇ ਮਾਰ ਕੇ? ਕੀ ਸਰਕਾਰ ਦੀ ਸਮਝ ਵਿਚ ਸਮਝਾਉਣ ਦਾ ਇਹੀ ਤਰੀਕਾਕਾਰ ਹੁੰਦਾ ਹੈ? ਜੇ ਇਸ ਦੀ ਨਿਗਾਹ ਇਹੀ ਉਸ ਦੇ ਸਭ ਤੋਂ ਵਧੀਆ ਤਰੀਕੇ ਹਨ ਤਾਂ ਅਸੀਂ ਇਸ ਦੇ ਬਦਤਰੀਨ ਤਰੀਕੇ ਵੀ ਦੇਖਣਾ ਚਾਹਾਂਗੇ।

ਪ੍ਰਧਾਨ ਮੰਤਰੀ ਨੇ ਇਸੇ ਸਾਲ ਘੱਟੋ-ਘੱਟ ਸੱਤ ਵਿਦੇਸ਼ ਦੌਰੇ ਕੀਤੇ ਹਨ (ਹਾਲੀਆ ਦੌਰਾ ਗਲਾਸਗੋ ਜਲਵਾਯੂ ਸੰਮੇਲਨ ਦਾ ਸੀ) ਪਰ ਉਨ੍ਹਾਂ ਨੂੰ ਆਪਣੀ ਰਿਹਾਇਸ਼ ਤੋਂ ਕੁਝ ਕਿਲੋਮੀਟਰ ਦੂਰ ਦਿੱਲੀ ਦੀਆਂ ਬਰੂਹਾਂ ਤੇ ਬੈਠੇ ਹਜ਼ਾਰਾਂ ਕਿਸਾਨਾਂ ਕੋਲ ਜਾਣ ਦਾ ਕਦੇ ਕੋਈ ਵਕਤ ਨਹੀਂ ਮਿਲਿਆ। ਦੇਸ਼ ਦੇ ਕੋਨੇ ਕੋਨੇ ਤੋਂ ਲੋਕ ਕਿਸਾਨਾਂ ਦੇ ਪੰਡਾਲਾਂ ਵਿਚ ਪੁੱਜੇ ਹਨ। ਕੀ ਇਹ ਤਰੀਕਾ ਵਧੀਆ ਨਹੀਂ ਸੀ ਹੋਣਾ?

ਅੰਦੋਲਨ ਦੇ ਪਹਿਲੇ ਮਹੀਨੇ ਤੋਂ ਲੈ ਕੇ, ਮੀਡੀਆ ਤੇ ਹੋਰਨਾਂ ਲੋਕਾਂ ਵਲੋਂ ਮੇਰੇ ਤੇ ਸਵਾਲਾਂ ਦੀ ਬੁਛਾੜ ਕੀਤੀ ਜਾਂਦੀ ਰਹੀ ਕਿ ਕਿਸਾਨ ਕਿੰਨੀ ਕੁ ਦੇਰ ਡਟੇ ਰਹਿਣਗੇ? ਕਿਸਾਨਾਂ ਨੇ ਇਸ ਸਵਾਲ ਦਾ ਜਵਾਬ ਦਿੱਤਾ ਸੀ ਪਰ ਉਹ ਜਾਣਦੇ ਹਨ ਕਿ ਉਨ੍ਹਾਂ ਦੀ ਇਹ ਬੇਮਿਸਾਲ ਜਿੱਤ ਇਕ ਪਹਿਲਾ ਕਦਮ ਹੈ। ਤਿੰਨ ਕਾਨੂੰਨਾਂ ਦੀ ਮਨਸੂਖੀ ਦਾ ਮਤਲਬ ਹੈ ਕਿ ਉਨ੍ਹਾਂ ਦੀ ਧੌਣ ਤੇ ਟਿਕਿਆ ਕਾਰਪੋਰੇਟ ਦਾ ਬੂਟ ਹਟ ਗਿਆ ਹੈ ਪਰ ਐੱਮਐੱਸਪੀ ਤੇ ਖਰੀਦ ਨਾਲ ਜੁੜੀਆਂ ਹੋਰਨਾਂ ਸਮੱਸਿਆਵਾਂ ਦੇ ਚੌਖਟੇ ਦਾ ਨਾਤਾ ਆਰਥਿਕ ਨੀਤੀਆਂ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਦਾ ਨਿਬੇੜਾ ਅਜੇ ਬਾਕੀ ਹੈ।

ਕਿਸਾਨ ਅੰਦੋਲਨ ਸਿਰਫ ਦਿੱਲੀ ਦੀਆਂ ਹੱਦਾਂ ਤੀਕ ਸੀਮਤ ਨਹੀਂ ਸੀ ਸਗੋਂ ਇਸ ਦੀ ਗੂੰਜ ਕਰਨਾਟਕ, ਪੱਛਮੀ ਬੰਗਾਲ, ਮਹਾਰਾਸ਼ਟਰ ਅਤੇ ਹੋਰਨਾਂ ਸੂਬਿਆਂ ਵਿਚ ਵੀ ਪੈਂਦੀ ਰਹੀ ਹੈ ਤੇ ਇਸ ਦੀ ਟੀਸ ਦੇਸ਼ ਦੇ ਹਰ ਗਲੀ ਕੋਨੇ ਵਿਚ ਮਹਿਸੂਸ ਕੀਤੀ ਜਾਂਦੀ ਹੈ। ਮੋਦੀ ਦੇ ਐਲਾਨ ਨੇ ਦਰਸਾਇਆ ਹੈ ਕਿ ਆਖਿਰਕਾਰ ਉਨ੍ਹਾਂ ਇਨ੍ਹਾਂ ਕਾਰਕਾਂ ਨੂੰ ਚੰਗੀ ਤਰ੍ਹਾਂ ਜਾਣ ਲਿਆ ਹੈ। ਉਹ ਇਹ ਜਾਣ ਗਏ ਹਨ ਕਿ ਰਾਜਸਥਾਨ ਤੇ ਹਿਮਾਚਲ ਜਿਹੇ ਸੂਬਿਆਂ ਅੰਦਰ ਇਹ ਅੰਦੋਲਨ ਜ਼ੋਰ ਫੜ ਰਿਹਾ ਹੈ, ਉਥੇ ਕੁਝ ਵੱਡੀਆਂ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਮੀਡੀਆ ਵਲੋਂ ਵਲੋਂ ਆਪਣੇ ਦਰਸ਼ਕਾਂ ਅੱਗੇ ਇਹੀ ਰਾਗ ਅਲਾਪਿਆ ਜਾ ਰਿਹਾ ਸੀ ਕਿ ਕਿਸਾਨ ਅੰਦੋਲਨ ਦਾ ਅਸਰ ਪੰਜਾਬ ਤੇ ਹਰਿਆਣਾ ਤੱਕ ਹੀ ਸੀਮਤ ਹੈ ਤੇ ਉਨ੍ਹਾਂ ਦੇ ਵਿਸ਼ਲੇਸ਼ਣਾਂ ਵਿਚ ਇਸ ਨੂੰ ਕਾਰਕ ਗਿਣਿਆ ਹੀ ਨਹੀਂ ਜਾ ਰਿਹਾ ਸੀ। ਸੋਚ ਕੇ ਦੇਖੋ ਕਿ ਭਾਜਪਾ ਜਾਂ ਸੰਘ ਪਰਿਵਾਰ ਦੀ ਕੋਈ ਜਥੇਬੰਦੀ ਆਖਰੀ ਵਾਰ ਕਦੋਂ ਰਾਜਸਥਾਨ ਵਿਚ ਦੋ ਹਲਕਿਆਂ ਵਿਚ ਤੀਜੇ ਜਾਂ ਚੌਥੇ ਸਥਾਨ ਤੇ ਰਹੀ ਸੀ; ਜਾਂ ਫਿਰ ਹਿਮਾਚਲ ਪ੍ਰਦੇਸ਼ ਨੂੰ ਲੈ ਲਓ ਜਿਥੇ ਭਾਜਪਾ ਤਿੰਨ ਦੀਆਂ ਤਿੰਨ ਵਿਧਾਨ ਸਭਾ ਸੀਟਾਂ ਤੇ ਇਕ ਲੋਕ ਸਭਾ ਦੀ ਸੀਟ ਤੇ ਚਾਰੋਂ ਖਾਨੇ ਚਿੱਤ ਹੋ ਗਈ। ਹਰਿਆਣਾ ਵਿਚ ਕਾਂਗਰਸ ਨੇ ਕਿਸਾਨਾਂ ਦੇ ਮੁੱਦੇ ਤੇ ਅਸਤੀਫਾ ਦੇਣ ਵਾਲੇ ਅਭੈ ਚੌਟਾਲਾ ਦੇ ਖਿਲਾਫ ਉਮੀਦਵਾਰ ਖੜ੍ਹਾ ਕਰ ਦੇਣ ਦੀ ਗਲਤੀ ਕੀਤੀ। ਕਈ ਕੇਂਦਰੀ ਮੰਤਰੀਆਂ ਨੇ ਆ ਕੇ ਡੇਰਾ ਜਮਾ ਲਿਆ ਸੀ ਪਰ ਇਸ ਸਭ ਕਾਸੇ ਦੇ ਬਾਵਜੂਦ ਭਾਜਪਾ ਹਾਰ ਗਈ। ਕਾਂਗਰਸ ਉਮੀਦਵਾਰ ਦੀ ਜ਼ਮਾਨਤ ਜ਼ਬਤ ਹੋ ਗਈ ਹਾਲਾਂਕਿ ਉਹ ਚੌਟਾਲਾ ਨੂੰ ਪੈਣ ਵਾਲੀਆਂ ਕਾਫੀ ਵੋਟਾਂ ਲੈ ਗਿਆ।

ਇਨ੍ਹਾਂ ਤਿੰਨਾਂ ਸੂਬਿਆਂ ਅੰਦਰ ਕਿਸਾਨ ਅੰਦੋਲਨ ਦਾ ਅਸਰ ਮਹਿਸੂਸ ਕੀਤਾ ਗਿਆ ਹੈ ਪਰ ਕਾਰਪੋਰੇਟ ਦੇ ਪੈਰੋਕਾਰਾਂ ਨੇ ਅੱਖਾਂ ਮੀਚ ਰੱਖੀਆਂ ਹਨ ਪਰ ਪ੍ਰਧਾਨ ਮੰਤਰੀ ਇਹ ਸਮਝ ਗਏ



ਹਨ। ਪੱਛਮੀ ਉੱਤਰ ਪ੍ਰਦੇਸ਼ ਵਿਚ ਕਿਸਾਨ ਅੰਦੋਲਨ ਦੇ ਪ੍ਰਭਾਵ ਅਤੇ ਇਸ ਦੇ ਨਾਲ ਲਖੀਮਪੁਰ ਖੀਰੀ ਵਿਚ ਵਾਪਰੇ ਘਿਨਾਉਣੇ ਕਾਂਡ ਦੇ ਮੱਦੇਨਜ਼ਰ ਹੁਣ ਜਦੋਂ ਉਥੇ ਚੋਣਾਂ ਹੋਣ ਵਿਚ 90 ਕੁ ਦਿਨ ਬਚੇ ਹਨ ਤਾਂ ਉਨ੍ਹਾਂ ਨੂੰ ਇਹ 'ਚਾਨਣ' ਹੋ ਗਿਆ ਹੈ। ਜੇ ਵਿਰੋਧੀ ਧਿਰ ਇਹ ਤਾੜ ਸਕੇ ਤਾਂ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਭਾਜਪਾ ਸਰਕਾਰ ਨੂੰ ਇਸ ਸਵਾਲ ਦਾ ਜਵਾਬ ਦੇਣਾ ਪਵੇਗਾ ਕਿ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਦਾ ਕੀ ਬਣਿਆ? ਐੱਨਐੱਸਐੱਸ (ਨੈਸ਼ਨਲ ਸੈਂਪਲ ਸਰਵੇ 2018-19) ਤੋਂ ਪਤਾ ਲਗਦਾ ਹੈ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰਨਾ ਤਾਂ ਭੁੱਲ ਹੀ ਜਾਓ ਸਗੋਂ ਫਸਲੀ ਪੈਦਾਵਾਰ ਤੋਂ ਕਿਸਾਨਾਂ ਦੀ ਆਮਦਨ ਵਿਚ ਕਮੀ ਆਈ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਫਸਲਾਂ ਦੀ ਕਾਸ਼ਤ ਤੋਂ ਅਸਲ ਆਮਦਨ ਵਿਚ ਵੀ ਬਹੁਤ ਜ਼ਿਆਦਾ ਕਮੀ ਆਈ ਹੈ। ਖੇਤੀ ਕਾਨੂੰਨਾਂ ਦੀ ਮਨਸੂਖੀ ਦੀ ਨਿਸ਼ਚੇਪੂਰਨ ਮੰਗ ਮੰਨਵਾ ਕੇ ਕਿਸਾਨਾਂ ਦੀ ਮੱਲ ਕਿਤੇ ਵਡੇਰੀ ਹੈ। ਉਨ੍ਹਾਂ ਦੇ ਅੰਦੋਲਨ ਨੇ ਇਸ ਦੇਸ਼ ਦੀ ਰਾਜਨੀਤੀ ਤੇ ਗਹਿਰਾ ਅਸਰ ਪਾਇਆ ਹੈ; ਜਿਵੇਂ 2004 ਦੀਆਂ ਆਮ ਚੋਣਾਂ ਵਿਚ ਕੀਤਾ ਸੀ।

ਖੇਤੀਬਾੜੀ ਸੰਕਟ ਦੀ ਕਹਾਣੀ ਇੰਨੀ ਕੁ ਹੀ ਨਹੀਂ ਹੈ। ਇਹ ਉਸ ਸੰਕਟ ਦੇ ਵਡੇਰੇ ਮੁੱਦਿਆਂ ਤੇ ਲੜਾਈ ਦੇ ਨਵੇਂ ਗੇੜ ਦੀ ਸ਼ੁਰੂਆਤ ਹੈ। ਕਿਸਾਨੀ ਸੰਘਰਸ਼ ਕਾਫੀ ਲੰਮੇ ਸਮੇਂ ਤੋਂ ਚਲਦੇ ਆ ਰਹੇ ਹਨ। ਖ਼ਾਸਕਰ 2018 ਤੋਂ ਇਨ੍ਹਾਂ ਵਿਚ ਤੇਜ਼ੀ ਆ ਗਈ ਹੈ ਜਦੋਂ ਮਹਾਰਾਸ਼ਟਰ ਦੇ ਆਦਿਵਾਸੀ ਕਿਸਾਨਾਂ ਨੇ ਨਾਸਿਕ ਤੋਂ ਮੁੰਬਈ ਤੱਕ 182 ਕਿਲੋਮੀਟਰ ਲੰਮਾ ਪੈਦਲ ਮਾਰਚ ਕਰ ਕੇ ਸਮੁੱਚੇ ਦੇਸ਼ ਅੰਦਰ ਹਲਚਲ ਪੈਦਾ ਕੀਤੀ ਸੀ। ਉਦੋਂ ਵੀ ਅੰਦੋਲਨ ਬਾਰੇ 'ਅਰਬਨ ਨਕਸਲੀ', 'ਅਸਲ ਕਿਸਾਨ ਨਹੀਂ' ਵਰਗੇ ਲਕਬ ਦੇ ਕੇ ਇਸ ਨੂੰ ਦਰਕਿਨਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਜਿਉਂ ਜਿਉਂ ਕਿਸਾਨ ਅੱਗੇ ਵਧਦੇ ਗਏ, ਉਨ੍ਹਾਂ ਨੂੰ ਭੰਡਣ ਵਾਲਿਆਂ ਦੇ ਪੈਰ ਉਖੜਦੇ ਚਲੇ ਗਏ।

ਇਸ ਐਲਾਨ ਵਿਚ ਕਈ ਜਿੱਤਾਂ ਸਮਾਈਆਂ ਹੋਈਆਂ ਹਨ। ਕਿਸਾਨਾਂ ਨੇ ਇਕ ਜਿੱਤ ਕਾਰਪੋਰੇਟ ਮੀਡੀਆ ਤੇ ਵੀ ਦਰਜ ਕੀਤੀ ਗਈ ਹੈ ਜੋ ਕਿਸੇ ਵੀ ਪੱਖ ਤੋਂ ਛੋਟੀ ਨਹੀਂ ਹੈ। ਖੇਤੀ ਮੁੱਦਿਆਂ (ਤੇ ਕਈ ਹੋਰ ਮੁੱਦਿਆਂ ਤੇ ਵੀ) ਤੇ ਵੀ ਉਸ ਮੀਡੀਆ ਨੇ ਕਾਰਪੋਰੇਟ ਕੰਪਨੀਆਂ ਦੀਆਂ ਵਾਧੂ ਸਮੱਰਥਾ ਵਾਲੀਆਂ 'ਏਏਏ ਬੈਟਰੀਆਂ' ਬਣ ਕੇ ਕੰਮ ਕੀਤਾ ਹੈ। ਦਸੰਬਰ ਤੋਂ ਲੈ ਕੇ ਅਗਲੇ ਅਪਰੈਲ ਤੱਕ ਦੋ ਮਹਾਨ ਅਖ਼ਬਾਰਾਂ (ਜੋ ਰਾਜਾ ਰਾਮਮੋਹਨ ਰਾਏ ਵਲੋਂ ਸ਼ੁਰੂ ਕੀਤੇ ਗਏ ਸਨ) ਦੀ 200 ਸਾਲਾ ਵਰ੍ਹੇਗੰਢ ਪੈਣੀ ਹੈ ਅਤੇ ਜਿਨ੍ਹਾਂ ਨਾਲ ਹਕੀਕੀ ਰੂਪ ਵਿਚ ਅਖ਼ਬਾਰਾਂ ਵਿਚ ਭਾਰਤੀਆਂ ਦੀ ਮਾਲਕੀ ਅਤੇ ਗੁਲਾਮੀ ਦੀ ਪੀੜ ਮਹਿਸੂਸ ਕਰਨ ਵਾਲੀ ਪ੍ਰਕਾਸ਼ਨਾਵਾਂ ਦੀ ਸ਼ੁਰੂਆਤ ਹੋਈ ਸੀ। ਇਨ੍ਹਾਂ ਵਿਚੋਂ ਇਕ ਦਾ ਨਾਂ ਸੀ 'ਮਿਰਾਤ-ਉਲ-ਅਖ਼ਬਾਰ' ਜਿਸ ਨੇ ਕੋਮਿਲਾ (ਅੱਜ ਕੱਲ੍ਹ ਚਿਟਾਗਾਂਗ, ਬੰਗਲਾਦੇਸ਼ ਵਿਚ) ਦੇ ਇਕ ਜੱਜ ਦੇ ਹੁਕਮਾਂ ਤੇ ਪ੍ਰਤਾਪ ਨਰਾਇਣ ਦਾਸ ਨੂੰ ਕਤਲ ਕਰਨ ਦੇ ਕਾਂਡ ਨੂੰ ਬਾਕਮਾਲ ਢੰਗ ਨਾਲ ਬੇਨਕਾਬ ਕੀਤਾ ਸੀ। ਰਾਏ ਦੇ ਜ਼ਬਰਦਸਤ ਸੰਪਾਦਕੀਆਂ ਸਦਕਾ ਉਸ ਵੇਲੇ ਦੀ ਸੁਪਰੀਮ ਕੋਰਟ ਨੇ ਉਸ ਜੱਜ ਦੀ ਝਾੜ ਝੰਬ ਕੀਤੀ ਅਤੇ ਉਸ ਤੇ ਮੁਕੱਦਮਾ ਚਲਾਇਆ ਗਿਆ।

ਗਵਰਨਰ ਜਨਰਲ ਦਾ ਇਸ ਬਾਰੇ ਰੱਦੇਅਮਲ ਬਹੁਤ ਜ਼ਾਲਮਾਨਾ ਸੀ। ਉਸ ਨੇ ਘਿਨਾਉਣਾ ਨਵਾਂ ਪ੍ਰੈੱਸ ਆਰਡੀਨੈਂਸ ਜਾਰੀ ਕੀਤਾ ਜਿਸ ਦਾ ਮਕਸਦ ਪ੍ਰੈੱਸ ਦੀਆਂ ਲੇਲੜੀਆਂ ਕਢਵਾਉਣਾ ਸੀ। ਰਾਜਾ ਰਾਮਮੋਹਨ ਰਾਏ ਨੇ ਇਸ ਨੂੰ ਅਪਮਾਨਜਨਕ ਕਾਨੂੰਨ ਕਰਾਰ ਦਿੰਦਿਆਂ ਸਰਕਾਰ ਅੱਗੇ ਝੁਕਣ ਦੀ ਬਜਾਇ 'ਮਿਰਾਤ-ਉਲ-ਅਖ਼ਬਾਰ' ਬੰਦ ਕਰ ਦਿੱਤਾ ਅਤੇ ਹੋਰਨਾਂ ਪੱਤ੍ਰਿਕਾਵਾਂ ਜ਼ਰੀਏ ਆਪਣੀ ਲੜਾਈ ਜਾਰੀ ਰੱਖੀ।

ਉਹ ਸੀ ਦਲੇਰਾਨਾ ਪੱਤਰਕਾਰੀ; ਨਾ ਕਿ ਉਹ ਜੋ ਅਸੀਂ ਕਿਸਾਨੀ ਮੁੱਦਿਆਂ ਤੇ ਲਿਹਾਜ਼ੀ ਦਲੇਰੀ ਅਤੇ ਗਲਘੋਟੂ ਪੱਤਰਕਾਰੀ ਦਾ ਨਮੂਨਾ ਦੇਖਿਆ ਹੈ। ਇਨ੍ਹਾਂ ਅਖ਼ਬਾਰਾਂ ਦੇ ਨਾਮਾਲੂਮ ਸੰਪਾਦਕੀਆਂ ਵਿਚ ਕਿਸਾਨਾਂ ਪ੍ਰਤੀ ਹੇਜ ਦਿਖਾਇਆ ਜਾਂਦਾ ਹੈ ਜਦਕਿ ਦੂਜੇ ਕਾਲਮਾਂ ਵਿਚਲੇ ਲੇਖਾਂ ਵਿਚ ਉਨ੍ਹਾਂ ਨੂੰ ਅਜਿਹੇ ਅਮੀਰ ਕਿਸਾਨਾਂ ਦੀ ਸੰਗਿਆ ਦਿੱਤੀ ਜਾਂਦੀ ਹੈ ਜੋ ਅਮੀਰਾਂ ਲਈ ਸਮਾਜਵਾਦ ਚਾਹੁੰਦੇ ਹਨ।

ਕੀ ਇਨ੍ਹਾਂ ਪ੍ਰਕਾਸ਼ਨਾਵਾਂ ਵਿਚੋਂ ਕਿਸੇ ਨੇ ਵੀ ਇਹ ਆਪਣੇ ਪਾਠਕਾਂ ਨੂੰ ਕਿਸਾਨਾਂ ਤੇ ਕਾਰਪੋਰੇਟਾਂ ਵਿਚਕਾਰ ਬਣੀ ਕਸ਼ਮਕਸ਼ ਮੁਤੱਲਕ ਇਕ ਵਾਰ ਵੀ ਇਹ ਗੱਲ ਦੱਸੀ ਹੈ ਕਿ ਦੇਸ਼ ਦੀ ਮੁੱਖ ਕਾਰਪੋਰੇਟ ਕੰਪਨੀ ਮਾਲਕ ਦੀ ਨਿੱਜੀ ਦੌਲਤ 84.5 ਅਰਬ ਡਾਲਰ (ਫੋਰਬਸ 2021) ਪੰਜਾਬ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ (ਕਰੀਬ 85.5 ਅਰਬ ਡਾਲਰ) ਦੇ ਨੇੜੇ ਢੁਕ ਗਈ ਹੈ? ਕੀ ਉਨ੍ਹਾਂ ਕਦੇ ਤੁਹਾਨੂੰ ਇਹ ਦੱਸਿਆ ਹੈ ਕਿ ਸਿਖਰਲੀਆਂ ਦੋ ਕਾਰਪੋਰੇਟ ਕੰਪਨੀਆਂ ਦੀ ਕੁੱਲ ਦੌਲਤ ਪੰਜਾਬ ਜਾਂ ਹਰਿਆਣਾ ਦੀ ਕੁੱਲ ਘਰੇਲੂ ਪੈਦਾਵਾਰ ਤੋਂ ਜ਼ਿਆਦਾ ਹੈ।

ਦੇਸ਼ ਦੀ ਸਭ ਤੋਂ ਵੱਡੀ ਕਾਰਪੋਰੇਟ ਕੰਪਨੀ ਇਸ ਵੇਲੇ ਭਾਰਤ ਵਿਚ ਮੀਡੀਆ ਦੀ ਸਭ ਤੋਂ ਵੱਡਾ ਮਾਲਕ ਹੈ; ਤੇ ਜਿਹੜੇ ਮੀਡੀਆ ਤੇ ਇਸ ਕੰਪਨੀ ਦੀ ਮਾਲਕੀ ਨਹੀਂ ਹੈ, ਉਹ ਉਸ ਦੀ ਸਭ ਤੋਂ ਵੱਡਾ ਇਸ਼ਤਿਹਾਰਦਾਤਾ ਉਹੀ ਹੈ। ਇਨ੍ਹਾਂ ਦੋਵੇਂ ਕਾਰਪੋਰੇਟ ਮੋਹਰੀਆਂ ਦੀ ਜਾਇਦਾਦ ਬਾਰੇ ਅਕਸਰ ਪੜ੍ਹਨ ਸੁਣਨ ਨੂੰ ਮਿਲਦਾ ਹੈ ਪਰ ਉਸ ਦੀ ਸੁਰ ਨਚਾਰਾਂ ਵਾਲੀ ਹੁੰਦੀ ਹੈ। ਇਸ ਨੂੰ ਕਹਿੰਦੇ ਹਨ, ਕਾਰਪੋਰੇਟਾਂ ਦੀ ਝੋਲੀਚੁੱਕ ਪੱਤਰਕਾਰੀ; ਲੇਕਿਨ ਇਸ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਲੱਖਾਂ ਲੋਕ ਜਾਣਦੇ ਹਨ ਕਿ ਇਹ ਕਿਸ ਦੀ ਜਿੱਤ ਹੈ। ਪੰਜਾਬ ਦੇ ਲੋਕਾਂ ਦਾ ਦਿਲ ਅੰਦੋਲਨ ਦੇ ਪੰਡਾਲਾਂ ਵਿਚ ਬੈਠੇ ਯੋਧਿਆਂ ਨਾਲ ਧੜਕਦਾ ਹੈ ਜਿਨ੍ਹਾਂ ਨੇ ਦਿੱਲੀ ਦੀ ਤਪਾ ਦੇਣ ਵਾਲੀ ਗਰਮੀ, ਕਾਂਬਾ ਛੇੜ ਦੇਣ ਵਾਲੀ ਸਰਦੀ, ਤਾਬੜ-ਤੋੜ ਬਰਸਾਤਾਂ ਅਤੇ ਜ਼ਰ-ਖਰੀਦ ਮੀਡੀਆ ਦੇ ਮੂੰਹਜ਼ੋਰ ਹਮਲਿਆਂ ਨੂੰ ਸਾਹਮਣਾ ਕੀਤਾ ਸੀ।

ਤੇ ਸ਼ਾਇਦ ਸਭ ਤੋਂ ਅਹਿਮ ਗੱਲ ਇਹ ਹੈ ਕਿ ਅੰਦੋਲਨਕਾਰੀਆਂ ਨੇ ਜੋ ਹਾਸਲ ਕੀਤਾ ਹੈ, ਉਹ ਇਹ ਹੈ: ਹੋਰਨਾਂ ਤਬਕਿਆਂ ਦੇ ਲੋਕਾਂ ਨੂੰ ਸੰਘਰਸ਼ ਦੀ ਪ੍ਰੇਰਨਾ ਦਿੱਤੀ ਹੈ, ਅਜਿਹੀ ਸਰਕਾਰ ਦੇ ਖਿਲਾਫ ਜੋ ਆਪਣੇ ਵਿਰੋਧੀਆਂ ਨੂੰ ਜੇਲ੍ਹਾਂ ਵਿਚ ਤੁੰਨ ਕੇ ਰੱਖਦੀ ਹੈ, ਜਾਂ ਉਨ੍ਹਾਂ ਨੂੰ ਹੋਰਨਾਂ ਢੰਗਾਂ ਨਾਲ ਨਿਸ਼ਾਨਾ ਬਣਾਉਂਦੀ ਤੇ ਤੰਗ ਪ੍ਰੇਸ਼ਾਨ ਕਰਦੀ ਰਹਿੰਦੀ ਹੈ। ਜੋ ਗ਼ੈਰ ਕਾਨੂੰਨੀ ਸਰਗਰਮੀਆਂ (ਰੋਕਥਾਮ) ਕਾਨੂੰਨ (ਯੂਏਪੀਏ) ਤਹਿਤ ਪੱਤਰਕਾਰਾਂ ਸਣੇ ਨਾਗਰਿਕਾਂ ਦੀਆਂ ਥੋਕ ਵਿਚ ਗ੍ਰਿਫਤਾਰੀਆਂ ਕਰਦੀ ਹੈ ਅਤੇ ਆਰਥਿਕ ਅਪਰਾਧ ਦੀ ਆੜ ਹੇਠ ਆਜ਼ਾਦਾਨਾ ਮੀਡੀਆ ਤੇ ਛਾਪੇ ਮਾਰਦੀ ਰਹਿੰਦੀ ਹੈ।

ਇਹ ਮਹਿਜ਼ ਕਿਸਾਨਾਂ ਦੀ ਜਿੱਤ ਨਹੀਂ ਹੈ। ਇਹ ਸ਼ਹਿਰੀ ਆਜ਼ਾਦੀਆਂ ਅਤੇ ਮਨੁੱਖੀ ਹਕੂਕ ਦੀ ਲੜਾਈ ਦੀ ਜਿੱਤ ਹੈ। ਇਹ ਭਾਰਤੀ ਲੋਕਰਾਜ ਦੀ ਜਿੱਤ ਹੈ।

# ਅਲਵਿਦਾ ਵਿਨੋਦ ਦੂਆ...

ਟੈਲੀਵਿਜ਼ਨ ਬ੍ਰਾਡਕਾਸਟਿੰਗ ਪੱਤਰਕਾਰੀ ਦੀ ਬੁਲੰਦ, ਨਿੰਡਰ ਆਵਾਜ਼ ਖਾਮੋਸ਼ ਹੋ ਗਈ। ਵਿਨੋਦ ਦੂਆ ਭਾਰਤੀ ਪੱਤਰਕਾਰੀ ਦੀ ਐਸੀ ਸਲੀਕੇਦਾਰ ਆਵਾਜ਼ ਦਾ ਜੁਝਾਰੂ ਚਿਹਰਾ ਸੀ ਜਿਸ ਦੀ ਕੋਈ ਹੋਰ ਮਿਸਾਲ ਨਹੀਂ। ਉਹ ਹਮੇਸ਼ਾ ਲਾਈਵ ਰਹੇ ਤੇ ਕਰੋੜਾਂ ਲੋਕਾਂ ਦੇ ਮਨਪਸੰਦ ਬ੍ਰਾਡਕਾਸਟਰ ਬਣੇ ਰਹੇ। ਉਹ ਆਪਣੇ ਆਪ ਨੂੰ ਪੱਤਰਕਾਰ ਨਾਲੋਂ ਬ੍ਰਾਡਕਾਸਟਰ ਕਹਾਉਣਾ ਜ਼ਿਆਦਾ ਪਸੰਦ ਕਰਦੇ ਸਨ। ਉਨ੍ਹਾਂ ਭਾਰਤੀ ਟੈਲੀਵਿਜ਼ਨ ਦੇ ਇਤਿਹਾਸ ਵਿਚ ਕਈ ਨਵੇਂ ਪ੍ਰਯੋਗ ਕੀਤੇ। ਚੋਣ ਸਰਵੇਖਣ ਅਤੇ ਪੇਸ਼ਕਾਰੀ ਤੋਂ ਲੈ ਕੇ ਇਤਿਹਾਸ ਤੇ ਸਭਿਆਚਾਰ ਬਾਰੇ ਨਵੇਂ ਨਵੇਂ ਵੰਨ-ਸਵੰਨੇ ਵਿਸ਼ਿਆਂ ਦੀ ਪੇਸ਼ਕਾਰੀ

**ਡਾ. ਕ੍ਰਿਸ਼ਨ ਕੁਮਾਰ ਰੱਤੂ**
ਫੋਨ: +91-94787-30156

ਨਾਲ ਕਰੋੜਾਂ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ। ਉਨ੍ਹਾਂ ਦੇ ਅਚਾਨਕ ਖਤਮ ਹੋਏ 67 ਸਾਲਾ ਸਫ਼ਰ ਨੇ ਉਨ੍ਹਾਂ ਦੇ ਚਾਹੁਣ ਵਾਲਿਆਂ ਨੂੰ ਬੇਹੱਦ ਉਦਾਸ ਕੀਤਾ ਹੈ। ਜੁਲਾਈ ਵਿਚ ਜਦੋਂ ਕਰੋਨਾ ਕਾਲ ਵਿਚ ਉਨ੍ਹਾਂ ਦੀ ਪਤਨੀ ਚਿੰਨਾ ਦੀ ਮੌਤ ਹੋਈ ਸੀ, ਉਸ ਤੋਂ ਬਾਅਦ ਉਹ ਟੁੱਟ ਗਏ ਸਨ ਅਤੇ ਲਗਾਤਾਰ ਬਿਮਾਰ ਰਹੇ ਸਨ।

ਵਿਨੋਦ ਦੂਆ ਨੇ ਆਪਣੀ ਜ਼ਿੰਦਗੀ ਦੀ ਲੜਾਈ ਆਪਣੇ ਅੰਦਾਜ਼ ਵਿਚ ਅੰਤ ਤੱਕ ਲੜੀ। ਉਹ ਹੌਸਲੇਮੰਦ, ਭਰੋਸੇਮੰਦ ਤੇ ਬੇਹੱਦ ਮਜ਼ਾਕੀਆ ਤੇ ਚੰਗਾ ਗਾਉਣ ਵਾਲਾ ਦੋਸਤ ਸੀ। ਉਨ੍ਹਾਂ ਆਖਿਰੀ ਲੜਾਈ ਸਰਕਾਰ ਨਾਲ ਲੜੀ ਅਤੇ ਸੁਪਰੀਮ ਕੋਰਟ ਵਿਚ ਦੇਸ਼ਧ੍ਰੋਹ ਵਾਲਾ ਕੇਸ ਜਿੱਤ ਕੇ ਪੱਤਰਕਾਰਾਂ ਲਈ ਨਜ਼ੀਰ ਪੈਦਾ ਕੀਤੀ ਕਿ ਮੁਲਕ ਦੀ ਸਰਕਾਰ ਵਿਰੁੱਧ ਲਿਖਣ ਨਾਲ ਕੋਈ ਦੇਸ਼ਧ੍ਰੋਹੀ ਨਹੀਂ ਹੋ ਜਾਂਦਾ। ਦੋ ਧੀਆਂ ਡਾਕਟਰ ਅਤੇ ਕਾਮੇਡੀਅਨ, ਬਾਕੁਲ ਤੇ ਮਲਿਕਾ ਉਨ੍ਹਾਂ ਦੀ ਤਾਕਤ ਬਣ ਕੇ ਉਨ੍ਹਾਂ ਦੇ ਨਾਲ ਖੜ੍ਹੀਆਂ ਸਨ ਤੇ ਕਰੋੜਾਂ ਲੋਕਾਂ ਦੀਆਂ ਸ਼ੁਭ ਕਾਮਨਾਵਾਂ ਉਨ੍ਹਾਂ ਦੇ ਨਾਲ ਸਨ। ਉਹ ਯਾਰਾਂ ਦਾ ਯਾਰ ਸੀ। ਉਨ੍ਹਾਂ ਦੀ ਮੌਤ ਨਾਲ ਹੀ ਭਾਰਤੀ ਟੀਵੀ ਦੇ ਅਜਿਹੇ ਯੁੱਗ ਦਾ ਅੰਤ ਹੋ ਗਿਆ ਜਿਸ ਵਿਚ ਖੁਦਾਰੀ ਤੇ ਬੇਬਾਕੀ ਸੀ।

ਹੁਣ ਜਦੋਂ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਯਾਦ ਆਉਂਦਾ ਹੈ ਦਿੱਲੀ ਪਾਰਲੀਮੈਂਟ ਸਟਰੀਟ ਦਾ ਉਹ ਬ੍ਰਾਡਕਾਸਟਿੰਗ ਭਵਨ ਜਿੱਥੇ 1976 ਵਿਚ ਉਨ੍ਹਾਂ ਨਾਲ ਮੇਰੀ ਪਹਿਲੀ ਮੁਲਾਕਾਤ ਦਿੱਲੀ ਟੈਲੀਵਿਜ਼ਨ ਸਟੂਡੀਓ ਵਿਚ ਹੋਈ ਸੀ ਤੇ ਫਿਰ ਦੋਸਤੀ ਦਾ ਇਹ ਦਰਿਆ ਅੰਤ ਤੱਕ ਵਗਦਾ ਰਿਹਾ। ਉਦੋਂ ਜਲੰਧਰ ਦੂਰਦਰਸ਼ਨ, ਅੰਮ੍ਰਿਤਸਰ ਤੋਂ ਬ੍ਰਾਡਕਾਸਟ ਕੀਤਾ ਜਾਂਦਾ ਸੀ ਤੇ ਬਲੈਕ ਐਂਡ ਵ੍ਹਾਈਟ ਪ੍ਰੋਗਰਾਮ ਦਿੱਲੀ ਵਿਚ ਰਿਕਾਰਡ ਕੀਤੇ ਜਾਂਦੇ ਸਨ। ਨੌਜਵਾਨਾਂ ਲਈ ਪੰਜਾਬੀ ਵਿਚ ਪ੍ਰੋਗਰਾਮ ਮੈਂ ਅਤੇ ਵਿਨੋਦ ਕਰਦੇ ਸਾਂ। ਦੂਰਦਰਸ਼ਨ ਦੇ ਉਹ ਕੈਸੇ ਦਿਨ ਸਨ! ਫਿਰ ਮੈਂ ਭਾਰਤੀ ਪ੍ਰਸਾਰਨ ਸੇਵਾ ਵਿਚ ਆ ਗਿਆ ਅਤੇ ਵਿਨੋਦ ਦੂਆ ਨੇ ਦੂਰਦਰਸ਼ਨ, ਐਨਡੀਟੀਵੀ ਅਤੇ ਹੋਰ ਬਹੁਤ ਸਾਰੇ ਵੱਡੇ ਟੈਲੀਵਿਜ਼ਨ ਚੈਨਲਾਂ ਵਿਚ ਆਪਣੀ ਬੇਬਾਕ ਤੇ ਧਾਰਦਾਰ ਆਵਾਜ਼ ਨਾਲ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ।

ਉਨ੍ਹਾਂ ਟੈਲੀਵਿਜ਼ਨ ਤੇ ਨਵੇਂ ਪ੍ਰੋਗਰਾਮਾਂ ਦੀ ਐਂਕਰਿੰਗ ਕੀਤੀ ਤੇ ਚੋਣ ਵਿਸ਼ਲੇਸ਼ਣ ਦਾ ਨਵਾਂ ਰੰਗ ਦੂਰਦਰਸ਼ਨ ਅਤੇ ਐਨਡੀਟੀਵੀ ਤੋਂ ਪੇਸ਼ ਕੀਤਾ। ਇਹ 1981-1984 ਦੇ ਦਿਨ ਸਨ। ਅਟਲ ਬਿਹਾਰੀ ਵਾਜਪਾਈ ਜਦੋਂ ਬੱਸ ਯਾਤਰਾ ਤੇ



ਲਾਹੌਰ ਗਏ ਤਾਂ ਉਨ੍ਹਾਂ ਨੇ ਜੋ ਕੁਮੈਂਟਰੀ ਪੰਜਾਬੀ ਵਿਚ ਕੀਤੀ, ਉਹ ਅਜੇ ਤੱਕ ਲੋਕਾਂ ਨੂੰ ਯਾਦ ਹੈ। ਉਨ੍ਹਾਂ ਨੂੰ ਪਹਿਲੀ ਵਾਰੀ 1996 ਵਿਚ ਪੱਤਰਕਾਰੀ ਲਈ ਰਾਮਨਾਥ ਗੋਇਨਕਾ ਪੁਰਸਕਾਰ ਦਿੱਤਾ ਗਿਆ। ਇਹ ਪੁਰਸਕਾਰ ਪ੍ਰਾਪਤ ਕਰਨ ਵਾਲਾ ਉਹ ਪਹਿਲਾ ਇਲੈਕਟ੍ਰੌਨਿਕ ਮੀਡੀਆ ਬ੍ਰਾਡਕਾਸਟਰ ਸੀ। 2008 ਵਿਚ ਉਨ੍ਹਾਂ ਨੂੰ ਪਦਮਸ੍ਰੀ ਐਵਾਰਡ ਅਤੇ 2016 ਵਿਚ ਆਈਟੀਐੱਮ ਯੂਨੀਵਰਸਿਟੀ ਨੇ ਡੀਲਿਟ ਦੀ ਉਪਾਧੀ ਨਾਲ ਨਵਾਜ਼ਿਆ। ਉਨ੍ਹਾਂ ਨੂੰ 2017 ਵਿਚ ਰੈੱਡ ਇੰਕ ਐਵਾਰਡ ਵੀ ਮਿਲਿਆ।

ਵਿਨੋਦ ਦੂਆ ਨੂੰ ਥੀਏਟਰ ਦਾ ਵੀ ਬੜਾ ਸ਼ੌਕ ਸੀ। ਹੰਸਰਾਜ ਕਾਲਜ ਅਤੇ ਬਾਅਦ ਵਿਚ ਦਿੱਲੀ ਯੂਨੀਵਰਸਿਟੀ ਦੇ ਦਿਨਾਂ ਦੌਰਾਨ ਉਨ੍ਹਾਂ ਨੇ ਕਈ ਨਾਟਕ ਵੀ ਕੀਤੇ।

ਉਹ ਉਸ ਪੰਜਾਬ ਦਾ ਪੰਜਾਬੀ ਸੀ ਜਿਸ ਦੇ ਮਾਂ-ਬਾਪ ਨਬੀ ਕਰੀਮ (ਜ਼ਿਲ੍ਹਾ ਡੇਰਾ ਇਸਮਾਇਲ ਖਾਂ, ਖ਼ੈਬਰ ਪਖਤੂਨਖਵਾ, ਪਾਕਿਸਤਾਨ) ਵਿਚ ਰਹਿੰਦੇ ਸਨ ਤੇ ਉਥੋਂ 1947 ਵਿਚ ਦਿੱਲੀ ਸ਼ਰਨਾਰਥੀ ਬਣ ਕੇ ਆਪਣੇ ਪੈਰਾਂ ਤੇ ਖੜ੍ਹੇ ਹੋਏ ਸਨ। ਨੌਜਵਾਨ ਵਿਨੋਦ ਜੁਝਾਰੂ ਤੇ ਤਿੱਖੀ ਰੌਸ਼ਨੀ ਵਾਂਗ ਟੈਲੀਵਿਜ਼ਨ ਪਰਦੇ ਤੇ ਛਾ ਗਿਆ। ਉਸ ਨੇ ਭਾਰਤੀ ਭਾਸ਼ਾ ਤੇ ਸਭਿਆਚਾਰ ਨਾਲ ਜੁੜੇ 'ਪਰਖ' ਵਰਗੇ ਪ੍ਰੋਗਰਾਮ ਵਿਚ ਨੇਤਾਵਾਂ ਤੇ ਤਿੱਖੀਆਂ ਟਿੱਪਣੀਆਂ ਕੀਤੀਆਂ। ਉਨ੍ਹਾਂ ਨੂੰ ਪਤਾ ਸੀ ਕਿ ਅਜਿਹੀਆਂ ਤਿੱਖੀਆਂ ਟਿੱਪਣੀਆਂ, ਸਲੀਕੇਦਾਰ ਭਾਸ਼ਾ ਵਿਚ ਕਿਵੇਂ ਪਰੋਸਣੀਆਂ ਹਨ।

ਉਹ ਜਦੋਂ ਵੀ ਮਿਲਿਆ, ਠੇਠ ਪੰਜਾਬੀ ਵਿਚ ਗੱਲਾਂ ਕਰਦਾ ਅਤੇ ਬੇਪ੍ਰਵਾਹ ਅੰਦਾਜ਼ ਨਾਲ ਮਿਲਿਆ। ਵਿਨੋਦ ਦੀ ਮੌਤ ਤੇ ਉਸ ਦੀ ਧੀ ਮਲਿਕਾ ਨੇ ਇਕ ਪੋਸਟ ਵਿਚ ਉਨ੍ਹਾਂ ਦੇ ਦੇਹਾਂਤ ਨੂੰ ਇਕ ਯੁੱਗ ਦਾ ਅੰਤ ਕਿਹਾ ਹੈ ਪਰ ਮੈਂ ਜਾਣਦਾ ਹਾਂ, ਉਹ ਆਪਣੇ ਆਪ ਵਿਚ ਬ੍ਰਾਡਕਾਸਟਿੰਗ ਦੀ ਦੁਨੀਆ ਦਾ ਅਜਿਹਾ ਅਵਾਰਾ ਮਸੀਹਾ ਸੀ ਜਿਸ ਦੀ ਮਿਸਾਲ ਦੂਰ ਦੂਰ ਤੱਕ ਨਹੀਂ ਮਿਲਦੀ। ਮਲਿਕਾ ਨੇ ਵਿਨੋਦ ਬਾਰੇ ਭਾਵੁਕ ਹੋ ਕੇ ਲਿਖਿਆ ਹੈ ਕਿ ਆਪਣੇ ਪੇਸ਼ੇ ਅਤੇ ਬੱਚਿਆਂ ਲਈ ਉਹ ਡਟ ਕੇ ਲੜਾਈ ਲੜਦੇ ਰਹੇ।

ਟੈਲੀਵਿਜ਼ਨ ਦੀ ਦੁਨੀਆ ਵਿਚ ਵਿਚਰਦਿਆਂ ਤੇ ਇਸ ਪ੍ਰਸ਼ਾਸਕੀ ਢਾਂਚੇ ਦੀ ਵਾਗਡੋਰ ਸੰਭਾਲਦਿਆਂ ਮੈਂ ਕਹਿ ਸਕਦਾ ਹਾਂ ਕਿ ਅੱਜ ਦੇ ਦੌਰ ਵਿਚ ਵਿਨੋਦ ਦੂਆ ਵਰਗਾ ਹੌਸਲਾ ਕਿਸੇ ਕਿਸੇ ਵਿਚ ਹੀ ਹੈ, ਉਹ ਜ਼ਿੰਦਾਦਿਲ ਸ਼ਖਸੀਅਤ ਸੀ। ਉਨ੍ਹਾਂ ਦੇ ਪ੍ਰਸਿੱਧ ਪ੍ਰੋਗਰਾਮ 'ਜਨ ਗਨ ਮਨ ਕੀ ਬਾਤ-2019' ਵਿਚ ਉਸ ਨੇ ਨਵੇਂ ਪ੍ਰਯੋਗ ਕੀਤੇ ਪਰ ਉਨ੍ਹਾਂ ਖਿਲਾਫ਼ ਦੇਸ਼ਧ੍ਰੋਹ ਦਾ ਕੇਸ ਕਰਵਾ ਦਿੱਤਾ ਗਿਆ। ਉਨ੍ਹਾਂ ਸਰਕਾਰ ਦੀਆਂ ਜ਼ਿਆਦਤੀਆਂ ਨੂੰ ਬੇਪਰਦ ਕਰਨ ਲਈ ਖੜ੍ਹੇ 'ਵਾਇਰ' ਵਰਗੇ ਪੋਰਟਲ ਲਈ ਵੀ ਲਿਖਿਆ। ਅੰਤ ਵਿਚ ਉਸ ਨੇ ਯੂ-ਟਿਊਬ ਚੈਨਲ ਐੱਸਡਬਲਿਊ ਨਿਊਜ਼ ਵੀ ਸ਼ੁਰੂ ਕੀਤਾ। ਦਿੱਲੀ ਦੀ ਸ਼ਰਨਾਰਥੀ ਬਸਤੀ ਤੋਂ ਉੱਠਿਆ ਇਹ ਯੋਧਾ ਹਮੇਸ਼ਾ ਸੱਚ ਨਾਲ ਖੜ੍ਹਾ ਰਿਹਾ, ਤਾਂ ਹੀ ਹਬੀਬ ਨੇ ਆਪਣੇ ਸ਼ਰਧਾਂਜਲੀ ਸੁਨੇਹੇ ਵਿਚ ਕਿਹਾ ਹੈ ਕਿ ਉਹ ਮੁਲਕ ਦੇ ਕੁਝ ਅਜਿਹੇ ਪੱਤਰਕਾਰਾਂ ਵਿਚੋਂ ਸੀ ਜਿਸ ਵਿਚ ਰੀੜ੍ਹ ਦੀ ਹੱਡੀ ਅਜੇ ਬਚੀ ਹੋਈ ਸੀ।

ਸੱਚਮੁੱਚ ਵਿਨੋਦ ਦੂਆ ਅਜਿਹੀ ਸ਼ਖ਼ਸੀਅਤ ਸੀ ਜਿਸ ਨੇ ਆਪਣੇ ਖੇਤਰ ਵਿਚ ਸਿਖਰਾਂ ਛੂਹੀਆਂ। ਟੈਲੀਵਿਜ਼ਨ ਦੀ ਦੁਨੀਆ ਵਿਚ ਆਪਣੇ 42 ਸਾਲਾ ਸਫਰ ਦੀਆਂ ਯਾਦਾਂ ਵਿਚ ਮੈਂ ਵਿਨੋਦ ਦੂਆ ਨੂੰ ਦਿਲ ਦੇ ਬੇਹੱਦ ਕਰੀਬ ਪਾਇਆ ਹੈ। ਉਸ ਦੀ ਦੋਸਤੀ ਵਿਚ ਪੰਜਾਬੀ ਜ਼ਾਇਕੇ ਦਾ ਸਲੀਕਾ ਸੀ। ਤਦ ਹੀ ਤਾਂ ਮੈਂ ਉਸ ਨੂੰ ਪੰਜਾਬ ਦਾ ਬਟਰ ਚਿਕਨ ਜ਼ਾਇਕਾ ਕਹਿੰਦਾ ਹੁੰਦਾ ਸਾਂ। ਕੁਝ ਦੇਰ ਪਹਿਲਾਂ ਉਸ ਨੇ ਭਾਰਤੀ ਸਵਾਦਾਂ ਵਿਚ ਜ਼ਾਇਕਾ ਇੰਡੀਆ ਸ਼ੋਅ ਵੀ ਕੀਤਾ ਸੀ ਜੋ ਦੇਸ਼-ਵਿਦੇਸ਼ ਵਿਚ ਬੇਹੱਦ ਮਕਬੂਲ ਹੋਇਆ ਸੀ।

ਅਲਵਿਦਾ ਵਿਨੋਦ! ਤੂੰ ਸੱਚਮੁੱਚ ਬਹੁਤ ਯਾਦ ਆਵੇਂਗਾ।

# ਕਾਕੋਰੀ ਕਾਂਡ ਦੇ ਸ਼ਹੀਦਾਂ ਦੀ ਦਾਸਤਾਨ

ਭਾਰਤ ਨੂੰ ਬ੍ਰਿਟਿਸ਼ ਰਾਜ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਖਾਤਰ ਅਣਗਿਣਤ ਦੇਸ਼ ਭਗਤਾਂ ਨੇ ਅਸਹਿ ਤੇ ਅਕਹਿ ਤਸੀਹੇ ਝੱਲੇ ਤੇ ਆਪਣਾ ਸਭ ਕੁਝ ਦੇਸ਼ ਲਈ ਕੁਰਬਾਨ ਕਰ ਦਿੱਤਾ। ਇਸ ਸੰਘਰਸ਼ ਵਿਚ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ ਵਿਚ ਵੱਖ-ਵੱਖ ਆਜ਼ਾਦੀ ਲਹਿਰਾਂ ਚੱਲੀਆਂ, ਜਿਨ੍ਹਾਂ ਵਿਚ ਵੱਖ-ਵੱਖ ਧਰਮਾਂ, ਜਾਤਾਂ, ਜਮਾਤਾਂ ਦੇ ਸੂਰਬੀਰ ਦੇਸ਼-ਭਗਤਾਂ ਨੇ ਇਕੱਠੇ ਹੋ ਕੇ ਯੋਗਦਾਨ ਪਾਇਆ। ਅਜਿਹੀ ਹੀ ਇੱਕ ਅਜ਼ਾਦੀ ਲਹਿਰ ਸੀ, ਗ਼ਦਰ ਪਾਰਟੀ, ਜਿਸ ਦਾ ਆਰੰਭ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੌਰਾਨ ਭਾਰਤ ਤੋਂ ਬਾਹਰ ਕੈਨੇਡਾ ਤੇ ਅਮਰੀਕਾ ਦੀ ਧਰਤੀ 'ਤੇ ਰੋਜ਼ੀ-ਰੋਟੀ ਤੇ ਚੰਗੇ ਭਵਿੱਖ ਲਈ ਗਏ ਭਾਰਤੀਆਂ ਦੁਆਰਾ ਕੀਤਾ ਗਿਆ। ਇਨ੍ਹਾਂ ਵਿਚ ਬਹੁਗਿਣਤੀ ਪੰਜਾਬੀ ਸਿੱਖਾਂ ਦੀ ਸੀ। ਪਾਰਟੀ

**ਕੰਵਲਬੀਰ ਸਿੰਘ ਪੰਨੂ**
**ਫੋਨ: 9876698068**

ਦਾ ਮੁੱਖ ਉਦੇਸ਼ ਭਾਰਤ ਦੀ ਮੁਕੰਮਲ ਆਜ਼ਾਦੀ ਅਤੇ ਗੈਰ-ਫਿਰਕੂ ਰਾਜ ਦੀ ਸਥਾਪਨਾ ਕਰਨਾ ਸੀ। ਇਹ ਉਹ ਸਮਾਂ ਸੀ, ਜਦੋਂ ਕਾਂਗਰਸ ਪਾਰਟੀ ਆਜ਼ਾਦੀ ਦੀ ਥਾਂ ਕੁਝ ਰਿਆਇਤਾਂ ਦੀ ਭੀਖ ਹੀ ਮੰਗ ਰਹੀ ਸੀ ਤੇ ਇਸ ਨੇ ਡੇਢ ਦਹਾਕੇ ਬਾਅਦ ਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਸੀ।

ਗ਼ਦਰੀ ਦੇਸ਼ ਭਗਤਾਂ ਨੂੰ 1915 ਵਿਚ ਭਾਵੇਂ ਪੂਰੀ ਕਾਮਯਾਬੀ ਨਾ ਮਿਲ਼ੀ ਪਰ ਉਨ੍ਹਾਂ ਦੁਆਰਾ ਸ਼ੁਰੂ ਕੀਤੀ ਗਈ ਲਹਿਰ ਸਮੇਂ ਨਾਲ ਰੰਗ ਲਿਆਈ। ਗਦਰੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੇ ਝੱਲੇ ਕਸ਼ਟਾਂ ਨੇ ਭਾਰਤੀ ਲੋਕਾਂ ਅੰਦਰ ਪੂਰਨ ਆਜ਼ਾਦੀ ਦੀ ਮੱਧਮ ਹੋ ਚੁੱਕੀ ਭਾਵਨਾ ਨੂੰ ਚਿੰਗਾਰੀ ਲਾ ਕੇ ਤੇਜ਼ ਕਰ ਦਿੱਤਾ, ਨਤੀਜੇ ਵਜੋਂ ਕ੍ਰਾਂਤੀਕਾਰੀ ਨੌਜਵਾਨਾਂ ਨੇ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਸੰਗਠਨ ਕਾਇਮ ਕਰ ਕੇ ਅੰਗਰੇਜ਼ੀ ਸਰਕਾਰ ਵਿਰੁੱਧ ਹਥਿਆਰਬੰਦ ਕਾਰਵਾਈਆਂ ਰਾਹੀਂ ਸੰਘਰਸ਼ ਕੀਤਾ ਤੇ ਹੱਸਦੇ ਹੋਏ ਫਾਂਸੀਆਂ ਦੇ ਰੱਸੇ ਗਲਾਂ ਵਿਚ ਪਾਏ। ਅਜਿਹਾ ਹੀ ਇਕ ਸੰਗਠਨ ਸੀ 'ਹਿੰਦੋਸੰਤਾਨ ਰੀਪਬਲਿਕਨ ਐਸੋਸੀਏਸ਼ਨ'। 1928 'ਚ ਇਸ ਦਾ ਨਾਂ ਬਦਲ ਕੇ 'ਹਿੰਦੋਸੰਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ' ਹੋ ਗਿਆ ਸੀ। ਇਸ ਸੰਗਠਨ ਨੇ 1936 ਤਕ ਅੰਗਰੇਜ਼ਾਂ ਵਿਰੁੱਧ ਮਹੱਤਵਪੂਰਨ ਕਾਰਵਾਈਆਂ ਕੀਤੀਆਂ ਤੇ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਮਜਬੂਰ ਕਰ ਦਿੱਤਾ। ਇਸ ਸੰਗਠਨ ਦੀ ਇਕ ਮਹੱਤਵਪੂਰਨ ਕਾਰਵਾਈ 9-10 ਅਗਸਤ 1925 ਦੀ ਰਾਤ ਨੂੰ ਕਾਕੋਰੀ ਦੇ ਲਾਗੇ ਰੇਲਗੱਡੀ ਨੂੰ ਰੋਕ ਕੇ ਸਰਕਾਰੀ ਖਜ਼ਾਨਾ ਲੁੱਟਣ ਦੀ ਸੀ, ਜਿਸ ਨੂੰ ਇਤਿਹਾਸ ਵਿਚ 'ਕਾਕੋਰੀ ਡਕੈਤੀ ਕਾਂਡ' ਕਿਹਾ ਜਾਂਦਾਂ ਹੈ। ਇਸ ਕਾਂਡ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ।

ਫਰਵਰੀ 1922 ਦੇ ਸ਼ੁਰੂ ਵਿਚ ਨਾ ਮਿਲਵਰਤਨ ਅੰਦੋਲਨ ਦੌਰਾਨ ਚੌਰਾ-ਚੌਰੀ ਦੀ ਘਟਨਾ ਵਿਚ ਮੁਜ਼ਾਹਰਾਕਾਰੀ ਕਿਸਾਨ ਮਾਰੇ ਗਏ ਤਾਂ ਮਹਾਤਮਾ ਗਾਂਧੀ ਨੇ ਅੰਦੋਲਨ ਬੰਦ ਕਰਨ ਦਾ ਐਲਾਨ ਕਰ ਦਿੱਤਾ। ਇਸ ਸੰਬੰਧੀ ਕਾਂਗਰਸ ਵਰਕਿੰਗ ਕਮੇਟੀ ਨਾਲ ਕੋਈ ਸਲਾਹ ਨਾ ਕੀਤੀ ਗਈ। ਗਾਂਧੀ ਜੀ ਦੇ ਇਸ ਫੈਸਲੇ ਦਾ ਜ਼ੋਰਦਾਰ ਵਿਰੋਧ 1922 ਦੇ ਕਾਂਗਰਸ ਪਾਰਟੀ ਦੇ ਗਯਾ ਸੰਮੇਲਨ ਦੌਰਾਨ ਰਾਮ ਪ੍ਰਸਾਦ ਬਿਸਮਿਲ ਤੇ ਸਾਥੀਆਂ ਨੇ ਕੀਤਾ। ਗਾਂਧੀ ਜੀ ਨੇ ਆਪਣਾ ਫੈਸਲਾ ਵਾਪਸ ਨਾ ਲਿਆ, ਜਿਸ ਦੇ ਨਤੀਜੇ ਵਜੋਂ ਕਾਂਗਰਸ ਦੋ ਧੜਿਆਂ ਵਿਚ ਵੰਡੀ ਗਈ। ਨੌਜਵਾਨਾਂ ਨੇ ਰਾਮ ਪ੍ਰਸਾਦ ਬਿਸਮਿਲ ਤੇ ਸਚਿੰਦਰ ਨਾਥ ਸਨਿਹਾਲ ਦੀ ਲੀਡਰਸ਼ਿਪ ਹੇਠ ਆਪਣਾ ਕ੍ਰਾਂਤੀਕਾਰੀ ਦਲ ਕਾਇਮ ਕਰ ਲਿਆ। 1923 ਵਿਚ ਇਨ੍ਹਾਂ ਨੇ ਲਾਲਾ ਹਰਦਿਆਲ ਤੇ ਹੋਰ ਬੰਗਾਲੀ ਕ੍ਰਾਂਤੀਕਾਰੀਆਂ ਨਾਲ ਮਿਲ ਕੇ ਪਾਰਟੀ ਦਾ ਸੰਵਿਧਾਨ ਬਣਾ ਲਿਆ। 3, ਅਕਤੂਬਰ 1924 ਨੂੰ ਕਾਨਪੁਰ ਵਿਚ ਇਸ ਦਲ ਦੀ ਵਿਸ਼ੇਸ਼ ਇਕੱਤਰਤਾ ਸਚਿੰਦਰ ਨਾਥ ਸਨਿਹਾਲ ਦੀ ਚੇਅਰਮੈਨਸ਼ਿਪ ਹੇਠ ਹੋਈ। ਸਚਿੰਦਰ ਨਾਥ ਉਹ ਕ੍ਰਾਂਤੀਕਾਰੀ ਨੌਜਵਾਨ ਸੀ, ਜਿਹੜੇ ਬਨਾਰਸ ਸਾਜ਼ਿਸ਼ ਕੇਸ ਵਿਚ 1914 ਤੋਂ 1920 ਤਕ ਅੰਡੇਮਾਨ ਦੀ ਸੈਲੂਲਰ ਜੇਲ੍ਹ 'ਚ ਕਾਲੇ ਪਾਣੀ ਦੀ ਸਜ਼ਾ ਕੱਟ ਕੇ ਆਏ ਸਨ। ਉਥੇ ਉਨ੍ਹਾਂ ਦਾ ਮੇਲ ਗਦਰੀ ਦੇਸ਼ ਭਗਤਾਂ ਬਾਬਾ ਸੋਹਣ ਸਿੰਘ ਭਕਨਾ, ਬਾਬਾ ਵਿਸਾਖਾ ਸਿੰਘ ਆਦਿ ਨਾਲ ਹੋ ਚੁੱਕਾ ਸੀ। ਉਨ੍ਹਾਂ ਨੇ ਜੇਲ੍ਹ ਅੰਦਰ ਗਦਰੀ ਦੇਸ਼ ਭਗਤਾਂ ਨੂੰ ਅੰਗਰੇਜ਼ ਅਧਿਕਾਰੀਆਂ ਵਲੋਂ ਦਿੱਤੇ ਜਾ ਰਹੇ ਤਸੀਹਿਆਂ ਨੂੰ ਅੱਖੀਂ ਦੇਖਿਆ ਤੇ ਹੰਢਾਇਆ ਸੀ। ਕਾਨਪੁਰ ਦੀ ਮੀਟਿੰਗ ਦੌਰਾਨ ਇਸ ਕ੍ਰਾਂਤੀਕਾਰੀ ਦਲ ਦਾ ਨਾਂ 'ਹਿੰਦੋਸੰਤਾਨ ਰਿਪਬਲਿਕਨ ਐਸੋਸੀਏਸ਼ਨ' ਰੱਖਿਆ ਗਿਆ। ਸਚਿੰਦਰ ਨਾਥ ਸਨਿਹਾਲ ਤੇ ਯੋਗੇਸ਼ ਚੈਟਰਜੀ ਨੂੰ ਪਾਰਟੀ ਦੇ ਵਿਸਥਾਰ ਦੀ ਜ਼ਿੰਮੇਵਾਰੀ ਦਿੱਤੀ ਗਈ। ਛੇਤੀ ਹੀ ਆਗਰਾ, ਕਾਨਪੁਰ, ਲਖਨਊ, ਅਲਾਹਬਾਦ, ਬਨਾਰਸ, ਸਹਾਰਨਪੁਰ ਤੇ ਸ਼ਾਹਜਾਨਪੁਰ ਆਦਿ ਸ਼ਹਿਰਾਂ ਵਿਚ ਪਾਰਟੀ ਦੀਆਂ ਸ਼ਾਖਾਵਾਂ ਕਾਇਮ ਹੋ ਗਈਆਂ। ਪਾਰਟੀ ਦੇ ਪ੍ਰਮੁੱਖ ਮੈਂਬਰ ਰਾਮ ਪ੍ਰਸਾਦ ਬਿਸਮਿਲ, ਸ. ਭਗਤ ਸਿੰਘ, ਸੁਖਦੇਵ, ਰੋਸ਼ਨ ਸਿੰਘ, ਰਾਜਿੰਦਰ ਲਹਿਰੀ, ਅਸ਼ਫਾਕ ਉੱਲਾ ਖਾਂ ਆਦਿ ਸਨ।

ਜਨਵਰੀ 1925 ਵਿਚ ਪਾਰਟੀ ਨੇ ਘੋਸ਼ਣਾ ਪੱਤਰ ਜਾਰੀ ਕੀਤਾ, ਜਿਸ ਵਿਚ ਭਾਰਤ ਦੀ ਮੁਕੰਮਲ ਆਜ਼ਾਦੀ ਲਈ ਹਥਿਆਰਬੰਦ ਕ੍ਰਾਂਤੀ ਦਾ ਐਲਾਨ ਕੀਤਾ ਗਿਆ।

ਕ੍ਰਾਂਤੀਕਾਰੀਆਂ ਨੂੰ ਆਪਣੇ ਸੰਘਰਸ਼ ਲਈ ਹਥਿਆਰ ਖ੍ਰੀਦਣ ਲਈ ਪੈਸੇ ਦੀ ਲੋੜ ਸੀ। ਇਸ ਕੰਮ ਲਈ ਜਥੇਬੰਦੀ ਵੱਲੋਂ ਸ਼ਾਹੂਕਾਰਾਂ ਜਾਂ ਅਤਿਆਚਾਰੀ ਜ਼ਿਮੀਂਦਾਰਾਂ ਨੂੰ ਲੁੱਟਣ ਦੀ ਬਜਾਏ ਸਰਕਾਰੀ ਖਜ਼ਾਨੇ ਨੂੰ ਲੁੱਟਣ ਨੂੰ ਪਹਿਲ਼ ਦਿੱਤੀ ਜਾਣ ਲੱਗੀ। ਇਸੇ ਯੋਜਨਾ ਤਹਿਤ ਰਾਜਿੰਦਰ ਲਹਿਰੀ ਵਾਰਾਨਸੀ ਤੋਂ, ਸਚਿੰਦਰ ਨਾਥ ਬਖਸ਼ੀ ਬੰਗਾਲ ਤੋਂ, ਚੰਦਰ ਸ਼ੇਖਰ ਆਜ਼ਾਦ ਊਨਾ ਤੋਂ, ਕੇਸ਼ਵ ਚਕਰਵਰਤੀ ਕਲਕੱਤੇ ਤੋਂ, ਬਨਵਾਰੀ ਲਾਲ ਰਾਏ ਬਰੇਲੀ ਤੋਂ, ਅਸਫਾਕ ਉੱਲਾ ਤੇ ਮੁਰਾਰੀ ਲਾਲ ਸ਼ਾਹਜਾਨਪੁਰ ਅਤੇ ਉਨ੍ਹਾਂ ਦਤ ਲੀਡਰ ਰਾਮ ਪ੍ਰਸਾਦ ਬਿਸਮਿਲ ਨੇ 9 ਅਗਸਤ, 1925 ਦੀ ਹਨੇਰੀ ਰਾਤ ਨੂੰ ਸਹਾਰਨਪੁਰ ਤੋਂ ਲਖਨਊ ਜਾ ਰਹੀ ਰੇਲਗੱਡੀ ਨੂੰ ਕਾਕੋਰੀ ਦੇ ਸਥਾਨ 'ਤੇ ਰੋਕ ਕੇ ਇਸ ਵਿਚ ਰੱਖਿਆ ਸਰਕਾਰੀ ਖਜ਼ਾਨਾ ਲੁੱਟ ਲਿਆ। 9 ਅਗਸਤ ਦੀ ਰਾਤ ਨੂੰ ਜਦੋਂ ਟਰੇਨ ਕਾਕੋਰੀ ਸਟੇਸ਼ਨ 'ਤੇ ਰੁਕੀ ਤਾਂ ਤਿੰਨ ਕ੍ਰਾਂਤੀਕਾਰੀ ਸਚਿੰਦਰ ਨਾਥ ਬਖਸ਼ੀ, ਅਸ਼ਫਾਕ ਉੱਲਾ ਖਾਂ ਤੇ ਰਾਜਿੰਦਰ ਲਹਿਰੀ ਟਿਕਟਾਂ ਲੈ ਕੇ ਸੈਕਿੰਡ ਕਲਾਸ ਵਿਚ ਤੇ ਬਾਕੀ ਤੀਸਰੇ ਦਰਜੇ ਵਿਚ ਸਵਾਰ ਹੋ ਗਏ। ਕਾਕੋਰੀ ਤੋਂ ਕੁਝ ਦੂਰ ਜਾਣ 'ਤੇ ਹੀ ਦੂਜੇ ਦਰਜੇ ਵਾਲਿਆਂ ਨੇ ਗੱਡੀ ਦੀ ਜ਼ੰਜੀਰ ਖਿੱਚ ਦਿੱਤੀ। ਗੱਡੀ ਰੁਕਣ 'ਤੇ ਸਾਰੇ ਕ੍ਰਾਂਤੀਕਾਰੀ ਗਾਰਡ ਦੇ ਡੱਬੇ ਕੋਲ ਗਏ ਤੇ ਡੱਬੇ ਵਿੱਚੋਂ ਖਜ਼ਾਨੇ ਵਾਲਾ ਸੰਦੂਕ ਹੇਠਾਂ ਸੁੱਟ ਲਿਆ। ਸ਼ੈਣੀਆਂ, ਹਥੌੜਿਆਂ ਨਾਲ ਸੰਦੂਕ ਨੂੰ ਤੋੜਨ ਲੱਗੇ ਪਰ ਸਫਲਤਾ ਨਾ ਮਿਲੀ। ਅੰਤ ਜ਼ੋਰਦਾਰ ਕੁਹਾੜੇ ਦੇ ਵਾਰ ਨਾਲ ਅਸ਼ਫਾਕ ਉੱਲਾ ਖਾਂ ਨੇ ਸੰਦੂਕ ਤੋੜ ਦਿੱਤਾ। ਕ੍ਰਾਂਤੀਕਾਰੀਆਂ ਦਾ ਉਦੇਸ਼ ਮੁਸਾਫਿਰਾਂ ਨੂੰ ਮਾਰਨਾ ਜਾਂ ਲੁਟਣਾ ਨਹੀਂ ਸੀ। ਦੋ ਕ੍ਰਾਂਤੀਕਾਰੀ ਰੇਲ ਲਾਈਨ ਤੋਂ ਦੂਰ ਘਾਹ ਵਿਚ ਖੜ੍ਹੇ ਹੋ ਕੇ ਪੰਜ ਪੰਜ ਮਿੰਟ ਬਾਅਦ ਗੋਲੀ ਚਲਾਉਂਦੇ ਰਹੇ। ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਜਦੋਂ ਤਕ ਸਾਹਮਣਿਓਂ ਕੋਈ ਗੋਲੀ ਨਾ ਚਲਾਵੇ, ਉਨਾਂ ਚਿਰ ਸਿੱਧੀ ਫਾਇਰਿੰਗ ਨਹੀਂ ਕਰਨੀ। ਖਜ਼ਾਨੇ ਵਾਲਾ ਸਦੂੰਕ ਤੋੜ ਕੇ 14000 ਰੁਪਏ ਦੀ ਰਕਮ ਨੂੰ ਤਿੰਨ ਪੰਡਾਂ ਵਿਚ ਬੰਨ੍ਹ ਕੇ ਇਹ ਕ੍ਰਾਂਤੀਕਾਰੀ ਨੌਜਵਾਨ ਬਿਨਾਂ ਰੋਕ ਟੋਕ ਲਖਨਊ ਵਲ ਚਲੇ ਗਏ। ਇਸ ਗੱਡੀ ਵਿਚ 14 ਮੁਸਾਫਿਰਾਂ ਕੋਲ ਰਾਈਫਲਾਂ ਸਨ ਤੇ ਦੋ ਅੰਗਰੇਜ਼ ਫੌਜੀ ਅਸਲੇ ਸਮੇਤ ਸਨ ਪਰ ਸਾਰੇ ਸ਼ਾਂਤ ਰਹੇ ਕਿਉਂਕਿ ਦਲ ਦੇ ਨੇਤਾ ਨੇ ਰੇਲਗੱਡੀ ਰੁਕਣ 'ਤੇ ਪਹਿਲਾਂ ਹੀ ਉੱਚੀ ਆਵਾਜ਼ ਵਿਚ ਕਹਿ ਦਿੱਤਾ ਸੀ ਕਿ "ਅਸੀਂ ਮੁਸਾਫਿਰਾਂ ਨੂੰ ਕੁਝ ਨਹੀਂ ਕਹਾਂਗੇ, ਸਿਰਫ ਸਰਕਾਰੀ ਖਜ਼ਾਨਾ ਹੀ ਲੈ ਕੇ ਜਾਵਾਂਗੇ ਕਿ ਉਹ ਗੱਡੀ ਤੋਂ ਹੇਠਾਂ ਨਾ ਉਤਰਨ'। ਇਸ ਤਰ੍ਹਾਂ ਦਸ ਨੌਜਵਾਨਾਂ, ਜਿਨ੍ਹਾਂ ਵਿਚੋਂ ਬਹੁਤਿਆਂ ਦੀ ਉਮਰ 20-22 ਸਾਲ ਸੀ, ਨੇ ਵੱਡੀ ਕਾਰਵਾਈ ਨੂੰ ਅੰਜ਼ਾਮ ਦਿੱਤਾ। ਸਧਾਰਨ ਲੋਕ ਸੋਚਦੇ ਸਨ ਕਿ ਇਸ ਕਾਰਵਾਈ ਵਿਚ ਘੱਟੋ-ਘੱਟ 40 ਵਿਅਕਤੀ ਸ਼ਾਮਲ ਹੋਣਗੇ।

ਕਈ ਦਿਨ ਤਕ ਪੁਲਿਸ ਨੂੰ ਇਸ ਘਟਨਾ ਦੀ ਕੋਈ ਉੱਘ-ਸੁੱਘ ਨਾ ਲੱਗੀ। ਅਖੀਰ ਇਕ ਮਹੀਨੇ ਪਿੱਛੋਂ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। 44 ਨੌਜਵਾਨ ਨੂੰ ਫੜਿਆ ਗਿਆ। ਅੰਤ 4 ਜਨਵਰੀ, 1926 ਨੂੰ ਕਾਰਵਾਈ ਸ਼ੁਰੂ ਹੋਈ। 15 ਨੌਜਵਾਨਾਂ ਨੂੰ ਪਹਿਲੀ ਪੁੱਛ-ਪੜਤਾਲ ਦੌਰਾਨ ਹੀ ਛੱਡ ਦਿੱਤਾ ਗਿਆ, ਦੋ ਵਾਅਦਾ ਮੁਆਫ ਬਣ ਗਏ। ਬਾਕੀ ਕ੍ਰਾਂਤੀਕਾਰੀਆਂ ਵਿਚੋਂ ਦੋ ਨੂੰ ਸਪੈਸ਼ਲ ਮੈਜਿਸਟਰੇਟ ਦੁਆਰਾ ਛੱਡ ਦਿੱਤਾ ਗਿਆ। 24 ਨੌਜਵਾਨਾਂ 'ਤੇ ਕੇਸ ਚਲਾਇਆ ਗਿਆ, ਜਿਨ੍ਹਾਂ ਵਿਚੋਂ ਚੰਦਰ ਸ਼ੇਖਰ ਆਜ਼ਾਦ, ਅਸ਼ਫਾਕ ਉੱਲਾ ਖਾਂ ਤੇ ਸਚਿੰਦਰ ਨਾਥ ਬਖਸ਼ੀ ਫਰਾਰ ਕਰਾਰ ਦਿੱਤੇ ਗਏ।

21 ਮਈ, 1926 ਨੂੰ ਮੁਕੱਦਮੇ ਦੀ ਸੁਣਵਾਈ ਲਖਨਊ ਸੈਸ਼ਨ ਕੋਰਟ ਦੇ ਸ਼ਪੈਸਲ ਜੱਜ ਕੋਲ ਸ਼ੁਰੂ ਹੋਈ। ਇਕ ਸਾਲ ਕੇਸ ਚੱਲਿਆ। 6 ਅਪਰੈਲ, 1927 ਨੂੰ ਵਿਸ਼ੇਸ਼ ਜੱਜ ਨੇ ਆਪਣੇ ਫੈਸਲੇ ਰਾਹੀਂ ਰਾਮ ਪ੍ਰਸਾਦ ਬਿਸਮਿਲ ਤੇ ਰਾਜਿੰਦਰ ਲਹਿਰੀ ਨੂੰ ਫਾਂਸੀ ਦੀ ਸਜ਼ਾ ਤੇ ਬਾਕੀਆਂ ਨੂੰ ਲ਼ੰਮੀ ਕੈਦ ਦੀਆਂ ਸਜ਼ਾਵਾਂ ਸੁਣਾਈਆਂ। ਹਰਿਗੋਵਿੰਦ ਤੇ ਸਚਿੰਦਰ ਨਾਥ ਬਖਸ਼ੀ ਛੱਡ ਦਿੱਤੇ। ਸੈਸ਼ਨ ਜੱਜ ਨੇ ਨਾਲ ਹੀ ਕਿਹਾ ਕਿ ਫਾਂਸੀ ਦੀ ਸਜ਼ਾ ਚੀਫ ਕੋਰਟ ਦੀ ਆਗਿਆ ਨਾਲ ਹੋਵੇਗੀ। ਏਸੇ ਸਮੇਂ ਦੌਰਾਨ ਅਸ਼ਫਾਕ ਉੱਲਾ ਖਾਂ ਤੇ ਸਚਿੰਦਰ ਨਾਥ ਬਖਸ਼ੀ ਵੀ ਫੜੇ ਗਏ। 22 ਅਗਸਤ, 1927 ਨੂੰ ਚੀਫ ਕੋਰਟ ਨੇ ਫੈਸਲਾ ਸੁਣਾ ਦਿੱਤਾ। ਰਾਮ ਪ੍ਰਸਾਦ ਬਿਸਮਿਲ, ਰਾਜਿੰਦਰ ਨਾਥ ਲਹਿਰੀ, ਅਸ਼ਫਾਕ ਉੱਲਾ ਖਾਂ ਤੇ ਰੋਸ਼ਨ ਸਿੰਘ ਨੂੰ ਫਾਂਸੀ ਦੀ ਸਜ਼ਾ ਤੇ ਯੋਗੇਸ਼ ਚੈਟਰਜੀ, ਗੋਵਿੰਦਚਰਨ ਕਾਰ, ਮੁਕੰਦੀਲਾਲ, ਸਚਿੰਦਰ ਨਾਥ ਸਨਿਹਾਲ ਨੂੰ ਉਮਰ ਕੈਦ, ਕਾਲੇ ਪਾਣੀ ਅਤੇ ਬਾਕੀ ਨੌਂ ਜਣਿਆਂ ਨੂੰ 5 ਤੋਂ 10 ਸਾਲ ਕੈਦ ਦੀ ਸਜ਼ਾ ਦਿੱਤੀ ਗਈ। ਲੋਕਾਂ ਵਿਚ ਬੜੀ ਬੇਚੈਨੀ ਫੈਲ ਗਈ। ਪ੍ਰਾਂਤਿਕ ਕੌਂਸ਼ਲਾਂ ਦੇ ਭਾਰਤੀ ਮੈਂਬਰਾਂ ਨੇ ਗਵਰਨਰ ਨੂੰ ਸਜ਼ਾ ਘੱਟ ਕਰਨ ਦੀਆਂ ਬੇਨਤੀਆਂ ਕੀਤੀਆਂ, ਪ੍ਰੀਵੀ ਕੌਂਸਲ ਕੋਲ ਪਹੁੰਚ ਕੀਤੀ ਗਈ ਪਰ ਕਿਤਿਓਂ ਕੋਈ ਰਾਹਤ ਨਾ ਮਿਲ਼ੀ।

ਅੰਤ 17 ਦਸੰਬਰ, 1927 ਦੇ ਦਿਨ ਰਾਜਿੰਦਰ ਨਾਥ ਲਹਿਰੀ ਗੌਂਡਾ ਜੇਲ੍ਹ ਵਿਚ ਅਤੇ ਦੋ ਦਿਨ ਬਾਅਦ 19 ਦਸੰਬਰ ਨੂੰ ਰੌਸ਼ਨ ਸਿੰਘ ਜੀ ਨੈਨੀ (ਅਲਾਹਾਬਾਦ), ਅਸ਼ਫਾਕ ਉੱਲਾ ਖਾਂ ਫੈਜ਼ਾਬਾਦ ਜੇਲ੍ਹ ਤੇ ਰਾਮ ਪ੍ਰਸਾਦ ਬਿਸਮਿਲ ਜੀ ਗੋਰਖਪੁਰ ਜੇਲ੍ਹ ਵਿਚ ਹੱਸਦੇ ਹੋਏ ਫਾਂਸੀ ਦੇ ਰੱਸਿਆਂ ਨੂੰ ਆਪਣੇ ਗਲਾਂ ਵਿਚ ਪਾ ਕੇ ਦੇਸ਼ ਦੀ ਆਜ਼ਾਦੀ ਖਾਤਿਰ ਆਪਣਾ ਆਪ ਕੁਰਬਾਨ ਕਰ ਕੇ ਆਪਣਾ ਕੀਤਾ ਵਾਅਦਾ ਨਿਭਾਅ ਗਏ:

ਅਪਨੇ ਹੀ ਹਾਥੋਂ ਸੇ ਸਿਰ ਕਟਾਨਾ ਹੈ ਹਮੇਂ,
ਮਾਦਰੇ ਹਿੰਦ ਕੋ ਸਰ ਭੇਟ ਚੜ੍ਹਾਨਾ ਹੈ ਹਮੇਂ।

ਲੋੜ ਹੈ ਅਜਿਹੇ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਦੀ, ਉਨ੍ਹਾਂ ਦੇ ਵਾਰਸਾਂ ਦੀ ਸਾਰ ਲੈਣ ਅਤੇ ਦੇਸ਼ ਪ੍ਰਤੀ ਲਏ ਗਏ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਰਲ-ਮਿਲ ਕੇ ਉਪਰਾਲੇ ਕਰਨ ਦੀ।

# ਗਾਇਕੀ 'ਚ ਸੱਚਮੁੱਚ ਪਾਰਸ ਸੀ ਕੁਲਦੀਪ ਪਾਰਸ

**ਬਰਸੀ 'ਤੇ ਵਿਸ਼ੇਸ਼**

ਕੁਲਦੀਪ ਪਾਰਸ ਦਾ ਜਨਮ 6 ਜਨਵਰੀ, 1962 ਨੂੰ ਰੋਪੜ ਜ਼ਿਲ੍ਹੇ ਦੇ ਪਿੰਡ ਰੋਲੂਮਾਜਰਾ ਵਿਖੇ ਪਿਤਾ ਬਲਵੀਰ ਸਿੰਘ ਦੇ ਘਰ ਮਾਤਾ ਲੱਛਮੀ ਦੇਵੀ ਦੀ ਕੁਖੋਂ ਹੋਇਆ। ਉਸ ਨੂੰ ਗਾਇਕੀ ਦੀ ਚੇਟਕ ਬਚਪਨ ਤੋਂ ਹੀ ਸੀ। ਪਾਰਸ ਦਾ ਪਹਿਲਾ ਐਲ.ਪੀ. ਰਿਕਾਰਡ 'ਯਾਰ ਮੇਰਾ ਸ਼ਰਾਬੀ' ਵਿਚਲਾ ਹਾਕਮ ਬਖਤੜੀਵਾਲਾ ਦਾ ਲਿਖਿਆ ਗੀਤ 'ਸਾਧ



ਦਾ ਨਾ ਟੈਮ ਲੰਘੇ ਭੰਗ ਤੋਂ ਬਿਨਾ' ਦੇ ਹਿੱਟ ਹੋਣ ਨਾਲ ਪਾਰਸ ਦੀ ਆਪਣੇ ਸਮਕਾਲੀ ਗਾਇਕਾਂ ਤੇ ਸਰੋਤਿਆਂ 'ਚ ਵੱਖਰੀ ਪਛਾਣ ਬਣ ਗਈ। ਸੰਗੀਤ ਸਮਰਾਟ

**ਅਮਰਬੀਰ ਸਿੰਘ ਚੀਮਾ**
**ਫੋਨ: 98889-40211**

ਚਰਨਜੀਤ ਆਹੂਜਾ ਦੇ ਸੰਗੀਤ ਹੇਠ 'ਗੱਲ ਮੁੱਕਦੀ ਆ ਕੇ ਦਾਰੂ 'ਤੇ' ਤੋਂ ਬਾਅਦ ਪਾਰਸ ਟੀਸੀ 'ਤੇ ਪਹੁੰਚ ਗਿਆ। ਆਪਣੇ ਨਾਂ ਵਾਂਗ ਸੱਚਮੁੱਚ ਗਾਇਕੀ ਦਾ ਪਾਰਸ ਹੀ ਸੀ ਕੁਲਦੀਪ ਪਾਰਸ।

ਉਸ ਨੇ ਹਰ ਰੰਗ ਦੇ ਗੀਤ ਗਾਏ। ਉਸ ਦੀਆਂ ਕੈਸਟਾਂ 'ਚ 'ਪਤਲੀਏ ਨਾਰੇ', 'ਪਿਆਰ ਕਰ ਲੈ', 'ਦਿਲ ਹੋਇਆ ਬੇਈਮਾਨ', 'ਇੱਕ ਕੁੜੀ ਮਜਾਜਨ', 'ਸੋਨੇ ਦਾ ਕੋਕਾ', 'ਤੂੰ ਕੁੜੀ ਅਮੀਰਾਂ ਦੀ', 'ਹੱਸਦੀ ਦੇ ਦੰਦ ਗਿਣਦਾ', 'ਹੁਸਨਾਂ ਦੀ ਚੋਰ ਕੁੜੀ', 'ਸ਼ਰਾਬੀਆਂ ਦੇ ਹਾਲ ਚੰਦਰੇ', 'ਟੋਟਾ ਚੰਨ ਦਾ', 'ਜਵਾਨੀ ਦੇ ਅਸੂਲ', 'ਦੁਨੀਆ ਚਾਲਬਾਜ਼', 'ਪਤਲੀ ਪਤੰਗ ਵਰਗੀ' ਆਦਿ ਜਿਕਰਯੋਗ ਹਨ। ਉਸ ਨੇ ਸੁਖਵੰਤ ਕੌਰ, ਊਸ਼ਾ ਕਿਰਨ, ਬਲਜਿੰਦਰ ਰਿੰਪੀ, ਰੁਪਿੰਦਰ ਰੂਪੀ, ਗੁਲਸ਼ਨ ਕੋਮਲ ਆਦਿ ਨਾਲ ਦੋਗਾਣੇ ਵੀ ਗਾਏ। ਉਸ ਨੇ ਮਿਰਜ਼ਾ ਸੰਗੋਵਾਲੀਆ, ਬੰਤ ਰਾਮਪੁਰੇ ਵਾਲਾ, ਪਾਲੀ ਦੇਤਵਾਲੀਆ, ਭੁਪਿੰਦਰ ਖਰਮੀ, ਬਲਵੀਰ ਸਿੰਘ ਗਰੇਵਾਲ, ਜੱਗਾ ਗਿੱਲ, ਹਾਕਮ



ਬਖਤੜੀਵਾਲਾ, ਰਣਧੀਰ ਧੀਰਾ ਦੇ ਲਿਖੇ ਜਿਆਦਾ ਗੀਤ ਗਾਏ।

ਕੁਲਦੀਪ ਪਾਰਸ ਚਮਕੀਲੇ ਦੇ ਬਹੁਤ ਨਜ਼ਦੀਕ ਸੀ। ਚਮਕੀਲੇ ਦੀ ਮੌਤ ਤੋਂ ਬਾਅਦ ਪਾਰਸ ਅਕਸਰ ਚਮਕੀਲੇ ਦੀ ਸਮਾਧ 'ਤੇ ਜਾ ਕੇ ਰੋਂਦਾ। ਕੁਲਦੀਪ ਪਾਰਸ ਦਾ ਉਸ ਸਮੇਂ ਦੇ ਵੱਡੇ ਹਿੱਟ ਗੀਤ 'ਛੱਲੇ ਮੁੰਦੀਆਂ' ਕਾਰਨ ਗਾਇਕ ਸੁਖਵਿੰਦਰ ਪੰਛੀ ਨਾਲ ਵਿਵਾਦ ਵੀ ਹੋਇਆ ਸੀ। ਗਾਇਕੀ ਦੇ ਖੇਤਰ 'ਚ ਧੁੰਮਾਂ ਪਾਉਂਦਿਆਂ ਪਾਰਸ ਕੈਂਸਰ ਦੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਿਆ ਅਤੇ 17 ਦਸੰਬਰ 2009 ਨੂੰ ਲੁਧਿਆਣਾ ਵਿਖੇ ਆਪਣੀ ਪਤਨੀ, ਪੁੱਤ ਤੇ ਲੱਖਾਂ ਚਾਹੁਣ ਵਾਲਿਆਂ ਨੂੰ ਛੱਡ ਦੁਨੀਆ ਤੋਂ ਰੁਖਸਤ ਹੋ ਗਿਆ।

# ਮਨੋਰੰਜਨ ਭਰੀ ਪਰਿਵਾਰਕ ਫ਼ਿਲਮ 'ਸ਼ਾਵਾ ਨੀ ਗਿਰਧਾਰੀ ਲਾਲ'

ਪੁਰਾਤਨ ਪੰਜਾਬੀ ਲੋਕ ਬੋਲੀਆਂ ਦੇ ਮਜ਼ਾਕੀਏ ਪਾਤਰ 'ਗਿਰਧਾਰੀ ਲਾਲ' ਬਾਰੇ ਕਈ ਸਾਲ ਪਹਿਲਾਂ ਗਾਇਕ ਮਲਕੀਤ ਦਾ ਗੀਤ 'ਮੇਰੇ ਨਾਲ ਨਾਲ ਚੱਲੇ ਨੀ ਗਿਰਧਾਰੀ ਲਾਲ..' ਬਹੁਤ ਪ੍ਰਚੱਲਿਤ ਹੋਇਆ ਸੀ। ਹੁਣ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ 'ਗਿਰਧਾਰੀ ਲਾਲ' ਬਾਰੇ ਇਕ ਫ਼ਿਲਮ ਲੈ ਕੇ ਆਇਆ ਹੈ 'ਸ਼ਾਵਾ ਨੀ ਗਿਰਧਾਰੀ ਲਾਲ'...। ਐਕਸ਼ਨ ਫ਼ਿਲਮ 'ਵਾਰਨਿੰਗ' ਤੋਂ ਬਾਅਦ ਹੁਣ ਗਿੱਪੀ ਗਰੇਵਾਲ ਦੀ ਇਹ ਫ਼ਿਲਮ ਹਾਸੇ ਮਜ਼ਾਕ ਦੇ ਨਾਲ-ਨਾਲ 1940 ਦੇ ਪੇਂਡੂ ਸਭਿਆਚਾਰ, ਰਸਮਾਂ-ਰਿਵਾਜ਼ਾਂ ਤੇ ਸਮਾਜਿਕ ਸਰੋਕਾਰਾਂ ਨਾਲ ਜੁੜੀ ਫ਼ਿਲਮ ਹੈ। ਸਾਂਝੇ ਪਰਿਵਾਰਾਂ ਦੀ ਪਿਰਤ ਨੂੰ ਦਰਸਾਉਂਦੀ ਇਹ ਫ਼ਿਲਮ ਵੱਡੇ ਪਰਿਵਾਰ ਦੇ ਇਕ 'ਝੱਲੇ' ਪੁੱਤਰ ਗਿਰਧਾਰੀ ਦੁਆਲੇ ਘੁੰਮਦੀ ਹੈ, ਜੋ ਪਿੰਡ ਦੇ ਹਰ ਛੋਟੇ-ਵੱਡੇ ਲਈ ਮਜ਼ਾਕ ਦਾ ਪਾਤਰ ਹੈ। ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਤੋਂ ਬੇਫਿਕਰ, ਮਸਤ-ਮੌਲੇ ਗਿਰਧਾਰੀ ਦਾ ਵਿਆਹ ਨਹੀਂ ਹੁੰਦਾ। ਇਹ ਇਕ ਸਧਾਰਨ ਕਿਸਮ ਦੇ ਛੜੇ ਬੰਦੇ ਦੇ ਹੁਸੀਨ ਸੁਪਨਿਆਂ ਦੀ ਕਹਾਣੀ ਹੈ, ਜਿਸ ਨੂੰ ਪਿੰਡ ਦੀਆਂ ਸਾਰੀਆਂ ਜਨਾਨੀਆਂ ਚੰਗੀਆਂ ਲੱਗਦੀਆਂ ਹਨ ਪਰ ਉਹ ਕਿਸੇ ਨੂੰ ਚੰਗਾ ਨਹੀਂ ਲੱਗਦਾ। ਆਪਣੇ ਆਪ ਨੂੰ ਚੰਗਾ ਵਿਖਾਉਣ ਲਈ ਗਿਰਧਾਰੀ ਲਾਲ ਜੋ ਸਕੀਮਾਂ ਘੜਦਾ ਹੈ, ਉਹ ਫ਼ਿਲਮ ਦੀ ਰੌਚਕਤਾ ਨੂੰ ਵਧਾਉਂਦੀਆਂ ਹਨ।

ਪੰਜਾਬੀ ਸਿਨੇਮੇ ਦੇ ਇਤਿਹਾਸ ਵਿਚ ਇਹ ਪਹਿਲੀ ਫ਼ਿਲਮ ਹੋਵੇਗੀ, ਜਿਸ ਵਿਚ ਤਿੰਨ ਦਰਜਨ ਤੋਂ ਵੱਧ ਨਾਮੀ ਕਲਾਕਾਰਾਂ ਨੇ ਕੰਮ ਕੀਤਾ ਹੈ। ਖ਼ਾਸ ਗੱਲ ਕਿ ਕਿਸੇ ਰਾਜੇ-ਮਹਾਰਾਜੇ ਵਾਂਗ ਹੀਰੋ ਗਿੱਪੀ ਗਰੇਵਾਲ ਦੀਆਂ ਸੱਤ ਹੀਰੋਇਨਾਂ ਹਨ। ਕਹਾਣੀ ਵਿਚ ਅਜਿਹੇ ਕਈ ਮੋੜ ਹਨ ਕਿ ਦਰਸ਼ਕਾਂ ਨੂੰ ਫੈਸਲਾ ਕਰਨਾ ਔਖਾ ਹੋ ਜਾਵੇਗਾ ਕਿ ਕਿਹੜੀ ਹੀਰੋਇਨ ਦਾ ਉਹ ਘੁੰਡ ਚੁੱਕੇਗਾ ਤੇ ਕਿਹੜੀ ਹੀਰੋਇਨ ਉਸ ਦਾ ਘਰ ਵਸਾਏਗੀ!

ਹੰਬਲ ਮੋਸ਼ਨ ਪਿਕਚਰਜ਼, ਪੂਜਾ ਐਂਟਰਟੇਨਮੈਂਟ ਤੇ ਓਮਜੀ ਸਟਾਰ ਸਟੂਡੀਓਜ਼



ਦੀ ਪੇਸ਼ਕਸ਼ ਇਸ ਫ਼ਿਲਮ ਵਿਚ ਗਿੱਪੀ ਗਰੇਵਾਲ, ਹਿਮਾਂਸ਼ੀ ਖੁਰਾਨਾ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਰਾਣਾ ਰਣਵੀਰ, ਸਰਦਾਰ ਸੋਹੀ, ਨੀਰੂ ਬਾਜਵਾ, ਯਾਮੀ ਗੌਤਮ, ਪਾਇਲ ਰਾਜਪੂਤ, ਸੁਰੀਲੀ ਗੌਤਮ, ਸਾਰਾ ਗੁਰਪਾਲ, ਤਨੂ ਗਰੇਵਾਲ, ਸੀਮਾ ਕੋਸ਼ਲ, ਪ੍ਰਭ ਗਰੇਵਾਲ, ਪਰਮਿੰਦਰ ਕੌਰ ਗਿੱਲ, ਰਾਜ ਧਾਲੀਵਾਲ, ਗੁਰਪ੍ਰੀਤ ਕੌਰ ਭੰਗੂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਫ਼ਿਲਮ ਦੀ ਕਹਾਣੀ ਨੂੰ ਗਿੱਪੀ ਗਰੇਵਾਲ ਨੇ ਲਿਖਿਆ ਹੈ ਅਤੇ ਡਾਇਲਾਗ ਤੇ ਸਕਰੀਨ ਪਲੇਅ ਰਾਣਾ ਰਣਬੀਰ ਨੇ ਲਿਖੇ ਹਨ। ਹੈਪੀ ਰਾਏਕੋਟੀ ਅਤੇ ਰਿੱਕੀ ਖਾਨ ਦੇ ਲਿਖੇ ਗੀਤਾਂ ਨੂੰ ਗਿੱਪੀ ਗਰੇਵਾਲ, ਸਤਿੰਦਰ ਸਰਤਾਜ, ਸੁਨਿਧੀ ਚੌਹਾਨ ਅਤੇ ਜੀ ਖਾਨ ਨੇ ਗਾਇਆ ਹੈ।

***-ਸੁਰਜੀਤ ਜੱਸਲ***
***ਫੋਨ: 98146-07737***

# ਇਰਫਾਨ ਅਤੇ ਰਿਜ਼ ਅਹਿਮਦ ਦੀ ਜੋੜੀ


ਇਰਫਾਨ ਖਾਨ


ਰਿਜ਼ ਅਹਿਮਦ

ਆਸਕਰ ਲਈ ਨਾਮਜ਼ਦ ਚਰਚਿਤ ਅਦਾਕਾਰ ਰਿਜ਼ ਅਹਿਮਦ ਦਾ ਕਹਿਣਾ ਹੈ ਕਿ 'ਦਿ ਵਾਰੀਅਰ', ਦਿ ਲੰਚਬਾਕਸ ਅਤੇ 'ਮਕਬੂਲ' ਵਰਗੀਆਂ ਫਿਲਮਾਂ ਨੇ ਉਸ ਨੂੰ ਇਰਫਾਨ ਖਾਨ ਦਾ ਪ੍ਰਸ਼ੰਸਕ ਹੀ ਨਹੀਂ, ਮੁਰੀਦ ਹੀ ਬਣਾ ਦਿੱਤਾ। ਚਰਚਿਤ ਫਿਲਮ 'ਸਾਊਂਡ ਆਫ ਮੈਟਲ' ਦਾ ਅਦਾਕਾਰ ਰਿਜ਼ ਅਹਿਮਦ ਇਸ ਤੋਂ ਪਹਿਲਾਂ ਵੀ ਕਈ ਵਾਰ ਇਰਫਾਨ ਲਈ ਆਪਣੀ ਮੁਹੱਬਤ ਦਾ ਇਜ਼ਹਾਰ ਕਰ ਚੁੱਕਾ ਹੈ। ਇਸ ਸਾਲ ਜਨਵਰੀ ਵਿਚ ਜਦੋਂ ਉਸ ਨੂੰ ਗੌਥਮ ਇਨਾਮ ਨਾਲ ਸਨਮਾਨਤ ਕੀਤਾ ਗਿਆ ਸੀ, ਉਦੋਂ ਵੀ ਉਸ ਨੇ ਆਪਣੇ ਸਨਮਾਨ-ਭਾਸ਼ਨ ਦੌਰਾਨ ਇਰਫਾਨ ਖਾਨ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ ਸਨ।

ਰਿਜ਼ ਅਹਿਮਦ ਮੁਤਾਬਿਕ, ਇਰਫਾਨ ਖਾਨ ਨੇ ਭਾਰਤੀ ਫਿਲਮ ਸਨਅਤ ਅਤੇ ਪੱਛਮ ਦੀ ਫਿਲਮ ਸਨਅਤ ਵਿਚਕਾਰ ਦੂਰੀਆਂ ਘਟਾਉਣ ਵਿਚ ਬਹੁਤ ਵੱਡਾ ਕਾਰਜ ਕੀਤਾ। ਇਹੀ ਨਹੀਂ, ਉਹ ਵਪਾਰਕ ਅਤੇ ਕਲਾ ਫਿਲਮਾਂ ਵਿਚਕਾਰ ਵੀ ਪੁਲ ਬਣਿਆ। ਭਾਸ਼ਾ ਦੀਆਂ ਸਰਹੱਦਾਂ ਵੀ ਉਸ ਨੇ ਪਾਰ ਕਰ ਲਈਆਂ। ਇਨ੍ਹਾਂ ਪੱਖਾਂ ਤੋਂ ਇਰਫਾਨ ਖਾਨ ਦੀ ਭੂਮਿਕਾ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕੇਗਾ। ਰਿਆਜ਼ ਕਹਿੰਦਾ ਹੈ, "ਮੈਨੂੰ ਨਹੀਂ ਲਗਦਾ ਕਿ ਇਰਫਾਨ ਵਰਗਾ ਕੋਈ ਹੋਰ ਜਿਊੜਾ ਹੈ। ਉਸ ਨੇ ਹਰ ਥਾਂ ਆਪਣੇ ਰੰਗਾਂ ਦਾ ਜਾਦੂ ਧੂੜਿਆ। ਉਸ ਨੇ ਸਾਨੂੰ ਦੁਨੀਆ ਨੂੰ ਸਮਝਣ ਦਾ ਇਕ ਖਿਆਲ ਦਿੱਤਾ। ਇਸ ਤੋਂ ਵੱਡੀ ਹੋਰ ਕਿਹੜੀ ਗੱਲ ਹੋ ਸਕਦੀ ਹੈ।"

ਯਾਦ ਰਹੇ ਕਿ ਪਾਕਿਸਤਾਨੀ ਮੂਲ ਦੇ ਬ੍ਰਿਟਿਸ਼ ਅਦਾਕਾਰ ਰਿਜ਼ ਅਹਿਮਦ ਨੇ 'ਦਿ ਰਿਲੱਕਟੈਂਟ ਫੰਡਾਮੈਂਟਲਿਸਟ', 'ਨਾਈਟਕ੍ਰਾਲਰ', 'ਰੋਅ ਵੰਨ', 'ਵੈਨਮ', 'ਦਿ ਸਿਸਟਰ ਬ੍ਰਦਰਜ਼', 'ਦਿ ਨਾਈਟ ਆਫ' ਵਰਗੀਆਂ ਫਿਲਮਾਂ ਨਾਲ ਆਪਣੀ ਬੱਲੇ-ਬੱਲੇ ਕਰਵਾਈ ਹੈ। ਉਸ ਮੁਤਾਬਿਕ ਇਰਫਾਨ ਖਾਨ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਦਸੇਰਾ ਹੈ। ਉਸ ਨੇ ਆਸ ਪ੍ਰਗਾਈ ਕਿ ਆਉਣ ਵਾਲੇ ਸਮੇਂ ਦੌਰਾਨ ਇਰਫਾਨ ਵਰਗੇ ਵਰਗੇ ਹੋਰ ਜਿਊੜੇ ਅੱਗੇ ਆਉਣਗੇ ਜਿਹੜੇ ਪੂਰਬ ਅਤੇ ਪੱਛਮ ਦੇ ਮੇਲ-ਮਿਲਾਪ ਨੂੰ ਹੋਰ ਗੂੜ੍ਹਾ ਕਰਨਗੇ। ਰਿਜ਼ ਦਾ ਜਨਮ ਪਹਿਲੀ ਦਸੰਬਰ 1982 ਦਾ ਹੈ। ਉਸ ਦਾ ਅਸਲ ਨਾਂ ਰਿਜ਼ਵਾਨ ਅਹਿਮਦ ਹੈ ਪਰ ਫਿਲਮੀ ਦੁਨੀਆ ਵਿਚ ਉਹ ਰਿਜ਼ ਅਹਿਮਦ ਵਜੋਂ ਹੀ ਮਸ਼ਹੂਰ ਹੋਇਆ ਹੈ। ਅੱਜ ਕੱਲ੍ਹ ਉਹ ਵੈਂਵਲੀ (ਲੰਡਨ, ਇੰਗਲੈਂਡ) ਵਿਚ ਰਹਿੰਦਾ ਹੈ। *-ਆਮਨਾ ਕੌਰ*

# ਨਿਮਰਾ: ਖੂਬਸੂਰਤ ਤੇ ਖੂਬਸੀਰਤ



ਨਿਮਰਾ ਖਾਨ ਪਾਕਿਸਤਾਨੀ ਅਦਾਕਾਰਾ ਹੈ ਅਤੇ ਅੱਜ ਕੱਲ੍ਹ 'ਜੀਓ ਐਂਟਰਟੇਨਮੈਂਟ' 'ਤੇ ਉਸ ਦਾ ਲੜੀਵਾਰ 'ਬਾਨੋ' ਨਸ਼ਰ ਹੋ ਰਿਹਾ ਹੈ ਜਿਸ ਲਈ ਉਸ ਦੀ ਅਦਾਕਾਰੀ ਦੀ ਖੂਬ ਤਾਰੀਫ ਹੋ ਰਹੀ ਹੈ। ਨਿਮਰਾ ਖਾਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2013 ਵਿਚ ਕਾਮੇਡੀ ਸੀਰੀਜ਼ 'ਕਿਸ ਦਿਨ ਮੇਰਾ ਵਿਆਹ ਹੋਵੇਗਾ' ਵਿਚ ਛੋਟੇ ਜਿਹੇ ਰੋਲ ਤੋਂ ਕੀਤੀ ਸੀ ਪਰ ਬਾਅਦ ਵਿਚ ਆਪਣੀ ਵਧੀਆ ਅਦਾਕਾਰੀ ਅਤੇ ਸੰਜੀਦਗੀ ਸਦਕਾ ਉਸ ਨੂੰ ਲੜੀਵਾਰਾਂ ਵਿਚ ਲੀਡ ਰੋਲ ਕਰਨ ਦਾ ਮੌਕਾ ਮਿਲਿਆ। ਇਨ੍ਹਾਂ ਲੜੀਵਾਰਾਂ ਵਿਚ 'ਮਿਹਰਬਾਨ', 'ਉੜਾਨ', 'ਖੂਬ ਸੀਰਤ', 'ਮੈਂ ਜੀਨਾ ਚਾਹਤੀ ਹੂੰ' ਸ਼ਾਮਿਲ ਹਨ। ਉਸ ਨੇ ਦੋ ਫਿਲਮਾਂ 'ਬਲਾਈਂਡ ਲਵ' (2016) ਅਤੇ 'ਮੁਝੇ ਖੁਦਾ ਪਰ ਯਕੀਨ ਹੈ' (2021) ਵਿਚ ਵੀ ਕੰਮ ਕੀਤਾ।

ਨਿਮਰਾ ਖਾਨ ਦੀ ਸ਼ੁਰੂਆਤ ਭਾਵੇਂ ਮੱਠੀ ਸੀ ਪਰ ਛੇਤੀ ਹੀ ਉਸ ਨੇ ਸਭ ਦਾ ਧਿਆਨ ਖਿੱਚ ਲਿਆ। 'ਖਵਾਬ ਤਾਬੀਰ' ਜੋ ਪੀ.ਟੀ.ਵੀ. ਤੋਂ ਨਸ਼ਰ ਹੋਇਆ, ਵਿਚ ਉਸ ਨੇ ਲੀਡ ਰੋਲ ਨਿਭਾਇਆ। ਇਹ ਲੜੀਵਾਰ 2014 ਵਿਚ ਆਇਆ ਸੀ। ਸਾਲ 2016 ਵਿਚ ਆਏ ਲੜੀਵਾਰ 'ਕੈਸੀ ਖੁਸ਼ੀ ਲੇਕਰ ਆਇਆ ਚਾਂਦ' ਨਾਲ ਉਸ ਦੀ ਅਦਾਕਾਰੀ ਦੀ ਪਛਾਣ ਗੂੜ੍ਹੀ ਹੋਈ। ਸਾਲ 2019 ਉਸ ਲਈ ਭਾਗਾਂਵਾਲਾ ਸਾਬਤ ਹੋਇਆ। ਇਸ ਸਾਲ ਏ.ਆਰ.ਵਾਈ. ਡਿਜੀਟਲ ਉਤੇ ਨਸ਼ਰ ਡਰਾਮੇ 'ਭੂਲ' ਨਾਲ ਉਸ ਨੇ ਬੁਲੰਦੀਆਂ ਛੋਹ ਲਈਆਂ। ਇਸ ਡਰਾਮੇ ਵਿਚ ਕੰਮ



ਲਈ ਨਿਮਰਾ ਖਾਨ ਦੀ ਰੱਜ ਕੇ ਤਾਰੀਫ ਹੋਈ। ਫਿਰ ਰਹਿੰਦੀ ਕਸਰ 'ਉੜਾਨ' ਨੇ ਕੱਢ ਦਿੱਤੀ।

ਨਿਮਰਾ ਖਾਨ ਦਾ ਜਨਮ ਕਰਾਚੀ ਵਿਚ 26 ਜੂਨ 1991 ਦਾ ਹੈ। ਅਪਰੈਲ 2020 ਵਿਚ ਉਸ ਨੇ ਵਿਆਹ ਕਰਵਾ ਲਿਆ। ਉਸ ਦਾ ਖਾਵੰਦ ਲੰਡਨ ਪੁਲਿਸ ਵਿਚ ਅਫਸਰ ਦੱਸੀਦਾ ਹੈ ਪਰ ਛੇਤੀ ਹੀ ਉਨ੍ਹਾਂ ਦੀ ਅਣਬਣ ਦੀਆਂ ਖਬਰਾਂ ਆਉਣ ਲੱਗ ਪਈਆਂ। ਫਿਰ ਉਨ੍ਹਾਂ ਦੇ ਤਲਾਕ ਦੀਆਂ ਖਬਰਾਂ ਫੈਲੀਆਂ। ਹੁਣ ਅਗਸਤ 2021 ਵਿਚ ਉਸ ਦੇ ਖਾਵੰਦ ਨੇ ਸਪਸ਼ਟ ਕੀਤਾ ਹੈ ਕਿ ਦੋਹਾਂ ਦਾ ਤਲਾਕ ਹੋ ਚੁੱਕਾ ਹੈ।

ਨਿਮਰਾ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਲੈਂਦੀ ਹੈ ਅਤੇ ਹਰ ਕਿਰਦਾਰ ਨਿਭਾਉਣ ਵੇਲੇ ਉਸ ਅੰਦਰ ਪੂਰੀ ਤਰ੍ਹਾਂ ਖੁਭ ਜਾਂਦੀ ਹੈ। ਉਸ ਦੇ ਚਰਚਿਤ ਲੜੀਵਾਰਾਂ ਵਿਚ 'ਸ਼ਰੀਕ-ਏ-ਹਯਾਤ', 'ਛੋਟੀ ਸੀ ਗਲਤਫਹਿਮੀ', 'ਮੇਰਾ ਖੁਦਾ', 'ਮੇਰੇ ਹਮਦਮ', 'ਰਿਸ਼ਤਾ ਸਾਜਨ ਕਾ', 'ਛੋਟੀ ਸੀ ਜ਼ਿੰਦਗੀ', 'ਬਾਗੀ', 'ਹਕੀਕਤ' ਸ਼ਾਮਿਲ ਹਨ। 13 ਦਸੰਬਰ ਨੂੰ 'ਜੀਓ ਐਂਟਰਟੇਨਮੈਂਟ' ਉਤੇ ਉਸ ਦਾ ਨਵਾਂ ਲੜੀਵਾਰ 'ਐ ਮੁਸ਼ਤ-ਏ-ਖਾਨ' ਸ਼ੁਰੂ ਹੋਇਆ ਹੈ। *-ਸਿਮਰਨ ਕੌਰ*

# ਅਸੀਂ ਵੀ ਕੁਝ ਹਾਂ: ਰਤਨਾ ਪਾਠਕ ਸ਼ਾਹ


ਪਿਛਲੇ ਕੁਝ ਸਮੇਂ ਦੌਰਾਨ 'ਕਪੂਰ ਐਂਡ ਸੰਨਜ਼', 'ਲਿਪਸਟਿਕ ਅੰਡਰ ਬੁਰਕਾ', 'ਥੱਪੜ' ਵਰਗੀਆਂ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਉਣ ਵਾਲੀ ਅਦਾਕਾਰਾ ਰਤਨਾ ਪਾਠਕ ਸ਼ਾਹ ਦਾ ਕਹਿਣਾ ਹੈ, "ਸਾਡੀਆਂ ਫਿਲਮਾਂ ਹੁਣ ਬਹੁਤ ਅਗਾਂਹ ਨਿੱਕਲ ਗਈਆਂ ਹਨ। ਨਵੀਆਂ ਫਿਲਮਾਂ ਦੇਖ ਕੇ ਲੱਗਦਾ ਹੈ ਕਿ ਅਸੀਂ ਵੀ ਕੁਝ ਹਾਂ ਅਤੇ ਸਾਡੀਆਂ ਫਿਲਮਾਂ ਦੀ ਇਸ ਹਿਸਾਬ ਨਾਲ ਵੁੱਕਤ ਵੀ ਪੈ ਰਹੀ ਹੈ। ਹੁਣ ਸਾਡਾ ਸਿਨੇਮਾ ਸੰਸਾਰ ਦੇ ਕਿਸੇ ਵੀ ਸਿਨੇਮਾ ਨਾਲ ਵਰ ਮੇਲ ਸਕਦਾ ਹੈ।"

ਰਤਨਾ ਨੇ ਹਿੰਦੀ ਅਤੇ ਅੰਗਰੇਜ਼ੀ ਨਾਟਕਾਂ ਵਿਚ ਬੜਾ ਉਮਦਾ ਕੰਮ ਕੀਤਾ ਹੈ। ਉਸ ਨੇ ਫਿਲਮਾਂ ਵੀ ਕੀਤੀਆਂ। 1985 ਵਿਚ ਉਹ ਘਰ-ਘਰ ਦੀ ਚਹੇਤੀ ਬਣ ਗਈ, ਜਦੋਂ ਦੂਰਦਰਸ਼ਨ ਉਤੇ ਲੜੀਵਾਰ 'ਇਧਰ ਉਧਰ' ਨਸ਼ਰ ਹੋਇਆ ਸੀ। ਇਸ ਨਾਟਕ ਵਿਚ ਰਤਨਾ ਪਾਠਕ ਅਤੇ ਉਸ ਦੀ ਸਕੀ ਭੈਣ ਸੁਪ੍ਰਿਯਾ ਪਾਠਕ ਨੇ ਮੁੱਖ ਕਿਰਦਾਰ ਨਿਭਾਏ ਸਨ। ਉਦੋਂ ਇਸ ਲੜੀਵਾਰ ਦੀਆਂ 12 ਕਿਸ਼ਤਾਂ ਨਸ਼ਰ ਹੋਈਆਂ ਸਨ ਪਰ 1997 ਵਿਚ ਇਸ ਲੜੀਵਾਰ ਦਾ ਦੂਜਾ ਸੀਜ਼ਨ ਪੇਸ਼ ਕੀਤਾ ਗਿਆ। ਇਉਂ ਇਸ ਦੀਆਂ ਕੁੱਲ 34 ਕਿਸ਼ਤਾਂ ਆਈਆਂ।

ਰਤਨਾ ਪਾਠਕ ਦਾ ਜਨਮ 18 ਮਾਰਚ 1957 ਦਾ ਹੈ। ਉਸ ਦੀ ਮਾਂ ਦੀਨਾ ਪਾਠਕ ਪ੍ਰਸਿੱਧ ਅਦਾਕਾਰਾ ਸੀ। ਰਤਨਾ ਨੇ ਉਘੇ ਅਦਾਕਾਰ ਨਸੀਰੂਦੀਨ ਸ਼ਾਹ ਨਾਲ ਵਿਆਹ ਕਰਵਾਇਆ। ਉਨ੍ਹਾਂ ਦੇ ਘਰ ਦੋ ਪੁੱਤਰ ਹਨ।

ਰਤਨਾ ਪਾਠਕ ਸ਼ਾਹ ਨੇ ਨਾਟਕਾਂ ਦੇ ਨਾਲ-ਨਾਲ ਫਿਲਮਾਂ ਵਿਚ ਵੀ ਕੰਮ ਕੀਤਾ। ਉਸ ਦੀ ਪਹਿਲੀ ਫਿਲਮ 'ਮੰਡੀ' ਸੀ। ਉਸ ਨੇ 'ਮਿਰਚ ਮਸਾਲਾ', 'ਪਹੇਲੀ', 'ਯੂੰ ਹੋਤਾ ਤੋ ਕਯਾ ਹੋਤਾ', 'ਅਲਾਦੀਨ', 'ਖੂਬਸੂਰਤ', 'ਕਪੂਰ ਐਂਡ ਸੰਨਜ਼', 'ਨਿਲ ਬਟੇ ਸੰਨਾਟਾ' ਵਰਗੀਆਂ ਫਿਲਮਾਂ ਵਿਚ ਕੰਮ ਕੀਤਾ। ਟੀ.ਵੀ. ਲੜੀਵਾਰਾਂ ਵਿਚ 'ਇਧਰ ਉਧਰ' ਤੋਂ ਇਲਾਵਾ 'ਭਾਰਤ ਏਕ ਖੋਜ', 'ਫਿਲਮੀ ਚੱਕਰ', 'ਤਾਰਾ, 'ਮੂਵਰਜ਼ ਐਂਡ ਸ਼ੇਕਰਜ਼', 'ਗੁਬਾਰੇ', 'ਅਪਨਾ ਅਪਨਾ ਸਟਾਈਲ', 'ਸਲੈਕਸ਼ਨ ਡੇਅ' ਆਦਿ ਸ਼ਾਮਿਲ ਹਨ। *-ਗੁਰਜੰਟ ਸਿੰਘ*





ਰਤਨਾ ਪਾਠਕ ਸ਼ਾਹ (ਸੱਜੇ) ਆਪਣੇ ਖਾਵੰਦ ਨਸੀਰੂਦੀਨ ਸ਼ਾਹ ਨਾਲ।

# ਨੁਸਰਤ ਭਰੂਚਾ 'ਛੋਰੀ'

ਫਿਲਮ 'ਛੋਰੀ' ਨਾਲ ਚਰਚਾ ਵਿਚ ਆਈ ਅਦਾਕਾਰਾ ਨੁਸਰਤ ਭਰੂਚਾ ਕਿਰਦਾਰਾਂ ਬਾਰੇ ਆਪਣੀ ਵੱਖਰੀ ਰਾਏ ਰੱਖਦੀ ਹੈ। ਉਸ ਦਾ ਕਹਿਣਾ ਹੈ ਕਿ ਕੋਈ ਵੀ ਕਿਰਦਾਰ ਨਿਭਾਉਣ ਵੇਲੇ ਉਸ ਦਾ ਮਨ ਸਾਫ ਸਲੇਟ ਵਾਂਗ ਹੁੰਦਾ ਹੈ ਅਤੇ ਉਹ ਆਪਣੇ ਕਿਰਦਾਰ ਦੇ ਹਿਸਾਬ ਨਾਲ ਇਸ ਵਿਚ ਰੰਗ ਭਰਦੀ ਹੈ। ਨੁਸਰਤ ਆਖਦੀ ਹੈ, "ਹਰ ਫਿਲਮ ਵਿਚ ਮੇਰੀ ਪਹੁੰਚ ਵੱਖਰੀ ਹੁੰਦੀ ਹੈ ਅਤੇ ਤਜਰਬਾ ਵੀ ਵੱਖਰਾ ਹੀ ਹੁੰਦਾ ਹੈ। ਮੈਂ ਜਿਹੜਾ ਕਿਦਾਰ ਨਿਭਾਅ ਰਹੀ ਹੁੰਦੀ ਹਾਂ, ਉਹ ਇਕ ਤਰ੍ਹਾਂ ਨਾਲ ਮੇਰੇ ਅੰਦਰ ਸਮਝੋ ਦਾਖਲ ਹੋ ਜਾਂਦਾ ਹੈ। ਫਿਰ ਮੈਨੂੰ ਖੁਦ ਦੀ ਕੋਈ ਸੁਧ-ਬੁਧ ਨਹੀਂ ਰਹਿੰਦੀ।" ਉਸ ਮੁਤਾਬਿਕ, ਉਹ ਆਪਣੇ ਹਰ ਕਿਰਦਾਰ ਤੋਂ ਕੁਝ ਨਾ ਕੁਝ ਸਿੱਖਦੀ ਹੈ। ਉਹ ਦੱਸਦੀ ਹੈ, "ਜਦੋਂ ਅਸੀਂ ਕੋਈ ਕਿਰਦਾਰ ਨਿਭਾਅ ਰਹੇ ਹੁੰਦੇ ਹਾਂ ਤਾਂ ਸਾਨੂੰ ਆਪਣਾ ਆਪ ਪਿਛਾਂਹ ਸੁੱਟਣਾ ਪੈਂਦਾ ਹੈ। ਉਸ ਵਕਤ ਤਾਂ ਜਾਂ ਮੈਂ ਹੁੰਦੀ ਹਾਂ ਤੇ ਜਾਂ ਮੇਰਾ ਕਿਰਦਾਰ। ਹਕੀਕੀ ਅਦਾਕਾਰੀ ਲਈ ਅਜਿਹਾ ਹੋਣਾ ਜ਼ਰੂਰੀ ਵੀ ਹੈ।"



ਫਿਲਮ 'ਛੋਰੀ' ਵਿਚ ਨੁਸਰਤ ਭਰੂਚਾ ਨੇ ਸਾਕਸ਼ੀ ਨਾਂ ਦੀ ਕੁੜੀ ਦਾ ਕਿਰਦਾਰ ਨਿਭਾਇਆ ਹੈ ਜਿਸ ਦੀ ਸ਼ਖਸੀਅਤ ਬਹੁ-ਪਰਤੀ ਅਤੇ ਸੰਵੇਦਨਸ਼ੀਲ ਹੈ। ਇਸ ਫਿਲਮ ਵਿਚ ਉਹਦੇ ਨਾਲ ਮੀਤਾ ਵਸ਼ਿਸ਼ਟ, ਰਾਜੇਸ਼ ਜਾਇਸ, ਸੌਰਭ ਗੋਇਲ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫਿਲਮ 'ਛੋਰੀ' ਮਰਾਠੀ ਫਿਲਮ 'ਲਪਾਛਪੀ' (2017) ਦਾ ਰੀਮੇਕ ਹੈ ਅਤੇ ਨਵੰਬਰ ਦੇ ਅਖੀਰ ਵਿਚ ਐਮੇਜ਼ੌਨ ਪ੍ਰਾਈਮ ਵੀਡੀਓ 'ਤੇ ਰਿਲੀਜ਼ ਕੀਤੀ ਗਈ ਹੈ।

ਨੁਸਰਤ ਭਰੂਚਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2006 ਵਿਚ ਫਿਲਮ 'ਜੈ ਸੰਤੋਸ਼ੀ ਮਾਂ' ਨਾਲ ਕੀਤੀ ਸੀ। ਉਸ ਦੀ ਫਿਲਮ 'ਹੁੜਦੰਗ' ਹੁਣ ਮੁਕੰਮਲ ਹੋ ਚੁੱਕੀ ਹੈ ਅਤੇ ਇਹ 2022 ਵਿਚ ਰਿਲੀਜ਼ ਕੀਤੀ ਜਾ ਰਹੀ ਹੈ। 'ਰਾਮ ਸੇਤੂ' ਅਤੇ 'ਜਨਹਿਤ ਮੇਂ ਜਾਰੀ' ਫਿਲਮਾਂ ਵੀ ਬਣ ਰਹੀਆਂ ਹਨ ਅਤੇ ਇਹ ਵੀ 2022 ਵਿਚ ਹੀ ਆ ਰਹੀਆਂ ਹਨ। *-ਕੁਦਰਤ ਕੌਰ*



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 60 Cent + Team 70 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com